Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763



Ad Space Available
Please call:
847-359-0746

Global Green INSURANCE AGENCY
of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 41, October 14, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਸ਼੍ਰੋਮਣੀ ਕਮੇਟੀ ਫਿਰ ਵਿਵਾਦਾਂ ਵਿਚ ਘਿਰੀ

## ਮੁਲਾਜ਼ਮਾਂ ਵੱਲੋਂ ਵਧੀਕੀਆਂ ਬਾਰੇ ਅਹਿਮ ਖੁਲਾਸੇ


ਬਲਬੀਰ ਸਿੰਘ


ਗੁਰਮੁਖ ਸਿੰਘ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰ ਵਿਵਾਦਾਂ ਵਿਚ ਘਿਰ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਭਾਵੇਂ ਦੋਸ਼ ਲਾ ਰਹੇ ਹਨ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲ ਦਿੱਤਾ ਜਾ ਰਿਹਾ ਹੈ, ਪਰ ਇਸ ਸੰਸਥਾ ਦੇ ਮੁਲਾਜ਼ਮਾਂ ਵੱਲੋਂ ਕਮੇਟੀ ਦੀਆਂ ਵਧੀਕੀਆਂ ਬਾਰੇ ਧੜਾ-ਧੜ ਕੀਤੇ ਖੁਲਾਸਿਆਂ ਨੇ ਵੱਡੇ ਸਵਾਲ ਖੜ੍ਹੇ ਕੀਤੇ ਹਨ।

ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੇ ਭਰਾ ਭਾਈ ਹਿੰਮਤ ਸਿੰਘ ਤੋਂ ਬਾਅਦ ਅਰਦਾਸੀਏ ਭਾਈ ਬਲਬੀਰ ਸਿੰਘ ਨੇ ਵਧੀਕੀਆਂ ਖਿਲਾਫ ਆਵਾਜ਼ ਬੁਲੰਦ ਕੀਤੀ ਹੈ। ਬਲਬੀਰ ਸਿੰਘ ਉਹੀ ਅਰਦਾਸੀਆ ਹੈ ਜਿਸ ਨੇ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਉ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਸ ਅਰਦਾਸੀਏ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ ਸੀ, ਪਰ ਸਿੱਖ ਜਥੇਬੰਦੀਆਂ ਦੇ ਰੋਹ ਕਾਰਨ ਉਨ੍ਹਾਂ ਨੂੰ ਬਹਾਲ ਕਰ ਕੇ ਮਾਛੀਵਾੜਾ ਬਦਲੀ ਕਰ ਦਿੱਤੀ ਗਈ। ਹਾਲਾਂਕਿ ਬਡੂੰਗਰ ਦੇ ਪ੍ਰਧਾਨ ਬਣਨ ਪਿੱਛੋਂ ਉਨ੍ਹਾਂ ਦਾ ਤਬਾਦਲਾ ਰੋਕ ਦਿੱਤਾ ਗਿਆ ਸੀ। ਬਲਬੀਰ ਸਿੰਘ ਦਾ ਦੋਸ਼ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਮੈਨੇਜਰ ਉਸ ਦੇ ਹਾਜ਼ਰ ਹੋਣ ਵਿਚ ਅੜਿੱਕਾ ਖੜ੍ਹਾ ਕਰ ਰਿਹਾ ਹੈ। ਇਸੇ ਲਈ ਉਹ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਤਿਆਰੀ ਵਿਚ ਹੈ। ਇਸ ਤੋਂ ਪਹਿਲਾਂ ਗ੍ਰੰਥੀ ਸਿੰਘਾਂ ਨੇ ਅਣਦੇਖੀ ਦੇ ਦੋਸ਼ ਲਾਉਂਦਿਆਂ ਸ਼੍ਰੋਮਣੀ ਕਮੇਟੀ ਖਿਲਾਫ ਸੰਘਰਸ਼ ਦਾ ਬਿਗਲ ਵਜਾਇਆ ਹੋਇਆ ਹੈ। ਮੁਲਾਜ਼ਮਾਂ ਵੱਲੋਂ ਇਨਸਾਫ ਲਈ ਚੁੱਕਿਆ ਝੰਡਾ ਸ਼੍ਰੋਮਣੀ ਕਮੇਟੀ ਲਈ ਸ਼ੁਭ ਸੰਕੇਤ ਨਹੀਂ। ਇਹ ਮੁਲਾਜ਼ਮ ਸ਼੍ਰੋਮਣੀ ਕਮੇਟੀ ਦੇ ਰਾਜ਼ਦਾਰ ਹਨ ਅਤੇ ਵੱਡੇ ਰਾਜ਼ ਖੋਲ੍ਹਣ ਦੇ ਦਾਅਵੇ ਵੀ ਕਰ ਰਹੇ ਹਨ।

(ਬਾਕੀ ਸਫਾ 6 'ਤੇ)

## ਕਮਿਸ਼ਨ ਵੱਲੋਂ ਬਡੂੰਗਰ ਦੀ ਨੀਅਤ 'ਤੇ ਸਵਾਲ



ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੀ ਨੀਅਤ ਉਤੇ ਸਵਾਲ ਚੁੱਕੇ ਹਨ। ਕਮਿਸ਼ਨ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਮੇਟੀ ਪ੍ਰਧਾਨ ਨੂੰ ਕੋਈ ਸੰਮਨ ਜਾਰੀ ਨਹੀਂ ਕੀਤੇ, ਸਗੋਂ 9 ਅਕਤੂਬਰ ਨੂੰ ਮੁਲਾਕਾਤ ਲਈ ਬੇਨਤੀ ਕੀਤੀ ਸੀ, ਪਰ ਬਡੂੰਗਰ ਨੇ ਇਸ ਨੂੰ ਸੰਮਨਾਂ ਵਜੋਂ ਪ੍ਰਚਾਰ ਕੇ ਸਿੱਖ ਸੰਗਤ ਨੂੰ ਗੁੰਮਰਾਹ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਕਮੇਟੀ ਉਤੇ ਅੜਿੱਕੇ ਡਾਹੁਣ ਵਾਲੀ ਪਹੁੰਚ ਅਤੇ ਨਾ ਮਿਲਵਰਤਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਇਸ ਮੁੱਦੇ ਉਤੇ ਸਿਆਸਤਦਾਨਾਂ ਦੀ ਸੁਰ ਵਿਚ ਸੁਰ ਮਿਲਾ ਰਹੀ ਹੈ ਅਤੇ ਅਕਾਲ ਤਖਤ ਦੇ ਜਥੇਦਾਰ ਨੂੰ ਸੰਮਨ ਜਾਰੀ ਕਰਨ ਬਾਰੇ ਗਲਤ ਜਾਣਕਾਰੀ ਫੈਲਾਅ ਰਹੀ ਹੈ, ਜਦੋਂ ਕਿ ਉਸ ਨੂੰ ਭਲੀ-ਭਾਂਤ ਪਤਾ ਹੈ ਕਿ ਅਜਿਹੇ ਕੋਈ ਸੰਮਨ ਜਾਰੀ ਨਹੀਂ ਹੋਏ। ਕਮਿਸ਼ਨ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਤੋਂ ਇਹ ਆਸ ਕੀਤੀ ਜਾ ਰਹੀ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਲੱਭਣ ਵਿਚ ਕਮਿਸ਼ਨ ਦੀ ਮਦਦ ਵਾਸਤੇ ਅੱਗੇ ਆਏਗੀ। ਜਿਹੜੇ ਇਤਰਾਜ਼ ਉਠਾ ਰਹੇ ਹਨ, ਜਾਪਦਾ ਹੈ ਕਿ ਉਹ ਬੇਅਦਬੀ ਦੀਆਂ ਘਟਨਾਵਾਂ ਤੋਂ ਪਰਦਾ ਉਠਣ ਨਹੀਂ ਦੇਣਾ ਚਾਹੁੰਦੇ। ਕਮਿਸ਼ਨ ਨੇ ਕਿਹਾ ਕਿ ਅਸਹਿਯੋਗ ਵਾਲੇ ਵਤੀਰੇ ਕਾਰਨ ਕਮਿਸ਼ਨ ਇਸ ਮਾਣਮੱਤੀ ਸੰਸਥਾ ਦੇ ਵਿਚਾਰਾਂ ਤੋਂ ਵਾਂਝਾ ਰਹਿ ਗਿਆ। ਕਮਿਸ਼ਨ ਹੁਣ ਅਪ੍ਰਮਾਣਿਤ ਰਿਕਾਰਡ ਉਤੇ ਨਿਰਭਰ ਕਰੇਗਾ, ਪਰ ਹਾਲੇ ਵੀ ਸ਼੍ਰੋਮਣੀ ਕਮੇਟੀ ਤੋਂ ਸਹਿਯੋਗ ਦਾ ਇੰਤਜ਼ਾਰ ਰਹੇਗਾ।



*ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਸੈਕਰਾਮੈਂਟੋ ਵਿਚ 8 ਅਕਤੂਬਰ ਨੂੰ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਮੇਲੇ ਦੌਰਾਨ ਜਥੇਬੰਦੀ ਦੇ ਆਗੂ ਅਜਾਦੀ ਘੁਲਾਟੀਏ ਮੌਲਵੀ ਮੁਹੰਮਦ ਬਰਕਤ ਉਬਦੁਲਾ ਦੇ ਮਜ਼ਾਰ ਉਤੇ ਅਕੀਦਤ ਦੇ ਫੁਲ ਭੇਟ ਕਰਦੇ ਹੋਏ (ਰਿਪੋਰਟ ਅਗਲੇ ਅੰਕ ਵਿਚ)*

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com



PUNJABI
MEGA
PACK
$14.99 FOR
24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/18/17. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਟਰੰਪ ਵੱਲੋਂ ਸਖਤ ਆਵਾਸ ਯੋਜਨਾ ਦੀ ਤਿਆਰੀ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਰਿਟ ਆਧਾਰਤ ਆਵਾਸ ਸਿਸਟਮ ਦਾ ਪ੍ਰਸਤਾਵ ਰੱਖਿਆ ਹੈ, ਜੋ ਹੁਨਰਮੰਦ ਭਾਰਤੀ ਕਾਮਿਆਂ ਲਈ ਲਾਭਕਾਰੀ ਹੋ ਸਕਦਾ ਹੈ ਪਰ ਨਾਲ ਹੀ ਇਹ ਉਨ੍ਹਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਸੁਪਨਿਆਂ ਦੀ ਧਰਤੀ ਉਤੇ ਸੱਦਣ ਤੋਂ ਰੋਕੇਗਾ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਹ ਮੁਲਕ ਦੇ ਹਿੱਤ ਵਿਚ ਰਹੇਗਾ। ਟਰੰਪ ਵੱਲੋਂ ਕਾਂਗਰਸ ਨੂੰ ਭੇਜੇ ਗਏ ਇਸ ਪ੍ਰਸਤਾਵ ਵਿਚ ਐਚ-1ਬੀ ਵੀਜ਼ੇ, ਜਿਸ ਦੀ ਭਾਰਤੀ ਆਈ.ਟੀ. ਪੇਸ਼ੇਵਰਾਂ ਵਿਚ ਭਾਰੀ ਮੰਗ ਹੈ, ਦਾ ਜ਼ਿਕਰ ਨਹੀਂ ਕੀਤਾ ਗਿਆ।

ਅਮਰੀਕਾ ਦੇ ਗਰੀਨ-ਕਾਰਡ ਪ੍ਰਬੰਧ 'ਚ ਮੁਕੰਮਲ ਤਬਦੀਲੀ ਤੋਂ ਇਲਾਵਾ ਟਰੰਪ ਪ੍ਰਸ਼ਾਸਨ ਵੱਲੋਂ ਇਸ ਤਜਵੀਜ਼ ਵਿਚ ਅਮਰੀਕਾ-ਮੈਕਸਿਕੋ ਸਰਹੱਦ ਉਤੇ ਵਿਵਾਦਤ ਕੰਧ ਕੱਢਣ ਲਈ ਫੰਡਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ।

ਟਰੰਪ ਦੇ ਇਸ ਮੈਰਿਟ-ਆਧਾਰਤ ਆਵਾਸ ਸਿਸਟਮ ਦਾ ਹੁਨਰਮੰਦ ਭਾਰਤੀ ਕਾਮਿਆਂ ਖਾਸ ਤੌਰ ਆਈ.ਟੀ. ਸੈਕਟਰ ਦੇ ਕਾਮਿਆਂ ਨੂੰ ਲਾਹਾ ਮਿਲ ਸਕਦਾ ਹੈ, ਪਰ ਨਵੀਆਂ ਨੀਤੀਆਂ ਉਨ੍ਹਾਂ ਹਜ਼ਾਰਾਂ ਭਾਰਤੀ-ਅਮਰੀਕੀਆਂ ਦੇ ਅਰਮਾਨਾਂ 'ਤੇ ਪਾਣੀ ਫੇਰਨੀਆਂ ਜੋ ਆਪਣੇ ਰਿਸ਼ਤੇਦਾਰਾਂ ਖਾਸ ਤੌਰ 'ਤੇ ਬਜ਼ੁਰਗ ਮਾਪਿਆਂ ਨੂੰ ਅਮਰੀਕਾ ਲਿਆਉਣਾ ਚਾਹੁੰਦੇ ਹਨ।

ਇਸ ਪ੍ਰਸਤਾਵ ਦੀ ਡੈਮੋਕਰੈਟਿਕ ਆਗੂਆਂ ਨੇ ਨਿੰਦਾ ਕੀਤੀ ਹੈ, ਜਿਨ੍ਹਾਂ ਨੂੰ 'ਡਰੀਮਰਜ਼' (ਜੋ ਨਿੱਕੀ ਉਮਰ 'ਚ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਆਏ ਸਨ) ਨੂੰ ਬਚਾਉਣ ਲਈ ਟਰੰਪ ਨਾਲ ਸਮਝੌਤਾ ਹੋਣ ਦੀ ਉਮੀਦ ਸੀ। ਟਰੰਪ ਨੇ ਪਿਛਲੇ ਮਹੀਨੇ ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡਾਕਾ) ਪ੍ਰੋਗਰਾਮ, ਜੋ 'ਡਰੀਮਰਜ਼' ਨੂੰ ਦੋ ਸਾਲ ਦਾ ਵਰਕ ਪਰਮਿਟ ਮੁਹੱਈਆ ਕਰਾਉਂਦਾ ਹੈ, ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ।

## ਨਵਜੋਤ ਸਿੰਘ ਸਿੱਧੂ ਨੂੰ ਰਾਹਤ

**ਚੰਡੀਗੜ੍ਹ:** ਸਥਾਨਕ ਸਰਕਾਰਾਂ ਵਿਭਾਗ ਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਹਾਈ ਕੋਰਟ ਵਿਚ ਉਨ੍ਹਾਂ ਵਿਰੁੱਧ ਕਪਿਲ ਸ਼ਰਮਾ ਦੇ ਸ਼ੋਅ 'ਚ ਹਿੱਸਾ ਲੈਣ ਉਤੇ ਰੋਕ ਲਾਉਣ ਦੀ ਮੰਗ ਕਰਦੀ ਪਟੀਸ਼ਨ ਦਾ ਨਿਬੇੜਾ ਹੋ ਗਿਆ ਹੈ। ਇਕ ਪਟੀਸ਼ਨ ਦਾਖਲ ਕਰ ਕੇ ਕਿਹਾ ਗਿਆ ਸੀ ਕਿ ਮੰਤਰੀ ਰਹਿੰਦਿਆਂ ਸਿੱਧੂ ਜੇਕਰ ਕਿਸੇ ਟੀ.ਵੀ. ਸ਼ੋਅ 'ਚ ਹਿੱਸਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਨੈਤਿਕਤਾ ਦੇ ਆਧਾਰ ਉਤੇ ਅਜਿਹਾ ਕਰਨਾ ਨਹੀਂ ਸੋਭਦਾ। ਇਹ ਵੀ ਕਿਹਾ ਗਿਆ ਸੀ ਕਿ ਸਿੱਧੂ ਮੰਤਰੀ ਰਹਿੰਦਿਆਂ ਕਪਿਲ ਸ਼ਰਮਾ ਦੇ ਸ਼ੋਅ ਤੋਂ ਹੁੰਦੀ ਆਮਦਨ ਹਾਸਲ ਨਹੀਂ ਕਰ ਸਕਦੇ। ਹੁਣ ਪਟੀਸ਼ਨਰ ਨੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਇਹ ਸ਼ੋਅ ਉਕਾ ਹੀ ਬੰਦ ਹੋ ਚੁੱਕਾ ਹੈ, ਜਿਸ ਉਤੇ ਇਸ ਪਟੀਸ਼ਨ ਦਾ ਨਿਪਟਾਰਾ ਹੋ ਗਿਆ ਹੈ।

## ਸੋਨੀਪਤ ਬੰਬ ਧਮਾਕੇ: ਟੁੰਡੇ ਨੂੰ ਉਮਰ ਕੈਦ

**ਸੋਨੀਪਤ:** ਲਸ਼ਕਰ-ਏ-ਤਾਇਬਾ ਦੇ ਅਤਿਵਾਦੀ ਅਬਦੁਲ ਕਰੀਮ ਉਰਫ ਟੁੰਡਾ (75) ਨੂੰ 1996 ਵਿਚ ਸੋਨੀਪਤ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ 'ਚ ਅਦਾਲਤ ਨੇ ਉਮਰ ਕੈਦ ਅਤੇ ਇਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਇਹ ਫੈਸਲਾ 21 ਸਾਲ ਬਾਅਦ ਆਇਆ ਹੈ। ਸੋਨੀਪਤ ਸ਼ਹਿਰ 'ਚ 28 ਦਸੰਬਰ, 1996 ਨੂੰ ਦੋ ਥਾਂਵਾਂ 'ਤੇ ਬੰਬ ਧਮਾਕੇ ਹੋਏ ਸਨ।

ਧਮਾਕਿਆਂ 'ਚ ਘੱਟੋ ਘੱਟ 15 ਵਿਅਕਤੀ ਜਖ਼ਮੀ ਹੋਏ ਸਨ। ਦਿੱਲੀ ਪੁਲਿਸ ਨੇ 2013 ਵਿਚ ਟੁੰਡਾ ਨੂੰ ਨਿਪਾਲ ਦੀ ਸਰਹੱਦ ਤੋਂ ਗ੍ਰਿਫਤਾਰ ਕੀਤਾ ਸੀ। ਸੋਨੀਪਤ 'ਚ ਚੱਲ ਰਹੇ ਮਾਮਲੇ ਵਿਚ 43 ਗਵਾਈਆਂ ਹੋਈਆਂ ਅਤੇ ਬਹਿਸ ਕਰਵਾਈ ਗਈ। ਟੁੰਡਾ ਉਤਰ ਪ੍ਰਦੇਸ਼, ਦਿੱਲੀ, ਮੁੰਬਈ, ਹਰਿਆਣਾ, ਪੰਜਾਬ, ਹੈਦਰਾਬਾਦ ਅਤੇ ਸੂਰਤ 'ਚ 43 ਬੰਬ ਧਮਾਕਿਆਂ ਵਿਚ ਵੀ ਦੋਸ਼ੀ ਰਿਹਾ ਹੈ। ਇਨ੍ਹਾਂ ਧਮਾਕਿਆਂ ਵਿਚ 20 ਤੋਂ ਵੱਧ ਲੋਕ ਮਾਰੇ ਗਏ ਸਨ ਅਤੇ 400 ਤੋਂ ਵੱਧ ਜਖ਼ਮੀ ਹੋਏ ਸਨ।

## ਗੈਂਗਸਟਰ ਦਲਜੀਤ ਭਾਨਾ ਸਮੇਤ ਤਿੰਨ ਨੂੰ ਉਮਰ ਕੈਦ

**ਜਲੰਧਰ:** 2014 ਵਿਚ ਹੋਏ ਦੋਹਰੇ ਕਤਲ ਮਾਮਲੇ ਵਿਚ ਅਦਾਲਤ ਨੇ ਪੰਜ ਮੁਲਜ਼ਮਾਂ ਵਿਚੋਂ ਤਿੰਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ 'ਚ ਦੋ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ। 26 ਫਰਵਰੀ, 2014 ਨੂੰ ਜਲੰਧਰ ਦੇ ਰਾਜਾ ਗਾਰਡਨ 'ਚ ਦੀਪਾਂਸ਼ ਤੇ ਸਿਮਰਨ ਨਾਂ ਦੇ ਦੋ ਮੁੰਡਿਆਂ ਦਾ ਕੁਝ ਲੋਕਾਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ। ਇਸ ਪੂਰੀ ਕਹਾਣੀ ਦੀ ਸ਼ੁਰੂਆਤ ਜਲੰਧਰ ਦੇ ਦੋ ਗੈਂਗਸਟਰ ਪ੍ਰੇਮਾ ਲਾਹੌਰੀਆ ਤੇ ਦਲਜੀਤ ਸਿੰਘ ਭਾਨਾ ਦੀ ਦੁਸ਼ਮਣੀ ਨਾਲ ਹੋਈ ਸੀ।

ਤਕਰੀਬਨ ਪੰਜ ਸਾਲ ਪਹਿਲਾਂ ਦਲਜੀਤ ਸਿੰਘ ਭਾਨਾ ਨੇ ਪ੍ਰੇਮਾ ਲਾਹੌਰੀਆ ਗੈਂਗ ਦੇ ਮੈਂਬਰ ਪ੍ਰਿੰਸ ਦਾ ਕਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਕੇਸ ਅਦਾਲਤ 'ਚ ਚੱਲ ਰਿਹਾ ਸੀ। ਸਿਮਰਨ ਨਾਂ ਦੇ ਮੁੰਡੇ ਨੇ ਫਰਵਰੀ 2014 'ਚ ਗਵਾਹੀ ਦੇਣੀ ਸੀ ਪਰ ਇਸ ਤੋਂ ਪਹਿਲਾਂ ਹੀ ਦਲਜੀਤ ਭਾਨਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸਿਮਰਨ ਤੇ ਉਸ ਦੇ ਸਾਥੀ 'ਤੇ ਹਮਲਾ ਕਰ ਦਿੱਤਾ। ਇਸ 'ਚ ਸਿਮਰਨ ਤੇ ਦੀਪਾਂਸ਼ ਦੀ ਮੌਤ ਹੋ ਗਈ।

## ਅਮਰੀਕੀ ਰਿਚਰਡ ਥੇਲਰ ਨੂੰ ਅਰਥ ਸ਼ਾਸਤਰ ਦਾ ਨੋਬਲ

**ਸਟਾਕਹੋਮ:** ਅਰਥਸ਼ਾਸਤਰ ਦਾ ਨੋਬਲ ਪੁਰਸਕਾਰ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋਫੈਸਰ ਰਿਚਰਡ ਥੇਲਰ (72) ਨੂੰ ਵਿਵਹਾਰਕ ਅਰਥਚਾਰੇ ਵਿਚ ਯੋਗਦਾਨ ਲਈ ਦੇਣ ਦਾ ਐਲਾਨ ਕੀਤਾ ਗਿਆ ਹੈ।

ਸਵੀਡਿਸ਼ ਅਕੈਡਮਿਕ ਆਫ ਸਾਇੰਸਿਜ਼ ਦੇ ਸਕੱਤਰ ਗੋਰੈਨ ਹੈਨਸਨ ਨੇ ਕਿਹਾ ਕਿ ਸ੍ਰੀ ਥੇਲਰ ਨੂੰ 90 ਲੱਖ ਕ੍ਰੋਨੋਰ (11 ਲੱਖ ਡਾਲਰ) ਦਾ ਪੁਰਸਕਾਰ ਉਨ੍ਹਾਂ ਦੀ ਅਰਥਸ਼ਾਸਤਰ 'ਚ ਮਨੋਵਿਗਿਆਨ ਦੀ ਸਮਝ ਲਈ ਦਿੱਤਾ ਜਾਵੇਗਾ। ਨੋਬੇਲ ਕਮੇਟੀ ਨੇ ਕਿਹਾ ਕਿ ਥੇਲਰ ਦੇ ਕੰਮ ਨੇ ਦਰਸਾਇਆ ਕਿ ਕਿਵੇਂ ਮਨੁੱਖੀ ਲੱਛਣ ਨਿੱਜੀ ਫੈਸਲਿਆਂ ਦੇ ਨਾਲ-ਨਾਲ ਬਾਜ਼ਾਰ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਹਨ।

## ਭਾਈ ਤਰਸੇਮ ਸਿੰਘ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਨਿਯੁਕਤ

**ਨਿਊ ਯਾਰਕ (ਬਿਊਰੋ):** ਭਾਈ ਤਰਸੇਮ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਸਟੇਟ ਇਕਾਈ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਸਪੋਕਸਮੈਨ ਤੇ ਮੀਡੀਆ ਐਡਵਾਈਜ਼ਰ ਸ. ਸਰਬਜੀਤ ਸਿੰਘ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਪਾਰਟੀ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨੇ ਭਾਈ ਤਰਸੇਮ ਸਿੰਘ ਨੂੰ ਕੈਲੀਫੋਰਨੀਆ ਸਟੇਟ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ ਤੇ ਉਨ੍ਹਾਂ ਨੂੰ ਪਾਰਟੀ ਦਾ ਜਥੇਬੰਦਕ ਢਾਂਚਾ ਮਜਬੂਤ ਕਰਨ, ਨਵੇਂ ਮੈਂਬਰ ਭਰਤੀ ਕਰਨ ਅਤੇ ਨਵੰਬਰ ਵਿਚ ਯੂਬਾ ਸਿਟੀ ਦੇ ਨਗਰ ਕੀਰਤਨ 'ਚ ਪਾਰਟੀ ਦੀ ਵੱਡੇ ਪੱਧਰ 'ਤੇ ਸ਼ਮੂਲੀਅਤ ਤੇ 'ਖਾਲਿਸਤਾਨ' ਦੀ ਮੰਗ ਦੇ ਪ੍ਰਚਾਰ ਪ੍ਰਸਾਰ ਨੂੰ ਤੇਜ਼ ਕਰਨ ਦੀ ਜਿੰਮੇਵਾਰੀ ਸੌਂਪੀ ਗਈ ਹੈ।



ਬਿਆਨ ਅਨੁਸਾਰ ਭਾਈ ਤਰਸੇਮ ਸਿੰਘ ਇਕ ਸੱਚੇ ਸੁੱਚੇ ਖਾਲਿਸਤਾਨੀ ਯੋਧੇ ਹਨ। ਉਨ੍ਹਾਂ ਦੇ ਸਹਿਯੋਗ ਨਾਲ ਪਾਰਟੀ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਜਲਦ ਹੀ ਕੈਲੀਫੋਰਨੀਆ ਆ ਕੇ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕਰਨਗੇ। ਹੋਰ ਜਾਣਕਾਰੀ ਲਈ ਸਰਬਜੀਤ ਸਿੰਘ ਨਾਲ ਫੋਨ: 347-935-6589 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

Bright Tax Consultants
613 N. O'Connor Road, #29, Irving, TX 75062
Ph: 562-409-5560, 469-565-2610
Email: brighttaxconsultants1@gmail.com
Web: www.brighttaxconsultants.webs.com
Individual and Corporate Tax Returns
Reasonable rates & Timely File with IRS.
ਇੰਡੀਜੁਅਲ ਤੇ ਕਾਰਪੋਰਟੇ ਟੈਕਸ ਰਿਟਰਨ ਭਰਨ ਲਈ ਭਰੋਸੇਯੋਗ ਨਾਂ
Contact us today! Appointment Required.
1040, 1040A, 1040EZ. W-2, 1099 Misc.
We speak: Punjabi, Hindi, English.
Mailing Address: 401 N. Carroll Ave, #133, Southlake, TX 76092

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Gill Financial & Insurance Services
31080 Union City Blvd# 201, Union City, CA 94587
Insurance
*Auto *Home *Business *Life
*Health Insurance
*ਆਟੋ *ਹੋਮ *ਬਿਜਨਸ *ਲਾਈਫ *ਹੈਲਥ ਇੰਸ਼ੋਰੈਂਸ
Save up to 25%
Get all the discounts.
Specialize in:
*Retirement Planning (401K-IRA-SEPIRA)
*Education Funding
*Tax Planning
*Estate Planning
*Investment Planning
*Business Continuation
*Mortgage Protection
*Family Life Insurance
24 years experience



Manjit Gill
CA Ins Lic#0B23990
Call Manjit Gill, Ph: 510-888-1180
www.Gillfinancial.com

# ਡੇਰਾ ਮੁਖੀ ਨੂੰ ਮੁਆਫੀ ਬਾਰੇ ਖੁੱਲ੍ਹਣਗੇ ਰਾਜ

## ਭਾਈ ਹਿੰਮਤ ਸਿੰਘ ਵੱਲੋਂ ਪੁਖਤਾ ਸਬੂਤ ਹੋਣ ਦਾ ਦਾਅਵਾ





**ਚੰਡੀਗੜ੍ਹ:** ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੇ ਭਰਾ ਭਾਈ ਹਿੰਮਤ ਸਿੰਘ ਹੁਣ ਬੇਅਦਬੀ ਕਾਂਡ ਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਸਬੰਧੀ ਮਾਮਲਿਆਂ ਦੀਆਂ ਪਰਤਾਂ ਖੋਲ੍ਹਣਗੇ। ਉਨ੍ਹਾਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਕੋਲ ਇਸ ਬਾਰੇ ਕਈ ਪੁਖਤਾ ਸਬੂਤ ਹਨ ਜਿਨ੍ਹਾਂ ਨੂੰ ਉਹ ਮਾਮਲੇ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸੌਂਪਣਗੇ। ਭਾਈ ਹਿੰਮਤ ਸਿੰਘ ਦੇ ਖੁਲਾਸੇ ਸ਼੍ਰੋਮਣੀ ਕਮੇਟੀ ਦੀਆਂ ਮੁਸ਼ਕਲਾਂ ਵਧਾ ਸਕਦੇ ਹਨ।

ਦਰਅਸਲ, ਭਾਈ ਹਿੰਮਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਨੌਕਰੀ ਤੋਂ ਅਸਤੀਫਾ ਦਿੰਦਿਆਂ ਕਮੇਟੀ ਅਧਿਕਾਰੀਆਂ 'ਤੇ ਵੱਡੇ ਇਲਜ਼ਾਮ ਲਾਏ ਹਨ। ਉਹ ਹਰਿਆਣਾ ਦੇ ਜ਼ਿਲ੍ਹਾ ਜੀਂਦ ਵਿਚ ਗੁਰਦੁਆਰਾ ਧਮਧਾਨ ਸਾਹਿਬ ਵਿਚ ਸਹਾਇਕ ਗ੍ਰੰਥੀ ਵਜੋਂ ਤਾਇਨਾਤ ਸਨ ਤੇ ਅਚਾਨਕ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਭੇਜੇ ਅਸਤੀਫੇ ਵਿਚ ਭਾਈ ਹਿੰਮਤ ਸਿੰਘ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਵੱਲੋਂ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ ਹੈ।

ਉਨ੍ਹਾਂ ਦਾ ਤਬਾਦਲਾ ਅਕਾਲ ਤਖਤ ਤੋਂ ਹਰਿਆਣਾ ਵਿਚ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਪਤਨੀ ਨੂੰ ਅਧਰੰਗ ਦਾ ਅਟੈਕ ਵੀ ਹੋ ਚੁੱਕਿਆ ਹੈ। ਉਨ੍ਹਾਂ ਦੇ ਬੱਚੇ ਛੋਟੇ ਹਨ। ਇਸ ਬਾਰੇ ਪ੍ਰਬੰਧਕਾਂ ਨੂੰ ਦੱਸਿਆ ਵੀ ਗਿਆ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਬਦਲੀ ਹਰਿਆਣਾ ਵਿਚ ਕੀਤੀ ਗਈ। ਉਨ੍ਹਾਂ ਲਿਖਿਆ ਕਿ ਪਰੇਸ਼ਾਨ ਕਰਨ ਦਾ ਸਿਲਸਿਲਾ ਉਦੋਂ ਸ਼ੁਰੂ ਹੋਇਆ ਜਦੋਂ ਉਸ ਦੇ ਭਰਾ ਤੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਪਿੱਛੇ ਭੇਤ ਦਾ ਖੁਲਾਸਾ ਕੀਤਾ ਗਿਆ।

ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਦਾਅਵਾ ਕੀਤਾ ਸੀ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਸਤੰਬਰ 2015 ਵਿਚ ਮੁਆਫ ਕਰਨ ਵਾਲਾ ਪੱਤਰ ਸੁਖਬੀਰ ਸਿੰਘ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਚੰਡੀਗੜ੍ਹ ਸੱਦ ਕੇ ਸੌਂਪਿਆ ਗਿਆ ਸੀ। ਇਸ ਸਬੰਧੀ ਤਿੰਨਾਂ ਤਖਤਾਂ ਦੇ ਜਥੇਦਾਰਾਂ ਨੂੰ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਰਿਹਾਇਸ਼ 'ਤੇ ਸੱਦਿਆ ਗਿਆ ਸੀ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਮਾਮਲੇ ਵਿਚ ਕਈ ਭੇਤ ਉਜਾਗਰ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਗੁਰਮੁਖ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੇ ਅਹੁਦੇ ਤੋਂ ਹਟਾ ਕੇ ਹਰਿਆਣਾ ਦੇ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਬਤੌਰ ਮੁੱਖ ਗ੍ਰੰਥੀ ਤਬਾਦਲਾ ਕਰ ਦਿੱਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਦਾ ਕੁਆਰਟਰ ਖਾਲੀ ਕਰਾਉਣ ਲਈ ਬੱਤੀ-ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ। ਉਸ ਤੋਂ ਬਾਅਦ ਉਸ ਦੇ ਭਰਾ ਹਿੰਮਤ ਸਿੰਘ ਦਾ ਤਬਾਦਲਾ ਵੀ ਅੰਮ੍ਰਿਤਸਰ ਤੋਂ ਹਰਿਆਣਾ ਵਿਚ ਕਰ ਦਿੱਤਾ ਗਿਆ ਸੀ।

# ਹੌਲਦਾਰ ਦੇ ਪੁੱਤ ਨੂੰ ਬਚਾਉਣ ਲਈ ਬਦਲ ਦਿੱਤੀ ਕਤਲ ਦੀ ਧਾਰਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੁਲਿਸ ਵੱਲੋਂ ਇਰਾਦਾ ਕਤਲ ਨੂੰ ਗੈਰ-ਇਰਾਦਤਨ ਹੱਤਿਆ ਵਿਚ ਬਦਲਣ ਤੇ ਭਗੌੜੇ ਮੁਲਜ਼ਮ ਨੂੰ ਸਵਾ ਦੋ ਸਾਲਾਂ ਵਿਚ ਨਾ ਫੜਨ ਦਾ ਗੰਭੀਰ ਨੋਟਿਸ ਲਿਆ ਹੈ।

ਕਮਿਸ਼ਨ ਨੇ ਫਰੀਦਕੋਟ ਦੇ ਐਸ.ਐਸ.ਪੀ. ਨੂੰ ਨਿੱਜੀ ਦਖਲ ਦੇ ਕੇ ਭਗੌੜੇ ਨੂੰ ਪੰਦਰਾਂ ਦਿਨਾਂ ਵਿਚ ਗ੍ਰਿਫਤਾਰ ਕਰ ਕੇ ਰਿਪੋਰਟ ਦੇਣ ਲਈ ਕਿਹਾ ਹੈ। ਸ਼ਿਕਾਇਤਕਰਤਾ ਨੇ ਪੁਲਿਸ ਵੱਲੋਂ ਆਈ.ਪੀ.ਸੀ. ਦੀ ਧਾਰਾ 302 ਨੂੰ ਧਾਰਾ 304 ਵਿਚ ਬਦਲਣ ਦੀ ਜਾਣਕਾਰੀ ਸੂਚਨਾ ਦੇ ਅਧਿਕਾਰ ਤਹਿਤ ਲੈ ਕੇ ਕਮਿਸ਼ਨ ਨੂੰ ਦਿੱਤੀ ਹੈ। ਜਗਤਾਰ ਸਿੰਘ ਨੇ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਰਣਜੀਤ ਸਿੰਘ ਨਾਂ ਦੇ ਇਕ ਵਿਅਕਤੀ ਨੇ ਉਸ ਦੇ ਪੁੱਤਰ ਗੁਲਸ਼ਨ ਧੀਮਾਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਜਗਤਾਰ ਸਿੰਘ ਚੰਡੀਗੜ੍ਹ ਦਾ ਰਹਿਣ ਵਾਲਾ ਹੈ, ਪਰ ਉਸ ਦੇ ਪੁੱਤਰ ਦਾ ਕਤਲ ਫਿਰੋਜ਼ਪੁਰ ਦੇ ਪਿੰਡ ਲਹਿਰਾ ਬੇਟ 'ਚ ਹੋਇਆ ਸੀ। ਉਹ ਆਪਣੇ ਦੋਸਤ ਰਵਿੰਦਰ ਸਿੰਘ ਦੇ ਵਿਆਹ ਵਿਚ ਸ਼ਾਮਲ ਹੋਣ ਗਿਆ ਸੀ। ਵਿਆਹ ਤੋਂ ਦੋ ਦਿਨ ਪਹਿਲਾਂ 11 ਦਸੰਬਰ 2014 ਨੂੰ ਲੇਡੀ ਸੰਗੀਤ ਦੀ ਰਾਤ ਗੁਲਸ਼ਨ ਧੀਮਾਨ ਦੀ ਮੌਤ ਰਣਜੀਤ ਸਿੰਘ ਦੀ ਗੋਲੀ ਲੱਗਣ ਨਾਲ ਹੋ ਗਈ ਸੀ। ਰਣਜੀਤ ਸਿੰਘ, ਹੌਲਦਾਰ ਦਾ ਪੁੱਤਰ ਹੈ। ਸ਼ਿਕਾਇਤਕਰਤਾ ਦਾ ਦੋਸ਼ ਹੈ ਕਿ ਮੁਲਜ਼ਮ ਦਾ ਪਿਤਾ ਪੁਲਿਸ ਵਿਚ ਹੈ, ਜਿਸ ਕਰ ਕੇ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ।

# ਖਾਲਿਸਤਾਨ ਲਿਬ੍ਰੇਸ਼ਨ ਫੋਰਸ ਦੇ ਖਾੜਕੂ ਹਰਨੇਕ ਸਿੰਘ ਨੂੰ ਉਮਰ ਕੈਦ

**ਜੈਪੁਰ:** ਕਾਂਗਰਸ ਆਗੂ ਤੇ ਕੇਂਦਰੀ ਮੰਤਰੀ ਰਹੇ ਰਾਮ ਨਿਵਾਸ ਮਿਰਦਾ ਦੇ ਪੁੱਤਰ ਰਾਜੇਂਦਰਾ ਮਿਰਦਾ ਦੇ 22 ਸਾਲ ਪਹਿਲੇ ਅਗਵਾ ਮਾਮਲੇ ਵਿਚ ਖਾਲਿਸਤਾਨ ਲਿਬ੍ਰੇਸ਼ਨ ਫੋਰਸ ਦੇ ਖਾੜਕੂ ਹਰਨੇਕ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਦਾ ਐਲਾਨ ਕਰ ਦਿੱਤਾ ਗਿਆ ਹੈ। ਹਰਨੇਕ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੱਸਣਯੋਗ ਹੈ ਕਿ 17 ਫਰਵਰੀ, 1995 ਨੂੰ ਖਾਲਿਸਤਾਨ ਲਿਬ੍ਰੇਸ਼ਨ ਫਰੰਟ ਦੇ ਚੀਫ ਦਵਿੰਦਰ ਸਿੰਘ ਭੁੱਲਰ ਨੂੰ ਪੰਜਾਬ ਦੀ ਜੇਲ੍ਹ ਤੋਂ ਛੁਡਾਉਣ ਲਈ ਉਸ ਸਮੇਂ ਦੇ ਕਾਂਗਰਸ ਨੇਤਾ ਰਾਮ ਨਿਵਾਸ ਮਿਰਦਾ ਦੇ ਪੁੱਤਰ ਰਾਜੇਂਦਰ ਮਿਰਦਾ ਨੂੰ ਜੈਪੁਰ ਤੋਂ ਅਗਵਾ ਕਰ ਲਿਆ ਸੀ।

# ਰਾਮ ਰਹੀਮ ਖਿਲਾਫ ਫੈਸਲੇ ਤੋਂ ਪਹਿਲਾਂ ਹੀ ਰਚ ਲਈ ਸੀ ਦੰਗਿਆਂ ਦੀ ਸਾਜਿਸ਼

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਫੈਸਲਾ ਭਾਵੇਂ 25 ਅਗਸਤ ਨੂੰ ਆਇਆ ਸੀ, ਪਰ ਫੈਸਲੇ ਪਿੱਛੋਂ ਹਿੰਸਾ ਫਲਾਉਣ ਦਾ ਖਾਕਾ 17 ਅਗਸਤ ਨੂੰ ਹੀ ਤਿਆਰ ਕਰ ਲਿਆ ਗਿਆ ਸੀ। ਹਨੀਪ੍ਰੀਤ ਤੋਂ ਹੋਈ ਪੁੱਛਗਿੱਛ ਦੇ ਬਾਅਦ ਪੰਚਕੂਲਾ ਪੁਲਿਸ ਨੇ ਇਹ ਅਹਿਮ ਖੁਲਾਸਾ ਕੀਤਾ ਹੈ। 17 ਅਗਸਤ ਨੂੰ ਜਦ ਗੁਰਮੀਤ ਰਾਮ ਰਹੀਮ 'ਤੇ ਲੱਗੇ ਦੋਸ਼ਾਂ ਉਤੇ ਫੈਸਲਾ ਰਾਖਵਾਂ ਰੱਖਿਆ ਗਿਆ ਤਾਂ ਡੇਰੇ ਦੇ ਚੋਣਵੇਂ ਲੋਕਾਂ ਦੀ ਅਹਿਮ ਬੈਠਕ ਹੋਈ। ਇਹ ਬੈਠਕ ਕਾਲੇ ਰੰਗ ਦੀ ਮਰਸਡੀਜ਼ ਕਾਰ ਵਿਚ ਹੋਈ। ਬੈਠਕ ਵਿਚ ਗੁਰਮੀਤ ਰਾਮ ਰਹੀਮ ਤੋਂ ਇਲਾਵਾ ਨਿੱਜੀ ਸਕੱਤਰ ਰਾਕੇਸ਼ ਤੇ ਚੀਫ ਸੁਰੱਖਿਆ ਅਫਸਰ ਪ੍ਰੀਤਮ ਸਿੰਘ ਵੀ ਮੌਜੂਦ ਸੀ।

ਹਨੀਪ੍ਰੀਤ ਦੇ ਇਸ ਬੈਠਕ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਪੰਚਕੂਲਾ ਪੁਲਿਸ ਕਮਿਸ਼ਨਰ ਨੇ ਕੀਤੀ। ਇਸ ਬੈਠਕ ਵਿਚ ਗੁਰਮੀਤ ਰਾਮ ਰਹੀਮ ਕਿਹੜੀ ਗੱਡੀ ਰਾਹੀਂ ਅਦਾਲਤ 'ਚ ਜਾਵੇਗਾ ਤੇ ਜੇਕਰ ਫੈਸਲਾ ਵਿਰੋਧ ਵਿਚ ਆਉਂਦਾ ਹੈ ਤਾਂ ਕਿਸ ਤਰ੍ਹਾਂ ਪ੍ਰਸ਼ਾਸਨ ਤੇ ਸਰਕਾਰ ਉਤੇ ਦਬਾਅ ਬਣਾਇਆ ਜਾਵੇਗਾ, ਵਿਚਾਰਿਆ ਗਿਆ ਸੀ। ਪੁਲਿਸ ਨੇ ਰਿਮਾਂਡ ਲੈਣ ਲਈ ਅਦਾਲਤ ਨੂੰ ਦੱਸਿਆ ਕਿ ਹਨੀਪ੍ਰੀਤ 25 ਅਗਸਤ ਨਹੀਂ, 17 ਅਗਸਤ ਨੂੰ ਡੇਰਾ ਸਿਰਸਾ ਵਿਚ ਸਾਜਿਸ਼ ਰਚਣ ਲਈ ਦੋਸ਼ੀ ਹੈ, ਜਿਸ ਦਿਨ ਪੰਚਕੂਲਾ 'ਚ ਅਦਾਲਤ ਵੱਲੋਂ ਰਾਮ ਰਹੀਮ ਖਿਲਾਫ ਫੈਸਲਾ ਆਉਣ ਦੀ ਸੂਰਤ 'ਚ ਵਿਆਪਕ ਪੱਧਰ 'ਤੇ ਹਿੰਸਾ ਫੈਲਾਉਣ ਦੀ ਸਾਜਿਸ਼ ਘੜੀ ਗਈ ਸੀ।



## ਜਦੋਂ ਰਾਮ ਰਹੀਮ ਤੋਂ ਯੂ.ਐਨ. ਨੇ ਮੰਗ ਲਿਆ ਸਮਰਥਨ

**ਚੰਡੀਗੜ੍ਹ:** ਅਜਿਹਾ ਲੱਗਦਾ ਹੈ ਕਿ ਗੁਰਮੀਤ ਰਾਮ ਰਹੀਮ ਤੇ ਹਨੀਪ੍ਰੀਤ ਦੇ ਜੇਲ੍ਹ ਵਿਚ ਹੋਣ ਦੀ ਖਬਰ ਸੰਯੁਕਤ ਰਾਸ਼ਟਰ (ਯੂ.ਐਨ.) ਤੱਕ ਨਹੀਂ ਪੁੱਜੀ ਹੈ। ਜੇਕਰ ਅਜਿਹਾ ਹੁੰਦਾ ਤਾਂ ਯੂ.ਐਨ. ਰਾਮ ਰਹੀਮ ਤੇ ਹਨੀਪ੍ਰੀਤ ਨੂੰ 'ਪਖਾਨਾ ਦਿਵਸ' ਦਾ ਸਮਰਥਨ ਕਰਨ ਦੀ ਅਪੀਲ ਨਾ ਕਰਦਾ। ਡੇਰਾ ਮੁਖੀ ਸਾਧਵੀਆ ਨਾਲ ਜਬਰ ਜਨਾਹ ਦੇ ਦੋਸ਼ 'ਚ 20 ਸਾਲ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ, ਉਥੇ 39 ਦਿਨ ਬਾਅਦ ਫਰਾਰ ਹਨੀਪ੍ਰੀਤ ਵੀ ਪੁਲਿਸ ਦੀ ਗ੍ਰਿਫਤ 'ਚ ਆ ਗਈ ਹੈ ਪਰ ਯੂ.ਐਨ. ਨੂੰ ਸ਼ਾਇਦ ਇਸ ਦੀ ਜਾਣਕਾਰੀ ਨਹੀਂ ਹੈ। ਇਸ ਲਈ ਯੂ.ਐਨ. ਵੱਲੋਂ ਗੁਰਮੀਤ ਰਾਮ ਰਹੀਮ ਤੇ ਹਨੀਪ੍ਰੀਤ ਇੰਸਾਂ ਨੂੰ ਅਪੀਲ ਕੀਤੀ ਗਈ ਹੈ। ਯੂ.ਐਨ. ਵੱਲੋਂ 19 ਨਵੰਬਰ ਨੂੰ 'ਵਿਸ਼ਵ ਪਖਾਨਾ ਦਿਵਸ' ਮਨਾਇਆ ਜਾ ਰਿਹਾ ਹੈ। ਯੂ. ਐਨ. ਦੇ ਟਵਿੱਟਰ ਹਾਂਡਲ ਤੋਂ ਇਕ ਟਵੀਟ 'ਚ ਗੁਰਮੀਤ ਰਾਮ ਰਹੀਮ ਤੇ ਹਨੀਪ੍ਰੀਤ ਨੂੰ ਟੈਗ ਕਰਦੇ ਹੋਏ ਲਿਖਿਆ ਗਿਆ ਹੈ ਕਿ ਪਿਆਰੀ ਹਨੀਪ੍ਰੀਤ ਇੰਸਾਂ ਅਤੇ ਰਾਮ ਰਹੀਮ ਸਾਨੂੰ ਉਮੀਦ ਹੈ ਕਿ ਤੁਸੀਂ ਵਿਸ਼ਵ ਪਖਾਨਾ ਦਿਵਸ ਨੂੰ ਵਧ-ਚੜ੍ਹ ਕੇ ਸਮਰਥਨ ਕਰੋਗੇ।

## ਹਨੀਪ੍ਰੀਤ ਦੀ ਗ੍ਰਿਫਤਾਰੀ 'ਤੇ ਉਲਝੇ ਪੰਜਾਬ ਤੇ ਹਰਿਆਣਾ

### ਅਧਿਕਾਰੀਆਂ ਦੀ ਜਾਂਚ ਕਰਵਾਉਣ ਖੱਟਰ: ਕੈਪਟਨ



**ਚੰਡੀਗੜ੍ਹ:** ਹਨੀਪ੍ਰੀਤ ਦੇ ਮਾਮਲੇ 'ਚ ਪੰਜਾਬ ਪੁਲਿਸ ਦੀ ਭੂਮਿਕਾ 'ਤੇ ਸਵਾਲ ਉਠਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਤਿੱਖੀ ਆਲੋਚਨਾ ਕੀਤੀ ਹੈ। ਮੁੱਖ ਮੰਤਰੀ ਨੇ ਡੇਰਾ ਸਿਰਸਾ ਮਾਮਲੇ 'ਚ ਹਰਿਆਣਾ ਸਰਕਾਰ ਦੀ ਅਸਫਲਤਾ 'ਤੇ ਪਰਦਾ ਪਾਉਣ ਲਈ ਖੱਟਰ ਨੂੰ ਇਸ ਤਰ੍ਹਾਂ ਦੀਆਂ ਮਨਘੜਤ ਗੱਲਾਂ ਤੋਂ ਦੂਰ ਰਹਿਣ ਲਈ ਆਖਿਆ ਹੈ।

### ਪੰਜਾਬ ਪੁਲਿਸ ਦੀ ਭੂਮਿਕਾ ਸ਼ੱਕੀ: ਖੱਟਰ



**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਹਨੀਪ੍ਰੀਤ ਦੀਆਂ 25 ਅਗਸਤ ਤੋਂ ਬਾਅਦ ਦੀਆਂ ਸਰਗਰਮੀਆਂ ਤੋਂ ਹੁਣ ਹੌਲੀ-ਹੌਲੀ ਪਰਦਾ ਉਠਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੂੰ ਹਨੀਪ੍ਰੀਤ ਦੀਆਂ ਸਰਗਰਮੀਆਂ ਦਾ ਪਤਾ ਸੀ, ਪਰ ਉਸ ਨੇ ਹਰਿਆਣਾ ਪੁਲਿਸ ਤੋਂ ਇਹ ਜਾਣਕਾਰੀ ਲੁਕਾ ਕੇ ਰੱਖੀ। ਲੋਕ ਹੁਣ ਇਹ ਜਾਣਨਾ ਚਾਹੁੰਦੇ ਹਨ ਕਿ ਇਸ ਮਾਮਲੇ 'ਚ ਪੰਜਾਬ ਪੁਲਿਸ ਦੀ ਕੀ ਭੂਮਿਕਾ ਸੀ।

## ਜੇਲ੍ਹ ਵਿਚ ਰਾਮ ਰਹੀਮ ਦਾ ਹੈ ਇਹ ਹਾਲ

**ਚੰਡੀਗੜ੍ਹ:** ਗੁਰਮੀਤ ਰਾਮ ਰਹੀਮ ਦੀ ਦਾੜ੍ਹੀ ਤੇ ਸਿਰ ਦੇ ਵਾਲਾਂ ਤੋਂ ਕਾਲਾ ਰੰਗ ਉਤਰਨ ਕਾਰਨ ਵਾਲ ਚਿੱਟੇ ਦਿਸਣ ਲੱਗੇ ਹਨ ਤੇ ਉਸ ਦਾ ਭਾਰ ਵੀ ਛੇ ਕਿੱਲੋ ਘਟ ਗਿਆ ਹੈ। ਰਾਮ ਰਹੀਮ ਸ਼ੂਗਰ ਦੇ ਨਾਲ-ਨਾਲ ਬਲੱਡ ਪ੍ਰੈਸ਼ਰ ਦਾ ਵੀ ਮਰੀਜ਼ ਹੈ ਤੇ ਉਸ ਨੂੰ ਨਾ ਸਿਰਫ ਇਸ ਲਈ ਰੋਜ਼ਾਨਾ ਦਵਾਈ ਲੈਣੀ ਪੈਂਦੀ ਹੈ, ਸਗੋਂ ਸਵੇਰੇ ਛੇਤੀ ਉਠ ਕੇ ਕਿਆਰੀਆਂ ਨੂੰ ਠੀਕ ਕਰਨ, ਪਾਣੀ ਲਗਾਉਣ ਤੇ ਘਾਹ-ਬੂਟੀ ਕੱਢਣ ਦਾ ਕੰਮ ਵੀ ਕਰਨਾ ਪੈ ਰਿਹਾ ਹੈ। ਗੁਰਮੀਤ ਰਾਮ ਰਹੀਮ ਜਿਥੇ ਫਿਲਮਾਂ 'ਚ ਕੰਮ ਕਰਨ ਕਾਰਨ ਆਪਣੇ-ਆਪ ਨੂੰ ਨੌਜਵਾਨ ਦਿਖਾਉਣ ਲਈ ਅਭਿਨੇਤਾਵਾਂ ਵਾਂਗ ਮੂੰਹ ਨੂੰ ਅਪਲਿਫਟ (ਜਿਸ ਨਾਲ ਮੂੰਹ ਦੀ ਚਮੜੀ 'ਤੇ ਖਿਚਾਅ ਆ ਜਾਂਦਾ ਹੈ) ਕਰਵਾਇਆ ਕਰਦਾ ਸੀ, ਹੁਣ ਤੱਕ ਸਿਰ ਤੇ ਦਾੜ੍ਹੀ-ਮੁੱਛਾਂ 'ਤੇ ਕਾਲਾ ਰੰਗ ਵੀ ਲਗਾਇਆ ਕਰਦਾ ਸੀ। ਹੁਣ ਪਿਛਲੇ ਛੇ ਹਫਤਿਆਂ ਤੋਂ ਕਾਲਾ ਰੰਗ ਨਾ ਲੱਗਣ ਕਾਰਨ ਉਸ ਦੇ ਸਿਰ, ਦਾੜ੍ਹੀ-ਮੁੱਛਾਂ ਦੇ ਵਾਲ ਚਿੱਟੇ ਹੋਣੇ ਸ਼ੁਰੂ ਹੋ ਗਏ ਹਨ। ਉਸ ਨੂੰ ਜੇਲ੍ਹ 'ਚ ਸਬਜ਼ੀਆਂ ਬੀਜਣ ਦਾ ਕੰਮ ਦਿੱਤਾ ਗਿਆ ਹੈ, ਇਸ ਕੰਮ ਸਬੰਧੀ ਵੀ ਉਸ ਨੂੰ ਪਰੇਸ਼ਾਨੀ ਹੋ ਰਹੀ ਹੈ। ਉਹ ਬਾਕੀ ਕੈਦੀਆਂ ਵਾਂਗ ਕੰਟੀਨ 'ਚੋਂ ਹਰ ਮਹੀਨੇ ਛੇ ਹਜ਼ਾਰ ਰੁਪਏ ਦਾ ਰਾਸ਼ਨ ਖਰੀਦਦਾ ਹੈ। ਕੰਟੀਨ 'ਚ ਉਸ ਨੂੰ ਅੰਗੂਠਾ ਲਗਾ ਕੇ ਰਾਸ਼ਨ ਦਿੱਤਾ ਜਾਂਦਾ ਹੈ। ਉਹ ਕੰਟੀਨ ਵਿਚੋਂ ਸਵੇਰੇ ਸ਼ਾਮ ਦੁੱਧ ਤੇ ਦਹੀਂ ਤੇ ਫਲ ਖਰੀਦਦਾ ਹੈ। ਅਜੇ ਤੱਕ ਗੁਰਮੀਤ ਰਾਮ ਰਹੀਮ ਦੀ ਸੁਰੱਖਿਆ ਨੂੰ ਲੈ ਕੇ ਵੀ ਕੋਈ ਢਿੱਲ ਨਹੀਂ ਵਰਤੀ ਜਾ ਰਹੀ ਤੇ ਨਿਯਮਤ ਰੂਪ 'ਚ ਉਸ ਦੀ ਡਾਕਟਰੀ ਜਾਂਚ ਵੀ ਕਰਵਾਈ ਜਾ ਰਹੀ ਹੈ।



# ਹੁਣ ਛੋਟੇ ਕਿਸਾਨੀ ਕਰਜ਼ੇ ਮੁਆਫ ਕਰਨ ਲਈ ਬਣੇਗਾ ਕਾਨੂੰਨ

**ਚੰਡੀਗੜ੍ਹ:** ਪੰਜਾਬ ਸਰਕਾਰ ਪੰਜ ਏਕੜ ਤੋਂ ਘੱਟ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਛੇਤੀ ਹੀ ਕਾਨੂੰਨ ਲਿਆਉਣ ਜਾ ਰਹੀ ਹੈ। ਇਹ ਜਾਣਕਾਰੀ ਸਰਕਾਰ ਨੇ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਕਿਸਾਨਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਪੁੱਛੇ ਜਾਣ ਹਾਈ ਕੋਰਟ ਵਿਚ ਦਿੱਤੀ।

ਸਰਕਾਰੀ ਵਕੀਲ ਨੇ ਹਾਈ ਕੋਰਟ ਨੂੰ ਜਾਣੂ ਕਰਵਾਇਆ ਕਿ 10000 ਕਰੋੜ ਰੁਪਏ ਦੇ ਕਰਜ਼ ਵਿਚੋਂ 2000 ਕਰੋੜ ਰੁਪਏ ਸਰਕਾਰ ਆਪਣੇ ਸਰੋਤਾਂ ਨਾਲ ਜੁਟਾਏਗੀ। ਇਹ ਵੀ ਕਿਹਾ ਕਿ ਸਰਕਾਰ ਵਿੱਤੀ ਸੰਕਟ ਨਾਲ ਜੂਝ ਰਹੀ ਹੈ ਪਰ ਪੰਜ ਏਕੜ ਤੋਂ ਘੱਟ ਜ਼ਮੀਨਾਂ ਵਾਲੇ ਕਿਸਾਨਾਂ ਦਾ ਕਰਜ਼ ਮੁਆਫ ਕਰਨ ਲਈ ਛੇਤੀ ਹੀ ਕਾਨੂੰਨ ਲਿਆਂਦਾ ਜਾ ਰਿਹਾ ਹੈ। ਸਰਕਾਰ ਨੇ ਇਹ ਇਕ ਵਾਰ ਮੁੜ ਸਾਫ ਕਰ ਦਿੱਤਾ ਹੈ ਕਿ ਉਹੀ ਕਰਜ਼ਾ ਮੁਆਫ ਕਰਨ 'ਤੇ ਵਿਚਾਰ ਕੀਤਾ ਜਾਵੇਗਾ, ਜਿਹੜਾ ਕਿ ਖੇਤੀ ਲਈ ਲਿਆ ਗਿਆ ਹੈ। ਇਹ ਵੀ ਕਿਹਾ ਗਿਆ ਕਿ ਪੰਜ ਲੱਖ ਰੁਪਏ ਤੱਕ ਦੇ ਕਰਜ਼ੇ ਦੀ ਮੁਆਫੀ ਬਾਰੇ ਪਹਿਲ 'ਤੇ ਵਿਚਾਰ ਕੀਤਾ ਜਾਵੇਗਾ ਤਾਂ ਕਿ ਛੋਟੇ ਕਿਸਾਨਾਂ ਨੂੰ ਰਾਹਤ ਮਿਲੇ ਤੇ ਉਨ੍ਹਾਂ ਦੀ ਵਿੱਤੀ ਹਾਲਤ ਵਿਚ ਸੁਧਾਰ ਆ ਸਕੇ। ਹਾਈ ਕੋਰਟ ਨੇ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਪ੍ਰਤੀ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਤੇ ਨਾਲ ਹੀ ਕਿਹਾ ਕਿ ਕਿਸਾਨਾਂ ਲਈ ਬਣਾਏ ਜਾ ਰਹੇ ਨਵੇਂ ਕਾਨੂੰਨ ਦੀ ਰੂਪ ਰੇਖਾ ਬਾਰੇ ਅਗਲੀ ਸੁਣਵਾਈ ਉਤੇ 16 ਨਵੰਬਰ ਨੂੰ ਬੈਂਚ ਨੂੰ ਜਾਣੂ ਕਰਵਾਇਆ ਜਾਵੇ।



# ਜਬਰ ਜਨਾਹ ਦੇ ਦੋਸ਼ ਵਿਚ ਲੰਗਾਹ ਨੂੰ ਸਿੱਖ ਪੰਥ ਵਿਚੋਂ ਛੇਕਿਆ

**ਅੰਮ੍ਰਿਤਸਰ:** ਅਕਾਲ ਤਖਤ ਤੋਂ ਪੰਜ ਜਥੇਦਾਰਾਂ ਨੇ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਨੂੰ ਬੇਗਾਨੀ ਔਰਤ ਨਾਲ ਸਬੰਧ ਰੱਖਣ ਦੇ ਦੋਸ਼ ਹੇਠ ਸਿੱਖ ਪੰਥ ਵਿਚੋਂ ਛੇਕ ਦਿੱਤਾ ਹੈ। ਤਖਤ ਨੇ ਸਿੱਖ ਸੰਸਥਾਵਾਂ ਨੂੰ ਆਖਿਆ ਕਿ ਜੇਕਰ ਇਹ ਵਿਅਕਤੀ ਕਿਸੇ ਸੰਸਥਾ ਦਾ ਮੈਂਬਰ ਹੈ ਤਾਂ ਇਸ ਨੂੰ ਤੁਰਤ ਬਰਖਾਸਤ ਕਰ ਦਿੱਤਾ ਜਾਵੇ। ਹੁਕਮਨਾਮੇ ਵਿਚ ਕਿਸੇ ਵੀ ਧਾਰਮਿਕ ਅਸਥਾਨ ਵਿਚ ਉਸ ਦੇ ਨਾਂ ਦੀ ਅਰਦਾਸ ਨਾ ਕਰਨ ਦੀ ਤਾੜਨਾ ਵੀ ਕੀਤੀ ਗਈ।

ਇਹ ਹੁਕਮਨਾਮਾ ਅਕਾਲ ਤਖਤ ਦੀ ਫਸੀਲ ਤੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਸੰਗਤਾਂ ਨੂੰ ਸੁਣਾਇਆ। ਇਸ ਤੋਂ ਪਹਿਲਾਂ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਧਾਰਮਿਕ ਸਲਾਹਕਾਰ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਹੋਈ, ਜਿਸ ਵਿਚ ਸੁੱਚਾ ਸਿੰਘ ਲੰਗਾਹ ਦੀ ਅਸ਼ਲੀਲ ਵੀਡੀਓ ਅਤੇ ਪੁਲਿਸ ਵੱਲੋਂ ਦਰਜ ਕੀਤੇ ਮਾਮਲੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਉਪਰੰਤ ਪੰਜ ਜਥੇਦਾਰਾਂ ਦੀ ਮੀਟਿੰਗ ਵਿਚ ਉਸ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਕੀਤਾ ਗਿਆ। ਇਕੱਤਰਤਾ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਗ੍ਰੰਥੀ ਗਿਆਨੀ ਜਗਤਾਰ ਸਿੰਘ ਸ਼ਾਮਲ ਸਨ। ਜਥੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਸੁੱਚਾ ਸਿੰਘ ਲੰਗਾਹ ਖਿਲਾਫ਼ ਸਿੱਖ ਸੰਗਤ ਵੱਲੋਂ ਵੱਡੇ ਪੱਧਰ ਉਤੇ ਸ਼ਿਕਾਇਤਾਂ ਪੁੱਜੀਆਂ ਸਨ। ਇਸ ਤੋਂ ਇਲਾਵਾ ਅਖਬਾਰਾਂ ਅਤੇ ਇਲੈਕਟਰੌਨਿਕ ਮੀਡੀਆ ਰਾਹੀਂ ਵੀ ਇਸ ਦੀ ਭਾਰੀ ਚਰਚਾ ਹੋਈ ਹੈ। ਅਕਾਲੀ ਆਗੂ ਦੀ ਇਸ ਬਦਇਖਲਾਕੀ ਵਾਲੀ ਕਾਰਵਾਈ ਕਾਰਨ ਜਿਥੇ ਸਿੱਖ ਸੰਗਤਾਂ ਦੇ ਮਨਾਂ ਨੂੰ ਠੇਸ ਪੁੱਜੀ ਹੈ, ਉਥੇ ਸਿੱਖ ਕਿਰਦਾਰ ਨੂੰ ਵੀ ਢਾਹ ਲੱਗੀ ਹੈ।

ਉਨ੍ਹਾਂ ਦੱਸਿਆ ਕਿ ਪੰਜ ਜਥੇਦਾਰਾਂ ਨੇ ਸ੍ਰੀ ਲੰਗਾਹ ਨੂੰ ਸਿੱਖ ਰਹਿਤ ਮਰਿਆਦਾ ਅਨੁਸਾਰ ਬਜਰ ਕੁਰਹਿਤ ਕਰਨ ਦਾ ਦੋਸ਼ੀ ਮੰਨਿਆ ਹੈ। ਮਾਮਲੇ ਦੀ ਗੰਭੀਰਤਾ ਅਤੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਹੀ ਉਸ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਸਲਾਹਕਾਰ ਕਮੇਟੀ ਵੱਲੋਂ ਵੀ ਇਸੇ ਸਜ਼ਾ ਉਤੇ ਮੋਹਰ ਲਾਈ ਗਈ ਸੀ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਕਿ ਉਸ ਨਾਲ ਕਿਸੇ ਕਿਸਮ ਦੀ ਸਾਂਝ ਨਾ ਰੱਖੀ ਜਾਵੇ, ਉਸ ਦਾ ਨਾਂ ਲੈ ਕੇ ਕਿਸੇ ਵੀ ਗੁਰਦੁਆਰੇ ਵਿਚ ਅਰਦਾਸ ਨਾ ਕੀਤੀ ਜਾਵੇ ਅਤੇ ਸਿੱਖ ਸੰਸਥਾਵਾਂ ਉਸ ਨੂੰ ਬਤੌਰ ਮੈਂਬਰ ਤੁਰਤ ਬਰਖਾਸਤ ਕਰਨ। ਉਨ੍ਹਾਂ ਦੱਸਿਆ ਕਿ ਇਕੱਤਰਤਾ ਵਿਚ ਫੈਸਲਾ ਕੀਤਾ ਗਿਆ ਹੈ ਕਿ ਬਜਰ ਕੁਰਹਿਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਭਵਿੱਖ ਵਿਚ ਕਿਸੇ ਧਾਰਮਿਕ ਸੰਸਥਾ ਦੀ ਨੁਮਾਇੰਦਗੀ ਨਾ ਦਿੱਤੀ ਜਾਵੇ ਅਤੇ ਅਹੁਦੇਦਾਰ ਬਣਾਉਣ ਤੋਂ ਪਹਿਲਾਂ ਉਸ ਦੇ ਕਿਰਦਾਰ ਨੂੰ ਧਿਆਨ ਵਿਚ ਰੱਖਿਆ ਜਾਵੇ।

ਇਸ ਤੋਂ ਪਹਿਲਾਂ ਪੰਜ ਜਥੇਦਾਰਾਂ ਨੇ ਕੈਨੇਡਾ ਦੇ ਜਗਮੀਤ ਸਿੰਘ ਨੂੰ ਨਿਊ ਡੈਮੋਕਰੈਟਿਕ ਪਾਰਟੀ ਦਾ ਮੁਖੀ ਬਣਾਏ ਜਾਣ ਦੇ ਫੈਸਲੇ ਦੀ ਸ਼ਲਾਘਾ ਕੀਤੀ ਗਈ ਅਤੇ ਐਲਾਨ ਕੀਤਾ ਕਿ ਜਗਮੀਤ ਸਿੰਘ ਦੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਉਣ 'ਤੇ ਉਸ ਦਾ ਸਨਮਾਨ ਕੀਤਾ ਜਾਵੇਗਾ।



## ਲੰਗਾਹ ਦਾ ਦਸ ਨੰਬਰੀ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਦਾਅਵੇਦਾਰੀ ਦਾ ਸਫਰ



**ਚੰਡੀਗੜ੍ਹ:** ਸਿਆਸਤ ਵਿਚ ਆਉਣ ਤੋਂ ਪਹਿਲਾਂ ਸੁੱਚਾ ਸਿੰਘ ਲੰਗਾਹ 'ਤੇ ਕਈ ਮਾਮਲੇ ਦਰਜ ਸਨ। ਫਿਰ ਵੀ ਪ੍ਰਕਾਸ਼ ਸਿੰਘ ਬਾਦਲ ਉਸ ਨੂੰ ਸਿਆਸਤ ਵਿਚ ਲੈ ਕੇ ਆਏ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਵਜੋਂ ਚੋਣ ਲੜਾਈ। ਇਹ ਵੀ ਚਰਚਾ ਹੈ ਕਿ ਉਸ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਉਣ ਦੀਆਂ ਤਿਆਰੀਆਂ ਸਨ। ਦਰਅਸਲ, ਸਿਆਸਤ ਵਿਚ ਆਉਣ ਪਿੱਛੋਂ ਸੁੱਚਾ ਸਿੰਘ ਲੰਗਾਹ ਨੇ ਕਈ ਵਾਰ ਸਿੱਖ ਪੰਥ, ਧਾਰਮਿਕ ਮਰਿਆਦਾ ਅਤੇ ਚੰਗੇ ਆਚਰਨ ਬਾਰੇ ਭਾਸ਼ਣ ਦਿੱਤੇ ਸਨ।

ਇਸ ਕਾਰਨ ਛੇਤੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣ ਗਿਆ ਅਤੇ ਫਿਰ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਬਣਾ ਦਿੱਤਾ ਗਿਆ। ਸਾਲ 1997 ਵਿਚ ਵਿਧਾਨ ਸਭਾ ਚੋਣਾਂ ਜਿੱਤਣ ਪਿੱਛੋਂ ਪੀ.ਡਬਲਿਊ.ਡੀ. ਅਤੇ ਸਾਲ 2007 ਵਿਚ ਖੇਤੀਬਾੜੀ ਮੰਤਰੀ ਬਣਿਆ ਤਾਂ ਅਕਾਲੀ ਦਲ ਦੀ ਪਹਿਲੀ ਕਤਾਰ ਦੇ ਆਗੂਆਂ ਵਿਚ ਜਗ੍ਹਾ ਵੀ ਬਣਦੀ ਗਈ। ਦੁੱਧ ਵੇਚਣ ਵਾਲੇ ਤੋਂ ਕੈਬਨਿਟ ਮੰਤਰੀ ਤੇ ਧਰਮ ਪ੍ਰਚਾਰਕ ਬਣੇ ਸੁੱਚਾ ਸਿੰਘ ਲੰਗਾਹ ਦੀ ਦਾਗਦਾਰ ਜ਼ਿੰਦਗੀ ਕਿਸੇ ਤੋਂ ਲੁਕੀ ਨਹੀਂ। ਸਿਆਸੀ ਸਫਰ ਸ਼ੁਰੂ ਕਰਨ ਤੋਂ ਪਹਿਲਾਂ ਪੁਲਿਸ ਰਿਕਾਰਡ ਵਿਚ ਸੁੱਚਾ ਸਿੰਘ ਦਸ ਨੰਬਰੀ ਹੁੰਦਾ ਸੀ। ਉਸ ਦੇ ਬਾਵਜੂਦ ਉਸ ਨੂੰ ਕੈਬਨਿਟ ਮੰਤਰੀ ਬਣਾਇਆ ਗਿਆ ਸੀ। ਆਪਣੀ ਸਿਆਸੀ ਪਾਰੀ ਕਾਰਨ ਉਹ ਕੁਝ ਹੀ ਸਾਲਾਂ ਵਿਚ ਸੌ ਕਰੋੜ ਰੁਪਏ ਤੋਂ ਵੱਧ ਦਾ ਮਾਲਕ ਬਣ ਗਿਆ। ਵਿਰਾਸਤ ਵਿਚ ਉਸ ਨੂੰ ਸਿਰਫ ਤਿੰਨ ਏਕੜ ਜ਼ਮੀਨ ਮਿਲੀ ਸੀ, ਪਰ ਮੰਤਰੀ ਬਣਨ ਤੋਂ ਬਾਅਦ ਕਰੋੜਾਂ ਦਾ ਮਾਲਕ ਬਣ ਗਿਆ। ਵਿਰੋਧੀ ਪਾਰਟੀਆਂ ਨੇ ਕਈ ਵਾਰ ਉਸ ਉਤੇ ਗੈਰ ਕਾਨੂੰਨੀ ਕਬਜ਼ੇ ਕਰਨ ਅਤੇ ਤਸਕਰਾਂ ਦੀ ਮਿਲੀਭੁਗਤ ਦੇ ਦੋਸ਼ ਵੀ ਲਾਏ। ਸਾਲ 2002 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆਉਣ ਉਤੇ ਵਿਜੀਲੈਂਸ ਨੇ ਕੇਸ ਵੀ ਦਰਜ ਕੀਤਾ ਸੀ, ਜਿਸ ਵਿਚ ਤਿੰਨ ਸਾਲ ਕੈਦ ਹੋ ਗਈ ਸੀ।

## ਅਦਾਲਤ ਦੇ ਬਾਹਰ ਲੰਗਾਹ 'ਤੇ ਕਿਰਪਾਨ ਨਾਲ ਹਮਲਾ

**ਗੁਰਦਾਸਪੁਰ:** ਮਹਿਲਾ ਸਿਪਾਹੀ ਨਾਲ ਜਬਰ ਜਨਾਹ ਤੇ ਧੋਖਾਧੜੀ ਕਰਨ ਵਰਗੇ ਸੰਗੀਨ ਦੋਸ਼ਾਂ ਵਿਚ ਘਿਰੇ ਅਕਾਲੀ ਦਲ ਦੇ ਸਾਬਕਾ ਮੰਤਰੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਨੇ ਗੁਰਦਾਸਪੁਰ ਅਦਾਲਤ ਵਿਚ ਸਮਰਪਣ ਕਰ ਦਿੱਤਾ। ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਜਦੋਂ ਪੁਲਿਸ ਨੇ ਲੰਗਾਹ ਨੂੰ ਆਪਣੀ ਗੱਡੀ ਵਿਚ ਬਿਠਾਇਆ ਤਾਂ ਅਚਾਨਕ ਇਕ ਸਿੱਖ ਨੌਜਵਾਨ ਨੇ ਕਿਰਪਾਨ ਨਾਲ ਹਮਲਾ ਕਰਨ ਦੀ ਕੋਸ਼ਿਸ਼ ਪਰ ਹਮਲੇ ਤੋਂ ਮੁਲਜ਼ਮ ਵਾਲ-ਵਾਲ ਬਚ ਗਿਆ। ਪੁਲਿਸ ਨੇ ਹਮਲਾਵਰ ਨੌਜਵਾਨ ਨੂੰ ਕਾਬੂ ਕਰ ਲਿਆ। ਇਸ ਮੌਕੇ ਪੁਲਿਸ ਨੂੰ ਲੋਕਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਲੰਗਾਹ ਨੇ ਕਿਹਾ ਕਿ ਅਦਾਲਤ ਵਿਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ। ਗੌਰਤਲਬ ਹੈ ਕਿ ਪੰਜਾਬ ਪੁਲਿਸ ਵਿਚ ਤਾਇਨਾਤ ਇਕ ਮਹਿਲਾ ਦੀ ਸ਼ਿਕਾਇਤ ਉਤੇ ਸਿਟੀ ਪੁਲਿਸ ਨੇ ਲੰਗਾਹ ਖਿਲਾਫ਼ 29 ਸਤੰਬਰ ਨੂੰ ਜਬਰ ਜਨਾਹ ਅਤੇ ਧੋਖਾਧੜੀ ਸਮੇਤ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਕੇਸ ਦਰਜ ਹੋਣ ਤੋਂ ਬਾਅਦ ਮੁਲਜ਼ਮ ਗ੍ਰਿਫਤਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ।



## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ ਜੋੜੀ

**ਗੁਰਦਾਸਪੁਰ:** ਮਹਿਲਾ ਪੁਲਿਸ ਕਰਮੀ ਨਾਲ ਜਬਰ ਜਨਾਹ ਅਤੇ ਧੋਖਾਧੜੀ ਦੇ ਕੇਸ ਵਿਚ ਘਿਰੇ ਅਕਾਲੀ ਦਲ ਦੇ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਹੋ ਗਿਆ ਹੈ। ਪੁਲਿਸ ਨੇ ਲੰਗਾਹ ਖਿਲਾਫ਼ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ 295ਏ ਤਹਿਤ ਇਕ ਹੋਰ ਕੇਸ ਦਰਜ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਲੰਗਾਹ ਦੀ ਅਸ਼ਲੀਲ ਵੀਡੀਓ ਵਾਇਰਲ ਹੋਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਅਤੇ ਹੋਰ ਸਿੱਖ ਸੰਗਠਨਾਂ ਵੱਲੋਂ ਉਸ ਖਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਜ਼ਿਲ੍ਹਾ ਪੁਲਿਸ ਮੁਖੀ ਨੂੰ ਮੰਗ-ਪੱਤਰ ਵੀ ਸੌਂਪਿਆ ਸੀ।

## ਮੁਤਵਾਜ਼ੀ ਜਥੇਦਾਰਾਂ ਵੱਲੋਂ ਵੀ ਲੰਗਾਹ ਖਿਲਾਫ ਕਾਰਵਾਈ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰਾਂ ਨੇ ਵੀ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਅਤੇ ਗੁਰਦੁਆਰਾ ਛੋਟਾ ਘੱਲੂਘਾਰਾ, ਕਾਹਨੂੰਵਾਨ ਦੇ ਸਕੱਤਰ ਬੂਟਾ ਸਿੰਘ ਨੂੰ ਗੈਰ ਔਰਤਾਂ ਨਾਲ ਕੁਕਰਮ ਕਰਨ ਦੀ ਬਜਰ ਕੁਰਹਿਤ ਦੇ ਦੋਸ਼ ਹੇਠ ਪੰਥ ਵਿਚੋਂ ਖਾਰਜ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਹੈ। ਇਹ ਹੁਕਮਨਾਮਾ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਮੁਤਵਾਜ਼ੀ ਜਥੇਦਾਰਾਂ ਵਿਚ ਸ਼ਾਮਲ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ, ਭਾਈ ਮੇਜਰ ਸਿੰਘ ਤੇ ਭਾਈ ਸੂਬਾ ਸਿੰਘ ਨੇ ਮੀਡੀਆ ਨੂੰ ਜਾਰੀ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਵਿਖੇ ਮੱਥਾ ਟੇਕਿਆ। ਭਾਈ ਮੰਡ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਨੂੰ ਰਾਜਸੀ ਤਾਕਤ ਦੀ ਦੁਰਵਰਤੋਂ ਕਰਦਿਆਂ ਸਿੱਖ ਰਹਿਤ ਮਰਿਆਦਾ ਦੇ ਉਲਟ ਜਾ ਕੇ ਇਕ ਮਜਬੂਰ ਔਰਤ ਨਾਲ ਕੁਕਰਮ ਕਰਨ ਦੇ ਦੋਸ਼ ਹੇਠ ਸਿੱਖੀ ਵਿਚੋਂ ਖਾਰਜ ਕੀਤਾ ਜਾਂਦਾ ਹੈ। ਉਨ੍ਹਾਂ ਨੇ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਕਿ ਸੁੱਚਾ ਸਿੰਘ ਲੰਗਾਹ ਨਾਲ ਕਿਸੇ ਵੀ ਤਰ੍ਹਾਂ ਦਾ ਸਿੱਖੀ ਸਬੰਧ ਨਾ ਰੱਖਣ ਕਿਉਂਕਿ ਉਸ ਨੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਤਹਿਤ ਬਜਰ ਕੁਰਹਿਤ ਕੀਤੀ ਹੈ।

# ਸੋਸ਼ਲ ਮੀਡੀਆ 'ਤੇ ਬਾਦਲਾਂ ਵਿਰੁਧ ਪ੍ਰਚਾਰ ਦੀ ਝੜੀ

**ਚੰਡੀਗੜ੍ਹ:** ਸੋਸ਼ਲ ਮੀਡੀਆ ਉਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਖਿਲਾਫ਼ ਹੋ ਰਹੇ ਧੂੰਆਂਧਾਰ ਪ੍ਰਚਾਰ ਨੇ ਪਾਰਟੀ ਆਗੂਆਂ ਦੀ ਹਾਲਤ ਪਤਲੀ ਕਰ ਦਿੱਤੀ ਹੈ। ਪੰਜਾਬ ਵਿਚ ਸੱਤਾ ਤਬਦੀਲੀ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਸਭ ਤੋਂ ਜ਼ਿਆਦਾ ਪ੍ਰਚਾਰ ਹੋ ਰਿਹਾ ਸੀ, ਪਰ ਸੁੱਚਾ ਸਿੰਘ ਲੰਗਾਹ ਮਾਮਲੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਮੁੜ ਤੋਂ ਲੋਕਾਂ ਦੇ ਨਿਸ਼ਾਨੇ ਉਤੇ ਆ ਗਿਆ ਹੈ। ਅਕਾਲੀ ਦਲ ਨੂੰ ਇਸ ਦਾ ਸਿਆਸੀ ਤੌਰ ਉਤੇ ਵੀ ਨੁਕਸਾਨ ਹੋ ਰਿਹਾ ਹੈ।



ਵੱਟਸਐਪ, ਫੇਸਬੁੱਕ, ਯੂ-ਟਿਊਬ ਤੇ ਹੋਰ ਸੋਸ਼ਲ ਸਾਈਟਾਂ ਉਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀਆਂ ਫੋਟੋਆਂ ਪਾ ਕੇ ਤਿੱਖੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ।

ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਕਾਂਗਰਸ ਵੱਲੋਂ ਹੀ ਅਕਾਲੀ ਆਗੂਆਂ ਖਿਲਾਫ਼ ਮੁਹਿੰਮ ਵਿੱਢੀ ਹੋਈ ਹੈ ਤਾਂ ਜੋ ਉਹ ਆਪਣੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰ ਸਕੇ। ਪੰਜਾਬ ਵਿਚ ਫਰਵਰੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਖਿਲਾਫ ਸੋਸ਼ਲ ਮੀਡੀਆ ਉਤੇ ਪ੍ਰਚਾਰ ਸਿਖਰਾਂ ਉਤੇ ਸੀ।

ਵਿਰੋਧੀ ਪਾਰਟੀਆਂ ਦੇ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਅਕਾਲੀ ਦਲ ਨੇ ਸੱਤਾ ਵਿਚ ਹੁੰਦਿਆਂ ਕਈ ਟੀਮਾਂ ਬਣਾਈਆਂ ਤੇ ਕੰਪਨੀਆਂ ਦੀ ਮਦਦ ਵੀ ਲਈ। ਵਿਧਾਨ ਸਭਾ ਚੋਣਾਂ ਤੋਂ ਬਾਅਦ ਅਕਾਲੀ ਦਲ ਵਿਰੁੱਧ ਪ੍ਰਚਾਰ ਘਟ ਗਿਆ ਤੇ ਕਾਂਗਰਸ ਸਰਕਾਰ ਦੀਆਂ ਨੀਤੀਆਂ ਖਿਲਾਫ਼ ਪ੍ਰਚਾਰ ਸ਼ੁਰੂ ਹੋ ਗਿਆ। ਹੁਣ ਲੰਗਾਹ ਮਾਮਲੇ ਨਾਲ ਅਕਾਲੀ ਦਲ ਮੁੜ ਨਿਸ਼ਾਨੇ 'ਤੇ ਆ ਗਿਆ ਹੈ। ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਮੰਨਿਆ ਕਿ ਸੋਸ਼ਲ ਮੀਡੀਆ ਉਤੇ ਪਾਰਟੀ ਵਿਰੁੱਧ ਹੋ ਰਹੇ ਪ੍ਰਚਾਰ ਤੋਂ ਸਿੱਧ ਹੁੰਦਾ ਹੈ ਕਿ ਸੱਤਾਹੀਣ ਹੋਣ ਤੋਂ ਬਾਅਦ ਵੀ ਲੋਕਾਂ ਦੇ ਮਨਾਂ ਵਿਚ ਅਕਾਲੀ ਆਗੂਆਂ ਖਿਲਾਫ਼ ਗੁੱਸਾ ਹੈ।

## ਹੁਣ ਸਲਾਰੀਆ 'ਤੇ ਜਬਰ ਜਨਾਹ ਦਾ ਦੋਸ਼

**ਨਵੀਂ ਦਿੱਲੀ:** ਗੁਰਦਾਸਪੁਰ ਜ਼ਿਮਨੀ ਚੋਣ ਲਈ ਭਾਜਪਾ ਉਮੀਦਵਾਰ ਸਵਰਨ ਸਲਾਰੀਆ ਵਿਵਾਦਾਂ ਦੇ ਘੇਰੇ ਵਿਚ ਹਨ। ਸਲਾਰੀਆ 'ਤੇ ਜਬਰ ਜਨਾਹ, ਧੋਖਾਧੜੀ ਅਤੇ ਜਾਨ ਤੋਂ ਮਾਰਨ ਦੀ ਧਮਕੀ ਦਾ ਦੋਸ਼ ਲਾਉਣ ਵਾਲੀ ਔਰਤ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ ਦਾ ਰੁਖ ਕੀਤਾ ਹੈ।

ਪੀੜਤ ਕਾਮਿਨੀ ਕੌਸ਼ਲ ਨੇ ਕਿਹਾ ਕਿ ਉਹ ਦਸੰਬਰ 2014 ਤੋਂ ਇਹ ਲੜਾਈ ਲੜ ਰਹੀ ਹੈ, ਪਰ ਸਲਾਰੀਆ ਦੇ ਪੈਸੇ ਅਤੇ ਅਹੁਦੇ ਦੇ ਅਸਰ ਰਸੂਖ ਕਾਰਨ ਕੇਸ ਕਿਸੇ ਵੀ ਨਤੀਜੇ ਉਤੇ ਨਹੀਂ ਪਹੁੰਚ ਰਿਹਾ ਸੀ, ਜਿਸ ਕਾਰਨ ਉਸ ਨੇ ਸੁਪਰੀਮ ਕੋਰਟ ਤੋਂ ਨਿਆਂ ਮੰਗਣ ਦਾ ਫੈਸਲਾ ਕੀਤਾ। ਕਾਮਿਨੀ ਕੌਸ਼ਲ ਨੇ ਦੱਸਿਆ ਕਿ 15 ਦਸੰਬਰ, 2014 ਨੂੰ ਉਸ ਨੇ ਥਾਣੇ 'ਚ ਸਲਾਰੀਆ ਉਤੇ ਵਿਆਹ ਦਾ ਲਾਰਾ ਦੇ ਕੇ ਜਬਰ ਜਨਾਹ ਅਤੇ ਧੋਖਾਧੜੀ ਦਾ ਮਾਮਲਾ ਦਰਜ ਕਰਵਾਇਆ ਸੀ। ਸਲਾਰੀਆ ਅਤੇ ਉਹ 1982 ਤੋਂ 2014 ਤੱਕ ਸਬੰਧ ਵਿਚ ਰਹੇ।

# ਭਾਈ ਜਿੰਦਾ ਤੇ ਭਾਈ ਸੁੱਖਾ ਦੀਆਂ ਸ਼ਹਾਦਤਾਂ ਤੋਂ ਸੇਧ ਲੈਣ ਦਾ ਸੱਦਾ

**ਨਿਊ ਯਾਰਕ (ਬਿਊਰੋ):** "ਇਹ ਸਰਬ ਪ੍ਰਵਾਨਿਤ ਸੱਚ ਹੈ ਕਿ ਸੱਚ 'ਤੇ ਪਹਿਰਾ ਦੇਣ ਵਾਲੇ ਸ਼ਹੀਦ ਹੀ ਕੌਮਾਂ ਦੇ ਅਸਲ ਰਹਿਨੁਮਾ ਅਤੇ ਰੋਸ਼ਨ ਚਿਰਾਗ ਹੋਇਆ ਕਰਦੇ ਹਨ। ਸ਼ਹਾਦਤ ਦੇ ਬਾਣੇ ਦਾ ਆਬ-ਏ-ਹਯਾਤ ਛਕਣ ਵਾਲੇ ਪਰਵਾਨੇ ਕੌਮਾਂ ਦੀ ਜ਼ਿੰਦਗੀ ਵਿਚ ਆਉਣ ਵਾਲੇ ਸਮੇਂ ਦੀਆਂ ਪਰਤਾਂ ਨੂੰ ਸੁਰਤਿ ਟੁੱਭੀ ਮਾਰ ਕੇ ਕਈ ਵਰ੍ਹੇ ਪਹਿਲਾਂ ਹੀ ਦੇਖ ਸਕਣ ਦੀ ਸਮਰੱਥਾ ਰੱਖਦੇ ਹਨ ਜਿਸ ਕਰ ਕੇ ਉਹ ਧਰਮ ਯੁੱਧ ਦਾ ਚਾਉ ਮਨ ਵਿਚ ਲੈ ਕੇ ਮੈਦਾਨ-ਏ-ਜੰਗ ਵਿਚ ਨਿੱਤਰਦੇ ਹਨ ਅਤੇ ਆਪਣੇ ਸਰੀਰਾਂ ਦੀ ਆਹੂਤੀ ਪਾ ਕੇ ਕੌਮਾਂ ਦਾ ਭਵਿੱਖ ਰੋਸ਼ਨ ਕਰਨ ਵੱਲ ਵਧਦੇ ਹਨ। ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ, ਕੌਮ ਦੇ ਅਜਿਹੇ ਪਰਵਾਨਿਆਂ ਵਿਚੋਂ ਸਿਰਮੌਰ ਹਨ। ਜਿਥੇ ਸ਼ਹੀਦ, ਕੁਰਬਾਨੀਆਂ ਦੀ ਕੌਮੀ ਸ਼ਮ੍ਹਾਂ ਨੂੰ ਆਪਣੇ ਲਹੂ ਦਾ ਤੇਲ ਬਾਲ ਕੇ ਰੁਸ਼ਨਾਉਂਦੇ ਹਨ, ਉਥੇ ਸਮੁੱਚੀ ਕੌਮ ਦਾ ਵੀ ਇਹ ਮੁਖ ਅਤੇ ਪ੍ਰਥਮ ਫਰਜ਼ ਬਣ ਜਾਂਦਾ ਹੈ ਕਿ ਇਹ ਸ਼ਹੀਦਾਂ ਦੇ ਪਾਏ ਪੂਰਨਿਆਂ ਅਤੇ ਮਿਥੇ ਨਕਸ਼ੇ-ਕਦਮਾਂ ਉਤੇ ਆਪਣੇ ਤਰੀਕੇ ਚੱਲਣ ਦੀ ਕੋਸ਼ਿਸ਼ ਹਮੇਸ਼ਾ ਕਰਦੀ ਰਹੇ।"



ਭਾਈ ਸੁੱਖਾ ਤੇ ਭਾਈ ਜਿੰਦਾ

ਉਪਰੋਕਤ ਬਿਆਨ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ.ਐਸ.ਓ.) ਦੇ ਯੂਥ ਆਗੂਆਂ-ਭਾਈ ਸਰਬਜੀਤ ਸਿੰਘ ਸਰਬ ਕੈਲੀਫੋਰਨੀਆ ਅਤੇ ਭਾਈ ਹਰਵਿੰਦਰ ਸਿੰਘ ਨਿਊ ਯਾਰਕ ਨੇ ਸਾਂਝੇ ਤੌਰ 'ਤੇ ਜਾਰੀ ਕੀਤਾ। ਜਥੇਬੰਦੀ ਵੱਲੋਂ ਜਾਰੀ ਇਸ ਬਿਆਨ ਵਿਚ ਉਨ੍ਹਾਂ ਕਿਹਾ ਕਿ ਅੱਜ ਸਿੱਖ ਕੌਮ ਦਿਨ-ਬ-ਦਿਨ ਸਿੱਖ ਸ਼ਹੀਦਾਂ ਦੇ ਚਿਤਵੇ ਸੰਕਲਪ ਤੋਂ ਦੂਰ ਹੁੰਦੀ ਜਾ ਰਹੀ ਹੈ। ਆਪਸੀ ਫੁੱਟ, ਭਰਾ-ਮਾਰੂ ਜੰਗ, ਮਰਿਆਦਾ ਦੇ ਵਖਰੇਵੇਂ ਅਤੇ ਕੌਮ ਵਿਚ ਨਿੱਤ ਨਵੇਂ ਉਭਰ ਰਹੇ ਵਿਵਾਦਾਂ ਕਰ ਕੇ 'ਸੱਚ ਕਿਨਾਰੇ ਰਹਿ ਗਿਆ, ਖਹਿਸਰਦੇ ਪੰਡਤ ਮਉਲਾਣੇ' ਵਾਲੀ ਸਥਿਤੀ ਪ੍ਰਤੱਖ ਦਿਖਾਈ ਦੇ ਰਹੀ ਹੈ।

ਦੋਵਾਂ ਯੂਥ ਆਗੂਆਂ ਨੇ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਆਪਸੀ ਵਖਰੇਵੇਂ ਤਿਆਗ ਕੇ ਸ਼ਹੀਦਾਂ ਦੇ ਚਿਤਵੇ ਸੰਕਲਪ ਅਤੇ ਉਨ੍ਹਾਂ ਦੀ ਸੋਚ ਨੂੰ ਪ੍ਰਫੁਲਤ ਕਰਨ ਲਈ ਕਮਰਕੱਸੇ ਕਰਨ ਦੀ ਲੋੜ ਹੈ। ਆਗੂਆਂ ਨੇ ਦੱਸਿਆ ਕਿ ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ ਦੇ ਯੂਥ ਵਿੰਗ ਦੇ ਢਾਂਚੇ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ। ਉਨ੍ਹਾਂ ਅਮਰੀਕਾ ਦੀ ਧਰਤੀ 'ਤੇ ਵਿਚਰ ਰਹੀ ਨੌਜਵਾਨੀ ਨੂੰ ਅਪੀਲ ਕੀਤੀ ਕਿ ਉਹ ਜਥੇਬੰਦੀ ਦੇ ਯੂਥ ਵਿੰਗ ਦੇ ਵੱਧ ਤੋਂ ਵੱਧ ਮੈਂਬਰ ਬਣਨ ਤਾਂ ਕਿ ਸ਼ਹੀਦਾਂ ਦੇ ਸੰਕਲਪ, ਸੋਚ ਅਤੇ ਚਿਤਵੇ ਮੰਜ਼ਿਲ-ਏ-ਮਕਸਦ, ਕੌਮੀ ਆਜ਼ਾਦੀ ਵੱਲ ਹੋਰ ਕਦਮ ਪੁੱਟੇ ਜਾ ਸਕਣ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਈਅਰ ਤੋਂ ਸਨਮਾਨ ਵਾਪਸ ਲਵੇਗੀ ਸ਼੍ਰੋਮਣੀ ਕਮੇਟੀ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਕਮੇਟੀ ਨੇ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕੁਲਦੀਪ ਨਈਅਰ ਦੀ ਲਿਖਤ ਕਾਰਨ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਇਸ ਲਈ ਉਨ੍ਹਾਂ ਤੋਂ ਸਨਮਾਨ ਵਾਪਸ ਲੈਣ ਦਾ ਫੈਸਲਾ ਲਿਆ ਹੈ। ਕਮੇਟੀ ਪ੍ਰਧਾਨ ਮੁਤਾਬਕ ਆਪਣੇ ਲੇਖ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਬਾਰੇ ਕੁਲਦੀਪ ਨਈਅਰ ਨੇ ਭੱਦੀ ਸ਼ਬਦਾਵਲੀ ਵਰਤੀ ਸੀ।

ਉਨ੍ਹਾਂ ਕਿਹਾ ਕਿ ਕੁਲਦੀਪ ਨਈਅਰ ਵੱਲੋਂ ਵਰਤੀ ਗਈ ਸ਼ਬਦਾਵਲੀ ਕਾਰਨ ਸਿੱਖ ਜਗਤ ਵਿਚ ਰੋਸ ਦੀ ਭਾਵਨਾ ਪਾਈ ਜਾ ਰਹੀ ਸੀ, ਜਿਸ ਦੇ ਮੱਦੇਨਜ਼ਰ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਿੱਤਾ 'ਸ਼੍ਰੋਮਣੀ ਪੱਤਰਕਾਰ' ਦਾ ਸਨਮਾਨ ਵਾਪਸ ਲੈਣ ਦਾ ਅੰਤ੍ਰਿੰਗ ਕਮੇਟੀ ਨੇ ਫੈਸਲਾ ਲਿਆ ਹੈ। ਇਸ



ਤੋਂ ਇਲਾਵਾ ਪ੍ਰੋ. ਬਡੂੰਗਰ ਨੇ ਕਿਹਾ ਕਿ 1971 ਦੀ ਜੰਗ ਵਿਚ ਬਹਾਦਰੀ ਨਾਲ ਲੜਨ ਵਾਲੇ ਸਿੱਖ ਫੌਜੀ ਅਫਸਰ ਜਨਰਲ ਜਗਜੀਤ ਸਿੰਘ ਅਰੋੜਾ ਤੇ ਮਾਲਵੇ ਦਾ ਇਤਿਹਾਸ ਲਿਖਣ ਵਾਲੇ ਬਾਬਾ ਵਿਸਾਖਾ ਸਿੰਘ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਈਆਂ ਜਾਣਗੀਆਂ। ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਸ਼ਾਸਨ ਦੀ ਢਿੱਲ ਕਾਰਨ ਸ਼ਰਧਾਲੂਆਂ ਨਾਲ ਲੁੱਟ-ਖੋਹ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਹਨ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਫੈਸਲਾ ਲਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਅਜਾਇਬ ਘਰ ਬਣਾਇਆ ਜਾਵੇਗਾ।

ਸ੍ਰੀ ਨਨਕਾਣਾ ਸਾਹਿਬ ਵਿਖੇ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਲਈ ਭਾਈ ਮਰਦਾਨਾ ਜੀ ਦੇ ਨਾਂ ਉਤੇ ਗੁਰਬਾਣੀ ਸੰਗੀਤ ਅਕੈਡਮੀ ਸਥਾਪਤ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਪ੍ਰੋ. ਬਡੂੰਗਰ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਨਨਕਾਣਾ ਸਾਹਿਬ ਵਿਖੇ ਵਿਸ਼ਾਲ ਸਿੱਖ ਅਜਾਇਬ ਘਰ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਵਿਖੇ ਨਿਤਨੇਮ ਦੀਆਂ ਬਾਣੀਆਂ, ਸੁਖਮਨੀ ਸਾਹਿਬ ਦੇ ਗੁਟਕਾ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਟੀਕ ਦੇ ਨਾਲ ਹੀ ਤਬਲਾ, ਹਾਰਮੋਨੀਅਮ ਸਮੇਤ ਸੰਗੀਤ ਦਾ ਹੋਰ ਸਾਜ਼ੋ-ਸਾਮਾਨ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਰਾਏ ਬੁਲਾਰ ਜੀ ਦੇ ਨਾਂ 'ਤੇ ਲਾਇਬਰੇਰੀ ਬਣਾਉਣੀ ਪ੍ਰਵਾਨਿਤ ਕਰ ਦਿੱਤੀ ਗਈ ਹੈ।

# 16 ਹਜ਼ਾਰ ਗੁਣਾਂ ਵਧੀ ਅਮਿਤ ਸ਼ਾਹ ਦੇ ਬੇਟੇ ਦੀ ਕਮਾਈ



ਨਵੀਂ ਦਿੱਲੀ: ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੇ ਬੇਟੇ ਜੈ ਅਮਿਤ ਸ਼ਾਹ ਦੀ ਕੰਪਨੀ ਦੀ ਕਮਾਈ 'ਚ ਬੇਤਹਾਸ਼ਾ ਵਾਧਾ ਹੋਇਆ ਹੈ। ਇਕ ਨਿੱਜੀ ਵੈੱਬਸਾਈਟ ਦੀ ਰਿਪੋਰਟ ਅਨੁਸਾਰ ਅਮਿਤ ਸ਼ਾਹ ਦੇ ਬੇਟੇ ਦੀ ਕੰਪਨੀ ਦੀ ਕਮਾਈ ਦੋ ਸਾਲਾਂ 'ਚ 16 ਹਜ਼ਾਰ ਗੁਣਾ ਵਧ ਗਈ। ਕਾਂਗਰਸ ਦੇ ਆਗੂ ਕਪਿਲ ਸਿੱਬਲ ਨੇ ਜੈ ਸ਼ਾਹ ਦੀ ਕੰਪਨੀ ਦੀ ਕਮਾਈ 'ਚ ਹੋਏ ਬੇਤਹਾਸ਼ੇ ਵਾਧੇ ਦੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਲੱਗਦਾ ਹੈ 2014 'ਚ ਸਿਰਫ ਸਰਕਾਰ ਹੀ ਨਹੀਂ ਬਦਲੀ ਬਲਕਿ ਅਮਿਤ ਸ਼ਾਹ ਦੇ ਬੇਟੇ ਦੀ ਕਿਸਮਤ ਵੀ ਬਦਲ ਗਈ। ਸਿੱਬਲ ਨੇ ਮੋਦੀ ਸਰਕਾਰ ਕੋਲੋਂ ਜਾਂਚ ਕਰਵਾਉਣ ਦੀ ਮੰਗ ਕਰਦੇ ਹੋਇਆਂ ਸਵਾਲ ਪੁੱਛਿਆ ਕਿ ਇਕਦਮ ਅਜਿਹਾ ਕੀ ਹੋਇਆ ਕਿ ਅਮਿਤ ਸ਼ਾਹ ਦੇ ਬੇਟੇ ਦੀ ਕੰਪਨੀ ਦਾ ਟਰਨਓਵਰ 16 ਹਜ਼ਾਰ ਗੁਣਾ ਵਧ ਗਿਆ।

ਅਮਿਤ ਸ਼ਾਹ ਦੇ ਬੇਟੇ 'ਤੇ ਦੋਸ਼ ਲਾਉਂਦੇ ਹੋਇਆਂ ਕਿਹਾ ਕਿ ਅਮਿਤ ਸ਼ਾਹ ਦੇ ਬੇਟੇ ਦੀ ਕੰਪਨੀ ਟੈਂਪਲ ਇੰਟਰਪ੍ਰਾਈਜਿਜ਼ ਪ੍ਰਾਈਵੇਟ ਲਿਮਟਿਡ ਮਾਰਚ 2013 ਵਿਚ ਘਾਟੇ 'ਚ ਸੀ ਅਤੇ ਇਹ ਘਾਟਾ 6,239 ਰੁਪਏ ਸੀ। ਮਾਰਚ 2014 'ਚ ਵੀ ਕੰਪਨੀ 1,724 ਰੁਪਏ ਘਾਟੇ 'ਚ ਸੀ, ਪਰ 2014-15 ਵਿਚ ਇਹ ਕੰਪਨੀ ਮੁਨਾਫੇ 'ਚ ਆ ਗਈ। ਭਾਜਪਾ ਅਤੇ ਅਮਿਤ ਸ਼ਾਹ ਦੇ ਬੇਟੇ ਜੈ ਅਮਿਤ ਸ਼ਾਹ ਨੇ ਉਨ੍ਹਾਂ ਖਿਲਾਫ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਇਹ ਰਿਪੋਰਟ ਉਨ੍ਹਾਂ ਨੂੰ ਬਦਨਾਮ ਕਰਨ ਲਈ ਝੂਠੀ ਤਿਆਰ ਕੀਤੀ ਗਈ ਹੈ।

### ਭਾਰਤ ਲਈ ਦੂਜੀ ਪਾਕਿ ਉਡਾਣ ਮੁੜ ਸ਼ੁਰੂ ਹੋਵੇਗੀ

**ਲਾਹੌਰ:** ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ.ਆਈ.ਏ.) ਸ਼ਹਿਰ ਤੋਂ ਨਵੀਂ ਦਿੱਲੀ ਤੱਕ ਅਕਤੂਬਰ ਮਹੀਨੇ ਦੇ ਅਖੀਰ ਤੋਂ ਆਪਣੀ ਦੂਜੀ ਉਡਾਣ ਮੁੜ ਸ਼ੁਰੂ ਕਰ ਦੇਵੇਗੀ। ਏਅਰਲਾਈਨ ਅਧਿਕਾਰੀ ਨੇ ਦੱਸਿਆ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਯਾਤਰਾ ਕਰਨ ਵਾਲਿਆਂ ਦੀ ਗਿਣਤੀ 'ਚ ਵਾਧੇ ਤੋਂ ਬਾਅਦ ਇਹ ਫੈਸਲਾ ਲਿਆ ਹੈ।

# ਮੋਦੀ ਨੂੰ ਲੱਗਿਆ ਮੰਦੀ ਦਾ ਰਗੜਾ

**ਨਵੀਂ ਦਿੱਲੀ:** ਨੋਟਬੰਦੀ ਅਤੇ ਜੀ.ਐਸ.ਟੀ. ਵਰਗੇ ਤਜਰਬੇ ਪੁੱਠੇ ਪੈਣ ਕਾਰਨ ਭਾਰਤੀ ਅਰਥ ਵਿਵਸਥਾ ਵਿਚ ਨਿਘਾਰ ਦਾ ਸਿਲਸਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਸਮੇਤ ਵਿਤੀ ਮਾਹਿਰਾਂ ਵੱਲੋਂ ਇਹ ਮਾੜਾ ਸਮਾਂ ਭਾਵੇਂ ਚਿਰ ਸਥਾਈ ਰਹਿਣ ਬਾਰੇ ਭਵਿਖਬਾਣੀ ਕੀਤੀ ਜਾ ਰਹੀ ਹੈ, ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਜੇ ਵੀ ਇਸ ਨੂੰ ਕੁਝ ਮੁੱਠੀ ਭਰ ਲੋਕਾਂ ਦਾ ਕੂੜ ਪ੍ਰਚਾਰ ਦੱਸ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਕੋਸ਼ਿਸ਼ ਵਿਚ ਜੁਟੇ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਹੈ ਕਿ ਇਹ ਲੋਕ ਮਹਿਜ਼ ਇਕ ਤਿਮਾਹੀ ਦੌਰਾਨ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਵਿਕਾਸ ਦਰ ਦੀ ਕਮੀ ਨੂੰ ਆਧਾਰ ਬਣਾ ਕੇ ਬੇਲੋੜਾ ਵਿਵਾਦ ਖੜ੍ਹਾ ਕਰ ਰਹੇ ਹਨ, ਪਰ ਅਸਲੀਅਤ ਇਹ ਹੈ ਕਿ ਜੀ.ਡੀ.ਪੀ. ਦੀ ਦਰ ਨੂੰ ਖੋਰੇ ਦਾ ਰੁਝਾਨ ਪਿਛਲੀਆਂ ਸੱਤ ਤਿਮਾਹੀਆਂ ਤੋਂ ਹੈ। ਲੱਖ ਕੋਸ਼ਿਸ਼ਾਂ ਦਾ ਬਾਵਜੂਦ ਇਹ ਸਿਲਸਲਾ ਰੁਕਿਆ ਨਹੀਂ। ਦੇਸ਼ ਦੇ ਕੇਂਦਰੀ ਬੈਂਕ ਨੇ ਵਿਤੀ ਸਾਲ 2017-18 ਲਈ ਕੌਮੀ ਵਿਕਾਸ ਦਰ ਦੇ ਅਨੁਮਾਨ 7.3 ਫੀਸਦੀ ਤੋਂ ਘਟਾ ਕੇ 6.7 ਫੀਸਦੀ ਕਰ ਦਿੱਤੇ ਹਨ। ਕੇਂਦਰੀ ਬੈਂਕ ਨੇ ਸਰਕਾਰ ਨੂੰ ਚੌਕਸ ਵੀ ਕੀਤਾ ਹੈ ਕਿ ਉਹ ਅਰਥਚਾਰੇ, ਖਾਸ ਕਰ ਕੇ ਨਿਰਮਾਣ ਖੇਤਰ ਨੂੰ ਹੁਲਾਰਾ ਦੇਣ ਲਈ ਕੋਈ ਵਿੱਤੀ ਪੈਕੇਜ ਦੇ ਰਾਹ ਨਾ ਪਵੇ, ਕਿਉਂਕਿ ਅਜਿਹਾ ਕਰਨ ਨਾਲ ਰਾਜਕੋਸ਼ੀ ਘਾਟਾ ਵਧੇਗਾ ਅਤੇ ਆਰਥਿਕ ਸਥਿਰਤਾ ਨੂੰ ਢਾਹ ਲੱਗੇਗੀ।

ਆਰ.ਬੀ.ਆਈ. ਦੀ ਦੋ ਮਹੀਨਿਆਂ ਬਾਅਦ ਹੋਣ ਵਾਲੀ ਸਮੀਖਿਆ ਬੈਠਕ ਵਿਚ ਰੈਪੋ ਰੇਟ, ਜਿਸ 'ਤੇ ਆਰ.ਬੀ.ਆਈ. ਬੈਂਕਾਂ ਨੂੰ ਰਾਸ਼ੀ ਦਿੰਦੀ ਹੈ, ਨੂੰ ਛੇ ਫੀਸਦੀ ਬਰਕਰਾਰ ਰੱਖਣ ਦਾ ਫੈਸਲਾ ਕੀਤਾ, ਜੋ ਤਕਰੀਬਨ ਸੱਤ ਸਾਲਾਂ ਵਿਚ ਸਭ ਤੋਂ ਘੱਟ ਹੈ। ਆਰ.ਬੀ.ਆਈ. ਨੇ ਹੁਣ ਮਹਿੰਗਾਈ ਦਰ ਦੇ 4.2 ਤੋਂ 4.6 ਫੀਸਦੀ ਦਰਮਿਆਨ ਰਹਿਣ ਦੀ ਭਵਿਖਬਾਣੀ ਕੀਤੀ ਹੈ ਜਦੋਂ ਕਿ ਇਸ ਤੋਂ ਪਹਿਲਾਂ ਉਸ ਨੇ ਮਹਿੰਗਾਈ ਦਰ ਦੇ 4 ਤੋਂ 4.5 ਫੀਸਦੀ ਰਹਿਣ ਦਾ ਅਨੁਮਾਨ ਲਾਇਆ ਸੀ। ਕੇਂਦਰੀ ਬੈਂਕ ਨੇ 31 ਮਾਰਚ, 2018 ਨੂੰ ਸਮਾਪਤ ਹੋਣ ਵਾਲੇ ਵਿਤੀ ਵਰ੍ਹੇ ਲਈ ਵਿਕਾਸ ਦਰ ਘਟਾ ਕੇ 6.7 ਫੀਸਦੀ ਕਰ ਦਿੱਤੀ ਹੈ, ਜਿਸ ਦੇ ਪਹਿਲਾਂ 7.3 ਫੀਸਦੀ ਰਹਿਣ ਦਾ ਅਨੁਮਾਨ ਲਾਇਆ ਸੀ। ਅਰਥ ਵਿਵਸਥਾ ਨੂੰ ਰਫਤਾਰ ਦੇਣ ਲਈ ਕੇਂਦਰੀ ਬੈਂਕ ਨੇ ਬੈਂਕਾਂ ਵੱਲੋਂ ਆਰ.ਬੀ.ਆਈ. ਕੋਲ ਜ਼ਾਮਨੀ ਵਜੋਂ ਰੱਖੀ ਜਾਣ ਵਾਲੀ ਰਾਸ਼ੀ (ਐਸ.ਐਲ.ਆਰ.) ਦੀ ਦਰ 20 ਤੋਂ ਘਟਾ ਕੇ 19.5 ਫੀਸਦੀ ਕਰ ਦਿੱਤੀ ਹੈ। ਇਸ ਨਾਲ ਬੈਂਕਾਂ ਕੋਲ ਕਰਜ਼ ਦੇਣ ਲਈ 55 ਹਜ਼ਾਰ ਕਰੋੜ ਰੁਪਏ ਵਾਧੂ ਹੋਣਗੇ। ਆਰ.ਬੀ.ਆਈ. ਨੇ ਸਾਫ ਕਿਹਾ ਕਿ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਲਾਗੂ ਕੀਤੇ ਜਾਣ ਦਾ ਨਿਰਮਾਣ ਖੇਤਰ ਉਤੇ ਉਲਟਾ ਅਸਰ ਪਿਆ ਹੈ ਅਤੇ ਨਿਵੇਸ਼ ਦੇ ਮੁੜ ਲੀਹ ਉਤੇ ਆਉਣ ਲਈ ਕੁਝ ਸਮਾਂ ਲੱਗ ਸਕਦਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰ ਵਿਵਾਦਾਂ ਵਿਚ ਘਿਰੀ

*(ਸਫਾ ਇਕ ਦੀ ਬਾਕੀ)*

ਦੱਸ ਦਈਏ ਕਿ ਸ਼੍ਰੋਮਣੀ ਕਮੇਟੀ 'ਤੇ ਹਮੇਸ਼ਾਂ ਸਿਫਾਰਸ਼ਾਂ 'ਤੇ ਨੌਕਰੀ ਦੇਣ ਤੇ ਸਿਆਸੀ ਇਸ਼ਾਰਿਆਂ 'ਤੇ ਫੈਸਲੇ ਲੈਣ ਦੇ ਦੋਸ਼ ਲੱਗਦੇ ਹਨ। ਇਹੀ ਕਾਰਨ ਹੈ ਕਿ ਹੁਣ ਜਬਰ ਜਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਸੁੱਚਾ ਸਿੰਘ ਲੰਗਾਹ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੋਣ ਦੇ ਨਾਲ ਨਾਲ ਇਸ ਦੀਆਂ ਕਈ ਸੰਸਥਾਵਾਂ ਵਿਚ ਬਤੌਰ ਮੈਂਬਰ ਜਾਂ ਚੇਅਰਮੈਨ ਸੀ। ਹੁਣ ਭਾਵੇਂ ਜਬਰ ਜਨਾਹ ਦਾ ਵੀਡੀਓ ਸਾਹਮਣੇ ਆਉਣ ਪਿੱਛੋਂ ਉਸ ਨੂੰ ਪੰਥ ਵਿਚੋਂ ਛੇਕਦਿਆਂ ਸਾਰੇ ਅਹੁਦੇ ਵਾਪਸ ਲੈ ਲਏ ਗਏ, ਪਰ ਮਾੜੇ ਚਾਲ ਚਲਨ ਕਾਰਨ ਉਹ ਹਮੇਸ਼ਾ ਚਰਚਾ ਵਿਚ ਰਿਹਾ। ਸਿਆਸਤ ਵਿਚ ਆਉਣ ਤੋਂ ਪਹਿਲਾਂ ਉਸ 'ਤੇ ਕਈ ਮਾਮਲੇ ਦਰਜ ਸਨ, ਪਰ ਇਸ ਦੇ ਬਾਵਜੂਦ ਪ੍ਰਕਾਸ਼ ਸਿੰਘ ਬਾਦਲ ਨੂੰ ਉਸ ਵਿਚ ਸਿਆਸੀ ਬਾਜ਼ੀ ਜਿੱਤਣ ਦੇ ਗੁਣ ਦਿੱਸੇ ਤੇ ਉਸ ਨੂੰ ਵਾਰ ਵਾਰ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣਾਇਆ ਗਿਆ। ਹੁਣ ਤਾਂ ਇਹ ਵੀ ਚਰਚਾ ਸੀ ਕਿ ਉਹ ਕਿਰਪਾਲ ਸਿੰਘ ਬਡੂੰਗਰ ਦਾ ਜਾਨਸ਼ੀਨ ਬਣਨ ਦਾ ਦਾਅਵੇਦਾਰ ਸੀ।

ਸ਼੍ਰੋਮਣੀ ਕਮੇਟੀ ਦੀਆਂ ਵਧੀਕੀਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਜ਼ਿਆਦਾਤਰ ਮੁਲਾਜ਼ਮ ਉਹੀ ਹਨ ਜਿਨ੍ਹਾਂ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਤੇ ਬੇਅਦਬੀ ਦੀਆਂ ਘਟਨਾਵਾਂ ਵਿਚ ਬਾਦਲ ਪਰਿਵਾਰ ਉਤੇ ਉਂਗਲ ਚੁੱਕੀ ਸੀ। ਸਭ ਤੋਂ ਪਹਿਲਾਂ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਸੁਖਬੀਰ ਸਿੰਘ ਬਾਦਲ 'ਤੇ ਦੋਸ਼ ਲਾਏ ਸਨ ਕਿ ਡੇਰਾ ਮੁਖੀ ਨੂੰ ਮੁਆਫੀ ਉਸੇ ਦੇ ਇਸ਼ਾਰੇ ਉਤੇ ਦਿੱਤੀ ਗਈ। ਇਸ ਖੁਲਾਸੇ ਪਿੱਛੋਂ ਉਨ੍ਹਾਂ ਦੀ ਸੁਰੱਖਿਆ ਛਤਰੀ ਛਾਂਗ ਦਿੱਤੀ ਗਈ ਤੇ ਕੁਝ ਸਮੇਂ ਬਾਅਦ ਤਖਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਲਾਂਭੇ ਕਰ ਦਿੱਤਾ ਗਿਆ।

ਉਸ ਤੋਂ ਬਾਅਦ ਉਨ੍ਹਾਂ ਨੇ ਪਰਿਵਾਰ ਨੂੰ ਵੀ ਨਹੀਂ ਬਖਸ਼ਿਆ ਗਿਆ। ਪਿਛਲੇ ਦਿਨੀਂ ਉਨ੍ਹਾਂ ਦੇ ਭਰਾ ਭਾਈ ਹਿੰਮਤ ਸਿੰਘ ਦੀ ਬਦਲੀ ਹਰਿਆਣੇ ਵਿਚ ਕਰ ਦਿੱਤੀ ਗਈ ਜਿਸ ਕਾਰਨ ਉਨ੍ਹਾਂ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਅਸਤੀਫਾ ਦੇਣ ਸਮੇਂ ਭਾਈ ਹਿੰਮਤ ਸਿੰਘ ਨੇ ਸਾਫ ਕਿਹਾ ਸੀ ਕਿ ਬੇਅਦਬੀ ਕਾਂਡ ਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਬਾਰੇ ਉਹ ਆਉਂਦੇ ਦਿਨਾਂ ਵਿਚ ਕਈ ਅਹਿਮ ਖੁਲਾਸੇ ਕਰਨਗੇ। ਹੁਣ ਭਾਈ ਬਲਬੀਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਲਈ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਕਰਾਰ ਦਿੰਦਿਆਂ ਆਖ ਦਿੱਤਾ ਕਿ ਇਹ ਸਭ ਗਿਣੀ ਮਿਥੀ ਸਾਜ਼ਿਸ਼ ਤਹਿਤ ਕਰਾਇਆ ਗਿਆ। ਡੇਰਾ ਸਿਰਸਾ ਮੁਖੀ ਨੂੰ ਮੁਆਫ ਕਰਨ ਤੋਂ ਬਾਅਦ ਸਿੱਖ ਪੰਥ ਵਿਚ ਉਠੀ ਰੋਸ ਦੀ ਲਹਿਰ ਦੌਰਾਨ ਸਿੱਖਾਂ ਨੂੰ ਆਪਸ ਵਿਚ ਉਲਝਾਉਣ ਲਈ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਹੁਣ ਤੱਕ ਸੌ ਤੋਂ ਵੱਧ ਥਾਂਵਾਂ 'ਤੇ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਹੋਈ।

ਉਧਰ, ਸ਼੍ਰੋਮਣੀ ਕਮੇਟੀ ਪ੍ਰਧਾਨ ਬਡੂੰਗਰ ਵੀ ਚੁਫੇਰਿਓਂ ਉਠ ਰਹੀ ਬਗਾਵਤ ਕਾਰਨ ਘਿਰੇ ਮਹਿਸੂਸ ਕਰ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸਹਿਯੋਗ ਨਾ ਦੇਣ ਕਾਰਨ ਵੀ ਉਨ੍ਹਾਂ ਦੀ ਅਲੋਚਨਾ ਹੋ ਰਹੀ ਹੈ। ਹੁਣ ਉਨ੍ਹਾਂ ਇਸ ਵਿਵਾਦ ਤੋਂ ਖਹਿੜਾ ਛਡਾਉਣ ਲਈ ਆਖਣਾ ਸ਼ੁਰੂ ਕਰ ਦਿੱਤਾ ਹੈ ਕਿ ਪਹਿਲਾਂ ਬੇਅਦਬੀ ਮਾਮਲਿਆਂ ਅਤੇ ਬਹਿਬਲ ਕਲਾਂ ਕਾਂਡ ਦੀ ਜਾਂਚ ਸਬੰਧੀ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕੀਤੀ ਜਾਵੇ।

ਯਾਦ ਰਹੇ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਾਦਲ ਸਰਕਾਰ ਨੇ ਬਣਾਇਆ ਸੀ ਤੇ ਇਸ ਦੀ ਜਾਂਚ 'ਤੇ ਤਸੱਲੀ ਨਾ ਹੋਣ ਉਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਸੀ। ਬਡੂੰਗਰ ਦੀ ਇਸ ਮੰਗ 'ਤੇ ਸਵਾਲ ਉਠ ਰਹੇ ਹਨ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਨੇ ਬਾਦਲ ਰਾਜ ਵੇਲੇ ਹੀ ਰਿਪੋਰਟ ਦਾਖਲ ਕਰ ਦਿੱਤੀ ਗਈ ਸੀ ਤੇ ਹੁਣ ਨਵੇਂ ਕਮਿਸ਼ਨ ਵੱਲੋਂ 'ਸੰਮਨ' ਭੇਜਣ 'ਤੇ ਹੀ ਪੁਰਾਣੇ ਕਮਿਸ਼ਨ ਦੀ ਰਿਪੋਰਟ ਕਿਉਂ ਯਾਦ ਆਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਜਸਟਿਸ ਨਾਰੰਗ ਕਮਿਸ਼ਨ ਦੀ ਰਿਪੋਰਟ ਆਈ ਸਵਾਲਾਂ ਦੇ ਘੇਰੇ ਵਿਚ

## ਰੇਤ ਖੱਡਾਂ ਦੀ ਨਿਲਾਮੀ 'ਚ ਘਪਲੇ ਬਾਰੇ ਕਈ ਅਹਿਮ ਤੱਥ ਅੱਖੋਂ ਓਹਲੇ



**ਚੰਡੀਗੜ੍ਹ:** ਰੇਤ ਖੱਡਾਂ ਦੀ ਨਿਲਾਮੀ ਵਿਚ ਘਪਲੇ ਦੀ ਜਾਂਚ ਕਰ ਰਹੇ ਜਸਟਿਸ ਨਾਰੰਗ ਕਮਿਸ਼ਨ ਵੱਲੋਂ ਸਰਕਾਰ ਨੂੰ ਸੌਂਪੀ ਰਿਪੋਰਟ ਸਵਾਲਾਂ ਦੇ ਘੇਰੇ ਵਿਚ ਹੈ। ਰਿਪੋਰਟ ਵਿਚ ਕਈ ਅਹਿਮ ਤੱਥਾਂ ਨੂੰ ਅੱਖੋਂ ਓਹਲੇ ਕਰ ਦਿੱਤਾ ਗਿਆ। ਰੇਤ ਖੱਡਾਂ ਦੀ ਨਿਲਾਮੀ ਮਾਮਲੇ ਵਿਚ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਭੂਮਿਕਾ ਦੀ ਜਾਂਚ ਕਰ ਰਹੇ ਜਸਟਿਸ ਜੇ.ਐਸ.ਨਾਰੰਗ ਦੀ ਅਗਵਾਈ ਵਾਲੇ ਨਿਆਇਕ ਕਮਿਸ਼ਨ ਨੇ ਸ਼ਾਇਦ ਜਾਂਚ ਦੌਰਾਨ ਇਸ ਅਹਿਮ ਤੱਥ ਨੂੰ ਮੂਲੋਂ ਹੀ ਨਜ਼ਰ ਅੰਦਾਜ਼ ਕਰ ਦਿੱਤਾ ਕਿ ਖੱਡਾਂ ਦੀ ਸਫਲ ਬੋਲੀ ਦੇਣ ਵਾਲਾ ਖਾਨਸਾਮਾ ਅਮਿਤ ਬਹਾਦੁਰ ਤੇ ਰਾਣਾ ਦੀ ਕੰਪਨੀ 'ਚ ਡਿਪਟੀ ਜਨਰਲ ਮੈਨੇਜਰ ਕੁਲਵਿੰਦਰ ਪਾਲ ਸਿੰਘ, ਦਾ ਉਸ ਨਾਲ ਕੋਈ ਸਬੰਧ ਹੋ ਸਕਦਾ ਹੈ।

ਕਮਿਸ਼ਨ ਨੇ 10 ਅਗਸਤ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ ਰਿਪੋਰਟ ਵਿਚ ਇਹ ਗੱਲ ਕਿਤੇ ਵੀ ਦਰਜ ਨਹੀਂ ਕੀਤੀ ਕਿ ਬਹਾਦੁਰ ਤੇ ਕੁਲਵਿੰਦਰ ਨੇ ਮਹਿਜ਼ ਮੂਹਰੇ ਹੋ ਕੇ ਨਿਲਾਮੀ ਵਿਚ ਹਿੱਸਾ ਲਿਆ ਤੇ ਨਾ ਹੀ ਉਨ੍ਹਾਂ ਦੇ ਖਾਤਿਆਂ ਵਿਚੋਂ ਇਕ ਦੁਆਨੀ ਸਰਕਾਰ ਨੂੰ ਦਿੱਤੀ ਗਈ। ਇਸ ਦੀ ਥਾਂ ਰਿਪੋਰਟ ਵਿਚ ਇਹ ਜ਼ਰੂਰ ਦਰਜ ਹੈ ਕਿ ਦੋਵਾਂ ਨੇ ਸਾਹਿਲ ਸਿੰਗਲਾ (ਮੰਤਰੀ ਦੇ ਚਾਰਟਰਡ ਅਕਾਊਂਟੈਂਟ ਦਾ ਪੁੱਤਰ) ਤੇ ਸੰਜੀਤ ਰੰਧਾਵਾ (ਮੰਤਰੀ ਦੇ ਚੋਣ ਏਜੰਟ ਕੈਪਟਨ ਜੇ.ਐਸ.ਰੰਧਾਵਾ ਦਾ ਪੁੱਤਰ) ਲਈ ਅੱਗੇ ਹੋ ਕੇ ਖੱਡਾਂ ਦੀ ਬੋਲੀ ਦਿੱਤੀ।

ਰਿਪੋਰਟ ਵਿਚ ਇਸ ਗੱਲ ਦਾ ਵੀ ਕਿਤੇ ਕੋਈ ਜ਼ਿਕਰ ਨਹੀਂ ਕਿ ਉਨ੍ਹਾਂ ਅਮਿਤ ਬਹਾਦੁਰ ਜਾਂ ਰਾਣਾ ਗੁਰਜੀਤ ਨੂੰ ਦੋਵਾਂ ਵਿਚਾਲੇ ਹੋਏ ਵਿੱਤੀ ਲੈਣ ਬਾਬਤ ਕੋਈ ਸਵਾਲ ਕੀਤਾ ਹੋਵੇ। ਇਨ੍ਹਾਂ ਕਾਲਮਾਂ ਵਿਚ ਹੀ ਛਪੀ ਇਕ ਰਿਪੋਰਟ 'ਚ ਖੁਲਾਸਾ ਕੀਤਾ ਗਿਆ ਸੀ ਕਿ ਮੰਤਰੀ ਵੱਲੋਂ ਚੋਣ ਕਮਿਸ਼ਨ ਕੋਲ ਦਾਖਲ ਹਲਫਨਾਮੇ 'ਚ ਉਨ੍ਹਾਂ ਚਾਰ ਕੰਪਨੀਆਂ ਨਾਲ ਕਾਰੋਬਾਰ ਕਰਨ ਦੀ ਗੱਲ ਕਬੂਲੀ ਸੀ, ਜਿਸ ਵਿਚ ਬਹਾਦੁਰ ਤੇ ਇਕ ਹੋਰ ਮੁਲਾਜ਼ਮ ਬਲਰਾਜ ਸਿੰਘ ਡਾਇਰੈਕਟਰ ਸਨ। ਇਨ੍ਹਾਂ ਦੋਵਾਂ ਨੇ ਖੱਡਾ ਦੀ ਨਿਲਾਮੀ ਮੌਕੇ ਬੋਲੀ ਦਿੱਤੀ ਸੀ।

ਰਾਣਾ ਗੁਰਜੀਤ ਨੇ ਇਨ੍ਹਾਂ ਚਾਰ ਕੰਪਨੀਆਂ ਤੋਂ ਕਰਜ਼ੇ ਤੇ ਐਡਵਾਸ ਵਜੋਂ 25 ਕਰੋੜ ਰੁਪਏ ਲਏ ਸਨ। ਕਮਿਸ਼ਨ ਨੇ ਬਹਾਦੁਰ ਤੇ ਕੁਲਵਿੰਦਰ ਦੇ ਇਨ੍ਹਾਂ ਦਾਅਵਿਆਂ ਨੂੰ ਵੀ ਸਹਿਜੇ ਮੰਨ ਲਿਆ ਕਿ ਉਨ੍ਹਾਂ ਨਿਲਾਮੀ ਤੋਂ ਹਫਤਿਆਂ ਪਹਿਲਾਂ ਮੰਤਰੀ ਦੀਆਂ ਕੰਪਨੀਆਂ ਤੋਂ ਅਸਤੀਫੇ ਦੇ ਦਿੱਤੇ ਸਨ। ਕਮਿਸ਼ਨ ਨੇ ਜਾਂਚ ਦੌਰਾਨ ਕੁਲਵਿੰਦਰ ਵੱਲੋਂ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਥਾਂ ਖਰੜ ਸਬਡਵੀਜ਼ਨ ਦਫਤਰ ਵਿਚ ਜ਼ਮੀਨ ਦੀ ਵਿਕਰੀ ਸਬੰਧੀ ਦਸਤਾਵੇਜ਼ਾਂ ਉਤੇ ਪਾਈ ਸਹੀ ਨੂੰ ਵੀ ਨਜ਼ਰ ਅੰਦਾਜ਼ ਕੀਤਾ।

### ਰਾਣੇ ਵੱਲੋਂ ਕੱਢੇ ਰੇਤੇ ਦਾ ਸੀ.ਬੀ.ਆਈ. ਕਰੇ ਹਿਸਾਬ: ਖਹਿਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਰਾਣਾ ਗੁਰਜੀਤ ਮਾਈਨਿੰਗ ਮਾਮਲੇ ਨੂੰ ਜਾਣਬੁਝ ਕੇ ਬੰਦ ਕਰਵਾਉਣ ਦਾ ਇਲਜ਼ਾਮ ਲਾਉਂਦਿਆਂ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਖਹਿਰਾ ਨੇ ਇਲਜ਼ਾਮ ਲਾਇਆ ਕਿ ਜਸਟਿਸ ਨਾਰੰਗ ਦੀ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਨੌਕਰ ਅਮਿਤ ਬਹਾਦਰ ਕੋਲ ਮਈਨਜ਼ ਖਰੀਦਣ ਲਈ ਪੈਸੇ ਤੱਕ ਨਹੀਂ ਸਨ ਤੇ ਇਸ ਲਈ ਇਹ ਸਭ ਰਾਣਾ ਗੁਰਜੀਤ ਦਾ ਕੀਤਾ ਕਰਾਇਆ ਹੈ। ਉਨ੍ਹਾਂ ਕਿਹਾ ਕਿ ਰਾਣਾ ਗੁਰਜੀਤ ਨੂੰ ਬਚਾਉਣ ਲਈ ਕਲੀਨ ਚਿੱਟ ਦਿੱਤੀ ਹੈ ਤੇ ਰਾਣਾ ਵੱਲੋਂ ਸਾਰੀ ਗੜਬੜ ਕਰਨ ਦੇ ਬਾਵਜੂਦ ਰਿਪੋਰਟ 'ਚ ਉਸ ਉਤੇ ਸਵਾਲ ਨਹੀਂ ਚੁੱਕੇ ਗਏ ਹਨ।

### ਸੁਖਬੀਰ ਦੀ ਗੱਪ: ਹਫਤੇ 'ਚ ਖਜ਼ਾਨਾ ਭਰਨ ਦਾ ਦਾਅਵਾ

**ਕਾਹਨੂੰਵਾਨ:** ਸੁਖਬੀਰ ਸਿੰਘ ਬਾਦਲ ਚੋਣ ਰੈਲੀ ਵਿਚ ਇਹ ਕਹਿ ਕੇ ਹਾਸੇ ਦੇ ਪਾਤਰ ਬਣ ਗਏ ਕਿ ਕੈਪਟਨ ਸਰਕਾਰ ਇਕ ਹਫਤੇ ਲਈ ਅਕਾਲੀ-ਭਾਜਪਾ ਗੱਠਜੋੜ ਨੂੰ ਮੌਕਾ ਦੇਵੇ, ਉਹ ਪੰਜਾਬ ਦੇ ਖਜ਼ਾਨੇ ਨੂੰ ਮੁੜ ਭਰ ਕੇ ਦਿਖਾਉਣਗੇ। ਇਸ ਪਿੱਛੋਂ ਸੋਸ਼ਲ ਮੀਡੀਆ 'ਤੇ ਸਵਾਲਾਂ ਦੀ ਛੜੀ ਲੱਗ ਗਈ।

ਸੁਖਬੀਰ ਨੂੰ ਪੁੱਛਿਆ ਗਿਆ ਕਿ ਅਕਾਲੀ ਦਲ ਨੇ 10 ਸਾਲ ਰਾਜ ਕੀਤਾ ਤੇ ਸਰਕਾਰ ਇਕ ਇਕ ਪੈਸੇ ਨੂੰ ਤਰਸਦੀ ਰਹੀ। ਜਦੋਂ ਉਹ ਆਪਣੇ ਰਾਜ ਵਿਚ ਖਜਾਨਾ ਨਹੀਂ ਭਰ ਸਕੇ ਤਾਂ ਲੋਕ ਹੁਣ ਉਨ੍ਹਾਂ ਤੋਂ ਹਫਤੇ ਵਿਚ ਕੀ ਉਮੀਦ ਰੱਖਣ। ਸੁਖਬੀਰ ਨੇ ਇਹ ਵੀ ਦੋਸ਼ ਲਾਇਆ ਕਿ ਅੰਮ੍ਰਿਤਸਰ ਦੇ ਵਿਕਾਸ ਅਤੇ ਬਦਲੀ ਨੁਹਾਰ ਨੂੰ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਜਾਣ-ਬੁੱਝ ਕੇ ਧੁੰਦਲਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸ਼ਹੀਦਾਂ ਦੀਆਂ ਯਾਦਗਾਰਾਂ ਲਈ ਫੰਡ ਵੀ ਰੋਕ ਦਿੱਤੇ ਹਨ।

### ਜਬਰ ਜਨਾਹ ਦੇ ਦੋਸ਼ੀ ਅਧਿਆਪਕ ਨੂੰ ਕੈਦ

**ਚੰਡੀਗੜ੍ਹ:** ਅਦਾਲਤ ਨੇ ਨਬਾਲਗ ਵਿਦਿਆਰਥਣ ਨਾਲ ਜਬਰ ਜਨਾਹ ਕਰਨ ਦੇ ਦੋਸ਼ ਵਿਚ ਅਧਿਆਪਕ ਨੂੰ 10 ਸਾਲ ਦੀ ਸਜ਼ਾ ਸੁਣਾਈ ਹੈ। ਸਜ਼ਾ ਪਾਉਣ ਵਾਲਾ ਨਿਸ਼ਚਲ ਉਰਫ ਅਸ਼ੋਕ ਕੁਮਾਰ ਹੈ। ਦੋਸ਼ੀ ਅਧਿਆਪਕ ਨੇ ਪੀੜਤ ਨਾਲ ਟਿਊਸ਼ਨ ਪੜ੍ਹਾਉਣ ਬਹਾਨੇ ਜਬਰ ਜਨਾਹ ਕੀਤਾ।


## Matrimonials

ਲੜਕੀ ਦੀ ਲੋੜ ਹੈ

Looking for a suitable girl for 31 yrs, 5'-10" Ramgarhia Sikh boy on H1 Visa, working in a very reputed IT company in San Jose, California. Caste No Bar. Please contact: psingh03850@gmail.com or 512-806-4053 k Singh 41-44

Beautiful Gursikh match only USA/Canada Citizen/H1B/PR visa for handsome Gursikh vegetarian boy, only son, 28, 5'-7", MS Degree from USA, Working in New York. Caste no bar. Respond with full details, photo. Email: TPSingh3302@gmail.com 40-41

**Boy Wanted**

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**

**Boy must be educated and well settled.**

**Call Mr./Mrs. Saluja (630) 351-2121**

**or E-mail bio data/photo Saluja868@yahoo.com** 39-46

**ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ**

ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਫੋਨ: 316-518-5382 41-42

**ਵੇਟਰ ਅਤੇ ਹੈਲਪਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ, ਫੋਨ: 608-630-0287 39-42

**ਸੂਝਵਾਨ ਗ੍ਰੰਥੀ ਸਿੰਘ ਦੀ ਲੋੜ ਹੈ**

ਗੁਰਦੁਆਰਾ ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊ ਯਾਰਕ ਲਈ ਚੰਗੇ ਸੂਝਵਾਨ ਗ੍ਰੰਥੀ ਸਿੰਘ ਦੀ ਲੋੜ ਹੈ। ਗੁਰਬਾਣੀ ਗਿਆਨ ਦੀ ਅੰਗਰੇਜ਼ੀ ਵਿਚ ਵਿਆਖਿਆ ਕਰ ਸਕਣ ਯੋਗ ਅਤੇ ਗਰੀਨ ਕਾਰਡ ਹੋਲਡਰ ਨੂੰ ਪਹਿਲ।

*ਸੰਪਰਕ ਕਰੋ: ਭਾਈ ਸੱਜਣ ਸਿੰਘ*

ਫੋਨ: 718-347-5659

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

**ਤੰਦੂਰੀਏ, ਡਿਸ਼ ਵਾਸ਼ਰ, ਹੈਲਪਰ ਅਤੇ ਵੇਟਰ ਦੀ ਲੋੜ ਹੈ**

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

# ਗੋਧਰਾ ਕਾਂਡ: ਅਦਾਲਤ ਨੇ 11 ਦੋਸ਼ੀਆਂ ਦੀ ਫਾਂਸੀ ਉਮਰ ਕੈਦ ਵਿਚ ਬਦਲੀ

**ਅਹਿਮਦਾਬਾਦ:** ਗੁਜਰਾਤ ਹਾਈ ਕੋਰਟ ਨੇ ਗੋਧਰਾ ਰੇਲ ਕਾਂਡ ਮਾਮਲੇ ਵਿਚ 11 ਦੋਸ਼ੀਆਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ, ਜਦੋਂਕਿ 20 ਹੋਰਨਾਂ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਕਿਹਾ ਕਿ ਸੂਬਾ ਸਰਕਾਰ ਅਤੇ ਰੇਲਵੇ ਦੋਵੇਂ ਕਾਨੂੰਨ ਵਿਵਸਥਾ ਬਣਾਈ ਰੱਖਣ ਵਿਚ ਅਸਫਲ ਰਹੇ ਹਨ ਅਤੇ ਦੋਵੇਂ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣਗੇ।

ਗੋਧਰਾ ਸਟੇਸ਼ਨ ਦੇ ਨੇੜੇ 27 ਫਰਵਰੀ, 2002 ਨੂੰ ਸਾਬਰਮਤੀ ਐਕਸਪ੍ਰੈੱਸ ਦੇ ਇਕ ਡੱਬੇ ਐਸ-6 ਨੂੰ ਸਾੜ ਦਿੱਤਾ ਗਿਆ ਸੀ। ਇਸ ਘਟਨਾ ਵਿਚ 59 ਲੋਕ ਮਾਰੇ ਗਏ ਸਨ। ਮ੍ਰਿਤਕਾਂ 'ਚ ਜ਼ਿਆਦਾਤਰ ਕਾਰ ਸੇਵਕ ਸਨ, ਜੋ ਉਤਰ ਪ੍ਰਦੇਸ਼ ਵਿਚ ਅਯੁੱਧਿਆ ਤੋਂ ਵਾਪਸ ਆ ਰਹੇ ਸਨ। ਇਸ ਘਟਨਾ ਕਾਰਨ ਗੁਜਰਾਤ ਵਿਚ ਫਿਰਕੂ ਦੰਗੇ ਭੜਕ ਗਏ, ਜਿਨ੍ਹਾਂ 'ਚ ਕਰੀਬ 1200 ਲੋਕ ਮਾਰੇ ਗਏ ਸਨ। ਮ੍ਰਿਤਕਾਂ ਵਿਚ ਜ਼ਿਆਦਾਤਰ ਮੁਸਲਮਾਨ ਸਨ। ਜਸਟਿਸ ਅਨੰਤ ਐਸ. ਦਵੇ ਅਤੇ ਜਸਟਿਸ ਜੀ.ਆਰ. ਉਧਵਾਨੀ ਦੇ ਬੈਂਚ ਨੇ ਫੈਸਲੇ ਵਿਚ ਕਿਹਾ ਕਿ ਉਹ ਹੇਠਲੀ ਅਦਾਲਤ ਵੱਲੋਂ 11 ਵਿਅਕਤੀਆਂ ਨੂੰ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ ਨੂੰ ਬਰਕਰਾਰ ਰੱਖਦੇ ਹਨ ਪਰ ਉਨ੍ਹਾਂ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਸਖਤ ਉਮਰ ਕੈਦ 'ਚ ਬਦਲ ਰਹੇ ਹਨ। ਅਦਾਲਤ ਨੇ ਇਸੇ ਮਾਮਲੇ ਵਿਚ ਵਿਸ਼ੇਸ਼ ਐਸ.ਆਈ.ਟੀ. ਅਦਾਲਤ ਵੱਲੋਂ 20 ਹੋਰਨਾਂ ਨੂੰ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ।

ਸੂਬਾ ਸਰਕਾਰ ਅਤੇ ਰੇਲਵੇ ਨੂੰ ਹਾਦਸੇ 'ਚ ਮਾਰੇ ਗਏ ਹਰ ਵਿਅਕਤੀ ਦੇ ਪਰਿਵਾਰ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਆਦੇਸ਼ ਦਿੰਦਿਆਂ ਅਦਾਲਤ ਨੇ ਕਿਹਾ ਕਿ ਪ੍ਰਸ਼ਾਸਨ ਕਾਨੂੰਨ ਵਿਵਸਥਾ ਬਣਾਈ ਰੱਖਣ ਵਿਚ ਅਸਫਲ ਰਿਹਾ, ਰੇਲਵੇ ਵੀ ਅਸਫਲ ਰਿਹਾ। ਅਦਾਲਤ ਨੇ ਕਿਹਾ ਕਿ ਘਟਨਾ 'ਚ ਜ਼ਖ਼ਮੀ ਹੋਏ ਲੋਕਾਂ ਨੂੰ ਵੀ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ। ਵਿਸ਼ੇਸ਼ ਐਸ.ਆਈ.ਟੀ. ਅਦਾਲਤ ਨੇ ਪਹਿਲੀ ਮਾਰਚ, 2011 ਨੂੰ 31 ਵਿਅਕਤੀਆਂ ਨੂੰ ਇਸ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਸੀ, ਜਿਨ੍ਹਾਂ ਵਿਚੋਂ 11 ਨੂੰ ਮੌਤ ਦੀ ਸਜ਼ਾ ਅਤੇ 20 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤ ਨੇ ਇਸ ਮਾਮਲੇ 'ਚ 63 ਵਿਅਕਤੀਆਂ ਨੂੰ ਬਰੀ ਕਰ ਦਿੱਤਾ ਸੀ। ਅਦਾਲਤ ਨੇ 63 ਵਿਅਕਤੀਆਂ ਨੂੰ ਬਰੀ ਕਰਨ ਅਤੇ ਦੋਸ਼ੀਆਂ ਦੀ ਸਜ਼ਾ ਵਧਾਉਣ ਲਈ ਵਿਸ਼ੇਸ਼ ਜਾਂਚ ਟੀਮ ਦੀ ਅਪੀਲ ਨੂੰ ਨਾਮਨਜ਼ੂਰ ਕਰ ਦਿੱਤਾ।



## 12 ਸਾਲਾਂ 'ਚ 24 ਵਾਰ ਵਧਾਇਆ ਸੀ ਨਾਨਾਵਤੀ ਕਮਿਸ਼ਨ

ਗੋਧਰਾ ਕਾਂਡ ਦੀ ਜਾਂਚ ਲਈ ਜਸਟਿਸ ਜੀ.ਟੀ. ਨਾਨਾਵਤੀ ਦੀ ਪ੍ਰਧਾਨਗੀ ਹੇਠ ਗੁਜਰਾਤ ਸਰਕਾਰ ਵੱਲੋਂ ਗਠਿਤ ਕੀਤੇ ਗਏ ਕਮਿਸ਼ਨ ਦਾ ਸਮਾਂ 12 ਸਾਲਾਂ ਦੌਰਾਨ 24 ਵਾਰ ਵਧਾਇਆ ਗਿਆ ਸੀ। ਨਾਨਾਵਤੀ ਕਮਿਸ਼ਨ ਨੇ ਸਰਕਾਰ ਨੂੰ ਆਪਣੀ ਰਿਪੋਰਟ 2014 ਵਿਚ ਸੌਂਪੀ ਸੀ। ਇਸ ਕਮਿਸ਼ਨ 'ਚ ਦੋ ਸੇਵਾ ਮੁਕਤ ਜੱਜ ਜਸਟਿਸ ਨਾਨਾਵਤੀ ਅਤੇ ਜਸਟਿਸ ਅਕਸ਼ੈ ਮਹਿਤਾ ਸ਼ਾਮਲ ਸਨ। ਕਮਿਸ਼ਨ ਨੇ 2008 ਵਿਚ ਆਪਣੀ ਰਿਪੋਰਟ ਦਾ ਇਕ ਹਿੱਸਾ ਸੌਂਪਿਆ ਸੀ, ਜਿਸ ਵਿਚ ਕਮਿਸ਼ਨ ਨੇ ਕਿਹਾ ਸੀ ਕਿ ਗੋਧਰਾ ਰੇਲਵੇ ਸਟੇਸ਼ਨ ਨੇੜੇ ਸਾਬਰਮਤੀ ਐਕਸਪ੍ਰੈੱਸ ਦੇ ਡੱਬੇ ਨੂੰ ਅੱਗ ਲਗਾਉਣਾ ਇਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਸੀ। ਗੁਜਰਾਤ ਸਰਕਾਰ ਨੇ 3 ਮਾਰਚ, 2002 ਨੂੰ ਜਾਂਚ ਕਮਿਸ਼ਨ ਦਾ ਗਠਨ ਕੀਤਾ ਸੀ।

# ਗੁਜਰਾਤ ਦੰਗੇ: ਮੋਦੀ ਖਿਲਾਫ ਸਾਜ਼ਿਸ਼ ਦੇ ਦੋਸ਼ ਰੱਦ



**ਅਹਿਮਦਾਬਾਦ:** ਗੁਜਰਾਤ ਦੰਗਿਆਂ ਦੀ ਤਫਤੀਸ਼ ਕਰਨ ਵਾਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਮੌਕੇ ਦੇ ਮੁੱਖ ਮੰਤਰੀ ਤੇ ਹੁਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਕਲੀਨ ਚਿੱਟ ਦਿੱਤੇ ਜਾਣ ਖਿਲਾਫ਼ ਦਾਇਰ ਅਪੀਲ ਨੂੰ ਗੁਜਰਾਤ ਹਾਈ ਕੋਰਟ ਨੇ ਖਾਰਜ ਕਰ ਦਿੱਤਾ। ਪਟੀਸ਼ਨਰ ਜ਼ਕੀਆ ਜਾਫਰੀ ਨੇ ਸਿੱਟ ਦੀ ਕਲੀਨ ਚਿੱਟ ਨੂੰ ਮਨਜ਼ੂਰ ਕਰਨ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੰਦਿਆਂ ਸ੍ਰੀ ਮੋਦੀ ਤੇ ਹੋਰਨਾਂ ਉਤੇ ਦੰਗਿਆਂ ਸਬੰਧੀ ਵਡੇਰੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਉਂਜ, ਅਦਾਲਤ ਨੇ ਪਟੀਸ਼ਨਰ ਨੂੰ ਮਾਮਲੇ ਦੀ ਮੁੜ ਤੇ ਹੋਰ ਜਾਂਚ ਲਈ ਢੁਕਵੀਂ ਥਾਂ ਪਹੁੰਚ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਹਾਈ ਕੋਰਟ ਦੀ ਜਸਟਿਸ ਸੋਨੀਆ ਗੋਕਾਨੀ ਨੇ ਬੀਬੀ ਜਾਫ਼ਰੀ ਦੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਕਿ ਸ੍ਰੀ ਮੋਦੀ ਅਤੇ ਕੁਝ ਸੀਨੀਅਰ ਪੁਲਿਸ ਤੇ ਸਿਵਲ ਅਫਸਰਾਂ ਨੇ ਇਕ ਸਾਜ਼ਿਸ਼ ਤਹਿਤ ਦੰਗਾਕਾਰੀਆਂ ਨੂੰ ਸ਼ਹਿ ਦਿੱਤੀ ਸੀ। ਜਸਟਿਸ ਗੋਕਾਨੀ ਨੇ ਸਾਫ ਕੀਤਾ ਕਿ ਇਹ ਮਾਮਲਾ ਸੁਪਰੀਮ ਕੋਰਟ ਵੱਲੋਂ ਸਾਬਕਾ ਆਈ.ਪੀ.ਐਸ. ਅਫਸਰ ਸੰਜੀਵ ਭੱਟ ਦੀ ਪਟੀਸ਼ਨ ਉਤੇ ਆਪਣੇ 2015 ਦੇ ਹੁਕਮਾਂ ਵਿਚ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਵਡੇਰੀ ਸਾਜ਼ਿਸ਼ ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ ਅਤੇ ਸਿਖਰਲੀ ਅਦਾਲਤ ਨੇ ਸਿੱਟ ਦੀ ਤਫਤੀਸ਼ ਦੀ ਨਿਗਰਾਨੀ ਵੀ ਕੀਤੀ ਸੀ। ਗੁਜਰਾਤ ਵਿਚ ਮਾਰਚ 2002 ਵਿਚ ਭੜਕੇ ਦੰਗਿਆਂ ਵਿਚ ਘੱਟ ਗਿਣਤੀ ਫਿਰਕੇ ਦੇ ਸੈਂਕੜੇ ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਵਿਚ ਸ੍ਰੀ ਜਾਫ਼ਰੀ ਸਣੇ 68 ਲੋਕ ਵੀ ਦੰਗਾਕਾਰੀਆਂ ਦੇ ਸ਼ਿਕਾਰ ਹੋਏ ਸਨ।

## ਮੁੜ ਜਾਂਚ ਦੀ ਇਜਾਜ਼ਤ ਸਾਡੀ ਜਿੱਤ: ਤਨਵੀਰ

ਜ਼ਕੀਆ ਜਾਫ਼ਰੀ ਦੇ ਪੁੱਤਰ ਤਨਵੀਰ ਜਾਫਰੀ ਨੇ ਗੁਜਰਾਤ ਹਾਈ ਕੋਰਟ ਦੇ ਫੈਸਲੇ ਨੂੰ ਆਪਣੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੇਰੀ ਅੰਮੀ ਇਸ ਫੈਸਲੇ ਨੂੰ ਆਪਣੀ ਜਿੱਤ ਵਜੋਂ ਦੇਖਦੀ ਹੈ, ਕਿਉਂਕਿ ਹਾਈ ਕੋਰਟ ਨੇ ਸਾਫ ਕੀਤਾ ਹੈ ਕਿ ਹੇਠਲੀ ਅਦਾਲਤ ਦਾ ਇਹ ਫੈਸਲਾ ਗਲਤ ਸੀ ਕਿ ਉਸ (ਹੇਠਲੀ ਅਦਾਲਤ) ਕੋਲ ਮਾਮਲੇ ਦੀ ਅਗਲੇਰੀ ਜਾਂਚ ਦੇ ਹੁਕਮ ਦੇਣ ਦੇ ਅਖਤਿਆਰ ਨਹੀਂ ਹਨ।

# ਨਿੱਕੀ ਸੇਖੋਂ ਨੂੰ ਸਦਮਾ, ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸਭਿਆਚਾਰਕ ਹਲਕਿਆਂ ਵਿਚ ਜਾਣੀ-ਪਛਾਣੀ ਸ਼ਖਸੀਅਤ ਅਤੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਬਲਵਿੰਦਰ ਕੌਰ (ਨਿੱਕੀ) ਸੇਖੋਂ ਨੂੰ ਉਦੋਂ ਵੱਡਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ ਜਥੇਦਾਰ ਗੁਰਦੇਵ ਸਿੰਘ ਸੋਹੀ ਪਿੰਡ ਬਨਭੌਰਾ, ਜ਼ਿਲਾ ਸੰਗਰੂਰ ਪਿਛਲੇ ਦਿਨੀਂ 85 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿਛੇ ਇਕ ਪੁਤਰ ਮੁਖਤਿਆਰ ਸਿੰਘ ਸੋਹੀ (ਨਾਰਵੇ) ਤੇ ਦੋ ਧੀਆਂ ਨਿੱਕੀ ਸੇਖੋਂ ਅਤੇ ਜੀਤ ਕੌਰ ਤੋਂ ਇਲਾਵਾ ਪੋਤਿਆਂ-ਦੋਹਤਿਆਂ ਦਾ ਭਰਿਆ ਪਰਿਵਾਰ ਛਡ ਗਏ ਹਨ। ਦੋਵੇਂ ਧੀਆਂ ਅਮਰੀਕਾ ਵਿਚ ਹਨ। ਉਨ੍ਹਾਂ ਦੇ ਦੋ ਪੁਤਰ ਅਤੇ ਇਕ ਧੀ ਕੁਝ ਸਮਾਂ ਪਹਿਲਾਂ ਵਿਛੋੜਾ ਦੇ ਗਏ ਸਨ। ਜਥੇਦਾਰ ਗੁਰਦੇਵ ਸਿੰਘ ਸੋਹੀ ਅਕਾਲੀ ਦਲ ਦੇ ਕਾਫੀ ਅਰਸਾ ਸਰਕਲ ਜਥੇਦਾਰ, ਚਾਰ ਵਾਰ ਪਿੰਡ ਦੇ ਸਰਪੰਚ ਅਤੇ 17 ਸਾਲ ਪਿੰਡ ਦੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ।



ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਨੇ ਨਿੱਕੀ ਸੇਖੋਂ ਅਤੇ ਪਰਿਵਾਰ ਨਾਲ ਇਸ ਸਦਮੇ 'ਤੇ ਦੁੱਖ ਪ੍ਰਗਟਾਉਂਦਿਆਂ ਵਾਹਿਗੁਰੂ ਅਗੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਬੇਨਤੀ ਕੀਤੀ ਹੈ। ਨਿੱਕੀ ਸੇਖੋਂ ਨਾਲ ਸੰਪਰਕ ਫੋਨ 773-443-2720 ਜਾਂ 630-501-1613 ਰਾਹੀਂ ਕੀਤਾ ਜਾ ਸਕਦਾ ਹੈ।

# ਭਾਰਤੀ ਹਵਾਈ ਫੌਜ ਦੇ ਮੁਖੀ ਨੇ ਮਾਰੀ ਬੜ੍ਹਕ

**ਨਵੀਂ ਦਿੱਲੀ:** ਭਾਰਤੀ ਹਵਾਈ ਫੌਜ ਦੇ ਮੁਖੀ ਬੀ.ਐਸ. ਧਨੋਆ ਨੇ ਕਿਹਾ ਹੈ ਕਿ ਹਵਾਈ ਫੌਜ ਪਾਕਿਸਤਾਨ ਵਿਚ ਪਰਮਾਣੂ ਤੇ ਹੋਰ ਟਿਕਾਣਿਆਂ ਦਾ ਪਤਾ ਲਾਉਣ ਤੇ ਹਮਲਾ ਕਰਨ ਦੇ ਸਮਰੱਥ ਹੈ। ਉਨ੍ਹਾਂ ਇਹ ਵੀ ਆਖਿਆ ਕਿ ਚੀਨ ਤੇ ਪਾਕਿਸਤਾਨ ਤੋਂ ਖਤਰੇ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਸਾਹਮਣਾ ਕਰਨ ਲਈ ਹਵਾਈ ਫੌਜ ਇਕੋ ਸਮੇਂ ਦੋ ਫਰੰਟਾਂ ਉਤੇ ਜੰਗ ਲੜਨ ਦੇ ਵੀ ਯੋਗ ਹੈ।

ਉਨ੍ਹਾਂ ਦੀਆਂ ਇਹ ਟਿੱਪਣੀਆਂ ਇਥੇ ਹਵਾਈ ਫੌਜ ਦੇ ਸਥਾਪਨਾ ਦਿਵਸ ਤੋਂ ਪਹਿਲਾਂ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਆਈਆਂ। ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਦੀ ਸੁਰੱਖਿਆ ਬਾਰੇ ਆਲਮੀ ਚਿੰਤਾਵਾਂ, ਲੋੜ ਪੈਣ ਉਤੇ ਪਾਕਿਸਤਾਨ ਨੂੰ ਪਰਮਾਣੂ ਹਥਿਆਰ ਵਰਤਣ ਤੋਂ ਰੋਕਣ ਬਾਰੇ ਹਵਾਈ ਫੌਜ ਦੀ ਯੋਗਤਾ ਸਬੰਧੀ ਸਵਾਲਾਂ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਾਡੇ ਕੋਲ ਪਰਮਾਣੂ ਸਿਧਾਂਤ ਦਾ ਮਸੌਦਾ ਹੈ।



## ਪਾਕਿ ਵੱਲੋਂ ਚਿਤਾਵਨੀ

**ਵਾਸ਼ਿੰਗਟਨ:** ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਭਾਰਤ ਨੂੰ ਸਰਜੀਕਲ ਸਟ੍ਰਾਈਕਸ ਜਾਂ ਮੁਲਕ ਦੇ ਪਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਖਿਲਾਫ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਕਿਸੇ ਨੂੰ ਵੀ ਇਸਲਾਮਾਬਾਦ ਤੋਂ ਹੱਥ 'ਤੇ ਹੱਥ ਧਰ ਕੇ ਬੈਠਣ ਦੀ ਆਸ ਨਹੀਂ ਰੱਖਣੀ ਚਾਹੀਦੀ।

ਵਾਸ਼ਿੰਗਟਨ ਸਥਿਤ 'ਯੂਐਸ ਇੰਸਟੀਚਿਊਟ ਆਫ ਪੀਸ' ਵਿਚ ਬੋਲਦਿਆਂ ਸ੍ਰੀ ਆਸਿਫ ਨੇ ਕਿਹਾ ਕਿ ਇਸ ਸਮੇਂ ਭਾਰਤ ਨਾਲ ਸਬੰਧ ਸਭ ਤੋਂ ਹੇਠਲੇ ਪੱਧਰ ਉਤੇ ਹਨ। ਪਾਕਿਸਤਾਨ ਵੱਲੋਂ ਰਿਸ਼ਤੇ ਸੁਧਾਰਨ ਲਈ ਕੀਤੇ ਯਤਨਾਂ ਦਾ ਭਾਰਤ ਨੇ ਹੁੰਗਾਰਾ ਨਹੀਂ ਭਰਿਆ।

# ਹੁਣ ਐਚ-1ਬੀ ਵੀਜ਼ਿਆਂ ਦੇ ਚਾਹਵਾਨਾਂ ਲਈ ਖੁਸ਼ਖਬਰੀ

**ਵਾਸ਼ਿੰਗਟਨ:** ਅਮਰੀਕੀ ਪ੍ਰਸ਼ਾਸਨ ਨੇ ਐਚ-1ਬੀ ਵਰਕ ਵੀਜ਼ਿਆਂ ਦੇ ਸਾਰੇ ਵਰਗਾਂ ਵਿਚ ਪ੍ਰੀਮੀਅਮ ਪ੍ਰੋਸੈਸਿੰਗ ਮੁੜ ਸ਼ੁਰੂ ਕਰ ਦਿੱਤੀ ਹੈ। ਭਾਰਤੀ ਆਈ. ਟੀ. ਪੇਸ਼ੇਵਰਾਂ ਵਿਚਾਲੇ ਕਾਫੀ ਮਕਬੂਲ ਇਨ੍ਹਾਂ ਵਰਕ ਵੀਜ਼ਿਆਂ ਉਤੇ ਅਮਲ ਅਪਰੈਲ ਵਿਚ ਆਰਜ਼ੀ ਤੌਰ ਉਤੇ ਰੋਕਿਆ ਗਿਆ ਸੀ। ਇਸ ਦਾ ਕਾਰਨ ਨਵੀਆਂ ਵੀਜ਼ਾ ਅਰਜ਼ੀਆਂ ਦੀ ਵੱਡੀ ਗਿਣਤੀ ਨਾਲ ਸਿੱਝਣਾ ਸੀ। ਸਤੰਬਰ ਵਿਚ ਐਚ-1ਬੀ ਵੀਜ਼ਿਆਂ ਦੇ ਕੁਝ ਵਰਗਾਂ ਨੂੰ ਤੇਜ਼ ਪ੍ਰੋਸੈਸਿੰਗ ਲਈ ਖੋਲ੍ਹਿਆ ਗਿਆ। ਅਮਰੀਕਾ ਦੇ ਨਾਗਰਿਕਤਾ ਤੇ ਪਰਵਾਸ ਸੇਵਾਵਾਂ ਮੰਤਰਾਲੇ ਨੇ ਦੱਸਿਆ ਕਿ ਹੁਣ ਐਚ-1ਬੀ ਵੀਜ਼ਿਆਂ ਦੇ ਸਾਰੇ ਵਰਗਾਂ ਉਤੇ ਲੋੜੀਂਦਾ ਅਮਲ ਸ਼ੁਰੂ ਹੋਵੇਗਾ।

ਐਚ-1ਬੀ ਵੀਜ਼ਾ ਇਕ ਗੈਰ ਪਰਵਾਸ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਖਾਸ ਪੇਸ਼ਿਆਂ ਲਈ ਵਿਦੇਸ਼ੀ ਕਾਮੇ ਭਰਤੀ ਕਰਨ ਦੀ ਇਜਾਜ਼ਤ ਦਿੰਦਾ ਹੈ। ਤਕਨਾਲੋਜੀ ਕੰਪਨੀਆਂ ਇਸ ਉਤੇ ਖਾਸ ਤੌਰ ਉਤੇ ਨਿਰਭਰ ਕਰਦੀਆਂ ਹਨ ਕਿਉਂਕਿ ਉਹ ਹਰ ਵਰ੍ਹੇ ਵਿਦੇਸ਼ਾਂ ਤੋਂ ਹਜ਼ਾਰਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਲੈਂਦੀਆਂ ਹਨ।




ਕਾਂਗਰਸ ਦੀ ਮਨਜ਼ੂਰੀ ਦੇ ਹਿਸਾਬ ਨਾਲ ਵੱਧ ਤੋਂ ਵੱਧ 65 ਹਜ਼ਾਰ ਐਚ-1ਬੀ ਵੀਜ਼ੇ ਜਾਰੀ ਕੀਤੇ ਜਾ ਸਕਦੇ ਹਨ ਅਤੇ 20 ਹਜ਼ਾਰ ਵੀਜ਼ੇ ਉਨ੍ਹਾਂ ਪੇਸ਼ੇਵਰਾਂ ਨੂੰ ਜਾਰੀ ਹੋ ਸਕਦੇ ਹਨ, ਜਿਨ੍ਹਾਂ ਅਮਰੀਕਾ ਦੀਆਂ ਉਚ ਸਿੱਖਿਆ ਸੰਸਥਾਵਾਂ ਤੋਂ ਸਟੈਮ ਵਿਸ਼ਿਆਂ ਵਿਚ ਉਚ ਸਿੱਖਿਆ ਹਾਸਲ ਕੀਤੀ ਹੋਵੇ। ਅਕਾਦਮਿਕ ਤੇ ਖੋਜ ਕਾਰਜਾਂ ਵਰਗੇ ਕਈ ਵਰਗਾਂ ਲਈ ਐਚ-1ਬੀ ਵੀਜ਼ਾ ਜਾਰੀ ਕਰਨ ਨੂੰ ਕਾਂਗਰਸ ਦੀ ਲਾਜ਼ਮੀ ਹੱਦ ਤੋਂ ਛੋਟ ਹੈ।

## ਕੈਨੇਡਾ ਵੱਲੋਂ ਨਾਗਰਿਕਤਾ ਬਾਰੇ ਸ਼ਰਤਾਂ ਨਰਮ

**ਬਰੈਂਪਟਨ:** ਕੈਨੇਡਾ ਦੀ ਲਿਬਰਲ ਸਰਕਾਰ ਨੇ ਇਮੀਗਰੇਸ਼ਨ ਕਾਨੂੰਨ ਵਿਚ ਸੋਧ ਕਰ ਕੇ ਮੁਲਕ ਦੀ ਨਾਗਰਿਕਤਾ ਲੈਣ ਦਾ ਸਮਾਂ ਚਾਰ ਸਾਲ ਤੋਂ ਘਟਾ ਕੇ ਤਿੰਨ ਸਾਲ ਕਰ ਦਿੱਤਾ ਹੈ। ਇਸ ਦੇ ਨਾਲ ਹੀ 55 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਉਮੀਦਵਾਰਾਂ ਨੂੰ ਅੰਗਰੇਜ਼ੀ ਭਾਸ਼ਾ ਅਤੇ ਕੈਨੇਡਾ ਬਾਰੇ ਜਨਰਲ ਜਾਣਕਾਰੀ ਦੇ ਟੈਸਟ ਤੋਂ ਛੋਟ ਦਿੱਤੀ ਗਈ ਹੈ। ਫੈਡਰਲ ਸਰਕਾਰ ਦੇ ਇਮੀਗਰੇਸ਼ਨ ਮੰਤਰੀ ਅਹਿਮਦ ਹੁਸੈਨ ਨੇ ਦੱਸਿਆ ਕਿ ਇਹ ਫੈਸਲਾ 11 ਅਕਤੂਬਰ ਤੋਂ ਲਾਗੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਪਰਮਾਨੈਂਟ ਰੈਜ਼ੀਡੈਂਟ ਜਾਂ ਪੀਆਰ ਵਾਲਾ ਪਰਵਾਸੀ ਜਿਹੜਾ ਪੰਜ ਸਾਲ ਵਿਚੋਂ ਤਿੰਨ ਸਾਲ ਕੈਨੇਡਾ ਵਿਚ ਰਿਹਾ ਹੋਵੇ, ਉਹ ਮੁਲਕ ਦੀ ਨਾਗਰਿਕਤਾ ਲਈ ਅਪਲਾਈ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਹਾਰਪਰ ਸਰਕਾਰ ਨੇ 6 ਸਾਲ ਵਿਚ ਚਾਰ ਸਾਲ ਕੈਨੇਡਾ ਵਿਚ ਰਹਿੰਦੇ ਹੋਣ ਦੀ ਸ਼ਰਤ ਰੱਖੀ ਹੋਈ ਸੀ ਅਤੇ 14 ਸਾਲ ਤੋਂ 64 ਸਾਲ ਦੀ ਉਮਰ ਤੱਕ ਅੰਗਰੇਜ਼ੀ ਭਾਸ਼ਾ ਅਤੇ ਕੈਨੇਡਾ ਸਬੰਧੀ ਜਾਣਕਾਰੀ ਬਾਰੇ ਟੈਸਟ ਦੇਣਾ ਲਾਜ਼ਮੀ ਸੀ। ਸ੍ਰੀ ਹੁਸੈਨ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਅਰਜ਼ੀਕਾਰ ਲਿਬਰਲ ਸਰਕਾਰ ਵੱਲੋਂ ਇਸ ਸਬੰਧੀ ਲਿਆਂਦੇ ਗਏ ਬਿੱਲ ਦੇ ਪਾਸ ਹੋਣ ਦੀ ਉਡੀਕ ਕਰ ਰਹੇ ਸਨ। ਇਮੀਗਰੇਸ਼ਨ ਦੀ ਇਕ ਹੋਰ ਸੋਧ ਅਨੁਸਾਰ ਇੰਟਰਨੈਸ਼ਨਲ ਸਟੂਡੈਂਟਸ, ਪਰਵਾਸੀ ਕਾਮਿਆਂ ਅਤੇ ਰਿਫ਼ਿਊਜੀਆਂ ਨੂੰ ਇਕ ਸਾਲ ਦਾ ਵਾਧੂ ਲਾਭ ਦਿੱਤਾ ਗਿਆ ਹੈ ਤਾਂ ਜੋ ਉਹ ਪਰਮਾਨੈਂਟ ਰੈਜ਼ੀਡੈਂਸੀ ਲੈਣ ਲਈ ਇਕ ਸਾਲ ਦਾ ਸਮਾਂ ਬਚਾ ਸਕਣ। ਉਨ੍ਹਾਂ ਮੁਤਾਬਕ ਨਾਗਰਿਕਤਾ ਲੈਣ ਲਈ ਫੀਸਾਂ ਵਿਚ ਨਵਾਂ ਵਾਧਾ ਨਹੀਂ ਕੀਤਾ ਗਿਆ ਹੈ।

## ਔਰਤ ਦਾ ਸਿਰ ਵੱਢਣ ਵਾਲੇ ਤਾਂਤਰਿਕ ਨੂੰ ਉਮਰ ਕੈਦ

**ਜੌਹਨਸਬਰਗ:** ਚਾਰ ਨੌਜਵਾਨਾਂ ਨੂੰ 150,000 ਅਮਰੀਕੀ ਡਾਲਰ ਦੇਣ ਦਾ ਵਾਅਦਾ ਕਰ ਕੇ ਭਾਰਤੀ ਮੂਲ ਦੀ ਇਕ ਔਰਤ ਦਾ ਸਿਰ ਵਢਾਉਣ ਦੇ ਦੋਸ਼ ਹੇਠ ਇਕ ਦੱਖਣ ਅਫਰੀਕੀ ਤਾਂਤਰਿਕ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਿਬੋਲਾਕਾਲਿਸੋ ਮਬਿਲੀ ਨੇ ਜਾਦੂ ਦੇ ਕੰਮ ਲਈ ਚਾਰ ਦੋਸ਼ੀਆਂ ਵਿਚੋਂ ਇਕ ਫਾਲਖੇ ਖੁਮਾਲੋ ਨੂੰ ਕਿਸੇ ਭਾਰਤੀ ਜਾਂ ਸਫੈਦ ਜਾਂ ਕਿਸੇ ਹੋਰ ਮੂਲ ਦੀ ਔਰਤ ਦਾ ਸਿਰ ਲਿਆਉਣ ਲਈ 2 ਮਿਲੀਅਨ ਰੈਂਡ (153,000 ਅਮਰੀਕੀ ਡਾਲਰ) ਦੇਣ ਦਾ ਵਾਅਦਾ ਕੀਤਾ ਸੀ।

ਖੁਮਾਲੋ ਨੇ ਤਿੰਨ ਹੋਰ ਨੌਜਵਾਨਾਂ- ਜਿੰਮੀ ਸਟੈਨਲੇ ਬੇਲੇਜਾਲਾ, ਮਲੁਨਗਿਸੀ ਨਡਲੋਵੂ ਅਤੇ ਮਬਾਲੀ ਮਗਵਾਲਾ ਨੇ ਇਕ ਭਾਰਤੀ ਮੂਲ ਦੀ ਔਰਤ ਦੇਸਿਰੀ ਮੁਰੂਗਨ ਨੂੰ 2014 ਵਿਚ ਬਹਿਲਾ-ਫੁਸਲਾ ਕੇ ਡਰਬਨ ਨੇੜੇ ਚੈਟਸਵਰਥ ਦੀ ਇੰਡੀਅਨ ਟਾਊਨਸ਼ਿਪ ਦੇ ਇਕ ਖੇਡ ਮੈਦਾਨ ਤੱਕ ਲਿਆਂਦਾ ਤੇ 192 ਵਾਰ ਚਾਕੂ ਮਾਰ ਕੇ ਮੁਰੂਗਨ ਦਾ ਕਤਲ ਕਰ ਦਿੱਤਾ।

# ਅਜੇ ਵੀ ਲਾਹੌਰ ਦੇ ਮਾਲਖਾਨੇ 'ਚ ਪਈਆਂ ਨੇ ਭਗਤ ਸਿੰਘ ਨਾਲ ਸਬੰਧਤ ਵਸਤਾਂ

**ਚੰਡੀਗੜ੍ਹ:** ਸ਼ਹੀਦੇ ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਸਬੰਧਤ ਵਿਰਾਸਤੀ ਖਜ਼ਾਨੇ 'ਤੇ ਲਾਹੌਰ ਦੇ ਮਾਲਖਾਨੇ ਵਿਚ ਧੂੜ ਜੰਮ ਰਹੀ ਹੈ। ਇਸ ਵਿਰਾਸਤੀ ਖਜ਼ਾਨੇ 'ਚ ਪੁਸਤਕਾਂ, ਤਸਵੀਰਾਂ, ਰਸਾਲੇ, ਬਰਤਨ, ਕੱਪੜੇ, ਨਿਜੀ ਨੋਟਬੁੱਕ ਤੇ ਹੋਰ ਸਾਮਾਨ ਸ਼ਾਮਲ ਹੈ।



ਆਜ਼ਾਦੀ ਦੇ ਸੰਘਰਸ਼ ਦੌਰਾਨ ਬਰਤਾਨਵੀ ਹਕੂਮਤ ਵੱਲੋਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਟਿਕਾਣਿਆਂ ਉਤੇ ਛਾਪੇ ਮਾਰ ਕੇ ਇਹ ਵਸਤੂਆਂ ਜ਼ਬਤ ਕੀਤੀਆਂ ਗਈਆਂ ਸਨ। ਛਾਪੇ ਮਾਰਨ ਤੋਂ ਇਲਾਵਾ ਫਾਂਸੀ ਤੋਂ ਪਹਿਲਾ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨਾਲ ਸਬੰਧਤ ਨਿੱਜੀ ਸਾਮਾਨ ਵੀ ਵਾਪਸ ਨਹੀਂ ਮੋੜਿਆ ਗਿਆ। ਇਹ ਵਸਤੂਆਂ ਲਾਹੌਰ ਦੇ ਮਾਲਖਾਨੇ ਅਤੇ ਅਨਾਰ ਕਲੀ (ਪਾਕਿਸਤਾਨ) ਵਿਚ ਸਥਿਤ ਆਰਕਾਈਵ ਵਿਚ ਪਈਆਂ ਹਨ। ਇਸ ਵਿਰਾਸਤੀ ਖਜ਼ਾਨੇ ਨੂੰ ਦੇਸ਼ ਲਿਆਉਣ ਵਾਸਤੇ ਸਰਕਾਰਾਂ ਜਾਂ ਜਥੇਬੰਦੀਆਂ ਵੱਲੋਂ ਵਿੱਢੀ ਕੋਈ ਵੀ ਮੁਹਿੰਮ ਭਾਰਤ ਦੇ ਇਤਿਹਾਸ 'ਚ ਨਜ਼ਰ ਨਹੀਂ ਆਉਂਦੀ।

ਤਤਕਾਲੀ ਸਮੇਂ ਅਦਾਲਤਾਂ ਅਤੇ ਟ੍ਰਿਬਿਊਨਲ ਸਾਹਮਣੇ ਪੇਸ਼ ਕੀਤੇ ਦਸਤਾਵੇਜ਼ਾਂ ਅਤੇ ਪੁਲਿਸ ਦੇ ਰਿਕਾਰਡ ਤੋਂ ਇਨ੍ਹਾਂ ਵਿਰਾਸਤੀ ਵਸਤਾਂ ਦੀ ਜਾਣਕਾਰੀ ਮਿਲਦੀ ਹੈ। ਵੇਰਵਿਆਂ ਮੁਤਾਬਕ 15 ਅਪਰੈਲ 1929 ਨੂੰ ਕਿਸ਼ੋਰੀ ਲਾਲ, ਸੁਖਦੇਵ ਸਿੰਘ ਤੇ ਜੈ ਗੋਪਾਲ ਦੇ ਨਿਵਾਸ ਸਥਾਨ ਕਸ਼ਮੀਰ ਹਾਊਸ (ਲਾਹੌਰ) ਵਿਚ ਪੁਲਿਸ ਨੇ ਛਾਪੇ ਮਾਰੇ। ਇਸ ਦੌਰਾਨ ਪੁਲਿਸ ਨੇ ਉਨ੍ਹਾਂ ਦੇ ਟਿਕਾਣੇ ਤੋਂ ਚਿੱਤਰ ਅਤੇ ਕਈ ਪੁਸਤਕਾਂ ਬਰਾਮਦ ਕੀਤੀਆਂ, ਜਿਨ੍ਹਾਂ ਵਿਚ ਦੋ ਨੋਟਬੁੱਕ (ਜਿਨ੍ਹਾਂ ਵਿਚ ਬੰਬ ਬਣਾਉਣ ਦਾ ਫਾਰਮੂਲਾ ਦਰਜ ਹੈ), 'ਕਿਰਤੀ' ਰਸਾਲੇ ਦੇ ਦਸੰਬਰ ਅਤੇ ਨਵੰਬਰ 1928 ਦੇ ਅੰਕ, ਈਸਾ ਮਸੀਹ ਦਾ ਚਿੱਤਰ ਤੇ ਕਈ ਹੋਰ ਪੁਸਤਕਾਂ ਸ਼ਾਮਲ ਹਨ। 15 ਅਪਰੈਲ 1929 ਨੂੰ ਹੀ ਜੈ ਗੋਪਾਲ ਦੀ ਜਾਮਾ-ਤਲਾਸ਼ੀ ਦੌਰਾਨ ਪੁਲਿਸ ਨੇ ਨਗਦ ਰੁਪਏ ਅਤੇ ਸੱਤ ਹੋਰ ਪੁਸਤਕਾਂ ਅਤੇ ਦਸਤਾਵੇਜ਼ ਬਰਾਮਦ ਕੀਤੇ।

26 ਅਪਰੈਲ 1929 ਨੂੰ ਸ੍ਰੀ ਰਾਮ ਆਸ਼ਰਮ ਸਕੂਲ (ਅੰਮ੍ਰਿਤਸਰ) ਦੇ ਅਧਿਆਪਕ ਆਗਿਆ ਰਾਮ ਦੇ ਘਰ ਵਿਚ ਛਾਪੇ ਮਾਰ ਕੇ ਪੁਸਤਕਾਂ ਅਤੇ ਹੋਰ ਸਾਮਾਨ ਜ਼ਬਤ ਕੀਤਾ ਗਿਆ। 2 ਮਈ 1929 ਨੂੰ ਸਰਦਾਰ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਦੇ ਲਾਹੌਰ ਸਥਿਤ ਘਰ ਵਿਚ ਪੁਲਿਸ ਵੱਲੋਂ ਛਾਪਾ ਮਾਰਿਆ ਗਿਆ, ਜਿਥੋਂ ਕਈ ਚਿੱਠੀ-ਪੱਤਰ, ਲੇਖ, ਪੁਸਤਕਾਂ ਤੇ ਹੋਰ ਦਸਤਾਵੇਜ਼ ਬਰਾਮਦ ਕੀਤੇ ਗਏ। 2 ਮਈ 1929 ਨੂੰ ਭਗਤ ਸਿੰਘ ਦੇ ਝੁੰਗੀਆਂ ਖਸੀਰਾ ਸਥਿਤ ਘਰ ਵਿਚ ਛਾਪਾ ਵੱਜਿਆ।


ਇਸ ਦੌਰਾਨ 'ਕੰਗਾਲ ਹਿੰਦੁਸਤਾਨ' ਨਾਮ ਦੀ ਉਰਦੂ ਭਾਸ਼ਾ ਦੀ ਪੁਸਤਕ, ਨੀਲੀ ਸਿਆਹੀ ਵਿਚ ਲਿਖਿਆ ਪੱਤਰ, ਕਾਂਗਰਸ ਪਾਰਟੀ ਦੀ ਨਿਯਮਾਵਲੀ ਦੀਆਂ ਤਿੰਨ ਕਾਪੀਆਂ, ਹਿੰਦੀ ਵਿਚ ਲਿਖਿਆ ਇਕ ਪੱਤਰ, ਸੁਨਹਿਰੇ ਫਰੇਮ ਵਿਚ ਜੜੀ ਭਗਤ ਸਿੰਘ ਦੀ ਤਸਵੀਰ ਅਤੇ ਕਾਲੇ ਫਰੇਮ ਵਿਚ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦੀ ਤਸਵੀਰ ਬਰਾਮਦ ਕੀਤੀ ਗਈ। 2 ਮਈ 1929 ਨੂੰ ਵਿਛੋਵਾਲੀ ਸਥਿਤ ਯਸ਼ਪਾਲ ਸਿੰਘ ਅਤੇ ਹੰਸ ਰਾਜ ਦੇ ਲਾਹੌਰ ਸਥਿਤ ਘਰ ਵਿਚ ਛਾਪਾ ਮਾਰਿਆ ਗਿਆ। 7 ਜਨਵਰੀ 1929 ਤੇ 6 ਫਰਵਰੀ 1929 ਨੂੰ ਸੁਖਦੇਵ ਦੀ ਮੌਜੂਦਗੀ ਵਿਚ ਮੁਹੱਲਾ ਹੀਂਗ ਮੰਡੀ ਆਗਰਾ ਤੋਂ ਦੋ ਦਸਤਾਵੇਜ਼ ਬਰਾਮਦ ਕੀਤੇ ਗਏ। ਇਸੇ ਤਰ੍ਹਾਂ ਸੱਤ ਮਈ 1929 ਨੂੰ ਪ੍ਰੇਮ ਦੱਤ ਦੇ ਘਰ ਵਿਚੋਂ ਪੁਸਤਕਾਂ, ਦਸਤਾਵੇਜ਼ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ। ਤਤਕਾਲੀ ਰਿਕਾਰਡ ਮੁਤਾਬਕ ਅਜਿਹੀਆਂ ਕਈ ਹੋਰ ਘਟਨਾਵਾਂ ਹਨ, ਜਿਨ੍ਹਾਂ 'ਚ ਬਰਤਾਨਵੀ ਹਕੂਮਤ ਵੱਲੋਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਟਿਕਾਣਿਆਂ ਉਤੇ ਛਾਪੇ ਮਾਰ ਕੇ ਕਰੀਬ 500 ਪੁਸਤਕਾਂ, ਨਿੱਜੀ ਨੋਟਬੁੱਕ ਤੇ ਸਾਮਾਨ ਜ਼ਬਤ ਕੀਤਾ ਗਿਆ ਸੀ, ਜੋ ਮੌਜੂਦਾ ਸਮੇਂ ਲਾਹੌਰ ਦੇ ਮਾਲਖਾਨੇ ਵਿਚ ਪਿਆ ਹੈ।

## ਸ਼ਹੀਦ ਭਗਤ ਸਿੰਘ ਦੇ ਪਿਤਾ ਨੇ ਕੀਤੀ ਸੀ ਕੋਸ਼ਿਸ਼

**ਚੰਡੀਗੜ੍ਹ:** ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੇ ਲਾਹੌਰ ਦੀ ਅਦਾਲਤ ਵਿਚ ਪਟੀਸ਼ਨ ਦਾਖਲ ਕਰ ਕੇ ਉਨ੍ਹਾਂ ਦੇ ਘਰੋਂ ਬਰਾਮਦ ਕੀਤਾ ਸਾਮਾਨ ਵਾਪਸ ਕਰਨ ਦੀ ਮੰਗ ਕੀਤੀ ਸੀ, ਪਰ ਸਾਮਾਨ ਨਹੀਂ ਦਿੱਤਾ ਗਿਆ ਸੀ। ਭਗਤ ਸਿੰਘ ਦੇ ਭਤੀਜੇ ਅਭੈ ਸੰਧੂ ਨੇ ਕਿਹਾ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਸਬੰਧਤ ਵਸਤੂਆਂ ਭਾਰਤ ਵਾਪਸ ਲਿਆਉਣ ਵਾਸਤੇ ਸਰਕਾਰੀ ਜਾਂ ਨਿੱਜੀ ਤੌਰ ਉਤੇ ਪਹਿਲਕਦਮੀ ਕੀਤੀ ਜਾਣੀ ਚਾਹੀਦੀ ਹੈ।

# ਗਾਂਧੀ ਦੇ ਕਤਲ ਦੀ ਮੁੜ ਜਾਂਚ ਕਰਵਾਉਣ ਦੀ ਤਿਆਰੀ

**ਨਵੀਂ ਦਿੱਲੀ:** ਮਹਾਤਮਾ ਗਾਂਧੀ ਦੇ ਕਤਲ ਦੀ ਨਵੇਂ ਸਿਰਿਓਂ ਜਾਂਚ ਦੀ ਮੰਗ ਕਰਨ ਵਾਲੀ ਅਰਜ਼ੀ ਉਤੇ ਸੁਪਰੀਮ ਕੋਰਟ ਨੇ ਕਈ ਘੋਖਵੇਂ ਸਵਾਲ ਪੁੱਛੇ ਅਤੇ ਸੀਨੀਅਰ ਵਕੀਲ ਅਮਰੇਂਦਰ ਸ਼ਰਨ ਨੂੰ ਇਸ ਮਾਮਲੇ ਵਿਚ ਮਦਦ ਲਈ ਅਦਾਲਤੀ ਮਿੱਤਰ ਨਿਯੁਕਤ ਕਰ



ਦਿੱਤਾ ਹੈ।

ਬੈਂਚ ਦਾ ਪਹਿਲਾਂ ਵਿਚਾਰ ਸੀ ਕਿ ਇਸ ਕੇਸ, ਜਿਸ ਉਤੇ ਬਹੁਤ ਸਮਾਂ ਪਹਿਲਾਂ ਫੈਸਲਾ ਹੋ ਚੁੱਕਾ ਹੈ, ਵਿਚ 'ਕਾਨੂੰਨ ਦੀ ਦ੍ਰਿਸ਼ਟੀ ਵਿਚ ਕੁਝ ਨਹੀਂ ਕੀਤਾ ਜਾ ਸਕਦਾ' ਪਰ ਬਾਅਦ ਵਿਚ ਬੈਂਚ ਨੇ ਸਾਬਕਾ ਐਡੀਸ਼ਨਲ ਸਾਲਿਸਟਰ ਜਨਰਲ ਐਡਵੋਕੇਟ ਸ਼ਰਨ ਨੂੰ ਕਿਹਾ ਕਿ ਅਦਾਲਤੀ ਟਿੱਪਣੀਆਂ ਉਸ ਨੂੰ ਇਸ ਮਾਮਲੇ ਵਿਚ ਪਹੁੰਚ ਕਰਨ ਤੋਂ ਨਹੀਂ ਰੋਕਦੀਆਂ। ਅਗਲੀ ਸੁਣਵਾਈ 30 ਅਕਤੂਬਰ ਉਤੇ ਪਾਉਂਦਿਆਂ ਬੈਂਚ ਨੇ ਸਵਾਲ ਕੀਤਾ ਕਿ ਇਸ ਕੇਸ 'ਚ ਨਵੇਂ ਸਿਰਿਓਂ ਪੜਤਾਲ ਉਤੇ ਹੁਣ ਸਬੂਤ ਕਿਵੇਂ ਇਕੱਤਰ ਕੀਤੇ ਜਾ ਸਕਦੇ ਹਨ? ਇਸ ਕੇਸ ਵਿਚ ਨਾਥੂਰਾਮ ਵਿਨਾਇਕ ਗੌਡਸੇ ਅਤੇ ਨਾਰਾਇਣਨ ਆਪਟੇ ਨੂੰ 15 ਨਵੰਬਰ, 1949 ਵਿਚ ਫਾਂਸੀ ਦਿੱਤੀ ਗਈ ਸੀ।

ਪਟੀਸ਼ਨਰ ਨੇ ਕਿਹਾ ਕਿ ਉਸ ਨੂੰ ਸਮਾਂ ਦੇਣਾ ਚਾਹੀਦਾ ਹੈ ਕਿਉਂਕਿ ਇਸ ਕਤਲ ਨਾਲ ਸਬੰਧਤ ਕੁਝ ਸੰਵੇਦਨਸ਼ੀਲ ਦਸਤਾਵੇਜ਼ ਜਨਤਕ ਕਰਨ ਲਈ ਉਸ ਦੀ ਕੌਮੀ ਪੁਰਾਤਤਵ ਤੇ ਖੋਜ ਪ੍ਰਸ਼ਾਸਨ, ਮੈਰੀਲੈਂਡ (ਅਮਰੀਕਾ) ਅੱਗੇ ਅਪੀਲ ਉਤੇ ਅਜੇ ਫੈਸਲਾ ਨਹੀਂ ਹੋਇਆ ਹੈ। ਇਸ ਬਾਅਦ ਬੈਂਚ ਨੇ ਆਪਣਾ ਮਨ ਬਦਲ ਲਿਆ ਸੀ।

'ਅਭਿਨਵ ਭਾਰਤ' ਦੇ ਟਰੱਸਟੀ ਤੇ ਖੋਜਕਾਰ ਡਾ. ਪੰਕਜ ਫੜਨੀਸ ਨੇ ਇਸ ਕੇਸ ਦੇ ਇਤਿਹਾਸ ਦੀ ਸਭ ਤੋਂ ਵੱਡੀ ਲਿੱਪਾ-ਪੋਚੀ ਹੋਣ ਦਾ ਦਾਅਵਾ ਕਰਦਿਆਂ ਇਸ ਦੀ ਕਈ ਪੱਖਾਂ ਦੇ ਆਧਾਰ ਉਤੇ ਜਾਂਚ ਮੁੜ ਖੋਲ੍ਹਣ ਲਈ ਪਟੀਸ਼ਨ ਦਾਖਲ ਕੀਤੀ ਸੀ। ਉਸ ਨੇ 'ਤਿੰਨ ਗੋਲੀਆਂ ਵਾਲੀ ਥਿਊਰੀ' ਉਤੇ ਵੀ ਸਵਾਲ ਉਠਾਇਆ ਸੀ, ਜਿਸ ਦੇ ਆਧਾਰ ਉਤੇ ਕਈ ਅਦਾਲਤਾਂ ਨੇ ਗੌਡਸੇ ਤੇ ਆਪਟੇ ਨੂੰ ਦੋਸ਼ੀ ਠਹਿਰਾਇਆ ਸੀ ਅਤੇ ਵਿਨਾਇਕ ਦਮੋਦਰ ਸਾਵਰਕਰ ਨੂੰ ਸਬੂਤਾਂ ਦੀ ਘਾਟ ਦਾ ਲਾਭ ਦਿੱਤਾ ਸੀ। ਉਸ ਨੇ ਦਾਅਵਾ ਕੀਤਾ ਸੀ ਕਿ ਦੋ ਦੋਸ਼ੀਆਂ ਤੋਂ ਇਲਾਵਾ ਕੋਈ ਤੀਜਾ ਹਤਿਆਰਾ ਵੀ ਹੋ ਸਕਦਾ ਹੈ।

# ਸਿੱਖ ਕਤਲੇਆਮ: ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਪੱਖ ਰੱਖਣ ਲਈ ਆਖਰੀ ਮੌਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿਚ ਮਾਰੇ ਗਏ 127 ਸਿੱਖਾਂ ਦੇ ਮਾਮਲੇ 'ਚ ਕੇਂਦਰ ਤੇ ਉਤਰ ਪ੍ਰਦੇਸ਼ ਸਰਕਾਰ ਨੂੰ ਆਪਣਾ ਪੱਖ ਰੱਖਣ ਲਈ ਆਖਰੀ ਮੌਕਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਅਤੇ ਉਤਰ ਪ੍ਰਦੇਸ਼ ਸਰਕਾਰ ਨੂੰ ਬੀਤੀ ਦੋ ਅਗਸਤ ਨੂੰ ਸੁਪਰੀਮ ਕੋਰਟ ਵੱਲੋਂ ਜਾਰੀ ਕੀਤੇ ਨੋਟਿਸ ਦੇ ਬਾਵਜੂਦ ਦੋਵਾਂ ਸਰਕਾਰਾਂ ਵੱਲੋਂ ਆਪਣਾ ਜਵਾਬ ਦਾਖਲ ਕਰਨ ਲਈ 4 ਹਫਤੇ ਦਾ ਹੋਰ ਸਮਾਂ ਦੇਣ ਦੀ ਮੰਗ ਕੀਤੀ ਗਈ। ਬੈਂਚ ਨੇ ਦੋਵਾਂ ਸਰਕਾਰਾਂ ਦੀ ਮੰਗ ਨੂੰ ਪ੍ਰਵਾਨ ਕਰਦੇ ਹੋਏ ਅਗਲੀ ਸੁਣਵਾਈ 6 ਦਸੰਬਰ ਨੂੰ ਕਰਨ ਦਾ ਆਦੇਸ਼ ਦਿੱਤਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਭੋਗਲ ਵੱਲੋਂ ਇਸ ਮਸਲੇ ਦੀ ਜਾਂਚ ਐਸ.ਆਈ.ਟੀ. ਜਾਂ ਸੀ.ਬੀ.ਆਈ. ਪਾਸੋਂ ਕਰਵਾਉਣ ਲਈ ਲੋਕ ਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ।

ਸੁਣਵਾਈ ਦੌਰਾਨ ਦਿੱਲੀ ਕਮੇਟੀ ਦੇ ਐਡਵੋਕੇਟ ਪ੍ਰਸੁੰਨ ਕੁਮਾਰ ਨਾਲ ਮੌਜੂਦ ਰਹੇ ਭੋਗਲ ਤੇ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਨੇ ਸਰਕਾਰਾਂ ਦੀ ਭੂਮਿਕਾ ਨੂੰ ਸਵਾਲਾਂ ਦੇ ਘੇਰੇ 'ਚ ਖੜ੍ਹਾ ਕੀਤਾ। ਉਕਤ ਆਗੂਆਂ ਨੇ ਕਿਹਾ ਕਿ ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੀ ਤਰਜ਼ 'ਤੇ ਮੌਜੂਦਾ ਯੋਗੀ ਸਰਕਾਰ ਵੀ ਕਾਤਲਾਂ ਨੂੰ ਕਾਨੂੰਨ ਦੇ ਸ਼ਿਕੰਜੇ ਵਿਚ ਲੈਣ ਤੋਂ ਕਿਨਾਰਾ ਕਰਦੀ ਨਜ਼ਰ ਆ ਰਹੀ ਹੈ। ਕੇਂਦਰ ਸਰਕਾਰ ਦਾ ਗ੍ਰਹਿ ਮੰਤਰਾਲਾ ਵੀ ਇਸ ਮਸਲੇ 'ਤੇ ਦੋ ਮਹੀਨੇ ਬਾਅਦ ਵੀ ਜਵਾਬ ਦਾਖਲ ਨਾ ਕਰਨ ਦੀ ਥਾਂ ਹੋਰ ਸਮਾਂ ਮੰਗ ਕੇ ਡੰਗ ਟਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com





ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪੰਜਾਬੀ ਨੂੰ ਹੱਕ ਦਿਵਾਉਣ ਲਈ ਕੰਨੜ ਪ੍ਰੋਫੈਸਰ ਨੇ ਝੰਡਾ ਚੁੱਕਿਆ

**ਪਟਿਆਲਾ:** ਇਕ ਕੰਨੜ ਪ੍ਰੋਫੈਸਰ ਨੇ ਪੰਜਾਬੀ ਨੂੰ ਬਣਦਾ ਹੱਕ ਦਿਵਾਉਣ ਲਈ ਝੰਡਾ ਚੁੱਕਿਆ ਹੋਇਆ ਹੈ। ਇਸ ਪ੍ਰੋਫੈਸਰ ਨੇ ਪੰਜਾਬ ਵਿਚ ਕੌਮੀ ਰਾਜ ਮਾਰਗਾਂ ਉਤੇ ਪੰਜਾਬੀ ਨੂੰ ਮਾਣ ਦੁਆਉਣ ਲਈ ਪੀ.ਡਬਲਿਊ.ਡੀ. ਨੂੰ ਕਾਨੂੰਨੀ ਨੋਟਿਸ ਦਿੱਤਾ ਹੈ। ਉਸ ਨੇ ਮੁੱਖ ਮੰਤਰੀ ਦੇ ਸ਼ਹਿਰ ਪਟਿਆਲਾ ਵਿਚ ਇਕੱਲਿਆਂ ਹੀ ਪੰਜਾਬੀ ਲਈ ਰੋਸ ਮਾਰਚ ਕੱਢਿਆ। ਭਾਵੇਂ ਮਾਂ ਬੋਲੀ ਨੂੰ ਮਾਣ ਦੁਆਉਣ ਦਾ ਜ਼ਿੰਮਾ ਪੰਜਾਬੀਆਂ ਦਾ ਹੈ, ਪਰ ਕੰਨੜ ਦਾ ਇਕ ਪ੍ਰੋਫੈਸਰ ਇਸ ਨੂੰ ਨਿਭਾ ਰਿਹਾ ਹੈ। ਪ੍ਰੋਫੈਸਰ ਨੇ ਪੰਜਾਬ ਵਿਚ ਕੌਮੀ ਰਾਜ ਮਾਰਗਾਂ ਉਤੇ ਲਿਖੇ ਸਾਈਨ ਬੋਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਤੀਜੇ ਸਥਾਨ ਉਤੇ ਲਿਖਣ ਵਿਰੁੱਧ ਪੀ. ਡਬਲਿਊ. ਡੀ. ਤੇ ਬੀ. ਐਂਡ ਆਰ. ਵਿਭਾਗ ਨੂੰ ਕਾਨੂੰਨੀ ਨੋਟਿਸ ਦੇ ਕੇ ਤਿੰਨ ਮਹੀਨਿਆਂ ਅੰਦਰ ਬੋਰਡਾਂ 'ਤੇ ਪੰਜਾਬੀ ਪਹਿਲੇ ਨੰਬਰ ਉਤੇ ਲਿਖਣ ਵਾਸਤੇ ਆਖਿਆ ਹੈ।

ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ ਸਹਾਇਕ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾ ਰਹੇ ਪ੍ਰੋ. ਪੰਡਿਤ ਰਾਓ ਧਰੇਨਵਰ ਨੇ ਪੰਜਾਬੀ ਭਾਸ਼ਾ ਨੂੰ ਪਹਿਲੇ ਨੰਬਰ ਉਤੇ ਲਿਖਵਾਉਣ ਦੀ ਮੰਗ ਲਈ ਬੱਸ ਅੱਡੇ ਤੋਂ ਲੈ ਕੇ ਮਿੰਨੀ ਸਕੱਤਰੇਤ ਵਿਚ ਪੀ.ਡਬਲਿਊ.ਡੀ. ਤੇ ਬੀ. ਐਂਡ ਆਰ. ਵਿਭਾਗ ਦੇ ਮੁੱਖ ਦਫਤਰ ਤੱਕ ਇਕੱਲਿਆਂ ਹੀ ਮਾਰਚ ਕੱਢਿਆ। ਉਸ ਨੇ 'ਪੰਜਾਬੀ ਮਾਂ ਬੋਲੀ ਦਾ ਸਤਿਕਾਰ ਕਰੋ ਜੀ' ਦੀ ਤਖਤੀ ਆਪਣੇ ਸਿਰ ਉਤੇ ਚੁੱਕੀ ਹੋਈ ਸੀ। ਇਹ ਪ੍ਰੋਫੈਸਰ ਫਿਰ ਪੀ.ਡਬਲਿਊ.ਡੀ. ਦੇ ਚੀਫ ਇੰਜੀਨੀਅਰ ਕੋਲ ਪਹੁੰਚਿਆ ਤੇ ਉਨ੍ਹਾਂ ਨੂੰ ਪੱਤਰ ਨੁਮਾ ਇਹ ਨੋਟਿਸ ਸੌਂਪਿਆ। ਪ੍ਰੋ. ਪੰਡਤ ਰਾਓ ਧਰੇਨਵਰ ਨੇ ਦੱਸਿਆ ਕਿ ਇਹ ਨੋਟਿਸ ਤਿੰਨ ਮਹੀਨਿਆਂ ਲਈ ਹੈ ਤੇ ਜੇਕਰ ਵਿਭਾਗ ਨੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਪੰਜਾਬ ਵਿਚਲੇ ਕੌਮੀ ਰਾਜ ਮਾਰਗਾਂ ਉਤੇ ਬੋਰਡਾਂ ਉਪਰ ਪੰਜਾਬੀ ਪਹਿਲੇ ਨੰਬਰ 'ਤੇ ਨਾ ਲਿਖੀ ਤਾਂ ਉਹ ਕੋਰਟ ਜਾਣਗੇ।




ਉਨ੍ਹਾਂ ਨੇ ਕੌਮੀ ਰਾਜ ਮਾਰਗ ਨੰਬਰ 54 ਦੀਆਂ ਤਸਵੀਰਾਂ ਵਿਖਾਉਂਦਿਆਂ ਦੱਸਿਆ ਕਿ ਹਿੰਦੀ ਪਹਿਲੇ, ਅੰਗਰੇਜ਼ੀ ਦੂਜੇ ਤੇ ਪੰਜਾਬੀ ਤੀਜੇ ਨੰਬਰ ਉਤੇ ਲਿਖੀ ਗਈ ਹੈ ਜਦਕਿ 1963 ਦੇ ਸਰਕਾਰੀ ਭਾਸ਼ਾ ਐਕਟ ਅਨੁਸਾਰ ਸਥਾਨਕ ਭਾਸ਼ਾ ਪਹਿਲੇ ਨੰਬਰ 'ਤੇ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਤੀਜੇ ਸਥਾਨ ਉਤੇ ਲਿਖਣਾ ਮਾਂ ਬੋਲੀ ਦਾ ਅਪਮਾਨ ਹੈ। ਪੰਜਾਬ ਵਿਚ ਤਾਂ ਮੀਲ ਪੱਥਰ ਵੀ ਹੁਣ ਹਿੰਦੀ ਵਿਚ ਲਿਖੇ ਜਾ ਰਹੇ ਹਨ ਜੋ ਹੈਰਾਨੀਜਨਕ ਵਰਤਾਰਾ ਹੈ। ਪ੍ਰੋ. ਪੰਡਤ ਰਾਓ ਧਰੇਨਵਰ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਹੈ ਕਿ ਇਨ੍ਹਾਂ ਬੋਰਡਾਂ ਉਤੇ ਪੰਜਾਬੀ ਪਹਿਲੇ ਨੰਬਰ 'ਤੇ ਲਿਖ ਦਿੱਤੀ ਜਾਵੇਗੀ।

ਦੱਸਣਯੋਗ ਹੈ ਕਿ ਮੂਲ ਰੂਪ ਵਿਚ ਕਰਨਾਟਕਾ ਦੇ ਰਹਿਣ ਵਾਲੇ ਪ੍ਰੋ. ਪੰਡਤ ਰਾਓ ਧਰੇਨਵਰ ਨੇ ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ, ਆਸਾ ਦੀ ਵਾਰ ਤੇ ਜ਼ਫਰਨਾਮੇ ਦਾ ਕੰਨੜ ਭਾਸ਼ਾ ਵਿਚ ਤਰਜਮਾ ਵੀ ਕੀਤਾ ਹੈ।

## ਸ਼੍ਰੋਮਣੀ ਕਮੇਟੀ ਕਰੇਗੀ ਪ੍ਰੋ. ਧਰੇਨਵਰ ਦਾ ਸਨਮਾਨ

**ਪਟਿਆਲਾ:** ਸੂਬੇ ਵਿਚ ਮਾਂ ਬੋਲੀ ਦੇ ਵਿਕਾਸ ਅਤੇ ਗੁਰਬਾਣੀ ਦਾ ਕੰਨੜ ਭਾਸ਼ਾ ਵਿਚ ਅਨੁਵਾਦ ਕਰਨ ਵਾਲੇ ਪ੍ਰੋਫੈਸਰ ਪੰਡਿਤ ਰਾਓ ਧਰੇਨਵਰ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਜਾਵੇਗਾ। ਪ੍ਰੋ. ਧਰੇਨਵਰ ਵੱਲੋਂ ਪਟਿਆਲਾ ਵਿਚ ਪੰਜਾਬੀ ਮਾਂ ਬੋਲੀ ਦਾ ਹੋਕਾ ਦਿੰਦਿਆਂ ਪੰਜਾਬ ਵਿਚ ਕੌਮੀ ਰਾਜ ਮਾਰਗਾਂ 'ਤੇ ਲੱਗੇ ਸਾਈਨ ਬੋਰਡਾਂ 'ਤੇ ਪੰਜਾਬੀ ਤੀਜੀ ਥਾਂ ਉਤੇ ਲਿਖਣ ਵਿਰੁੱਧ ਮਾਰਚ ਕੱਢਿਆ ਗਿਆ ਸੀ। ਉਨ੍ਹਾਂ ਪੰਜਾਬੀ ਭਾਸ਼ਾ ਨੂੰ ਪਹਿਲੇ ਨੰਬਰ 'ਤੇ ਲਿਖਵਾਉਣ ਦੀ ਮੰਗ ਕਰਦਿਆਂ ਇਹ ਕਦਮ ਚੁੱਕਿਆ।

## ਪਾਕਿਸਤਾਨ ਵਿਚ ਮਿਲਿਆ ਪੰਜਾਬੀ ਬੋਲੀ ਨੂੰ ਮਾਣ

**ਲਾਹੌਰ:** ਪਾਕਿਸਤਾਨ ਦੇ ਜਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਚ ਮੁੱਖ ਸੜਕ ਉਤੇ ਗੁਰਮੁਖੀ ਵਿਚ ਲਿਖੇ ਸੂਚਨਾ ਬੋਰਡ ਲਾਉਣ ਤੋਂ ਬਾਅਦ ਹੁਣ ਇਹ ਬੋਰਡ ਫੈਸਲਾਬਾਦ ਅਤੇ ਸ਼ੇਖ਼ੂਪੁਰਾ ਦੇ ਪ੍ਰਮੁੱਖ ਚੌਕਾਂ ਵਿਚ ਵੀ ਲਗਵਾਏ ਜਾ ਰਹੇ ਹਨ। ਪਾਕਿਸਤਾਨ ਦੀ ਸਟੈਂਡਿੰਗ ਕਮੇਟੀ ਬਰਾਏ ਇਨਸਾਨੀ ਹਕੂਕ ਦੇ ਚੇਅਰਮੈਨ ਐਮ. ਪੀ.ਏ. ਰਮੇਸ਼ ਸਿੰਘ ਅਰੋੜਾ ਦੇ ਯਤਨਾਂ ਸਦਕਾ ਗੁਰਮੁਖੀ ਵਿਚ ਲਿਖ ਕੇ ਲਵਾਏ ਗਏ ਇਹ ਸੂਚਨਾ ਬੋਰਡ ਪਾਕਿਸਤਾਨੀ ਨਾਗਰਿਕਾਂ ਸਮੇਤ ਵਿਦੇਸ਼ੀ ਯਾਤਰੂਆਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਹਨ। ਗੁਰਮੁਖੀ, ਉਰਦੂ ਤੇ ਅੰਗਰੇਜ਼ੀ ਵਿਚ ਲਿਖੇ ਇਹ ਬੋਰਡ ਲਾਹੌਰ ਤੋਂ ਸ੍ਰੀ ਨਨਕਾਣਾ ਸਾਹਿਬ ਨੂੰ ਜਾਂਦੇ ਮੁੱਖ ਰਸਤੇ, ਸ਼ੇਖ਼ੂਪੁਰਾ ਬਾਈਪਾਸ ਚੌਕ, ਮਾਨਾਂਵਾਲਾ ਮੋੜ, ਸ੍ਰੀ ਨਨਕਾਣਾ ਸਾਹਿਬ ਬਾਈਪਾਸ ਤੇ ਫਾਰੂਖਾਬਾਦ ਬਾਈਪਾਸ ਉਤੇ ਲਾਏ ਗਏ ਹਨ। ਜਾਣਕਾਰੀ ਅਨੁਸਾਰ ਸ਼ੇਖ਼ੂਪੁਰਾ ਚੌਂਕ ਵਿਚ ਲਾਏ ਗਏ ਨੀਲੇ ਰੰਗ ਦੇ ਦਿਸ਼ਾ ਸੂਚਨਾ ਬੋਰਡ 'ਤੇ ਸਭ ਤੋਂ ਉਪਰ ਗੁਰਮੁਖੀ ਵਿਚ ਨਨਕਾਣਾ ਸਾਹਿਬ, ਫੈਸਲਾਬਾਦ ਅਤੇ ਸ਼ੇਖ਼ੂਪੁਰਾ ਲਿਖਿਆ ਗਿਆ ਹੈ ਅਤੇ ਇਸੇ ਤਰ੍ਹਾਂ ਹੇਠਾਂ ਅੰਗਰੇਜ਼ੀ ਅਤੇ ਉਰਦੂ ਵਿਚ ਇਹ ਸ਼ਬਦਾਵਲੀ ਲਿਖੀ ਗਈ। ਫ਼ਾਰੂਖਾਬਾਦ ਦੇ ਚੂਹੜਖਾਨਾ ਨੂੰ ਜਾਂਦੀ ਸੜਕ ਉਤੇ ਗੁਰਦੁਆਰਾ ਸ੍ਰੀ ਸੱਚਾ ਸੌਦਾ ਸਾਹਿਬ ਤੋਂ ਤਕਰੀਬਨ 16 ਕਿੱਲੋਮੀਟਰ ਪਹਿਲਾਂ ਬਾਈਪਾਸ ਚੌਂਕ ਵਿਚ ਲਾਏ ਗਏ ਹੋਰਡਿੰਗ 'ਤੇ ਸਭ ਤੋਂ ਉਪਰ ਗੁਰਮੁਖੀ ਵਿਚ ਫੈਸਲਾਬਾਦ 101 ਕਿਲੋਮੀਟਰ, ਨਨਕਾਣਾ ਸਾਹਿਬ 51 ਕਿਲੋਮੀਟਰ, ਸੱਚਾ ਸੌਦਾ 16 ਕਿਲੋਮੀਟਰ ਅਤੇ ਗੁਜਰਾਂਵਾਲਾ 56 ਕਿਲੋਮੀਟਰ ਲਿਖਿਆ ਗਿਆ ਹੈ।




ਇਸ ਦੇ ਹੇਠਾਂ ਇਹੋ ਸ਼ਬਦਾਵਲੀ ਅੰਗਰੇਜ਼ੀ ਤੇ ਉਰਦੂ ਵਿਚ ਵੀ ਲਿਖੀ ਗਈ ਹੈ। ਉਕਤ ਦੇ ਨਾਲ-ਨਾਲ ਅਰੋੜਾ ਵੱਲੋਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਪੱਟੀ ਸਾਹਿਬ ਅਤੇ ਗੁਰਦੁਆਰਾ ਬਾਲ ਲੀਲ੍ਹਾ ਤੱਕ ਦੀ ਸੜਕ ਪੱਕੀ ਕਰਵਾ ਕੇ ਉਥੇ ਵੀ ਗੁਰਮੁਖੀ ਵਿਚ ਲਿਖੇ ਸੂਚਨਾ ਬੋਰਡ ਲਵਾਏ ਗਏ ਹਨ। ਉਧਰ, ਪਾਕਿਸਤਾਨ ਦੇ ਮਹਿਕਮਾ ਇਵੇਕੁਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਲਾਹੌਰ ਪ੍ਰਸ਼ਾਸਨ ਦੇ ਸਹਿਯੋਗ ਨਾਲ ਲਾਹੌਰ ਸ਼ਹਿਰ ਦੀ ਫਿਰੋਜ਼ਪੁਰ ਰੋਡ 'ਤੇ ਉਸਾਰੀ ਗਈ ਐਲੀਵੇਟਿਡ ਰੋਡ ਹੇਠਾਂ ਬਣਾਈਆਂ ਬੁਰਜੀਆਂ ਉਤੇ ਪਾਕਿਸਤਾਨ ਵਿਚ ਮੌਜੂਦ ਗੁਰਦੁਆਰਿਆਂ ਦੀਆਂ ਤਸਵੀਰਾਂ ਦੀਆਂ ਫਲੈਕਸ ਲਾਈਆਂ ਗਈਆਂ ਹਨ। ਰਾਹਗੀਰਾਂ ਦੀ ਖਿੱਚ ਦਾ ਕੇਂਦਰ ਬਣੀਆਂ ਫਿਰੋਜ਼ਪੁਰ ਰੋਡ ਦੀਆਂ ਉਕਤ ਬੁਰਜੀਆਂ 'ਤੇ ਲਾਈਆਂ ਰੰਗਦਾਰ ਫਲੈਕਸਾਂ 'ਚ ਗੁਰਦੁਆਰਾ ਕੋਠਾ ਸਾਹਿਬ (ਵਜ਼ੀਰਾਬਾਦ), ਗੁਰਦੁਆਰਾ ਬਾਬਾ ਜਮੀਅਤ ਸਿੰਘ (ਲਾਹੌਰ), ਗੁਰਦੁਆਰਾ ਮਖ਼ਦੂਮਪੁਰ ਪਹੋੜਾ , ਗੁਰਦੁਆਰਾ ਬਾਬਾ ਥਾਨ ਸਿੰਘ (ਅਟਕ) ਤੇ ਮਹਾਰਾਜਾ ਰਣਜੀਤ ਸਿੰਘ ਦੀ ਗੁਜਰਾਂਵਾਲਾ ਸਥਿਤ ਜੱਦੀ ਹਵੇਲੀ ਦੀਆਂ ਤਸਵੀਰਾਂ ਸ਼ਾਮਲ ਹਨ।

# ਹਰਸਿਮਰਤ ਨੂੰ 31 ਏਕੜ ਜ਼ਮੀਨ ਤੋਹਫੇ ਵਿਚ ਮਿਲੀ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਹਰਿਆਣਾ ਵਿਚ ਤਕਰੀਬਨ 5.59 ਕਰੋੜ ਰੁਪਏ ਦੀ ਜ਼ਮੀਨ ਤੋਹਫੇ ਵਿਚ ਮਿਲੀ ਹੈ, ਜਿਸ ਮਗਰੋਂ ਬੀਬੀ ਬਾਦਲ ਵੀ ਖੇਤੀਯੋਗ ਜ਼ਮੀਨ ਦੀ ਮਾਲਕਣ ਬਣ ਗਈ ਹੈ। ਕੇਂਦਰੀ ਮੰਤਰੀ ਨੂੰ ਹਰਿਆਣਾ ਦੇ ਪਿੰਡ ਰਣੀਆ (ਸਿਰਸਾ) ਵਿਚ 255 ਕਨਾਲਾਂ 12 ਮਰਲੇ (ਕਰੀਬ 31 ਏਕੜ) ਜ਼ਮੀਨ ਤੋਹਫੇ ਵਿਚ ਮਿਲੀ ਹੈ, ਜਿਸ ਦੀ 'ਗਿਫਟ ਡੀਲ' 20 ਅਕਤੂਬਰ 2016 ਨੂੰ ਹੋਈ ਹੈ।

ਹਰਸਿਮਰਤ ਕੌਰ ਬਾਦਲ ਵੱਲੋਂ ਪ੍ਰਧਾਨ ਮੰਤਰੀ ਦਫਤਰ ਨੂੰ ਦਿੱਤੇ 2016-17 ਦੀ ਜਾਇਦਾਦ ਦੇ ਵੇਰਵਿਆਂ ਵਿਚ ਤੋਹਫੇ ਵਿਚ ਮਿਲੀ ਜ਼ਮੀਨ ਦੇ ਵੇਰਵੇ ਵੀ ਦਰਜ ਹਨ। ਇਸ ਤੋਂ ਪਹਿਲਾਂ ਜ਼ਮੀਨ ਦੀ ਮਾਲਕੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੇ ਨਾਮ ਹੀ ਰਹੀ ਹੈ। ਵੇਰਵਿਆਂ ਅਨੁਸਾਰ ਕੇਂਦਰੀ ਮੰਤਰੀ ਬੀਬੀ ਬਾਦਲ ਦਾ ਇਸ ਤੋਂ ਪਹਿਲਾਂ ਖੇਤੀ ਵਾਲੀ ਜ਼ਮੀਨ ਵਿਚ ਨਾਮ ਨਹੀਂ ਸੀ, ਪਰ ਹੁਣ ਉਹ ਅਚੱਲ ਸੰਪਤੀ ਦੀ ਮਾਲਕਣ ਵੀ ਬਣ ਗਈ ਹੈ। ਇਸ ਤੋਂ ਪਹਿਲਾਂ ਬੀਬੀ ਸੁਰਿੰਦਰ ਕੌਰ ਬਾਦਲ ਦੀ ਵਸੀਅਤ ਵਿਚੋਂ ਹਰਸਿਮਰਤ ਕੌਰ ਨੂੰ ਗਹਿਣੇ ਵੀ ਮਿਲੇ ਸਨ। ਬੀਬੀ ਬਾਦਲ ਕੋਲ ਇਸ ਵੇਲੇ ਕਰੀਬ ਛੇ ਕਰੋੜ ਦੇ ਗਹਿਣੇ ਹਨ ਤੇ 2015-16 ਦੌਰਾਨ ਇਕ ਵਰ੍ਹੇ ਵਿਚ ਖਰੀਦੇ ਕਰੀਬ 62 ਲੱਖ ਦੇ ਗਹਿਣੇ ਵੀ ਇਸ ਵਿਚ ਸ਼ਾਮਲ ਹਨ। ਮੋਟੀ ਨਜ਼ਰ ਮਾਰੀਏ ਤਾਂ ਕੇਂਦਰੀ ਮਹਿਲਾ ਮੰਤਰੀਆਂ ਵਿਚੋਂ ਸਭ ਤੋਂ ਜ਼ਿਆਦਾ ਗਹਿਣੇ ਬੀਬੀ ਬਾਦਲ ਕੋਲ ਹੀ ਹਨ। ਦੱਸਣਯੋਗ ਹੈ ਕਿ ਹਰਿਆਣਾ ਦੇ ਪਿੰਡ ਰਣੀਆ ਵਿਚ ਸੁਖਬੀਰ ਸਿੰਘ ਬਾਦਲ ਕੋਲ ਵੀ 64.62 ਲੱਖ ਰੁਪਏ ਦੀ ਜ਼ਮੀਨ ਹੈ।



# ਉਤਰੀ ਕੈਲੀਫੋਰਨੀਆ ਵਿਚ ਭਿਆਨਕ ਅੱਗ ਨੇ ਲਈਆਂ 15 ਜਾਨਾਂ



**ਲਾਸ ਏਂਜਲਸ (ਬਿਊਰੋ):** ਉਤਰੀ ਕੈਲੀਫੋਰਨੀਆ ਵਿਚ 12 ਵਖ ਵਖ ਥਾਂਈਂ ਐਤਵਾਰ ਨੂੰ ਲੱਗੀ ਅੱਗ ਕਾਰਨ ਮੰਗਲਵਾਰ ਤਕ ਘਟੋਘਟ 15 ਜਣੇ ਮੌਤ ਦੇ ਮੂੰਹ ਜਾ ਚੁਕੇ ਸਨ। ਇਨ੍ਹਾਂ ਵਿਚੋਂ 9 ਮੌਤਾਂ ਸੋਨੋਮਾ ਕਾਊਂਟੀ ਅਤੇ ਦੋ ਮੌਤਾਂ ਨਾਪਾ ਕਾਊਟੀ ਵਿਚ ਹੋਈਆਂ ਹਨ। ਨਾਪਾ ਕਾਊਂਟੀ ਵਿਚ ਮਾਰੇ ਗਏ ਲੋਕਾਂ ਵਿਚ 100 ਸਾਲਾ ਬਜੁਰਗ ਚਾਰਲਸ ਰਿਪੀ ਅਤੇ 98 ਸਾਲਾ ਉਸ ਦੀ ਪਤਨੀ ਸਾਰਾ ਸ਼ਾਮਲ ਹਨ।

ਸਟੇਟ ਦੀ ਮਸ਼ਹੂਰ ਵਾਈਨ ਵੈਲੀ ਵਿਚੋਂ 20,000 ਤੋਂ ਵੱਧ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਭ ਤੋਂ ਭਿਆਨਕ ਅੱਗਾਂ ਸੋਨੋਮਾ, ਨਾਪਾ ਅਤੇ ਮੈਂਡੋਸੀਨੋ ਕਾਊਂਟੀਆਂ ਵਿਚ ਫੈਲੀ ਹੋਈ ਹੈ, ਜਿਸ ਨੇ ਖੂਬਸੂਰਤ ਭੂਦ੍ਰਿਸ਼ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਅਜੇ ਤਕ ਇਹ ਨਹੀਂ ਪਤਾ ਲਗ ਸਕਿਆ ਕਿ ਅੱਗ ਕਿਸੇ ਵਿਅਕਤੀ ਵਲੋਂ ਲਾਈ ਗਈ ਹੈ ਜਾਂ ਅਚਾਨਕ ਲੱਗੀ ਹੈ। ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਨਾਪਾ, ਸੋਨੋਮਾ ਅਤੇ ਯੂਬਾ ਕਾਊਂਟੀ 'ਚ ਐਮਰਜੈਂਸੀ ਲਾ ਦਿੱਤੀ ਗਈ ਹੈ। ਫਾਇਰ ਬ੍ਰਿਗੇਡ ਵਿਭਾਗ ਦੇ ਮੁਖੀ ਕਿਮ ਪਿਮਲੋਟ ਅਨੁਸਾਰ ਅੱਗ ਲੱਗਣ ਕਾਰਨ ਲਗਭਗ 1500 ਇਮਾਰਤਾਂ ਬਰਬਾਦ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ, "ਸਾਡਾ ਪੂਰਾ ਧਿਆਨ ਲੋਕਾਂ ਦੀ ਜਾਨ ਬਚਾਉਣ 'ਤੇ ਹੈ। ਅੱਗ 'ਤੇ ਕਾਬੂ ਪਾਉਣ ਲਈ ਸਾਰੇ ਉਪਕਰਣ ਇੱਥੇ ਮੌਜੂਦ ਹਨ।"

ਰਾਸ਼ਟਰੀ ਮੌਸਮ ਸੇਵਾ ਵਿਭਾਗ ਦੀ ਚਿਤਾਵਨੀ ਮੁਤਾਬਕ ਅੱਗ ਦਾ ਅਸਰ ਸੈਨ ਫਰਾਂਸਿਸਕੋ ਤਕ ਪਹੁੰਚਣ ਦਾ ਖਦਸ਼ਾ ਹੈ। ਤੇਜ਼ ਹਵਾਵਾਂ ਅਤੇ ਖੁਸ਼ਕ ਮੌਸਮ ਕਾਰਨ ਅੱਗ ਤੇਜ਼ੀ ਨਾਲ ਫੈਲ ਰਹੀ ਹੈ। ਨੌਰਥ ਕੈਲੀਫੋਰਨੀਆ ਦੇ ਸ਼ਹਿਰਾਂ ਸੈਂਟਾਰੋਜ਼ਾ ਅਤੇ ਕੈਲਸਟੋਗਾ ਵਿਚ ਵੀ ਅੱਗ ਨੇ ਭਾਰੀ ਤਬਾਹੀ ਮਚਾਈ ਹੋਈ ਹੈ।

## ਕੱਕਾਰਾਂ ਦੀ ਬੇਅਦਬੀ: ਚਾਰ ਨਾਮਜ਼ਦ

**ਤਰਨ ਤਾਰਨ (ਬਿਊਰੋ):** ਥਾਣਾ ਸਰਹਾਲੀ ਅਧੀਨ ਆਉਂਦੇ ਪਿੰਡ ਸ਼ੇਰੋਂ ਵਿਚ ਤਕਰੀਬਨ ਮਹੀਨਾ ਪਹਿਲਾਂ ਚਾਰ ਵਿਅਕਤੀਆਂ ਵੱਲੋਂ ਪਿੰਡ ਦੇ ਹੀ ਇਕ ਵਿਅਕਤੀ ਦੇ ਘਰ ਦਾਖਲ ਹੋ ਕੇ ਕਰਾਰਾਂ ਦੀ ਬੇਅਦਬੀ ਕਰਨ ਅਤੇ ਪਰਿਵਾਰ ਦੀਆਂ ਮਹਿਲਾ ਮੈਂਬਰਾਂ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ਵਿਚ ਪੁਲਿਸ ਨੇ ਧਾਰਾ 323, 452, 354, 509, 295 ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਸ਼ਨਾਖਤ ਰਣਜੀਤ ਸਿੰਘ, ਹਰਦੇਵ ਸਿੰਘ ਰੈਂਬੋ, ਤੀਰਥ ਸਿੰਘ ਹੈਪੀ ਤੇ ਅਮਰਜੀਤ ਸਿੰਘ ਵਜੋਂ ਹੋਈ ਹੈ।

ਪੀੜਤ ਗੁਰਮੀਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਘਰ ਆ ਕੇ ਉਸ ਦੀ ਕੁੱਟਮਾਰ ਕੀਤੀ।

# ਇਸ ਵਾਰ ਪਰਮਾਣੂ ਹਥਿਆਰਾਂ ਦੇ ਖਾਤਮੇ ਦੇ ਨਾਂ ਰਿਹਾ ਨੋਬਲ ਅਮਨ ਪੁਰਸਕਾਰ

**ਓਸਲੋ:** ਇਸ ਵਾਰ ਦਾ ਨੋਬਲ ਅਮਨ ਪੁਰਸਕਾਰ ਪਰਮਾਣੂ ਹਥਿਆਰਾਂ ਦੇ ਖਾਤਮੇ ਲਈ ਕੌਮਾਂਤਰੀ ਮੁਹਿੰਮ (ਇੰਟਰਨੈਸ਼ਨਲ ਕੰਪੇਨ ਟੂ ਅਬੌਲਿਸ਼ ਨਿਊਕਲੀਅਰ ਵੀਪਨਜ਼-ਆਈਕੈਨ) ਨਾਮੀ ਸੰਸਥਾ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਸੰਸਥਾ ਕੌਮਾਂਤਰੀ ਸੰਧੀ ਆਧਾਰਤ ਪਾਬੰਦੀ ਰਾਹੀਂ ਪਰਮਾਣੂ ਹਥਿਆਰਾਂ ਦੇ ਖਾਤਮੇ ਲਈ ਮੁਹਿੰਮ ਚਲਾ ਰਹੀ ਹੈ।

ਜਨੇਵਾ ਆਧਾਰਤ ਆਈਕੈਨ ਨੂੰ 11 ਲੱਖ ਡਾਲਰ ਦਾ ਇਨਾਮ ਮਿਲੇਗਾ। ਇਹ ਐਲਾਨ ਕਰਦਿਆਂ ਨਾਰਵੇਜੀਅਨ ਨੋਬਲ ਕਮੇਟੀ ਦੀ ਮੁਖੀ ਬੇਰਿਟ ਰੀਸ-ਐਂਡਰਸਨ ਨੇ ਕਿਹਾ ਕਿ ਇਹ ਸੰਸਥਾ 'ਪਰਮਾਣੂ ਹਥਿਆਰਾਂ ਦੇ ਵਿਰੋਧ, ਇਨ੍ਹਾਂ ਉਤੇ ਰੋਕ ਅਤੇ ਇਨ੍ਹਾਂ ਦੇ ਖਾਤਮੇ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਦੁਨੀਆਂ ਭਰ ਦੇ ਮੁਲਕਾਂ ਨੂੰ ਸਹਿਯੋਗ ਲਈ ਮਨਾਉਣ ਵਾਸਤੇ ਇਕ ਵੱਡੀ ਤਾਕਤ' ਵਜੋਂ ਕੰਮ ਕਰ ਰਹੀ ਹੈ।

ਇਨਾਮ ਦਾ ਐਲਾਨ ਹੋਣ ਤੋਂ ਬਾਅਦ ਜਨੇਵਾ ਵਿਚ ਮੀਡੀਆ ਨੂੰ ਸੰਬੋਧਨ ਕਰਦਿਆਂ ਆਈਕੈਨ ਦੀ ਐਗਜ਼ੈਕਟਿਵ ਡਾਇਰੈਕਟਰ ਬੀਟਰਾਈਸ ਫਿੰਨ੍ਹ ਨੇ ਕਿਹਾ, "ਇਹ ਇਨਾਮ ਪਰਮਾਣੂ ਹਥਿਆਰਾਂ ਵਾਲੇ ਸਾਰੇ ਮੁਲਕਾਂ ਅਤੇ ਉਨ੍ਹਾਂ ਮੁਲਕਾਂ, ਜਿਹੜੇ ਹਾਲੇ ਵੀ ਆਪਣੀ ਸਲਾਮਤੀ ਲਈ ਪਰਮਾਣੂ ਹਥਿਆਰਾਂ ਉਤੇ ਨਿਰਭਰ ਹਨ, ਨੂੰ ਸੁਨੇਹਾ ਦਿੰਦਾ ਹੈ ਕਿ ਇਹ ਰਵੱਈਆ ਨਾ ਬਰਦਾਸ਼ਤਯੋਗ ਹੈ।"




ਬੀਬੀ ਫਿੰਨ੍ਹ ਨੇ ਕਿਹਾ ਕਿ ਇਨਾਮ ਬਾਰੇ ਜਾਣਕਾਰੀ ਦੇਣ ਲਈ ਉਨ੍ਹਾਂ ਨੂੰ ਫੋਨ ਆਇਆ ਤਾਂ ਇਕ ਵਾਰ ਜਾਪਿਆ ਜਿਵੇਂ ਕਿਸੇ ਨੇ ਮਜ਼ਾਕ ਕੀਤਾ ਹੋਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਖਬਰ ਟੀ.ਵੀ. ਚੈਨਲਾਂ ਉਤੇ ਨਸ਼ਰ ਨਹੀਂ ਹੋਈ, ਉਨ੍ਹਾਂ ਨੂੰ ਵਿਸ਼ਵਾਸ ਨਹੀਂ ਆਇਆ।

ਗੌਰਤਲਬ ਹੈ ਕਿ ਇਹ ਇਨਾਮ ਅਜਿਹੇ ਮੌਕੇ ਦਿੱਤਾ ਗਿਆ ਹੈ ਜਦੋਂ ਪਰਮਾਣੂ ਹਥਿਆਰਾਂ ਦੇ ਮੁੱਦੇ ਉਤੇ ਉਤਰੀ ਕੋਰੀਆ ਤੇ ਅਮਰੀਕਾ ਦਰਮਿਆਨ ਤਣਾਅ ਵਧਿਆ ਹੋਇਆ ਹੈ।

# ਬੇਅੰਤ ਸਿੰਘ ਦੇ ਪੋਤੇ ਨੂੰ ਡੀ.ਐਸ.ਪੀ. ਲਾਉਣ ਲਈ ਸਾਰੇ ਨਿਯਮ ਛਿੱਕੇ ਟੰਗੇ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਰਕਾਰ ਨੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਗੁਰਇਕਬਾਲ ਸਿੰਘ ਦੀ ਤਾਮਿਲ ਨਾਡੂ ਤੋਂ ਡਿਸਟੈਂਸ ਐਜੂਕੇਸ਼ਨ ਰਾਹੀਂ ਕੀਤੀ ਡਿਗਰੀ ਨੂੰ ਯੋਗ ਮੰਨ ਕੇ ਉਸ ਨੂੰ ਡੀ.ਐਸ.ਪੀ. ਭਰਤੀ ਕਰ ਲਿਆ ਹੈ ਜਦੋਂ ਕਿ 300 ਤੋਂ ਵੱਧ ਅਧਿਆਪਕਾਂ, ਕਲਰਕਾਂ ਤੇ ਲਾਇਬ੍ਰੇਰੀਅਨਾਂ ਦੀਆਂ ਅਜਿਹੀਆਂ ਡਿਗਰੀਆਂ ਨੂੰ ਅਯੋਗ ਕਰਾਰ ਦੇ ਕੇ ਉਨ੍ਹਾਂ ਦਾ ਭਵਿੱਖ ਦਾਅ ਉਤੇ ਲਾ ਦਿੱਤਾ ਹੈ। ਯੂ.ਜੀ.ਸੀ. ਦੇ 27 ਜੂਨ, 2013 ਦੇ ਨੋਟੀਫਿਕੇਸ਼ਨ ਮੁਤਾਬਕ ਕੋਈ ਵੀ ਸੂਬਾਈ ਯੂਨੀਵਰਸਿਟੀ ਆਪਣੇ ਰਾਜ ਤੋਂ ਬਾਹਰ ਡਿਸਟੈਂਸ ਐਜੂਕੇਸ਼ਨ ਰਾਹੀਂ ਡਿਗਰੀ ਜਾਂ ਕੋਰਸ ਨਹੀਂ ਕਰਵਾ ਸਕਦੀ।

ਯੂ.ਜੀ.ਸੀ. ਨੇ ਅਜਿਹੀਆਂ ਡਿਗਰੀਆਂ ਨੂੰ ਅਯੋਗ ਕਰਾਰ ਦੇਣ ਦਾ ਫੈਸਲਾ ਕੀਤਾ ਸੀ। ਇਸ ਤਹਿਤ ਪੰਜਾਬ ਸਰਕਾਰ ਨੇ ਹੋਰ ਰਾਜਾਂ ਤੋਂ ਡਿਸਟੈਂਸ ਐਜੂਕੇਸ਼ਨ ਰਾਹੀਂ ਡਿਗਰੀਆਂ ਕਰਨ ਵਾਲਿਆਂ ਨੂੰ ਨੌਕਰੀਆਂ ਦੇਣ ਅਤੇ ਕੱਚੇ ਮੁਲਾਜ਼ਮਾਂ



ਨੂੰ ਰੈਗੂਲਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਪਰ ਹੁਣ ਕਾਂਗਰਸ ਸਰਕਾਰ ਨੇ ਗੁਰਇਕਬਾਲ ਨੂੰ ਤਾਮਿਲ ਨਾਡੂ ਦੀ ਇਕ ਯੂਨੀਵਰਸਿਟੀ ਤੋਂ ਡਿਸਟੈਂਸ ਐਜੂਕੇਸ਼ਨ ਰਾਹੀਂ ਕੀਤੀ ਡਿਗਰੀ ਦੇ ਆਧਾਰ ਉਤੇ ਡੀ.ਐਸ.ਪੀ. ਨਿਯੁਕਤ ਕਰ ਦਿੱਤਾ ਹੈ। ਇਸ ਕਾਰਨ ਕੈਪਟਨ ਸਰਕਾਰ 'ਤੇ ਦੋਗਲੀਆਂ ਨੀਤੀਆਂ ਅਪਣਾਉਣ ਦੇ ਦੋਸ਼ ਲੱਗੇ ਹਨ।

ਦੱਸ ਦਈਏ ਕਿ ਪੰਜਾਬ ਸਰਕਾਰ ਨੇ 2013-14 ਦੌਰਾਨ 1192 ਕਲਰਕਾਂ ਦੀ ਭਰਤੀ ਕੀਤੀ ਸੀ। ਇਨ੍ਹਾਂ ਵਿਚੋਂ 192 ਸਫਲ ਉਮੀਦਵਾਰਾਂ ਨੂੰ ਪੰਜਾਬ ਤੋਂ ਬਾਹਰੋਂ ਡਿਸਟੈਂਸ ਐਜੂਕੇਸ਼ਨ ਰਾਹੀਂ ਡਿਗਰੀਆਂ ਲੈਣ ਕਾਰਨ ਨਿਯੁਕਤੀ ਪੱਤਰ ਨਹੀਂ ਦਿੱਤੇ ਸਨ। ਇਸੇ ਤਰ੍ਹਾਂ 2009 ਤੇ 2011 ਦੌਰਾਨ ਠੇਕਾ ਆਧਾਰ ਉਤੇ ਭਰਤੀ ਕੀਤੇ 7654 ਅਤੇ 3442 ਅਧਿਆਪਕਾਂ ਵਿਚੋਂ 110 ਦੇ ਕਰੀਬ ਅਧਿਆਪਕਾਂ ਨੂੰ ਬਾਹਰੀ ਸੂਬਿਆਂ ਤੋਂ ਡਿਗਰੀਆਂ ਹਾਸਲ ਕਰਨ ਕਰ ਕੇ ਪੰਜਾਬ ਸਰਕਾਰ ਨੇ 4 ਅਪਰੈਲ, 2014 ਤੋਂ ਰੈਗੂਲਰ ਨਹੀਂ ਕੀਤਾ ਹੈ। ਐਸ.ਐਸ.ਐਸ. ਬੋਰਡ ਨੇ 2012 ਵਿਚ 72 ਸਕੂਲ ਲਾਇਬ੍ਰੇਰੀਅਨ ਭਰਤੀ ਕੀਤੇ ਸਨ ਤੇ ਇਨ੍ਹਾਂ ਵਿਚੋਂ 6 ਸਫਲ ਉਮੀਦਵਾਰਾਂ ਨੂੰ ਵੀ ਨੌਕਰੀਆਂ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਅਧਿਆਪਕਾਂ, ਕਲਰਕਾਂ ਤੇ ਲਾਇਬ੍ਰੇਰੀਅਨਾਂ ਦੇ ਭਰਤੀ ਇਸ਼ਤਿਹਾਰਾਂ, ਨਿਯੁਕਤੀ ਪੱਤਰਾਂ ਤੇ ਰੈਗੂਲਰ ਕਰਨ ਦੇ ਮਾਮਲੇ ਵਿਚ ਯੂ.ਜੀ.ਸੀ. ਦੀਆਂ 27 ਜੂਨ, 2013 ਦੀਆਂ ਹਦਾਇਤਾਂ ਲਾਗੂ ਨਹੀਂ ਹੁੰਦੀਆਂ ਕਿਉਂਕਿ ਇਕ ਤਾਂ ਸਾਰੇ ਪੀੜਤਾਂ ਨੇ ਇਸ ਮਿਤੀ ਤੋਂ ਪਹਿਲਾਂ ਡਿਸਟੈਂਸ ਐਜੂਕੇਸ਼ਨ ਰਾਹੀਂ ਡਿਗਰੀਆਂ ਕੀਤੀਆਂ ਹਨ ਅਤੇ ਦੂਜਾ ਉਨ੍ਹਾਂ ਨੂੰ ਰੈਗੂਲਰ ਅਤੇ ਨਿਯੁਕਤ ਕਰਨ ਦੀ ਪ੍ਰਕਿਰਿਆ ਵੀ ਇਸ ਮਿਤੀ ਤੋਂ ਪਹਿਲਾਂ ਹੀ ਮੁਕੰਮਲ ਹੋ ਚੁੱਕੀ ਸੀ। ਖੁਦ ਯੂ.ਜੀ.ਸੀ. ਨੇ ਸਪੱਸ਼ਟ ਕੀਤਾ ਹੈ ਕਿ ਇਹ ਫੈਸਲਾ 27 ਜੂਨ, 2013 ਤੋਂ ਹੀ ਲਾਗੂ ਹੋਵੇਗਾ।

## ਖਿਡਾਰੀਆਂ ਦਾ ਮਾਣ-ਸਨਮਾਨ ਹੀ ਭੁੱਲੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਵੱਲੋਂ ਸੂਬਾਈ, ਕੌਮੀ, ਅੰਤਰ-ਵਰਸਿਟੀ ਤੇ ਕੌਮਾਂਤਰੀ ਪੱਧਰ ਉਤੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਪਿਛਲੇ ਦੋ ਸਾਲਾਂ ਤੋਂ ਨਗਦ ਪੁਰਸਕਾਰ ਨਾ ਮਿਲਣ ਕਾਰਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਇਕ ਲੋਕਹਿਤ ਪਟੀਸ਼ਨ 'ਤੇ ਸਰਕਾਰ ਕੋਲੋਂ ਜਵਾਬ ਮੰਗ ਲਿਆ ਗਿਆ ਹੈ। ਪਟੀਸ਼ਨ ਵਿਚ ਕਿਹਾ ਗਿਆ ਕਿ ਪੰਜਾਬ ਸਰਕਾਰ ਨੇ ਨਾ ਹੀ ਇਨ੍ਹਾਂ ਖਿਡਾਰੀਆਂ ਕੋਲੋਂ ਨਗਦ ਪੁਰਸਕਾਰ ਲਈ ਅਰਜ਼ੀਆਂ ਮੰਗੀਆਂ ਹਨ, ਸਗੋਂ ਬਜਟ ਵਿਚ ਖਿਡਾਰੀਆਂ ਨੂੰ ਨਗਦ ਪੁਰਸਕਾਰ ਦੇਣ ਦੀ ਤਜਵੀਜ਼ ਵੀ ਨਹੀਂ ਰੱਖੀ। ਇਸ ਗੱਲ ਦਾ ਖੁਲਾਸਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਐਚ. ਸੀ.ਅਰੋੜਾ ਵੱਲੋਂ ਡਾਇਰੈਕਟਰ ਖੇਡਾਂ ਵਿਭਾਗ ਕੋਲੋਂ ਆਰ.ਟੀ.ਆਈ. ਤਹਿਤ ਮੰਗੀ ਜਾਣਕਾਰੀ ਵਿਚ ਹੋਇਆ ਸੀ। ਇਸੇ ਜਾਣਕਾਰੀ ਦੇ ਆਧਾਰ 'ਤੇ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕਰ ਕੇ ਖਿਡਾਰੀਆਂ ਵੱਲੋਂ ਸਾਲ 2015-16 ਤੇ ਸਾਲ 2016-17 ਦੌਰਾਨ ਖੇਡਾਂ ਵਿਚ ਹਾਸਲ ਕੀਤੀਆਂ ਪ੍ਰਾਪਤੀਆਂ ਲਈ ਸਾਲ 2015-16 'ਚ 1020 ਖਿਡਾਰੀਆਂ ਨੇ ਖੇਡ ਨੀਤੀ ਮੁਤਾਬਕ ਨਕਦ ਪੁਰਸਕਾਰ ਹਾਸਲ ਦੇਣ ਦੀ ਮੰਗ ਕੀਤੀ ਗਈ ਹੈ।

# ਹਰਿਮੰਦਰ ਸਾਹਿਬ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਰਣਨੀਤੀ ਬਣਾਈ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਹਵਾ ਪ੍ਰਦੂਸ਼ਣ ਦੀ ਸਮੱਸਿਆ ਖਤਮ ਕਰਨ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸਾਂਝੇ ਯਤਨ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਬੋਰਡ ਦੇ ਚੇਅਰਮੈਨ ਕਾਹਨ ਸਿੰਘ ਪੰਨੂ ਨੇ ਸ਼੍ਰੋਮਣੀ ਕਮੇਟੀ ਦੇ ਲੰਗਰ ਘਰ ਤੇ ਹੋਰ ਨੇੜਲੀਆਂ ਥਾਵਾਂ ਦਾ ਦੌਰਾ ਕਰ ਕੇ ਸਥਿਤੀ ਦਾ ਜਾਇਜ਼ਾ ਲਿਆ।

ਸ੍ਰੀ ਪੰਨੂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਦੀ ਰਸੋਈ ਨੂੰ ਦੇਖਿਆ, ਜਿਥੇ ਹੁਣ ਵੀ ਸ਼੍ਰੋਮਣੀ ਕਮੇਟੀ ਵੱਲੋਂ ਲੱਕੜ ਦੇ ਬਾਲਣ ਦੀ ਵਰਤੋਂ ਕੀਤੀ ਜਾ ਰਹੀ ਹੈ। ਨੇੜੇ ਬਣੇ ਹੋਟਲਾਂ ਵੱਲੋਂ ਜਨਰੇਟਰ ਸੈੱਟ ਵਰਤੇ ਜਾ ਰਹੇ ਹਨ, ਜੋ ਕਿ ਹਵਾ ਪ੍ਰਦੂਸ਼ਣ ਦਾ ਮੁੱਖ ਸਰੋਤ ਹਨ। ਉਨ੍ਹਾਂ ਆਖਿਆ ਕਿ ਬੋਰਡ ਵੱਲੋਂ ਮਾਹਿਰਾਂ ਤੋਂ ਪ੍ਰਾਪਤ ਕੀਤੀ ਰਿਪੋਰਟ ਨੂੰ ਧਿਆਨ ਵਿਚ ਰੱਖਦੇ ਹੋਏ ਸ਼੍ਰੋਮਣੀ ਕਮੇਟੀ ਨੂੰ ਇਥੇ ਲੰਗਰ ਘਰ ਵਿਚ ਬਿਜਲੀ ਅਤੇ ਗੈਸ ਆਧਾਰਤ ਰਸੋਈ ਘਰ ਸਥਾਪਤ ਕਰਨ ਲਈ ਆਖਿਆ ਗਿਆ ਸੀ, ਜਿਸ ਨਾਲ ਲੱਕੜ ਦੇ ਬਾਲਣ ਦੀ ਵਰਤੋਂ ਖਤਮ ਹੋ ਜਾਵੇਗੀ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਇਸ ਸੁਝਾਅ ਨੂੰ ਮੰਨ ਲਿਆ ਹੈ ਅਤੇ ਇਥੇ ਨਵੀਂ ਇਮਾਰਤ ਵਿਚ ਅਤਿ ਆਧੁਨਿਕ ਰਸੋਈ ਤਿਆਰ ਹੋ ਰਹੀ ਹੈ। ਇਸੇ ਤਰ੍ਹਾਂ ਪੰਜਾਬ ਰਾਜ ਬਿਜਲੀ ਨਿਗਮ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ 66 ਕੇਵੀ ਪਾਵਰ ਗਰਿੱਡ ਸਥਾਪਤ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਇਮਾਰਤ ਦਾ ਨਿਰਮਾਣ ਕਰਾਇਆ ਜਾ ਰਿਹਾ ਹੈ। ਉਨ੍ਹਾਂ ਇਸ ਇਮਾਰਤ ਦੀ ਉਸਾਰੀ ਕਾਰਜਾਂ ਦਾ ਵੀ ਜਾਇਜ਼ਾ ਲਿਆ।

## ਅਤਿ-ਆਧੁਨਿਕ ਐਲ.ਈ.ਡੀ. ਲਾਈਟਾਂ ਦਾ ਤਜਰਬਾ ਸਫਲ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੀ ਇਮਾਰਤ ਅਤੇ ਆਲੇ-ਦੁਆਲੇ ਰਾਤ ਸਮੇਂ ਸੁੰਦਰਤਾ ਵਧਾਉਣ ਲਈ ਅਤਿ-ਆਧੁਨਿਕ ਐਲ.ਈ.ਡੀ. ਲਾਈਟਾਂ ਚਲਾਉਣ ਦਾ ਸਫਲ ਤਜਰਬਾ ਕੀਤਾ ਗਿਆ। ਇਹ ਲਾਈਟਾਂ ਲਗਭਗ 13 ਕਰੋੜ ਰੁਪਏ ਦੀ ਲਾਗਤ ਨਾਲ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਲਾਈਆਂ ਗਈਆਂ ਹਨ। ਅਤਿ-ਆਧੁਨਿਕ ਲਾਈਟਾਂ ਪਰਿਕਰਮਾ, ਵਰਾਂਡੇ, ਘੰਟਾ ਘਰ, ਆਟਾ ਮੰਡੀ ਪ੍ਰਵੇਸ਼ ਦੁਆਰ, ਦਰਸ਼ਨੀ ਡਿਊਢੀ, ਰਾਮਗੜ੍ਹੀਆ ਬੁੰਗੇ ਤੇ ਸੱਚਖੰਡ ਅੰਦਰ ਵੀ ਲਾਈਆਂ ਗਈਆਂ ਹਨ, ਜਦੋਂਕਿ ਮੁੱਖ ਇਮਾਰਤ ਦੇ ਬਾਹਰਲੇ ਹਿੱਸੇ 'ਤੇ ਲੱਗੇ ਸੋਨੇ ਦੇ ਪੱਤਰਿਆਂ ਉਤੇ ਲਾਈਟਾਂ ਦੂਰ ਤੋਂ ਸੁੱਟੀਆਂ ਜਾਣਗੀਆਂ। ਇਹ ਲਾਈਟਾਂ ਕੰਪਿਊਟਰ ਰਾਹੀਂ ਚਲਾਈਆਂ ਜਾਣਗੀਆਂ, ਜੋ ਹਰ ਰੋਜ਼ ਹੀ ਸੂਰਜ ਅਸਤ ਹੋਣ ਸਮੇਂ ਹਲਕੀ ਰੌਸ਼ਨੀ ਵਿਚ ਜਗਮਗਾਉਣਗੀਆਂ ਅਤੇ ਹਨੇਰਾ ਵਧਣ ਨਾਲ ਇਨ੍ਹਾਂ ਦੀ ਰੌਸ਼ਨੀ ਵੀ ਵਧ ਜਾਇਆ ਕਰੇਗੀ। ਇਨ੍ਹਾਂ ਲਾਈਟਾਂ ਦੇ ਤਜਰਬੇ ਮੌਕੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਮੌਜੂਦ ਸਨ।

66 ਕੇਵੀ ਸਬ ਸਟੇਸ਼ਨ ਦੀ ਸਥਾਪਨਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕੇ ਵਿਚ 24 ਘੰਟੇ ਨਿਰਵਿਘਨ ਬਿਜਲੀ ਮਿਲੇਗੀ, ਜਿਸ ਨਾਲ ਹੋਟਲਾਂ ਵਿਚ ਜਨਰੇਟਰ ਦੀ ਵਰਤੋਂ ਬੰਦ ਹੋ ਜਾਵੇਗੀ।

ਸ੍ਰੀ ਪੰਨੂ ਨੇ ਦੱਸਿਆ ਕਿ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਇਥੇ ਪ੍ਰਦੂਸ਼ਣ ਮਾਪਣ ਵਾਸਤੇ ਸਥਾਪਤ ਕੀਤੇ ਯੰਤਰ ਵੱਲੋਂ ਦਰਸਾਏ ਜਾਂਦੇ ਹਵਾ ਪ੍ਰਦੂਸ਼ਣ ਦੀ ਸਥਿਤੀ ਜਾਣਨ ਲਈ ਸ਼੍ਰੋਮਣੀ ਕਮੇਟੀ ਨੂੰ ਵੀ ਆਨਲਾਈਨ ਲਿੰਕ ਦਿੱਤਾ ਜਾਵੇਗਾ ਤਾਂ ਜੋ ਪ੍ਰਦੂਸ਼ਣ ਦੇ ਮਿਆਰ ਦਾ ਨਿਰੀਖਣ ਕੀਤਾ ਜਾ ਸਕੇ।

# ਪਿਉ ਨੂੰ ਸ਼ਰਾਬ ਪਿਆਉਣ ਤੋਂ ਗੁੱਸੇ ਪੁੱਤ ਨੇ ਤਿੰਨ ਜਣਿਆਂ ਨੂੰ ਚਾਕੂਆਂ ਨਾਲ ਵਿੰਨ੍ਹਿਆ

**ਫਿਰੋਜ਼ਪੁਰ:** ਪਿਉ ਨੂੰ ਸ਼ਰਾਬ ਪਿਆਉਣ ਤੋਂ ਗੁੱਸੇ 'ਚ ਆਏ 19 ਸਾਲਾਂ ਨੌਜਵਾਨ ਵੱਲੋਂ ਤਿੰਨ ਵਿਅਕਤੀਆਂ ਨੂੰ ਕਿਰਚਾਂ ਨਾ ਵਿੰਨ੍ਹ ਦਿੱਤਾ। ਜਿਸ ਕਾਰਨ ਇਕ 35 ਸਾਲਾ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਗੰਭੀਰ ਜ਼ਖਮੀ ਹੋ ਗਏ।

ਘਟਨਾ 'ਚ ਮਾਰੇ ਗਏ ਸੰਜੀਵ ਸੋਢੀ ਤੇ ਜ਼ਖ਼ਮੀ ਹੋਏ ਵਿਅਕਤੀ ਹਨੀ ਬਹਿਲ ਦੇ ਪਿਤਾ ਦਵਿੰਦਰ ਉਰਫ ਟੀਟੂ ਦੇ ਦੋਸਤ ਸਨ। ਦਵਿੰਦਰ ਟੀਟੂ ਆਪਣੇ ਦੋਸਤਾਂ ਸੰਜੀਵ ਸੋਢੀ, ਵਿਕਾਸ, ਰੋਹਿਤ ਨਰੂਲਾ ਅਤੇ ਸ਼ੈਂਟੀ ਨਾਲ ਅਹਾਤੇ ਅੰਦਰ ਇਕੱਠਿਆਂ ਸ਼ਰਾਬ ਪੀ ਰਹੇ ਸਨ। ਪਤਾ ਲੱਗਣ 'ਤੇ ਦਵਿੰਦਰ ਟੀਟੂ ਦਾ ਲੜਕਾ ਹਨੀ ਬਹਿਲ ਅਹਾਤੇ ਵਿਚੋਂ ਪਿਤਾ ਦੇ ਦੋਸਤਾਂ ਨਾਲ ਬਹਿਸ ਕਰਦਿਆਂ ਆਪਣੇ ਪਿਤਾ ਨੂੰ ਘਰ ਲੈ ਗਿਆ। ਦਵਿੰਦਰ ਟੀਟੂ ਦੇ ਘਰੋਂ ਫੋਨ ਕਰ ਕੇ ਉਨ੍ਹਾਂ ਸਾਰਿਆਂ ਨੂੰ ਘਰ ਸੱਦਿਆ ਗਿਆ, ਜਦ ਉਹ ਪਹੁੰਚੇ ਤਾਂ ਹਨੀ ਬਹਿਲ ਅਤੇ ਉਸ ਦੀ ਮਾਤਾ ਸਰੋਜ ਨੇ ਉਨ੍ਹਾਂ ਨਾਲ ਗਾਲੀ-ਗਲੋਚ ਕੀਤਾ। ਹਨੀ ਬਹਿਲ ਨੇ ਸੰਜੀਵ ਸੋਢੀ 'ਤੇ ਕਿਰਚ ਨਾਲ ਛਾਤੀ ਅਤੇ ਵੱਖੀ 'ਚ ਵਾਰ ਕੀਤੇ ਜਿਸ ਕਾਰਨ ਉਸ ਦੀ ਮੌਤ ਹੋ ਗਈ।

# ਕੱਕਾਰਾਂ ਦੀ ਬੇਅਦਬੀ: ਚਾਰ ਨਾਮਜ਼ਦ

**ਤਰਨ ਤਾਰਨ (ਬਿਊਰੋ):** ਥਾਣਾ ਸਰਹਾਲੀ ਅਧੀਨ ਆਉਂਦੇ ਪਿੰਡ ਸ਼ੇਰੋਂ ਵਿਚ ਤਕਰੀਬਨ ਮਹੀਨਾ ਪਹਿਲਾਂ ਚਾਰ ਵਿਅਕਤੀਆਂ ਵੱਲੋਂ ਪਿੰਡ ਦੇ ਹੀ ਇਕ ਵਿਅਕਤੀ ਦੇ ਘਰ ਦਾਖਲ ਹੋ ਕੇ ਕਰਾਰਾਂ ਦੀ ਬੇਅਦਬੀ ਕਰਨ ਅਤੇ ਪਰਿਵਾਰ ਦੀਆਂ ਮਹਿਲਾ ਮੈਂਬਰਾਂ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ਵਿਚ ਪੁਲਿਸ ਨੇ ਧਾਰਾ 323, 452, 354, 509, 295 ਤਹਿਤ ਕੇਸ ਦਰਜ ਕੀਤਾ ਹੈ।

ਮੁਲਜ਼ਮਾਂ ਦੀ ਸ਼ਨਾਖਤ ਰਣਜੀਤ ਸਿੰਘ, ਹਰਦੇਵ ਸਿੰਘ ਰੈਂਬੋ, ਤੀਰਥ ਸਿੰਘ ਹੈਪੀ ਤੇ ਅਮਰਜੀਤ ਸਿੰਘ ਵਜੋਂ ਹੋਈ ਹੈ।

ਪੀੜਤ ਗੁਰਮੀਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਘਰ ਆ ਕੇ ਉਸ ਦੀ ਕੁੱਟਮਾਰ ਕੀਤੀ। ਜਦੋਂ ਉਸ ਦੀ ਪਤਨੀ ਅਤੇ ਭਰਜਾਈ ਬਚਾਅ ਲਈ ਅੱਗੇ ਆਈਆਂ ਤਾਂ ਮੁਲਜ਼ਮਾਂ ਨੇ ਉਨ੍ਹਾਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ।


ਵਰਕਰਾਂ ਦੀ ਲੋੜ ਹੈ

ਕਲੀਵਲੈਂਡ, ਓਹਾਇਓ ਵਿਚ ਗੈਸ ਸਟੇਸ਼ਨ 'ਤੇ ਕੰਮ ਕਰਨ ਵਾਲੇ ਭਰੋਸੇਮੰਦ ਤੇ ਮਿਹਨਤੀ ਵਰਕਰਾਂ ਦੀ ਲੋੜ ਹੈ

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ:

ਫੋਨ: 440-319-6879

40-381-7633

41-42

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 14 ਅਕਤੂਬਰ 2017*

## ਪ੍ਰਦੂਸ਼ਣ ਮੁਕਤੀ ਲਈ ਪਹਿਲ

ਭਾਰਤ ਦੀ ਸੁਪਰੀਮ ਕੋਰਟ ਨੇ ਦਿੱਲੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਪਟਾਕੇ ਵੇਚਣ ਅਤੇ ਖਰੀਦਣ ਉਤੇ ਪਾਬੰਦੀ ਲਾ ਦਿੱਤੀ ਹੈ। ਖਾਸ ਕਰ ਕੇ ਦੀਵਾਲੀ ਦੇ ਦਿਨਾਂ ਦੌਰਾਨ ਪ੍ਰਦੂਸ਼ਣ ਤੋਂ ਬਚਾਅ ਦੇ ਮੱਦੇਨਜ਼ਰ ਕਈ ਸੰਸਥਾਵਾਂ ਇਸ ਪਾਸੇ ਚਿਰਾਂ ਦੀਆਂ ਜੂਝ ਰਹੀਆਂ ਹਨ। ਸੁਪਰੀਮ ਕੋਰਟ ਦੇ ਫੈਸਲੇ ਨਾਲ ਇਨ੍ਹਾਂ ਦੀ ਫਿਲਹਾਲ ਅੱਧੀ ਹੀ ਜਿੱਤ ਸੰਭਵ ਹੋ ਸਕੀ ਹੈ, ਕਿਉਂਕਿ ਅਦਾਲਤ ਨੇ ਪਟਾਕਿਆਂ ਦੀ ਖਰੀਦੋ-ਫਰੋਖਤ ਉਤੇ ਤਾਂ ਭਾਵੇਂ ਪਾਬੰਦੀ ਲਾ ਦਿੱਤੀ ਹੈ, ਪਰ ਪਟਾਕੇ ਚਲਾਉਣ ਉਤੇ ਇਹ ਪਾਬੰਦੀ ਨਹੀਂ ਲਾਈ ਗਈ ਹੈ। ਉਂਜ ਅਦਾਲਤ ਦੇ ਇਸ ਫੈਸਲੇ ਨਾਲ ਇਹ ਸੁਨੇਹਾ ਜ਼ਰੂਰ ਗਿਆ ਹੈ ਕਿ ਪ੍ਰਦੂਸ਼ਣ ਕਾਰਨ ਹਾਲਾਤ ਭਿਅੰਕਰ ਹੱਦ ਤੱਕ ਵਿਗੜ ਚੁਕੇ ਹਨ ਅਤੇ ਇਸ ਪਾਸੇ ਹੁਣ ਹਰ ਪੱਧਰ ਉਤੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਦੂਜੇ ਬੰਨੇ, ਹੁਣ ਇਹ ਰਿਪੋਰਟਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ ਕਿ ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਪਟਾਕਿਆਂ ਦੇ ਵਪਾਰੀਆਂ ਦਾ ਰੁਖ ਪੰਜਾਬ ਵੱਲ ਮੁੜ ਸਕਦਾ ਹੈ। ਪਟਾਕਿਆਂ ਦੀ ਖਪਤ ਦੇ ਪੱਖ ਤੋਂ ਪੰਜਾਬ ਪਹਿਲਾਂ ਹੀ ਮੁਲਕ ਵਿਚ ਦੂਜੇ ਨੰਬਰ ਉਤੇ ਹੈ ਅਤੇ ਵਪਾਰੀਆਂ ਨੂੰ ਜਾਪਦਾ ਹੈ ਕਿ ਥੋੜ੍ਹੀ ਜਿਹੀ ਮਿਹਨਤ ਨਾਲ ਦਿੱਲੀ ਵਿਚ ਪੈਣ ਵਾਲਾ ਘਾਟਾ ਪੰਜਾਬ ਤੋਂ ਪੂਰਾ ਕੀਤਾ ਜਾ ਸਕਦਾ ਹੈ। ਉਧਰ, ਪ੍ਰਦੂਸ਼ਣ ਦੇ ਮਾਮਲੇ ਵਿਚ ਪੰਜਾਬ ਪਹਿਲਾਂ ਹੀ ਕਸੂਤੀ ਸਥਿਤੀ ਵਿਚ ਫਸਿਆ ਹੋਇਆ ਹੈ। ਪਰਾਲੀ ਸਾੜਨ ਦੇ ਮਾਮਲੇ 'ਤੇ ਕਿਸਾਨਾਂ ਅਤੇ ਸਰਕਾਰ ਵਿਚਕਾਰ ਤਣਾਅ ਚੱਲ ਰਿਹਾ ਹੈ। ਬਹੁਤ ਥਾਂਈਂ ਕਿਸਾਨ ਰੋਹ ਅਤੇ ਰੋਸ ਵਜੋਂ ਪਰਾਲੀ, ਮਿਥ ਕੇ ਸਾੜ ਰਹੇ ਹਨ। ਉਂਜ, ਹਕੀਕਤ ਇਹ ਹੈ ਕਿ ਇਸ ਤੋਂ ਪੈਦਾ ਹੋ ਰਹੇ ਪ੍ਰਦੂਸ਼ਣ ਨਾਲ ਪੰਜਾਬੀਆਂ ਦੀ ਸਿਹਤ ਉਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਅਸਲ ਵਿਚ ਕਿਸਾਨ ਸਰਕਾਰ ਤੋਂ ਇਸ ਦਾ ਬਦਲ ਮੰਗ ਰਹੇ ਹਨ ਅਤੇ ਸਰਕਾਰ ਨੇ ਇਸ ਪਾਸੇ ਅਜੇ ਤੱਕ ਪਹਿਲੀ ਪੂਣੀ ਵੀ ਨਹੀਂ ਕੱਤੀ ਹੈ।

ਕੌਮੀ ਗ੍ਰੀਨ ਟ੍ਰਿਬਿਊਨਲ ਵੀ ਹੁਣ ਇਸ ਮਾਮਲੇ ਵਿਚ ਧਿਰ ਬਣ ਗਿਆ ਹੈ ਜਿਥੇ ਆਏ ਦਿਨ ਪੰਜਾਬ ਸਰਕਾਰ ਦੀ ਪੇਸ਼ੀ ਪੈਂਦੀ ਹੈ ਅਤੇ ਇਸ ਨੂੰ ਇਸ ਸਬੰਧੀ ਉਠਾਏ ਜਾ ਰਹੇ ਕਦਮਾਂ ਬਾਰੇ ਪੁੱਛਿਆ ਜਾ ਰਿਹਾ ਹੈ। ਪਿਛਾਂਹ ਝਾਤ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਇਸ ਮਾਮਲੇ ਬਾਰੇ ਸਦਾ ਘੇਸਲ ਵੱਟੀ ਰੱਖੀ ਹੈ। ਕੁਝ ਸਾਲ ਪਹਿਲਾਂ ਜਦੋਂ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਬਹੁਤ ਹੇਠਾਂ ਜਾਣ ਦੇ ਖਦਸ਼ੇ ਪ੍ਰਗਟ ਕੀਤੇ ਜਾ ਰਹੇ ਸਨ ਤਾਂ ਮਾਹਿਰਾਂ ਨੇ ਇਕ ਸਲਾਹ ਇਹ ਦਿੱਤੀ ਸੀ ਕਿ ਝੋਨੇ ਹੇਠਲਾ ਰਕਬਾ ਘਟਾਇਆ ਜਾਵੇ ਅਤੇ ਕਣਕ-ਝੋਨੇ ਦਾ ਫਸਲੀ ਚੱਕਰ ਤੋੜ ਕੇ ਇਸ ਦੇ ਬਦਲ ਵਜੋਂ ਦਾਲਾਂ ਅਤੇ ਹੋਰ ਫਸਲਾਂ ਲਈ ਕਿਸਾਨਾਂ ਨੂੰ ਪ੍ਰੇਰਿਆ ਜਾਵੇ, ਪਰ ਅੱਜ ਤੱਕ ਇਸ ਸਬੰਧੀ ਸਰਕਾਰ ਨੇ ਕੁਝ ਨਹੀਂ ਕੀਤਾ ਹੈ। ਕਣਕ-ਝੋਨੇ ਵਾਲਾ ਫਸਲੀ ਚੱਕਰ ਤੋੜਨ ਵਿਚ ਅਸਲ ਅੜਿੱਕਾ ਦੂਜੀਆਂ ਫਸਲਾਂ ਦੀ ਮੰਡੀਕਰਨ ਦੀ ਅਣਹੋਂਦ ਹੈ। ਇਹ ਸਥਿਤੀ ਦਹਾਕਿਆਂ ਤੋਂ ਜਿਉਂ ਦੀ ਤਿਉਂ ਬਣੀ ਹੋਈ ਹੈ। ਹੁਣ ਵੀ ਕਿਸਾਨ ਪਰਾਲੀ ਨਾ ਸਾੜੇ ਜਾਣ ਦਾ ਬਦਲ ਪੁੱਛ ਰਹੇ ਹਨ। ਕਿਸਾਨਾਂ ਅਨੁਸਾਰ ਪਰਾਲੀ ਨੂੰ ਕੁਤਰ ਕੇ ਜ਼ਮੀਨ ਵਿਚ ਵਾਹੁਣਾ ਕੋਈ ਠੋਸ ਹੱਲ ਨਹੀਂ ਹੈ। ਇਸ ਕਾਰਜ ਲਈ ਲੋੜੀਂਦੀ ਮਸ਼ੀਨਰੀ ਆਮ ਕਿਸਾਨ ਦੀ ਪਹੁੰਚ ਤੋਂ ਬਾਹਰ ਹੈ। ਬਹੁਤੇ ਪਿੰਡਾਂ ਦੀਆਂ ਸਹਿਕਾਰੀ ਸੰਸਥਾਵਾਂ ਵਿਚ ਇਹ ਉਪਲਬਧ ਹੀ ਨਹੀਂ ਹਨ। ਦੂਜਾ, ਨਾੜ ਵਿਚ ਮੌਜੂਦ ਕੀਟਨਾਸ਼ਕ ਪਾਣੀ ਨੂੰ ਜ਼ਹਿਰੀਲਾ ਕਰ ਕੇ ਅਗਲੀ ਫਸਲ ਤਬਾਹ ਵੀ ਕਰ ਦਿੰਦੇ ਹਨ।

ਜ਼ਾਹਰ ਹੈ ਕਿ ਗੇਂਦ ਅਜੇ ਵੀ ਸਰਕਾਰ ਦੇ ਪਾਲੇ ਵਿਚ ਹੈ ਅਤੇ ਕਿਸੇ ਨੀਤੀ ਦੀ ਅਣਹੋਂਦ ਕਾਰਨ ਕਿਸੇ ਵੀ ਪਾਸੇ ਪੂਰੀ ਨਹੀਂ ਪੈ ਰਹੀ। ਹੁਣ ਸੁਪਰੀਮ ਕੋਰਟ ਦੇ ਪਟਾਕਿਆਂ ਬਾਰੇ ਆਏ ਫੈਸਲੇ ਅਤੇ ਕੌਮੀ ਗ੍ਰੀਨ ਟ੍ਰਿਬਿਊਨਲ ਦੀ ਸਰਗਰਮੀ ਇਹ ਪ੍ਰਦੂਸ਼ਣ ਰੋਕਣ ਵਿਚ ਸ਼ਾਇਦ ਇਸ ਮਸਲੇ ਦੇ ਹੱਲ ਲਈ ਰਾਹ ਦਿਖਾਵੇ; ਪਰ ਇਹ ਤਦ ਹੀ ਸੰਭਵ ਹੈ ਜਦੋਂ ਸਬੰਧਤ ਧਿਰਾਂ ਦੀਆਂ ਔਕੜਾਂ ਨੂੰ ਧਿਆਨ ਵਿਚ ਰੱਖ ਕੇ ਫੈਸਲੇ ਸੁਣਾਏ ਜਾਣ। ਨਹੀਂ ਤਾਂ ਕੌਮੀ ਗ੍ਰੀਨ ਟ੍ਰਿਬਿਊਨਲ ਦਾ ਇਕ ਲੋਕ ਵਿਰੋਧੀ ਫੈਸਲਾ ਵੀ ਸਾਹਮਣੇ ਆਇਆ ਹੈ। ਇਸ ਨੇ ਨਵੀਂ ਦਿੱਲੀ ਵਿਚ ਜੰਤਰ-ਮੰਤਰ ਵਿਚ ਦਿੱਤੇ ਜਾਂਦੇ ਧਰਨਿਆਂ ਉਤੇ ਪਾਬੰਦੀ ਲਗਾਉਣ ਸਬੰਧੀ ਹਦਾਇਤਾਂ ਦਿੱਤੀਆਂ ਹਨ। ਉਥੇ ਉਹ ਲੋਕ ਆਪਣਾ ਸਮਾਂ, ਪੈਸਾ ਅਤੇ ਚੈਨ ਬਰਬਾਦ ਕਰ ਕੇ ਆਉਂਦੇ ਕਿਉਂ ਹਨ, ਇਸ ਪਾਸੇ ਗੌਰ ਹੀ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ, ਸਨਅਤੀ ਪ੍ਰਦੂਸ਼ਣ ਕਿੰਨੀ ਮਾਰ ਕਰ ਰਿਹਾ ਹੈ, ਇਸ ਬਾਰੇ ਚਰਚਾ ਕਦੀ-ਕਦਾਈਂ ਹੀ ਚੱਲਦੀ ਹੈ; ਹਾਲਾਂਕਿ ਇਸ ਬਾਰੇ ਸਰਕਾਰ ਨੇ ਕੁਝ ਨੇਮ ਬਣਾਏ ਹੋਏ ਹਨ, ਪਰ ਬਹੁਤੀਆਂ ਫੈਕਟਰੀਆਂ ਵਿਚ ਨੇਮਾਂ ਨੂੰ ਛਿੱਕੇ ਟੰਗ ਕੇ ਹਵਾ ਅਤੇ ਪਾਣੀ ਅੰਦਰ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ। ਪ੍ਰਦੂਸ਼ਣ ਫੈਲਾਉਣ ਵਾਲੀਆਂ ਇਨ੍ਹਾਂ ਸਨਅਤੀ ਇਕਾਈਆਂ ਖਿਲਾਫ ਕਾਰਵਾਈ ਦੇ ਨਾਂ ਉਤੇ ਸਿਰਫ ਖਾਨਾਪੂਰਤੀ ਹੀ ਕੀਤੀ ਜਾਂਦੀ ਹੈ। ਇਥੇ ਪਹੁੰਚ ਕੇ ਮਸਲਾ ਭਾਰਤ ਦੇ ਉਸ ਸਮੁੱਚੇ ਸਿਸਟਮ ਨਾਲ ਜੁੜ ਜਾਂਦਾ ਹੈ ਜਿਸ ਵਿਚ ਹਰ ਥਾਂਈਂ ਵੱਡੀਆਂ ਚੋਰ-ਮੋਰੀਆਂ ਹਨ। ਫਿਰ ਵੀ ਅਦਾਲਤ ਦੇ ਫੈਸਲੇ ਅਤੇ ਗ੍ਰੀਨ ਟ੍ਰਿਬਿਊਨ ਦੀ ਸਰਗਰਮੀ ਨੇ ਇਕ ਕਦਮ ਵਧਾਇਆ ਹੈ। ਹੁਣ ਸਰਕਾਰ ਦੀ ਵਾਰੀ ਹੈ। ਫਿਰ ਆਵਾਮ ਵੱਲ ਮੂੰਹ ਕਰਨਾ ਬਣਦਾ ਹੈ। ਆਵਾਮ ਦੇ ਪੱਧਰ ਉਤੇ ਸਭ ਤੋਂ ਪਹਿਲਾ ਕਦਮ ਲੋਕਾਂ ਅੰਦਰ ਜਾਗਰੂਕਤਾ ਹੋ ਸਕਦਾ ਹੈ। ਜਿਸ ਤਰ੍ਹਾਂ ਦੀਵਾਲੀ ਮੌਕੇ ਪਟਾਕੇ ਚਲਾਉਣ ਦੀ ਥਾਂ, ਇਸ ਤਿਉਹਾਰ ਨੂੰ ਮਨਾਉਣ ਲਈ ਹੋਰ ਢੰਗ-ਤਰੀਕੇ ਲੱਭਣੇ ਚਾਹੀਦੇ ਹਨ, ਉਸੇ ਤਰ੍ਹਾਂ ਝੋਨੇ ਦੀ ਕਾਸ਼ਤ ਅਤੇ ਫਿਰ ਪਰਾਲੀ ਸਾਂਭਣ ਦੇ ਮਸਲਿਆਂ ਦਾ ਵੀ ਬਦਲ ਦਿੱਤਾ ਜਾਣਾ ਚਾਹੀਦਾ ਹੈ। ਇਹ ਤਦ ਹੀ ਸੰਭਵ ਹੈ ਕਿ ਜੇ ਸਰਕਾਰ ਦੀ ਇੱਛਾ ਸ਼ਕਤੀ ਹੋਵੇ। ਹੁਣ ਤੱਕ ਪੰਜਾਬ ਸਰਕਾਰ ਦੀ ਪਹੁੰਚ, ਭਾਂਡਾ ਕਿਸਾਨਾਂ ਸਿਰ ਭੰਨਣ ਦੀ ਹੈ। ਸਰਕਾਰ ਨੂੰ ਇਹ ਪਹੁੰਚ ਹੁਣ ਲਾਂਭੇ ਰੱਖਣੀ ਪਵੇਗੀ, ਨਹੀਂ ਤਾਂ ਆਉਣ ਵਾਲਾ ਸਮਾਂ ਧੂੰਏਂ ਨਾਲ ਧੁਆਂਖਿਆ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਡਰਨ ਚਿੱਤਰ-ਗੁਪਤ !*

ਸੁਣਿਐਂ ਕਹੇ ਇਤਿਹਾਸ-ਮਿਥਿਹਾਸ ਏਦਾਂ, ਧਰਮ ਰਾਜ ਨੇ ਲੇਖਾ ਵੀ ਮੰਗਣਾ ਐਂ।
ਹਰ ਪ੍ਰਾਣੀ ਦਾ ਦੇਖ ਕੇ 'ਵਹੀ-ਖਾਤਾ', ਗੁਨਾਹਗਾਰਾਂ ਨੂੰ ਸੂਲੀ 'ਤੇ ਟੰਗਣਾ ਐਂ।
ਰੱਤ ਪੀਣਿਆਂ ਜ਼ਾਲਮਾਂ ਅੰਤ ਵੇਲੇ, ਮੋਹਰੇ 'ਜਮਾਂ' ਦੇ ਕਿਸੇ ਨਾ ਖੰਘਣਾ ਐਂ।
ਐਪਰ ਢੀਠ ਨਿਰਲੱਜ ਤੇ 'ਲੁੱਚਿਆਂ' ਨੇ, ਇਨ੍ਹਾਂ 'ਡਰਾਂ' ਤੋਂ ਕਿੰਨਾ ਕੁ ਸੰਗਣਾ ਐਂ।
ਚਿੱਤਰ-ਗੁਪਤ ਦੀ 'ਸ਼ਾਹਦੀ' ਤੋਂ ਕੌਣ ਡਰਦੈ, ਨੇੜੇ ਰੱਬ ਦੇ ਨਾਲੋਂ ਘਸੁੰਨ ਯਾਰੋ।
ਇਕੋ ਅੱਖ ਸੁਲੱਖਣੀ ਕੈਮਰੇ ਦੀ, ਦੇਵੇ ਜੇਲ੍ਹ ਵਿਚ ਦੋਸ਼ੀ ਨੂੰ ਤੁੰਨ ਯਾਰੋ !

# ਲਾਸ ਵੇਗਸ ਦੁਖਾਂਤ: ਕਿਸ ਨੂੰ ਦੇਈਏ ਦੋਸ਼?

**ਅਭੈ ਸਿੰਘ**
ਫੋਨ: +91-98783 75903

ਅਮਰੀਕਾ ਵਿਚ ਲਾਸ ਵੇਗਸ ਦੇ ਮੁਕਾਮ ਉਪਰ ਹੱਸਦੇ ਖੇਡਦੇ ਲੋਕਾਂ ਉਪਰ ਇੱਕ ਦਮ ਮੌਤਾਂ ਦਾ ਮੀਂਹ ਆਣ ਲੱਥਾ। ਇਸ ਦੀ ਗੁੱਥੀ ਕੋਈ ਨਹੀਂ ਸਮਝ ਪਾ ਰਿਹਾ। ਇੱਕ ਖੁੱਲ੍ਹੀ ਜਗ੍ਹਾ ਕਰੀਬ 20 ਹਜ਼ਾਰ ਲੋਕ ਗੀਤ ਸੰਗੀਤ ਦਾ ਪ੍ਰੋਗਰਾਮ ਸੁਣ ਰਹੇ ਸਨ ਕਿ ਅਚਾਨਕ ਅਸਮਾਨ ਵੱਲੋਂ ਮੌਤਾਂ ਆਣ ਟਪਕੀਆਂ। 'ਮੌਤਾਂ ਦਾ ਮੀਂਹ' ਮੁਹਾਵਰੇ ਦੇ ਤੌਰ 'ਤੇ ਵਰਤਿਆ ਜਾਂਦਾ ਤਾਂ ਸੁਣਿਆ ਹੀ ਸੀ, ਪਰ ਇਹ ਤਾਂ ਸਚਮੁੱਚ ਦਾ ਮੀਂਹ ਸੀ। ਸਾਹਮਣੇ ਦੇ ਹੋਟਲ ਦੀ 32 ਵੀਂ ਮੰਜ਼ਿਲ ਉਪਰੋਂ ਬਾਰੂਦੀ ਅੱਗਾਂ ਦੇ ਮੀਂਹ ਦਾ ਜ਼ੋਰਦਾਰ ਛੜਾਕਾ ਆਇਆ; ਜਿਵੇਂ ਬੱਦਲ ਫਟਣ ਦੀ ਮਿੰਟੋ-ਮਿੰਟੀ ਤਬਾਹੀ ਆ ਜਾਂਦੀ ਹੈ, ਇਸੇ ਤਰ੍ਹਾਂ ਕੁਝ ਮਿੰਟਾਂ ਵਿਚ ਹੀ 60 ਮੌਤਾਂ ਤੇ 500 ਤੋਂ ਵੱਧ ਲੋਕ ਜ਼ਖ਼ਮੀ।

ਕਿਸ ਤਰ੍ਹਾਂ ਲਹੂ ਦੇ ਫਵਾਰੇ ਚੱਲੇ ਹੋਣਗੇ, ਕਿਸ ਤਰ੍ਹਾਂ ਦੀ ਭਗਦੜ ਮਚੀ ਹੋਵੇਗੀ ਅਤੇ ਕਿਸ ਤਰ੍ਹਾਂ ਲੋਕਾਂ ਨੇ ਚੀਕਾਂ ਮਾਰੀਆਂ ਹੋਣਗੀਆਂ, ਆਪਣੇ ਸਾਥੀਆਂ ਤੇ ਆਪਣੇ ਬੱਚਿਆਂ ਨੂੰ ਕਿਵੇਂ ਪਾਗਲਾਂ ਵਾਂਗ ਆਵਾਜ਼ਾਂ ਲਗਾਈਆਂ ਹੋਣਗੀਆਂ, ਸਾਡੇ ਵਾਸਤੇ ਕਿਆਸ ਕਰਨਾ ਵੀ ਸੌਖਾ ਨਹੀਂ। ਤੇ ਇਹ ਸਭ ਕੁਝ ਉਸ ਹਾਲਤ ਵਿਚ ਜਦੋਂ ਕੁਝ ਪਲ ਪਹਿਲਾਂ ਹੀ ਲੋਕ ਗਾਣਿਆਂ ਦੀਆਂ ਧੁਨਾਂ ਉਪਰ ਝੂਮ ਰਹੇ ਹੋਣਗੇ ਤੇ ਜ਼ੋਰ ਜ਼ੋਰ ਦੀ ਤਾੜੀਆਂ ਮਾਰ ਰਹੇ ਹੋਣਗੇ। ਕਈ ਉਨ੍ਹਾਂ ਧੁਨਾਂ ਉਪਰ ਨੱਚ ਰਹੇ ਹੋਣਗੇ ਤੇ ਕਈ ਨੱਚਣ ਦਾ ਮੂਡ ਬਣਾ ਰਹੇ ਹੋਣਗੇ। ਕਈ ਹੱਥ ਵਿਚ ਫੜੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਠੂੰਗੇ ਮਾਰ ਰਹੇ ਹੋਣਗੇ।



ਇਨਸਾਨ ਜੰਮਦਿਆਂ ਹੀ ਮੌਤਾਂ ਵੇਖਦਾ ਆਇਆ ਹੈ, ਵੱਡੀ ਗਿਣਤੀ ਦੀਆਂ ਮੌਤਾਂ ਵੀ। ਅਸੀਂ ਅਕਸਰ ਮੌਤਾਂ ਤੋਂ ਬਾਅਦ ਗ਼ਮ ਦਾ ਇਜ਼ਹਾਰ ਵੀ ਕਰਦੇ ਹਾਂ ਤੇ ਗ਼ਮੋ-ਗੁੱਸੇ ਦਾ ਵੀ। ਮੌਤਾਂ ਖ਼ਿਲਾਫ਼ ਸੜਕਾਂ 'ਤੇ ਨਿਕਲਦੇ ਹਾਂ, ਨਾਅਰੇ ਲਗਾਉਂਦੇ ਹਾਂ, ਪੱਥਰ ਮਾਰਦੇ ਹਾਂ। ਮੌਤਾਂ ਖ਼ਿਲਾਫ਼ ਗੁੱਸਾ ਜ਼ਾਹਿਰ ਕਰਦਿਆਂ ਕਈ ਹੋਰ ਮੌਤਾਂ ਪੈਦਾ ਕਰਦੇ ਹਾਂ। ਕਾਤਲਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦੇ ਹਾਂ, ਇੱਕ ਸਿਰ ਦੇ ਬਦਲੇ ਦਸ ਸਿਰ ਲਿਆਉਣ ਦੀਆਂ ਗੱਲਾਂ ਕਰਦੇ ਹਾਂ। ਇਥੇ ਸੜਕਾਂ 'ਤੇ ਆ ਕੇ ਕੀ ਕਰਾਂਗੇ, ਕਿੰਨੇ ਸਿਰ ਲਿਆਵਾਂਗੇ; ਕਾਤਲ ਤਾਂ ਪਹਿਲਾਂ ਹੀ ਆਪਣਾ ਸਿਰ 32ਵੀਂ ਮੰਜ਼ਿਲ ਦੀ ਬਾਲਕੋਨੀ ਵਿਚ ਰੱਖ ਗਿਆ ਹੈ!

ਮੌਤਾਂ ਤੋਂ ਬਾਅਦ ਅਸੀਂ ਇੱਕ ਦੂਜੇ ਤੋਂ ਵੱਧ ਕੇ ਨਿੰਦਾ ਦੇ ਪ੍ਰਸਤਾਵ ਪਾਸ ਕਰਦੇ ਹਾਂ। ਇਥੇ ਅਜਿਹੇ ਪ੍ਰਸਤਾਵਾਂ ਦਾ ਵੀ ਮੂੰਹ ਮੱਥਾ ਨਹੀਂ ਬਣ ਰਿਹਾ ਕਿ ਕਿਸ ਦੀ ਨਿੰਦਾ ਕੀਤੀ ਜਾਵੇ, ਕਿਸ ਨੂੰ ਲਾਹਨਤਾਂ ਪਾਈਆਂ ਜਾਣ। ਅਕਸਰ ਅਜਿਹੀਆਂ ਮੌਤਾਂ ਤੋਂ ਬਾਅਦ ਸੁਰੱਖਿਆ ਦੇ ਇੰਤਜ਼ਾਮਾਂ ਦੀਆਂ ਕਮੀਆਂ ਗਿਣਾਈਆਂ ਜਾਂਦੀਆਂ ਹਨ। ਵਿਰੋਧੀ ਪਾਰਟੀਆਂ ਸਭ ਜ਼ਿੰਮੇਵਾਰੀ ਸੱਤਾਧਾਰੀ ਪਾਰਟੀ ਉਪਰ ਲਗਾਉਂਦੀਆਂ ਹਨ। ਇਥੇ ਇਹ ਵੀ ਮੁਮਕਿਨ ਨਹੀਂ। ਕੀ ਹੋ ਸਕਦੇ ਸਨ ਸੁਰੱਖਿਆ ਇੰਤਜ਼ਾਮ? ਸਾਰੇ ਦਰਵਾਜ਼ਿਆਂ ਉਪਰ ਮੈਟਲ ਡਿਟੈਕਟਰ ਲੱਗਦੇ ਤੇ ਹਰ ਦਰਸ਼ਕ ਦੀ ਦੋਹਰੀ ਤੀਹਰੀ ਤਲਾਸ਼ੀ ਹੁੰਦੀ, ਪਰ ਫਿਰ ਵੀ ਅਸਮਾਨੋਂ ਵਰਸਦੀਆਂ ਮੌਤਾਂ ਦਾ ਕੀ ਹੋ ਸਕਦਾ ਸੀ?

ਇਸ ਦੇ ਬਾਵਜੂਦ ਇਹ ਕੋਈ ਕੁਦਰਤੀ ਆਫ਼ਤ ਨਹੀਂ ਸੀ। ਇਹ ਕੋਈ ਸੁਨਾਮੀ, ਭੂਚਾਲ ਜਾਂ ਝੱਖੜ ਤੂਫਾਨ ਨਹੀਂ ਸੀ। ਇਹ ਕੋਈ ਆਵਾਜਾਈ ਦਾ ਜਾਂ ਸਨਅਤੀ ਹਾਦਸਾ ਵੀ ਨਹੀਂ ਸੀ ਕਿ ਕੋਈ ਟਰੱਕ ਜਾਂ ਕੋਈ ਹਵਾਈ ਜਹਾਜ਼ ਆ ਡਿੱਗਿਆ ਹੋਵੇ, ਤੇ ਜਾਂ ਨਜ਼ਦੀਕ ਹੀ ਕਿਸੇ ਕਾਰਖ਼ਾਨੇ ਵਿਚੋਂ ਗੈਸ ਦਾ ਵੱਡਾ ਚੈਂਬਰ ਫਟ ਗਿਆ ਹੋਵੇ; ਹਾਲਾਂਕਿ ਕੁਝ ਅਜਿਹਾ ਵੀ ਵਾਪਰ ਸਕਦਾ ਹੈ ਤੇ ਵਾਪਰਦਾ ਵੀ ਆਇਆ ਹੈ, ਲੇਕਿਨ ਇਹ ਤਾਂ ਬੰਦੇ ਵੱਲੋਂ ਹੀ ਬੰਦੇ ਮਾਰਨ ਦਾ ਕੰਮ ਹੋਇਆ ਹੈ। ਉਹ ਵੀ ਅਚਨਚੇਤੀ ਨਹੀਂ, ਬਾਕਾਇਦਾ ਯੋਜਨਾ ਬਣਾ ਕੇ ਬੰਦੇ ਮਾਰਨ ਦਾ ਕੰਮ ਕੀਤਾ ਗਿਆ। ਤੇ ਇਹੀ ਤਾਂ ਦੁੱਖ ਦੀ ਸਭ ਤੋਂ ਵੱਡੀ ਕਹਾਣੀ ਹੈ।

ਜਿਸ ਬੰਦੇ ਨੇ ਇਹ ਕਾਰਾ ਕੀਤਾ, ਉਹ ਅਮਰੀਕਾ ਦਾ ਹੀ ਨਾਗਰਿਕ ਸੀ ਤੇ ਉਸ ਦਾ ਨਾਮ ਸਟੀਫਨ ਪੈਡੌਕ ਸੀ। ਉਸ ਦੀ 64 ਸਾਲ ਦੀ ਉਮਰ ਸੀ ਅਤੇ ਉਸ ਕੋਲ ਪਿਸਤੌਲਾਂ ਤੇ ਬੰਦੂਕਾਂ ਰਲਾ ਕੇ 23 ਹਥਿਆਰ ਸਨ। ਉਸ ਦੇ ਘਰ ਵਿਚ 19 ਹੋਰ ਵੀ ਬੰਦੂਕਾਂ ਸਨ। ਅਜਿਹੇ ਹਾਦਸੇ ਦੁਨੀਆਂ ਵਿਚ ਇਸ ਤੋਂ ਪਹਿਲਾਂ ਵੀ ਅਤੇ ਖ਼ਾਸ ਕਰ ਕੇ ਅਮਰੀਕਾ ਵਿਚ ਹੋ ਚੁੱਕੇ ਹਨ। ਇੱਕ ਵਾਰ ਇੱਕ ਸਕੂਲ ਦੇ ਵਿਦਿਆਰਥੀ ਨੇ ਹੀ 12 ਬੰਦੇ ਮਾਰ ਦਿੱਤੇ ਸਨ। ਵੱਡਾ ਸਵਾਲ ਇਹ ਹੈ ਕਿ ਬੰਦੇ ਮਾਰਨ ਦਾ ਸ਼ੌਕ ਕਿਉਂ? ਇਹ ਬੰਦਾ ਕਿਸੇ ਦੂਸਰੇ ਖ਼ਾਸ ਮਜ਼ਹਬ ਦਾ ਵੀ ਹੋ ਸਕਦਾ ਸੀ, ਕਿਸੇ ਹੋਰ ਮੁਲਕ ਦਾ ਵੀ ਹੋ ਸਕਦਾ ਸੀ। ਫਿਰ ਅਜਿਹੀਆਂ ਗੱਲਾਂ ਬਹੁਤ ਚੱਲਦੀਆਂ ਕਿ ਵੇਖਿਆ ਫਲਾਂ ਧਰਮ ਵਾਲਿਆਂ ਦੀ ਕਰਤੂਤ, ਵੇਖੇ ਫਲਾਂ ਮੁਲਕ ਵਾਲਿਆਂ ਦੇ ਮੰਦੇ ਕਾਰਨਾਮੇ। ਬੰਦੇ ਦੀ ਕੀ ਕਰਤੂਤ ਹੈ, ਅਜੇ ਅਸੀਂ ਇਧਰ ਧਿਆਨ ਨਹੀਂ ਦਿੰਦੇ। ਅਸੀਂ ਬੰਦੇ ਦੀ ਪੀੜ੍ਹੀ ਹੇਠ ਸੋਟਾ ਫੇਰ ਕੇ ਨਹੀਂ ਵੇਖ ਰਹੇ। ਜਾਣੇ ਜਾਂ ਅਣਜਾਣੇ ਇਨਸਾਨੀ ਸਭਿਅਤਾ ਮੌਤਾਂ ਤੇ ਕਤਲਾਂ ਦੀ ਜ਼ਹਿਨੀਅਤ ਵੱਲ ਵਧ ਰਹੀ। ਮੌਤਾਂ ਦੇ ਵਣਜਾਰਿਆਂ ਦੀਆਂ ਤਾਰੀਫ਼ਾਂ ਹੁੰਦੀਆਂ, ਦੂਜਿਆਂ ਨੂੰ ਮੌਤ ਦੇ ਘਾਟ ਉਤਾਰਨ ਦੇ ਸੋਹਲੇ ਗਾਏ ਜਾਂਦੇ ਹਨ। ਵੱਡੇ ਵੱਡੇ ਸ਼ਹਿਰਾਂ ਦੇ ਚੌਕਾਂ ਵਿਚ ਹੱਥਾਂ ਵਿਚ ਨੰਗੀਆਂ ਤਲਵਾਰਾਂ ਵਾਲਿਆਂ ਦੇ ਬੁੱਤ ਅਤੇ ਮੋਢਿਆਂ ਉਪਰ ਬੰਦੂਕਾਂ ਦੇ ਬੁੱਤ। ਹਰ ਗੱਲ ਵਿਚ ਗੁੱਸਾ ਤੇ ਹਰ ਗੁੱਸੇ ਵਿਚ ਬੰਦੂਕ। ਹਰ ਗੁੱਸੇ ਦਾ ਹੱਲ ਬੰਦੂਕ ਵਿਚ ਲੱਭਿਆ ਜਾ ਰਿਹਾ ਹੈ। ਬੰਦੇ ਵਿਚ ਬੰਦਿਆਂ ਨੂੰ ਮਾਰਨ ਦਾ ਸ਼ੌਕ ਹਕੀਕੀ ਤੌਰ 'ਤੇ ਪੈਦਾ ਹੋ ਰਿਹਾ ਹੈ ਤੇ ਅੱਜ ਦੀ ਇਨਸਾਨੀ ਸਭਿਅਤਾ ਦੇ ਸਾਹਮਣੇ ਸਭ ਤੋਂ ਵੱਡੀ ਆਫ਼ਤ ਇਹੀ ਹੈ।

ਕਦੇ ਸੁਣਿਆ ਸੀ, ਕੁਝ ਲੋਕ ਦੂਜਿਆਂ ਦੀ ਜ਼ਿੰਦਗੀ ਨੂੰ ਆਪਣੀ ਜ਼ਿੰਦਗੀ ਨਾਲੋਂ ਕੀਮਤੀ ਸਮਝਦੇ ਹਨ, ਦੂਜਿਆਂ ਦੇ ਸੁੱਖ ਆਰਾਮ ਨੂੰ ਵੀ ਆਪਣੀ ਜ਼ਿੰਦਗੀ ਨਾਲੋਂ ਕੀਮਤੀ ਸਮਝਦੇ ਹਨ। ਇਸ ਤਰ੍ਹਾਂ ਦੀ ਇਨਸਾਨੀ ਫਿਤਰਤ ਰੱਬੀ ਦਾਤ ਹੈ। ਅਜਿਹੇ ਗੁਣਾਂ ਕਰ ਕੇ ਇਨਸਾਨੀਅਤ ਕਾਇਮ ਰਹੀ ਹੈ। ਹੁਣ ਇੱਕ ਨਵੀਂ ਫ਼ਿਤਰਤ ਪੈਦਾ ਹੋ ਰਹੀ ਹੈ, ਦੂਸਰਿਆਂ ਦੀ ਮੌਤ ਨੂੰ ਆਪਣੀ ਜ਼ਿੰਦਗੀ ਨਾਲੋਂ ਅਹਿਮ ਸਮਝਣਾ। ਇਹ ਪਾਪੀ ਫ਼ਿਤਰਤ ਹੈ। ਹਰ ਕਤਲ ਰੱਬੀ ਫ਼ਿਤਰਤ ਦੇ ਉਲਟ ਹੈ, ਆਪਣਾ ਖ਼ੁਦ ਦਾ ਕਤਲ ਵੀ। ਅਮਰੀਕਾ ਦੇ ਰਾਸ਼ਟਰਪਤੀ ਤੇ ਹੋਰ ਦੇਸ਼ਾਂ ਦੇ ਲੀਡਰਾਂ ਨੇ ਵੀ ਗ਼ਮ ਤੇ ਗੁੱਸੇ ਦਾ ਜੋ ਇਜ਼ਹਾਰ ਕਰਨਾ ਸੀ, ਕਰ ਦਿੱਤਾ। ਅਮਰੀਕਾ ਦੇ ਰਾਸ਼ਟਰਪਤੀ ਨੇ ਮੁਲਕ ਦੇ ਝੰਡੇ ਨੂੰ ਅੱਧਾ ਨੀਵਾਂ ਕਰਨ ਦਾ ਹੁਕਮ ਦਿੱਤਾ ਜੋ ਨਾ ਮਰਨ ਵਾਲੇ ਵੇਖ ਸਕਣਗੇ, ਨਾ ਮਾਰਨ ਵਾਲਾ; ਨਾ ਸ਼ਿਕਾਰ ਤੇ ਨਾ ਸ਼ਿਕਾਰੀ; ਲੇਕਿਨ ਅਮਰੀਕਾ ਦੇ ਲੋਕਾਂ ਨੇ ਆਪਣੇ ਸਦਰ ਦੇ ਬਿਆਨ ਵਿਚ ਇੱਕ ਕਮੀ ਜ਼ਰੂਰ ਵੇਖੀ। ਉਨ੍ਹਾਂ ਨੂੰ ਉਮੀਦ ਸੀ ਕਿ ਘੱਟੋ-ਘੱਟ ਸਖ਼ਤਮਿਜਾਜ਼ ਟਰੰਪ ਅਮਰੀਕਾ ਵਿਚ ਹਥਿਆਰ ਰੱਖਣ ਵਾਸਤੇ ਕਰੜੇ ਲਾਇਸੈਂਸ ਨਿਯਮਾਂ ਦਾ ਐਲਾਨ ਕਰੇਗਾ ਜਿਸ ਦੀ ਮੰਗ ਕਈ ਸਾਲਾਂ ਤੋਂ ਚੱਲ ਰਹੀ ਸੀ।

ਮੰਨਿਆ ਕਿ ਹਥਿਆਰਾਂ ਦੀ ਲਾਇਸੈਂਸ ਪ੍ਰਣਾਲੀ ਲਾਗੂ ਕਰਨ ਦੇ ਬਾਵਜੂਦ ਨਾਜਾਇਜ਼ ਹਥਿਆਰ ਇਕੱਠੇ ਕਰਨੇ ਮੁਸ਼ਕਿਲ ਨਹੀਂ। ਇਹ ਹੋ ਵੀ ਰਹੇ ਹਨ, ਪਰ ਸਿਰਫ਼ ਇੱਕ ਸਮਝ ਪੈਦਾ ਕਰਨ ਦੀ ਲੋੜ ਹੈ ਕਿ ਸਮਾਜਿਕ ਕੰਟਰੋਲ ਤੋਂ ਬਾਹਰ ਇਹ ਹਥਿਆਰ ਤਬਾਹੀ ਦਾ ਸਬੱਬ ਹਨ। ਲਾਸ ਵੇਗਸ ਵਿਚ 42 ਹਥਿਆਰ ਇੱਕ ਬੰਦੇ ਕੋਲ ਸਨ। ਕਈ ਜਗ੍ਹਾ ਇਹ ਕੋਈ ਦਸ ਬਾਰਾਂ ਜਾਂ ਵੱਧ ਬੰਦਿਆਂ ਕੋਲ ਹੋ ਸਕਦੇ ਹਨ, ਕਿਸੇ ਜਮਾਤ ਜਾਂ ਸੰਸਥਾ ਕੋਲ ਹੋ ਸਕਦੇ ਹਨ। ਇਨ੍ਹਾਂ ਉਪਰ ਕਿਸੇ ਦਾ ਕੰਟਰੋਲ ਨਹੀਂ, ਉਹ ਲੋਕ ਆਪਣੀ ਹੀ ਮਰਜ਼ੀ ਦੇ ਮਾਲਕ ਹੋਣਗੇ ਤੇ ਇਨ੍ਹਾਂ ਦਾ ਇਸਤੇਮਾਲ ਆਪਣੀ ਹੀ ਮਰਜ਼ੀ ਨਾਲ ਕਰਨਗੇ।

ਲਾਸ ਵੇਗਸ ਦੇ ਸਟੀਫਨ ਪੈਡੌਕ ਨੇ ਆਪਣੀ ਮਰਜ਼ੀ ਨਾਲ, ਆਪਣੇ ਦਿਮਾਗ਼ ਨਾਲ ਤੇ ਆਪਣੇ ਦਿਲ ਨਾਲ ਜੋ ਠੀਕ ਲੱਗਾ, ਕੀਤਾ। ਇਸੇ ਤਰ੍ਹਾਂ ਕੋਈ ਗਰੁਪ ਕੋਈ ਵੱਡਾ ਗਰੁਪ ਆਪਣੀ ਹੀ ਮਰਜ਼ੀ ਨਾਲ ਆਪਣੇ ਹੀ ਦਿਮਾਗ਼ ਤੇ ਦਿਲ ਨਾਲ ਜੋ ਠੀਕ ਲੱਗੇ, ਕਰ ਸਕਦਾ ਹੈ ਤੇ ਕਰ ਰਿਹਾ ਹੈ, ਉਹ ਮੌਤਾਂ ਦੇ ਨਿੱਕੇ ਨਿੱਕੇ ਮੀਂਹ ਵਰ੍ਹਾਅ ਰਿਹਾ ਹੈ ਤੇ ਉਹ ਕਿਸੇ ਦੇ ਕੰਟਰੋਲ ਵਿਚ ਨਹੀਂ, ਉਸ ਨੂੰ ਕਿਸੇ ਸਲਾਹ ਦੀ ਲੋੜ ਨਹੀਂ। ਇਹ ਮੇਰੀ ਧਰਤੀ ਦਾ ਸਭ ਤੋਂ ਵੱਡਾ ਦੁਖਾਂਤ ਬਣ ਗਿਆ ਹੈ। ਅਸੀਂ ਲਾਸ ਵੇਗਸ ਘਟਨਾ ਤੋਂ ਦੁਖੀ ਹਾਂ, ਪਰ ਦਸਹਿਰੇ ਵਾਲੇ ਦਿਨ ਭਾਰਤ ਪ੍ਰਧਾਨ ਮੰਤਰੀ ਤੀਰ ਕਮਾਨ ਲੈ ਕੇ ਤਸਵੀਰ ਖਿਚਾ ਰਿਹਾ ਹੈ ਜਦੋਂ ਕਿ ਪਤਾ ਹੈ ਕਿ ਇਹ ਚੀਜ਼ ਮੌਤ ਦਾ ਸਾਮਾਨ ਹੈ, ਜ਼ਿੰਦਗੀ ਦਾ ਨਹੀਂ। ਇੱਕ ਹੋਰ ਤਸਵੀਰ ਵਿਚ ਇੱਕ ਬੰਦਾ ਦੋਹਾਂ ਹੱਥਾਂ ਵਿਚ ਸਤਿਕਾਰ ਨਾਲ ਬੰਦੂਕ ਚੁੱਕੀ ਖਲੋਤਾ ਹੈ ਤੇ ਉਸ ਉਪਰ ਸ਼ਰਧਾ ਨਾਲ ਚੁੰਮਣ ਨਿਛਾਵਰ ਕਰ ਰਿਹਾ ਹੈ। ਵਿਜੈ ਦਸ਼ਮੀ ਦੇ ਨਾਂ ਉਪਰ ਬੰਦੂਕਾਂ ਉਪਰ ਫੁੰਮ੍ਹਣ ਬੰਨ੍ਹੇ ਜਾ ਰਹੇ ਹਨ ਤੇ ਆਰ.ਐਸ.ਐਸ. ਦਾ ਸੰਚਾਲਕ ਸੰਧੂਰ ਲਗਾ ਕੇ ਸ਼ਸਤਰ ਪੂਜਾ ਕਰਦਾ ਹੈ। ਉਸ ਸ਼ਸਤਰ ਦੀ ਪੂਜਾ ਜਿਸ ਨੇ ਕੁਝ ਮਿੰਟਾਂ ਵਿਚ ਹੀ 60 ਬੰਦੇ ਮਾਰ ਮੁਕਾਏ। ਲਾਸ ਵੇਗਸ ਵਰਗੇ ਮੌਤਾਂ ਦੇ ਮੀਂਹਾਂ ਦੇ ਕਾਲੇ ਕਲਹਿਣੇ ਬੱਦਲ ਇੱਧਰੋਂ ਹੀ ਆਉਂਦੇ ਹਨ। ਇਹ ਹਰ ਗੁੱਸੇ ਦਾ ਹੱਲ ਬੰਦੂਕ ਵਿਚੋਂ ਲੱਭਣ ਦੀ ਸੋਚ ਵਿਚੋਂ ਆਉਂਦੇ ਹਨ। ਇਹ ਬੰਦੇ ਦੀ ਕਾਤਲ ਜ਼ਹਿਨੀਅਤ ਵਿਚੋਂ ਆਉਂਦੇ ਹਨ। ਇਹ ਸ਼ਸਤਰ ਪੂਜਾ ਵਿਚੋਂ ਆਉਂਦੇ ਹਨ।

***ਅਮਰੀਕਾ ਦੇ ਰਾਸ਼ਟਰਪਤੀ ਤੇ ਹੋਰ ਦੇਸ਼ਾਂ ਦੇ ਲੀਡਰਾਂ ਨੇ ਵੀ .ਗਮ ਤੇ ਗੁੱਸੇ ਦਾ ਜੋ ਇਜ਼ਹਾਰ ਕਰਨਾ ਸੀ, ਕਰ ਦਿੱਤਾ। ਅਮਰੀਕਾ ਦੇ ਰਾਸ਼ਟਰਪਤੀ ਨੇ ਮੁਲਕ ਦੇ ਝੰਡੇ ਨੂੰ ਅੱਧਾ ਨੀਵਾਂ ਕਰਨ ਦਾ ਹੁਕਮ ਦਿੱਤਾ ਜੋ ਨਾ ਮਰਨ ਵਾਲੇ ਵੇਖ ਸਕਣਗੇ, ਨਾ ਮਾਰਨ ਵਾਲਾ; ਨਾ ਸ਼ਿਕਾਰ ਤੇ ਨਾ ਸ਼ਿਕਾਰੀ; ਲੇਕਿਨ ਅਮਰੀਕਾ ਦੇ ਲੋਕਾਂ ਨੇ ਆਪਣੇ ਸਦਰ ਦੇ ਬਿਆਨ ਵਿਚ ਇੱਕ ਕਮੀ ਜ਼ਰੂਰ ਵੇਖੀ। ਉਨ੍ਹਾਂ ਨੂੰ ਉਮੀਦ ਸੀ ਕਿ ਘੱਟੋ-ਘੱਟ ਸਖ਼ਤਮਿਜਾਜ਼ ਟਰੰਪ ਅਮਰੀਕਾ ਵਿਚ ਹਥਿਆਰ ਰੱਖਣ ਵਾਸਤੇ ਕਰੜੇ ਲਾਇਸੈਂਸ ਨਿਯਮਾਂ ਦਾ ਐਲਾਨ ਕਰੇਗਾ ਜਿਸ ਦੀ ਮੰਗ ਕਈ ਸਾਲਾਂ ਤੋਂ ਚੱਲ ਰਹੀ ਸੀ।***

# ਹੁਣ ਰੋਸ ਪ੍ਰਗਟਾਉਣ 'ਤੇ ਵੀ ਲਾਈ ਪਾਬੰਦੀ!

ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਆਦੇਸ਼ ਜਾਰੀ ਕੀਤਾ ਹੈ ਕਿ ਹੁਣ ਜੰਤਰ ਮੰਤਰ ਦਿੱਲੀ ਵਿਖੇ ਵਿਰੋਧ ਪ੍ਰਦਰਸ਼ਨ ਨਹੀਂ ਕੀਤੇ ਜਾ ਸਕਣਗੇ; ਕਿਉਂਕਿ ਪ੍ਰਦਰਸ਼ਨਾਂ ਦੇ ਸ਼ੋਰ ਪ੍ਰਦੂਸ਼ਣ ਅਤੇ ਗੰਦਗੀ ਕਾਰਨ ਆਲੇ-ਦੁਆਲੇ ਵਸਦੇ ਲੋਕਾਂ ਨੂੰ ਮੁਸ਼ਕਲ ਆਉਂਦੀ ਹੈ। ਦਿੱਲੀ ਦਰਬਾਰ ਨੇੜਲਾ ਇਹ ਖੇਤਰ ਬਹੁਤ ਸਾਲਾਂ ਤੋਂ ਵਿਰੋਧ ਪ੍ਰਦਰਸ਼ਨਾਂ ਦੀ ਮਨਜ਼ੂਰਸ਼ੁਦਾ ਜਗ੍ਹਾ ਹੈ, ਜਿਥੇ ਮੁਲਕ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਲੋਕ ਆਪਣੇ ਮਸਲਿਆਂ ਅਤੇ ਮੰਗਾਂ ਦੀ ਆਵਾਜ਼ ਹੁਕਮਰਾਨਾਂ ਦੇ ਕੰਨਾਂ ਤਕ ਪੁੱਜਦੀ ਕਰਨ ਲਈ ਆਉਂਦੇ ਹਨ। ਬਹੁਤ ਸਾਰੇ ਲੋਕ ਇਥੇ ਪੱਕੇ ਤੰਬੂ ਲਾ ਕੇ ਕਈ ਕਈ ਮਹੀਨੇ ਧਰਨੇ ਲਗਾਈ ਰੱਖਦੇ ਹਨ ਅਤੇ ਸ਼ਾਂਤਮਈ ਰਹਿਣ ਦੇ ਆਪਣੇ ਸਬਰ ਦਾ

**ਬੂਟਾ ਸਿੰਘ**
ਫੋਨ: +91-94634-74342

ਇਮਤਿਹਾਨ ਦਿੰਦੇ ਹਨ। ਵਾਅਦਾਖ਼ਿਲਾਫ਼ ਹੁਕਮਰਾਨ, ਕੇਂਦਰੀ ਸੱਤਾ ਦੇ ਗਲਿਆਰਿਆਂ ਦੇ ਬਿਲਕੁਲ ਨੇੜੇ ਗੂੰਜ ਰਹੀ ਆਵਾਮ ਦੀ ਆਵਾਜ਼ ਨੂੰ ਵੀ ਉਸੇ ਤਰ੍ਹਾਂ ਨਜ਼ਰਅੰਦਾਜ਼ ਕਰਦੇ ਹਨ ਜਿਵੇਂ ਆਪੋ-ਆਪਣੇ ਹਲਕਿਆਂ ਜਾਂ ਸੂਬਿਆਂ ਵਿਚ ਆਵਾਮ ਦੀ ਅਣਦੇਖੀ ਉਨ੍ਹਾਂ ਦਾ ਰਾਜਸੀ ਦਸਤੂਰ ਹੈ। ਇਸ ਕਰ ਕੇ ਉਥੇ ਧਰਨੇ-ਦਰ-ਧਰਨੇ ਜਾਰੀ ਹਨ। ਧਰਨੇ ਮੁਜ਼ਾਹਰੇ ਕਰਨ ਵਾਲੇ ਸ਼ੌਕ ਜਾਂ ਖੁਸ਼ੀ ਨਾਲ ਇਥੇ ਨਹੀਂ ਆਉਂਦੇ, ਬਲਕਿ ਆਪਣੇ ਮੰਗਾਂ-ਮਸਲਿਆਂ ਦੀ ਸੁਣਵਾਈ ਲਈ ਬੇਥਾਹ ਮੁਸ਼ਕਲਾਂ ਝੱਲ ਕੇ ਇਥੇ ਪਹੁੰਚਦੇ ਹਨ। ਹੁਣ ਪ੍ਰਦਰਸ਼ਨਕਾਰੀਆਂ ਦੀ ਆਵਾਜ਼ ਦਬਾਉਣ ਲਈ ਕੇਂਦਰ ਸਰਕਾਰ ਵਲੋਂ ਐਨ.ਜੀ.ਟੀ. ਨੂੰ ਹਥਿਆਰ ਬਣਾਇਆ ਗਿਆ ਹੈ ਜਿਸ ਨੇ ਧਰਨਿਆਂ-ਮੁਜ਼ਾਹਰਿਆਂ ਦੀ ਜਗ੍ਹਾ ਬਦਲ ਕੇ ਤਿੰਨ ਕਿਲੋਮੀਟਰ ਦੂਰ ਰਾਮ ਲੀਲ੍ਹਾ ਮੈਦਾਨ ਤਕ ਸੀਮਤ ਕਰ ਦਿੱਤੀ ਹੈ। ਜੇ ਦਿੱਲੀ ਸਰਕਾਰ ਵੀ ਇਸ ਆਦੇਸ਼ ਨਾਲ ਸਹਿਮਤ ਹੋ ਜਾਂਦੀ ਹੈ ਤਾਂ ਇਨ੍ਹਾਂ ਪ੍ਰਦਰਸ਼ਨਾਂ ਦਾ ਅਸਰ ਹੋਰ ਵੀ ਨਿਤਾਣਾ ਹੋ ਜਾਵੇਗਾ।

ਇਕ ਵਕਤ ਸੀ ਜਦੋਂ ਇਸੇ ਰਾਮ ਲੀਲ੍ਹਾ ਮੈਦਾਨ ਤੋਂ ਰੈਲੀਆਂ-ਮੁਜ਼ਾਹਰੇ ਸ਼ੁਰੂ ਹੁੰਦੇ ਸਨ ਅਤੇ ਲੰਮਾ ਕੂਚ ਕਰ ਕੇ ਸੰਸਦ ਮਾਰਗ ਉਪਰ ਜਾ ਕੇ ਖ਼ਤਮ ਹੁੰਦੇ ਸਨ। ਛੋਟੇ ਇਕੱਠਾਂ ਨੂੰ ਤਾਂ ਇਸ ਤੋਂ ਵੀ ਅੱਗੇ ਸੰਸਦ ਦੇ ਨੇੜੇ ਤਕ ਜਾਣ ਦੀ ਇਜਾਜ਼ਤ ਸੀ ਅਤੇ ਐਸੇ ਮੁਜ਼ਾਹਰਿਆਂ ਨੂੰ ਸੰਸਦ ਦੇ ਨੇੜੇ ਹੀ ਰੋਕਿਆ ਜਾਂਦਾ ਸੀ, ਜਿਥੇ ਆ ਕੇ ਅਕਸਰ ਹੀ ਵਿਰੋਧੀ ਧਿਰ ਦੇ ਸੰਸਦ ਮੈਂਬਰ ਸੰਬੋਧਨ ਕਰਦੇ ਸਨ। ਫਿਰ ਇਹ ਸਪੇਸ ਸੁੰਗੇੜ ਕੇ ਜੰਤਰ ਮੰਤਰ ਤਕ ਸੀਮਤ ਕਰ ਦਿੱਤੀ ਗਈ। ਹੁਣ ਹੁਕਮਰਾਨਾਂ ਨੂੰ ਧਰਨਾ ਲਾਉਣ ਵਾਲਿਆਂ ਦਾ ਇਥੇ ਆਉਣਾ ਵੀ ਮਨਜ਼ੂਰ ਨਹੀਂ। ਹੁਣ ਉਨ੍ਹਾਂ ਨੂੰ ਇਸ ਤੋਂ ਤਿੰਨ ਕਿਲੋਮੀਟਰ ਪਿੱਛੇ ਰਾਮ ਲੀਲ੍ਹਾ ਮੈਦਾਨ ਵਿਚ ਸੀਮਤ ਕਰਨ ਲਈ ਆਦੇਸ਼ ਜਾਰੀ ਕਰਵਾਇਆ ਗਿਆ ਹੈ।

ਸੱਤਾਧਾਰੀ ਸਿਆਸੀ ਪਾਰਟੀਆਂ ਨੂੰ ਇਥੇ ਹੋਣ ਵਾਲੇ ਧਰਨੇ-ਮੁਜ਼ਾਹਰੇ ਸਰਕਾਰਾਂ ਨੂੰ ਬਹੁਤ ਚੁਭਦੇ ਹਨ। ਸੱਤਾਧਾਰੀਆਂ ਦੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਸੀਮਤ ਕੀਤਾ ਜਾਵੇ। ਪ੍ਰਦਰਸ਼ਨਾਂ ਵਾਲੀ ਜਗ੍ਹਾ ਦੇ ਆਲੇ-ਦੁਆਲੇ ਰਹਿੰਦੇ ਲੋਕਾਂ ਦੀ ਜ਼ਿੰਦਗੀ ਵਿਚ ਖ਼ਲਲ ਪੈਣ ਅਤੇ ਗੰਦਗੀ ਫੈਲਣ ਦੀ ਦਲੀਲ ਮੁਕਾਮੀ ਪ੍ਰਸ਼ਾਸਨ ਵਲੋਂ ਅਕਸਰ ਇਸਤੇਮਾਲ ਕੀਤੀ ਜਾਂਦੀ ਹੈ। ਪੰਜਾਬ ਇਸ ਦੀ ਜ਼ਾਹਰਾ ਮਿਸਾਲ ਹੈ। ਸੂਬੇ ਦੇ ਵੱਖ-ਵੱਖ ਵਰਗਾਂ ਦੇ ਲੋਕ, ਦਹਾਕੇ ਪਹਿਲਾਂ ਚੰਡੀਗੜ੍ਹ ਦੇ ਸੈਕਟਰ ਸਤਾਰਾਂ ਦੇ ਖੁੱਲ੍ਹੇ ਮੈਦਾਨ ਵਿਚ ਜਾ ਕੇ ਵਿਰੋਧ ਪ੍ਰਦਰਸ਼ਨ ਕਰਦੇ ਹੁੰਦੇ ਸਨ। ਹੁਕਮਰਾਨਾਂ ਨੇ ਇਹੀ ਬਹਾਨਾ ਬਣਾ ਕੇ ਉਥੇ ਪ੍ਰਦਰਸ਼ਨ ਕਰਨ ਦੀ ਮਨਾਹੀ ਕਰ ਦਿੱਤੀ ਅਤੇ ਇਸ ਮਨੋਰਥ ਲਈ ਮਟਕਾ ਚੌਕ ਮੁਕੱਰਰ ਕਰ ਦਿੱਤਾ ਗਿਆ। ਫਿਰ ਮਟਕਾ ਚੌਕ ਵਿਖੇ ਇਕੱਠੇ ਹੋ ਕੇ ਧਰਨੇ ਮੁਜ਼ਾਹਰੇ ਕਰਨ ਉਪਰ ਵੀ ਪਾਬੰਦੀ ਲਾ ਦਿੱਤੀ ਅਤੇ ਇਸ ਦੀ ਬਜਾਏ ਸ਼ਹਿਰ ਤੋਂ ਬਾਹਰ ਸ਼ਮਸ਼ਾਨਘਾਟ ਨੇੜੇ ਇਕ ਜਗ੍ਹਾ ਨਿਸ਼ਚਿਤ ਕਰ ਦਿੱਤੀ। ਵਿਹਾਰਕ ਤੌਰ 'ਤੇ ਉਥੇ ਕੀਤੇ ਜਾਣ ਵਾਲੇ ਵਿਰੋਧ ਪ੍ਰਦਰਸ਼ਨ ਪ੍ਰਭਾਵਹੀਣ ਹਨ, ਕਿਉਂਕਿ ਉਥੇ ਉਨ੍ਹਾਂ ਦੀ ਸੁਣਵਾਈ ਕਰਨ ਵਾਲਾ ਕੋਈ ਨਹੀਂ ਹੁੰਦਾ। ਨਾ ਸਟੇਟ ਦੇ ਨੁਮਾਇੰਦੇ, ਨਾ ਪ੍ਰਸ਼ਾਸਨਿਕ ਅਧਿਕਾਰੀ ਅਤੇ ਨਾ ਹੀ ਆਮ ਨਾਗਰਿਕ।

ਦਰਅਸਲ, ਸੂਬੇ ਦੀ ਰਾਜਧਾਨੀ ਵਿਚ ਬਾਹਰੋਂ ਜਾ ਕੇ ਧਰਨੇ-ਮੁਜ਼ਾਹਰੇ ਕਰਨ ਉਪਰ ਪਾਬੰਦੀ ਹੈ ਅਤੇ ਇਹ ਆਪਾਸ਼ਾਹ ਹੁਕਮਰਾਨਾਂ ਦੀ ਮਰਜ਼ੀ ਉਪਰ ਮੁਨੱਸਰ ਕਰਦਾ ਹੈ ਕਿ ਕਿਹੜੇ ਪ੍ਰਦਰਸ਼ਨਕਾਰੀਆਂ ਨੂੰ ਸ਼ਹਿਰ ਵਿਚ ਦਾਖ਼ਲ ਹੋਣ ਦੇਣਾ ਹੈ ਅਤੇ ਕਿਹਨਾਂ ਨੂੰ ਨਹੀਂ। ਚੋਣਵਾਦੀ ਪਾਰਟੀਆਂ ਕਿਸੇ ਵੀ ਥਾਂ, ਕਿਸੇ ਵੀ ਵਕਤ ਵੱਡੇ-ਵੱਡੇ ਤਾਕਤ ਪ੍ਰਦਰਸ਼ਨ ਕਰ ਸਕਦੀਆਂ ਹਨ। ਉਨ੍ਹਾਂ ਲਈ ਕੋਈ ਕਾਇਦੇ-ਕਾਨੂੰਨ ਨਹੀਂ। ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਵੱਡੀਆਂ-ਵੱਡੀਆਂ ਰੈਲੀਆਂ ਅਤੇ ਰੋਡ ਮਜਮਿਆਂ ਦਾ ਘੜਮੱਸ ਇਸ ਦੀ ਮਿਸਾਲ ਹੈ; ਪਰ ਜਦੋਂ ਆਵਾਮੀ ਜਥੇਬੰਦੀਆਂ ਆਮ ਲੋਕਾਂ ਦੇ ਹਕੀਕੀ ਮਸਲਿਆਂ ਨੂੰ ਲੈ ਕੇ ਸੱਤਾਧਾਰੀ ਧਿਰ ਦੇ ਖ਼ਿਲਾਫ਼ ਆਵਾਮੀ ਰਾਇ ਲਾਮਬੰਦ ਕਰਦੀਆਂ ਹਨ ਤਾਂ ਸੱਤਾਧਾਰੀ ਧਿਰ ਦੀ ਜੀ-ਹਜ਼ੂਰੀ ਕਰਨ ਵਾਲਾ ਪ੍ਰਸ਼ਾਸਨ ਰੋਕਾਂ ਲਾਉਣ ਲਈ ਤੁਰੰਤ ਪੱਬਾਂ ਭਾਰ ਹੋ ਜਾਂਦਾ ਹੈ। ਇਸ ਵਤੀਰੇ ਨੂੰ ਮੁਲਕ ਦੀ ਰਾਜਧਾਨੀ ਤੋਂ ਲੈ ਕੇ ਤਹਿਸੀਲਾਂ-ਜ਼ਿਲ੍ਹਿਆਂ ਤਕ ਸਾਫ਼ ਦੇਖਿਆ ਜਾ ਸਕਦਾ ਹੈ।

ਵਿਰੋਧ ਦੀ ਜਮਹੂਰੀ ਸਪੇਸ ਲਗਾਤਾਰ ਸੁੰਗੜ ਰਹੀ ਹੈ। ਅੰਗਰੇਜ਼ੀ ਰਾਜ ਦੌਰਾਨ ਬਸਤੀਵਾਦੀ ਧਾੜਵੀਆਂ ਵਿਰੁਧ ਜਾਨ-ਹੂਲਵੇਂ ਸੰਘਰਸ਼ ਲੜ ਕੇ ਜੋ ਜਮਹੂਰੀ ਹੱਕ ਹਾਸਲ ਕੀਤੇ ਗਏ ਸਨ, ਉਹ ਸੱਤਾਬਦਲੀ ਤੋਂ ਬਾਅਦ ਦੇ ਸੱਤ ਦਹਾਕਿਆਂ ਵਿਚ ਮਹਿਜ਼ ਰਸਮੀ ਬਣ ਕੇ ਰਹਿ ਗਏ ਹਨ। ਸੱਤਾਧਾਰੀ ਵਰਗ ਪੰਜ ਸਾਲ ਲਈ ਆਵਾਮ ਦੇ ਸਰੋਕਾਰਾਂ, ਮਸਲਿਆਂ ਅਤੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨ ਦੀ ਸੰਵਿਧਾਨਕ ਤਾਕਤ ਹਾਸਲ ਕਰ ਲੈਂਦਾ ਹੈ। ਇਸ ਰਾਜਸੀ ਪ੍ਰਬੰਧ ਅੰਦਰ ਚੋਣਾਂ ਤੋਂ ਬਾਅਦ, ਹੁਕਮਰਾਨ ਆਵਾਮ ਨੂੰ ਮਹਿਜ਼ ਅਧਿਕਾਰਹੀਣ ਪਰਜਾ ਸਮਝ ਕੇ ਟਿੱਚ ਜਾਣਦੇ ਹਨ ਅਤੇ ਖ਼ੁਦ ਨੂੰ ਸਰਵ-ਸ਼ਕਤੀਮਾਨ ਰਜਵਾੜੇ।

ਪਿਛਲੇ ਦਿਨੀਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਲੋਂ ਪੰਜਾਬ ਸਰਕਾਰ ਦੀ ਵਾਅਦਾਖ਼ਿਲਾਫ਼ੀ ਵਿਰੁਧ ਆਵਾਜ਼ ਉਠਾਉਣ ਲਈ ਕੈਪਟਨ ਦੇ ਪਟਿਆਲਾ ਸਥਿਤ ਸ਼ਾਹੀ ਮਹਿਲ ਅੱਗੇ ਧਰਨਾ ਦੇਣ ਦਾ ਪ੍ਰੋਗਰਾਮ ਤੈਅ ਕੀਤਾ। ਇਸ ਨੂੰ ਅਸਫ਼ਲ ਬਣਾਉਣ ਲਈ ਪੂਰੇ ਸੂਬੇ ਦੀ ਪੁਲਿਸ ਤਾਕਤ ਝੋਕ ਦਿੱਤੀ ਗਈ ਅਤੇ ਪਟਿਆਲਾ ਵਿਚ



ਕਿਸਾਨਾਂ ਦਾ ਸ਼ਾਂਤਮਈ ਤਰੀਕੇ ਨਾਲ ਇਕੱਠੇ ਹੋਣਾ ਗ਼ੈਰਕਾਨੂੰਨੀ ਐਲਾਨ ਦਿੱਤਾ ਗਿਆ। ਕਿਸਾਨ ਜਥੇਬੰਦੀਆਂ ਨੇ ਅਦਾਲਤ ਵਿਚ ਜਾ ਕੇ ਇਸ ਨੂੰ ਕਾਨੂੰਨੀ ਚੁਣੌਤੀ ਦਿੱਤੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਹੋਈ ਸੁਣਵਾਈ ਦੌਰਾਨ ਸਰਕਾਰ ਨੂੰ ਪਿੱਛੇ ਹਟਣਾ ਪਿਆ ਅਤੇ ਕਿਸਾਨਾਂ ਦੇ ਧਰਨੇ ਲਈ ਪਟਿਆਲਾ ਤੋਂ ਬਾਹਰ ਇਕ ਪਿੰਡ ਦੀ ਦਾਣਾ ਮੰਡੀ ਵਿਚ ਮੁਤਬਾਦਲ ਜਗ੍ਹਾ ਦੇ ਦਿੱਤੀ ਗਈ। ਇਹ ਮਸਲਾ ਨਿਰਾ ਪਟਿਆਲੇ ਦਾ ਨਹੀਂ ਹੈ।

ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਬਹੁਤ ਸਾਲਾਂ ਤੋਂ ਲਗਾਤਾਰ ਦਫ਼ਾ 144 ਲਾਗੂ ਹੈ। ਪ੍ਰਸ਼ਾਸਨ ਦੀ ਮਨਜ਼ੂਰੀ ਤੋਂ ਬਗ਼ੈਰ ਪੰਜ ਬੰਦਿਆਂ ਦਾ ਇਕੱਠੇ ਹੋਣਾ ਗ਼ੈਰਕਾਨੂੰਨੀ ਮੰਨਿਆ ਜਾਂਦਾ ਹੈ। ਇਸ ਸੰਵਿਧਾਨਕ ਮੱਦ ਤਹਿਤ ਐਸੀ ਪਾਬੰਦੀ ਦੋ ਮਹੀਨੇ ਤੋਂ ਵੱਧ ਲਾਗੂ ਨਹੀਂ ਕੀਤੀ ਜਾ ਸਕਦੀ। ਚਲਾਕ ਨੌਕਰਸ਼ਾਹੀ ਨੇ ਇਸ ਦਾ ਹੱਲ ਵੀ ਈਜਾਦ ਕਰ ਲਿਆ। ਇਸ ਸਦਾਬਹਾਰ ਕਾਇਦੇ ਨੂੰ ਨਿਸ਼ਚਿਤ ਮਿਆਦ ਖ਼ਤਮ ਹੋਣ 'ਤੇ ਮੁਕਾਮੀ ਡੀ.ਸੀ. ਵਲੋਂ ਅਗਲੇ ਦਿਨ ਫਿਰ ਜਾਰੀ ਕਰ ਦਿੱਤਾ ਜਾਂਦਾ ਹੈ। ਇਹ ਐਸਾ ਪ੍ਰਸ਼ਾਸਨਿਕ ਹਥਿਆਰ ਹੈ ਜਿਸ ਨੂੰ ਅਣਚਾਹੇ ਇਕੱਠਾਂ ਨੂੰ ਰੋਕਣ ਲਈ ਇਸਤੇਮਾਲ ਕੀਤਾ ਜਾਂਦਾ ਹੈ। ਪਾਬੰਦੀ ਅਤੇ ਬੰਦਸ਼ਾਂ ਸਿਰਫ਼ ਆਵਾਮੀ ਸਰੋਕਾਰਾਂ ਦੀ ਆਵਾਜ਼ ਉਠਾਉਣ ਵਾਲੇ ਧਰਨੇ-ਮੁਜ਼ਾਹਰਿਆਂ ਉਪਰ ਲਗਾਈਆਂ ਜਾਂਦੀਆਂ ਹਨ। ਧਾਰਮਿਕ ਜਲੂਸਾਂ, ਸੱਤਾਧਾਰੀ ਧਿਰ ਦੇ ਹਜੂਮਾਂ ਨੂੰ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਜਨਜੀਵਨ ਵਿਚ ਖ਼ਲਲ ਪਾਉਣ, ਕੰਨ ਪਾੜਵੇਂ ਸ਼ੋਰ ਸਮੇਤ ਤਰ੍ਹਾਂ-ਤਰ੍ਹਾਂ ਦਾ ਪ੍ਰਦੂਸ਼ਣ ਅਤੇ ਅਰਾਜਕਤਾ ਫੈਲਾਉਣ ਦੀ ਨਾ ਸਿਰਫ਼ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ, ਸਗੋਂ ਪ੍ਰਸ਼ਾਸਨ ਸਮੁੱਚੀ ਰਾਜ-ਮਸ਼ੀਨਰੀ ਝੋਕ ਕੇ ਇਨ੍ਹਾਂ ਨੂੰ ਖ਼ੁਦ ਕਾਮਯਾਬ ਬਣਾਉਂਦਾ ਹੈ। ਪੰਚਕੂਲਾ ਅਦਾਲਤ ਵਿਚ ਬਲਾਤਕਾਰੀ ਸਾਧ ਗੁਰਮੀਤ ਰਾਮ ਰਹੀਮ ਨੂੰ ਕਸੂਰਵਾਰ ਕਰਾਰ ਦਿੱਤੇ ਜਾਣ ਸਮੇਂ ਦਫ਼ਾ 144 ਦੇ ਬਾਵਜੂਦ ਦਹਿ-ਹਜ਼ਾਰਾਂ ਡੇਰਾ ਪ੍ਰੇਮੀਆਂ ਨੂੰ ਇਕੱਠੇ ਹੋਣ ਦੀ ਖੁੱਲ੍ਹ ਦੇਣਾ ਹੁਕਮਰਾਨ ਜਮਾਤ ਦੇ ਦੋਹਰੇ ਮਿਆਰਾਂ ਦੀ ਹੀ ਮਿਸਾਲ ਹੈ। ਸ਼ੋਰ ਪ੍ਰਦੂਸ਼ਣ ਅਤੇ ਸਿਹਤ ਲਈ ਨਾਮੁਆਫ਼ਕ ਹਾਲਾਤ ਦੀਆਂ ਦਲੀਲਾਂ ਦਰਅਸਲ ਹੁਕਮਰਾਨਾਂ ਦੀ ਰਾਜਕੀ ਜਵਾਬਦੇਹੀ ਤੋਂ ਬਚਣ ਲਈ ਘੜਿਆ ਬਹਾਨਾ ਹੈ। ਜਿਸ ਦਿੱਲੀ ਵਿਚ ਜਾਇਜ਼ ਮੰਗਾਂ ਲਈ ਲਗਾਏ ਜਾਣ ਵਾਲੇ ਧਰਨਿਆਂ ਨੂੰ ਪ੍ਰਦੂਸ਼ਣ ਫੈਲਾਉਣ ਵਾਲੇ ਕਹਿ ਕੇ ਭੰਡਿਆ ਜਾ ਰਿਹਾ ਹੈ, ਉਥੇ ਸਰਕਾਰੀ ਪੁਸ਼ਤਪਨਾਹੀ ਵਾਲੇ ਸ੍ਰੀ-ਸ੍ਰੀ ਵਰਗੇ ਸਾਧਾਂ ਨੂੰ ਰੂਹਾਨੀ ਸਮਾਗਮਾਂ ਦੇ ਨਾਂ 'ਤੇ ਪੌਣ-ਪਾਣੀ ਨੂੰ ਵਿਆਪਕ ਪੱਧਰ 'ਤੇ ਪਲੀਤ ਕਰਨ ਦੀ ਖੁੱਲ੍ਹ ਦੇਣਾ ਆਮ ਗੱਲ ਹੈ।

ਸੱਤਾਧਾਰੀ ਧਿਰ ਤੋਂ ਆਵਾਮ ਦੀ ਬੇਚੈਨੀ ਦਾ ਸਿਆਸੀ ਲਾਹਾ ਲੈਣ ਲਈ ਅਖੌਤੀ ਵਿਰੋਧੀ ਧਿਰ ਦੀਆਂ ਪਾਰਟੀਆਂ ਆਮ ਹੀ ਭਰਮਾਊ ਨਾਅਰਿਆਂ ਤੇ ਚੋਣ ਵਾਅਦਿਆਂ ਦਾ ਸਹਾਰਾ ਲੈਂਦੀਆਂ ਹਨ ਅਤੇ ਸੱਤਾਧਾਰੀ ਹੋ ਕੇ ਸ਼ਰੇਆਮ ਵਾਅਦਾਖ਼ਿਲਾਫ਼ੀ ਕਰਦੀਆਂ ਹਨ। ਇਨ੍ਹਾਂ ਹਾਲਾਤ ਵਿਚ ਆਪਣੇ ਸਮੂਹਿਕ ਹਿਤਾਂ ਲਈ ਇਕੱਠੇ ਹੋਣ ਅਤੇ ਮਿਲ ਕੇ ਸੰਘਰਸ਼ ਕਰਨ ਦਾ ਜਮਹੂਰੀ ਹੱਕ ਹੀ ਆਵਾਮ ਕੋਲ ਐਸਾ ਸਾਧਨ ਹੈ ਜਿਸ ਜ਼ਰੀਏ ਉਹ ਹੁਕਮਰਾਨਾਂ ਤੋਂ ਜਵਾਬਦੇਹੀ ਮੰਗ ਸਕਦੇ ਹਨ, ਆਪਣੇ ਮੰਗਾਂ-ਮਸਲਿਆਂ ਦੇ ਹੱਲ ਉਪਰ ਜ਼ੋਰ ਦੇ ਸਕਦੇ ਹਨ ਅਤੇ ਆਪਣੇ ਹੱਕ ਵਿਚ ਆਵਾਮੀ ਰਾਏ ਲਾਮਬੰਦ ਕਰਦੇ ਹੋਏ ਸਰਕਾਰਾਂ ਉਪਰ ਦਬਾਓ ਪਾ ਸਕਦੇ ਹਨ। ਚੋਣਾਂ ਮੌਕੇ ਦਿਖਾਏ ਸਬਜ਼ਬਾਗ਼ ਅਤੇ ਕੀਤੇ ਵਾਅਦਿਆਂ ਦਾ ਜਵਾਬ ਮੰਗਣਾ ਨਾਗਰਿਕਾਂ ਦਾ ਹੱਕ ਹੈ ਅਤੇ ਇਸ ਲਈ ਕੀਤੇ ਜਾਣ ਵਾਲੇ ਆਵਾਮੀ ਇਕੱਠ ਜਾਇਜ਼ ਹਨ।

ਧਰਨੇ-ਮੁਜ਼ਾਹਰੇ ਮਹਿਜ਼ ਇਕੱਠੇ ਹੋਣ ਦਾ ਸਵਾਲ ਨਹੀਂ ਹੈ। ਇਹ ਇਕੱਠੇ ਹੋਣ ਦੀ ਢੁਕਵੀਂ ਜਗ੍ਹਾ ਦਾ ਸਵਾਲ ਵੀ ਹੈ ਜਿਥੋਂ ਵਿਰੋਧ-ਪ੍ਰਦਰਸ਼ਨ ਕਰਨ ਵਾਲੇ ਆਪਣੀ ਆਵਾਜ਼ ਪ੍ਰਭਾਵਸ਼ਾਲੀ ਤਰੀਕੇ ਨਾਲ ਨਾ ਸਿਰਫ਼ ਹੁਕਮਰਾਨਾਂ ਤਕ, ਸਗੋਂ ਆਪਣੇ ਸਮਾਜ ਦੇ ਬਾਕੀ ਹਿੱਸਿਆਂ ਤਕ ਪਹੁੰਚਾ ਸਕਣ ਅਤੇ ਬਾਕੀ ਸਮਾਜ ਨੂੰ ਕਾਇਲ ਕਰ ਕੇ ਆਪਣੇ ਹੱਕ ਵਿਚ ਆਵਾਮੀ ਰਾਇ ਬਣਾ ਸਕਣ। ਐਨ.ਜੀ.ਟੀ. ਵਲੋਂ ਲਾਈਆਂ ਬੰਦਸ਼ਾਂ ਬਾਰੇ ਖ਼ਾਮੋਸ਼ ਰਹਿਣ ਦਾ ਮਤਲਬ ਹੈ, ਆਪਣੇ ਸਰੋਕਾਰਾਂ ਅਤੇ ਹਿਤਾਂ ਦੀ ਹਿਫ਼ਾਜ਼ਤ ਲਈ ਸਮੂਹਿਕ ਯਤਨ ਕਰਨ ਦੇ ਬੁਨਿਆਦੀ ਹੱਕ ਦਾ ਘਾਣ ਕਰਨ ਲਈ ਹੁਕਮਰਾਨ ਧਿਰ ਵਲੋਂ ਵਿੱਢੇ ਹਮਲੇ ਨੂੰ ਸਹਿਮਤੀ ਦੇਣਾ।

ਇਸ ਸਵਾਲ ਦਾ ਇਕ ਹੋਰ ਪਹਿਲੂ ਵੀ ਗ਼ੌਰਤਲਬ ਹੈ। ਹਿੰਦੁਸਤਾਨ ਦਾ ਸਮਾਜ ਘੋਰ ਵਿਤਕਰੇ ਅਤੇ ਨਾਬਰਾਬਰੀ ਉਪਰ ਆਧਾਰਤ ਹੈ। ਹਕੂਮਤੀ ਨੀਤੀਆਂ ਕਾਰਨ ਇਹ ਖਾਈ ਹੋਰ ਵੀ ਡੂੰਘੀ ਹੋ ਰਹੀ ਹੈ। ਰਾਜ ਢਾਂਚਾ ਖ਼ਾਸ ਹਿੱਸਿਆਂ ਦੇ ਹਿਤਾਂ ਲਈ ਕੰਮ ਕਰਦਾ ਹੋਣ ਕਾਰਨ ਆਵਾਮ ਦੇ ਹਿਤ ਹਮੇਸ਼ਾ ਨਜ਼ਰਅੰਦਾਜ਼ ਕੀਤੇ ਜਾਂਦੇ ਹਨ। ਖ਼ੁਦ ਨੂੰ ਤਾਲੀਮ ਅਤੇ ਤਹਿਜ਼ੀਬਯਾਫ਼ਤਾ ਕਹਾਉਣ ਵਾਲਾ ਸ਼ਹਿਰੀ ਕੁਲੀਨ ਵਰਗ ਖ਼ਾਸ ਕਰ ਕੇ ਸਮਾਜ ਦੇ ਇਨ੍ਹਾਂ ਬਾਕੀ ਹਿੱਸਿਆਂ ਦੇ ਸਰੋਕਾਰਾਂ ਪ੍ਰਤੀ ਉਕਾ ਹੀ ਸੰਵੇਦਨਾਹੀਣ ਹੈ। ਉਸ ਦਾ ਸਰੋਕਾਰ ਸਿਰਫ਼ ਆਪਣੇ ਹਿਤਾਂ ਦੀ ਸਲਾਮਤੀ ਅਤੇ ਆਪਣੀ ਸੁਖ-ਆਰਾਮ ਵਾਲੀ ਜ਼ਿੰਦਗੀ ਨਾਲ ਹੈ। ਲਿਹਾਜ਼ਾ, ਜਦੋਂ ਨਜ਼ਰਅੰਦਾਜ਼ ਕੀਤੇ ਆਵਾਮ ਆਪਣੇ ਮੰਗਾਂ-ਮਸਲਿਆਂ ਦੀ ਸੁਣਵਾਈ ਲਈ ਸੱਤਾ ਦੇ ਗਲਿਆਰਿਆਂ ਵੱਲ ਸਮੂਹਿਕ ਕੂਚ ਕਰਦੇ ਹਨ ਤਾਂ ਸੁਖ-ਸਹੂਲਤਾਂ ਮਾਣ ਰਹੇ ਸ਼ਹਿਰੀ ਲੋਕਾਂ ਦੇ ਜ਼ਿਆਦਾਤਰ ਹਿੱਸੇ ਇਸ ਨੂੰ ਆਪਣੀ ਜ਼ਿੰਦਗੀ ਲਈ ਬਹੁਤ ਵੱਡੀ ਆਫ਼ਤ ਵਜੋਂ ਲੈਂਦੇ ਹਨ। ਉਹ ਅਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਜਾਇਜ਼ ਵਿਰੋਧ ਪ੍ਰਦਰਸ਼ਨਾਂ ਨੂੰ ਭੰਡਣਾ ਸ਼ੁਰੂ ਕਰ ਦਿੰਦੇ ਹਨ। ਉਹ ਸਮਾਜੀ ਸਰੋਕਾਰਾਂ ਪ੍ਰਤੀ ਫ਼ਿਕਰਮੰਦੀ ਦਿਖਾਉਣ ਦੀ ਬਜਾਏ ਪ੍ਰਸ਼ਾਸਨ ਤੋਂ ਐਸੇ ਇਕੱਠਾਂ ਨੂੰ ਰੋਕਣ ਦੀ ਮੰਗ ਕਰਨ ਲੱਗ ਪੈਂਦੇ ਹਨ। ਚੰਡੀਗੜ੍ਹ ਵਿਚ ਕਿਸਾਨਾਂ ਦੇ ਮੁਜ਼ਾਹਰਿਆਂ ਵਿਰੁੱਧ ਅੰਗਰੇਜ਼ੀ ਅਖ਼ਬਾਰਾਂ ਆਪਣੀਆਂ ਸੰਪਾਦਕੀ ਟਿੱਪਣੀਆਂ ਵਿਚ ਇਨ੍ਹਾਂ ਖ਼ਿਆਲਾਂ ਨੂੰ ਹਵਾ ਦਿੰਦੀਆਂ ਰਹੀਆਂ ਹਨ। ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਆਵਾਮ ਅੱਗੇ ਉਪਰੋਕਤ ਬੰਦਸ਼ਾਂ ਅਤੇ ਪਾਬੰਦੀਆਂ ਵਿਰੁਧ ਲੜਨ ਦੇ ਨਾਲ-ਨਾਲ ਆਪਣੇ ਸੰਘਰਸ਼ਾਂ ਪ੍ਰਤੀ ਸਮਾਜ ਦੇ ਇਕ ਪ੍ਰਭਾਵਸ਼ਾਲੀ ਹਿੱਸੇ ਦੇ ਨਜ਼ਰੀਏ ਨੂੰ ਬਦਲਣ ਦੀ ਚੁਣੌਤੀ ਵੀ ਪੇਸ਼ ਹੈ।

# ਧਰਮ, ਸਮਾਜ ਅਤੇ ਸੌੜੀ ਰਾਜਨੀਤੀ

ਧਰਮ, ਰਾਜਨੀਤੀ ਤੇ ਸਮਾਜ, ਤਿੰਨ ਅੰਗ ਸਮੁੱਚੇ ਸਮਾਜਿਕ-ਤੰਤਰ ਦਾ ਧੁਰਾ ਹਨ। ਤਿੰਨਾਂ ਵਿਚ ਸੰਤੁਲਨ ਇਸ ਨੂੰ ਸਥਾਈ ਆਧਾਰ ਪ੍ਰਦਾਨ ਕਰਦਾ ਹੈ। ਇਸ ਸਮਾਜਿਕ ਤੰਤਰ ਨੂੰ ਜਿਥੇ ਇਹ ਤਿੰਨ ਥੰਮ੍ਹ, ਸਮਰੱਥਾ ਪ੍ਰਦਾਨ ਕਰਦੇ ਹਨ, ਉਥੇ ਇਨ੍ਹਾਂ ਵਿਚ ਸਵਾਰਥ, ਸੰਕੀਰਣਤਾ ਤੇ ਹਉਮੈ

**ਸ.ਪ. ਸਿੰਘ**

ਇਸ ਦਾ ਸੰਤੁਲਨ ਹੀ ਨਹੀਂ ਵਿਗਾੜਦੀ, ਸਗੋਂ ਸਮੁੱਚੇ ਢਾਂਚੇ ਨੂੰ ਹੀ ਹਿਲਾ ਕੇ ਰੱਖ ਦਿੰਦੀ ਹੈ। ਇਮਾਨਦਾਰੀ, ਪਾਰਦਰਸ਼ਤਾ ਤੇ ਸ਼ਾਲੀਨਤਾ ਇਸ ਸਮਾਜਿਕ ਤੰਤਰ ਨੂੰ ਬਲ ਪ੍ਰਦਾਨ ਕਰਦੀ ਹੈ। ਆਰਥਿਕ ਤੌਰ 'ਤੇ ਵਿਕਸਿਤ ਹੋਣ ਦੀ ਚੇਸ਼ਟਾ ਰੱਖਣ ਵਾਲੇ ਰਾਜਨੀਤਕ ਢਾਂਚੇ ਦਾ ਦਾਰੋਮਦਾਰ ਹੀ ਇਸ ਉਪਰ ਨਿਰਭਰ ਕਰਦਾ ਹੈ। ਇਸ ਪ੍ਰਸੰਗ ਵਿਚ ਸਮਾਜਿਕ-ਤੰਤਰ ਨੂੰ ਮੌਜੂਦਾ ਭਾਰਤੀ ਸਥਿਤੀ ਵਿਚ ਰੱਖ ਕੇ ਵਿਸ਼ਲੇਸ਼ਣ ਕਰੀਏ ਤਾਂ ਨਤੀਜੇ ਨਾਕਾਰਾਤਮਿਕ ਰੂਪ ਹੀ ਅਖਤਿਆਰ ਕਰਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਵਸੀਲਿਆਂ ਉਪਰ ਕਾਬਜ਼ ਸ਼ਕਤੀਆਂ ਮੂਲ ਤੌਰ 'ਤੇ ਹਉਮੈ, ਨਿੱਜਤਾ ਤੇ ਰਾਜਸੀ ਸ਼ਕਤੀ ਦੀ ਗਲਤ ਵਰਤੋਂ ਕਰਨ ਦੇ ਸਮਰੱਥ ਹੋ ਰਹੀਆਂ ਹਨ ਅਤੇ ਇਸ ਸਥਿਤੀ ਵਿਚ ਉਹ 'ਸਟੇਟ' ਦੀ ਸ਼ਕਤੀ ਤੋਂ ਇਨਕਾਰੀ ਹੋ ਕੇ, ਹਰ ਤਰ੍ਹਾਂ ਦੇ ਪ੍ਰਸ਼ਾਸਨਿਕ ਅਤੇ ਨਿਆਇਕ ਤੰਤਰ ਨੂੰ ਸੌੜੀ ਸੋਚ ਕਾਰਨ, ਸਵਾਰਥੀ ਪ੍ਰਾਪਤੀਆਂ ਨੂੰ ਹੀ ਅੰਤਿਮ ਪ੍ਰਾਪਤੀ ਮੰਨੀ ਬੈਠੀਆਂ ਹਨ।

ਇਸ ਪ੍ਰਸੰਗ ਵਿਚ ਦੋ ਮਹੱਤਵਪੂਰਨ ਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਸਮੇਂ ਦੀ ਲੋੜ ਹੈ। ਦਸਹਿਰੇ ਮੌਕੇ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਆਪਣੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ, ਸਪਸ਼ਟ ਅਤੇ ਹੰਕਾਰ ਭਰੇ ਲਹਿਜੇ ਨਾਲ ਕਿਹਾ ਕਿ ਗਊ ਰੱਖਿਆ ਲਈ ਵਰਕਰਾਂ ਨੂੰ ਹਰ ਪ੍ਰਕਾਰ ਦੇ ਕਾਰਜ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਬਾਰੇ ਸਰਕਾਰੀ ਕਾਨੂੰਨਾਂ ਤੇ ਸਥਿਤੀ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਹਰ ਸਥਿਤੀ ਵਿਚ ਆਰ.ਐਸ.ਐਸ. ਆਪਣੇ ਵਰਕਰਾਂ ਦੇ ਨਾਲ ਖੜ੍ਹੀ ਹੋਵੇਗੀ।



ਇਸੇ ਪ੍ਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਿਛਲੇ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਜਾਂਚ ਕਰਨ ਲਈ ਸਰਕਾਰ ਵਲੋਂ ਬਣਾਏ ਜੁਡੀਸ਼ਲ ਕਮਿਸ਼ਨ ਨੂੰ ਕਿਸੇ ਤਰ੍ਹਾਂ ਦਾ ਵੀ ਸਹਿਯੋਗ ਨਹੀਂ ਦਿੱਤਾ ਜਾਵੇਗਾ, ਸਗੋਂ ਉਨ੍ਹਾਂ ਦੀਆਂ ਹਦਾਇਤਾਂ ਨੂੰ ਹਰ ਪੱਧਰ 'ਤੇ ਮੰਨਣ ਲਈ ਇਨਕਾਰ ਕੀਤਾ ਜਾਵੇਗਾ। ਇਸ ਸਬੰਧੀ ਕਮਿਸ਼ਨ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰੀ ਰਿਕਾਰਡ ਦੀ ਹੀ ਮੰਗ ਕੀਤੀ ਗਈ ਹੈ ਤਾਂ ਕਿ ਇਨ੍ਹਾਂ ਘਟਨਾਵਾਂ ਪਿਛੇ ਲੁਕੀ ਸਾਜ਼ਿਸ਼ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ; ਪਰ ਕਿਉਂਕਿ ਸੰਸਥਾਵਾਂ 'ਤੇ ਕਾਬਜ਼ ਸਿੱਖ ਧਿਰਾਂ ਨੂੰ ਇਨ੍ਹਾਂ ਦਸਤਾਵੇਜ਼ਾਂ ਦੇ ਸਾਹਮਣੇ ਆਉਣ ਨਾਲ ਸੱਚ ਤੇ ਝੂਠ ਵਿਚ ਨਿਤਾਰਾ ਹੋ ਕੇ, ਉਨ੍ਹਾਂ ਵੱਲ ਉਂਗਲ ਉਠਣ ਦਾ ਡਰ ਸਤਾਉਂਦਾ ਹੈ, ਇਸ ਲਈ ਕਾਨੂੰਨੀ ਤੌਰ 'ਤੇ ਬਣਾਏ ਕਮਿਸ਼ਨ ਦੀ ਹੋਂਦ ਨੂੰ ਧਰਮ ਦੀ ਆੜ ਹੇਠ ਵੰਗਾਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਦੋਂਕਿ ਸੱਚਾਈ ਤਾਂ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਹੀ ਕੇਂਦਰ ਸਰਕਾਰ ਦੁਆਰਾ ਬਣਾਏ ਕਾਨੂੰਨ ਤਹਿਤ ਕੀਤੀ ਗਈ ਹੈ। ਮੁੱਖ ਤੌਰ 'ਤੇ ਇਹ ਅਦਾਰਾ ਹੀ ਸਰਕਾਰੀ ਸਰਪ੍ਰਸਤੀ ਹੇਠ ਚੱਲਣ ਵਾਲਾ ਹੈ। ਇਸੇ ਤਰ੍ਹਾਂ ਹੀ ਜਥੇਦਾਰ ਸਾਹਿਬਾਨ ਵਲੋਂ ਵਿਅਕਤੀਗਤ ਤੌਰ 'ਤੇ ਸਿੱਖ ਕੌਮ ਦੇ ਹਿੱਤਾਂ ਲਈ ਕਈ ਵਾਰੀ ਦੁਨਿਆਵੀ ਅਦਾਲਤਾਂ ਦਾ ਆਸਰਾ ਲਿਆ ਜਾਂਦਾ ਰਿਹਾ ਹੈ, ਪਰ ਸੀਮਤ ਸੋਚ ਕਾਰਨ, ਧਰਮ ਦੀ ਓਟ ਵਿਚ ਇਕ ਨਾਜ਼ੁਕ ਮਸਲੇ ਨੂੰ ਝੂਠ ਦੇ ਆਸਰੇ ਨਾਲ ਬਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਆਰ.ਐਸ.ਐਸ. ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਵਲੋਂ ਸਟੇਟ ਨੂੰ ਵੰਗਾਰਨ ਦੀ ਸਥਿਤੀ ਸਮੁੱਚੇ ਸਮਾਜਿਕ-ਤੰਤਰ ਤੇ ਰਾਜਨੀਤਕ-ਤੰਤਰ ਨੂੰ ਢਾਹ ਲਾਉਣ ਵਾਲੀ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਇਸ ਸੋਚ ਪਿੱਛੇ ਕਾਬਜ਼ ਰਾਜਨੀਤਕ ਸ਼ਕਤੀਆਂ ਦਾ ਅਪ੍ਰਤੱਖ ਸਮਰਥਨ ਪ੍ਰਾਪਤ ਹੈ ਜੋ ਕੇਂਦਰ ਸਰਕਾਰ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ।

# ਲੰਗਾਹ ਦੇ ਖੰਘੂਰੇ ਦਾ ਹੁੰਗਾਰਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਚਾਰ-ਚੁਫੇਰੇ ਰਾਮ ਰਹੀਮ ਦੀ ਚਰਚਾ ਚੱਲਦਿਆਂ ਕੁਝ ਇਹੋ ਜਿਹੇ ਨਿਲੱਜੇ ਰੰਗ-ਰੂਪ ਵਾਲੀ ਸੁੱਚਾ ਸਿੰਘ ਲੰਗਾਹ ਦੀ 'ਲਾ...ਲਾ...ਲਾ...ਲਾ' ਸੁਣ ਕੇ ਮੈਨੂੰ ਆਪਣੀ ਹੱਡ ਬੀਤੀ ਯਾਦ ਆ ਗਈ ਜੋ ਉਕਤ ਦੋਹਾਂ ਮਹਾਂਰਥੀਆਂ ਨਾਲ ਸਬੰਧਤ ਹੈ। ਉਦੋਂ ਇਹ ਚਿਤ-ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਦਾ ਹਸ਼ਰ ਕਦੇ ਅਜਿਹਾ ਵੀ ਹੋ ਜਾਵੇਗਾ?

ਬਾਦਲ-ਟੌਹੜਾ ਦੀ ਲੜਾਈ ਦੌਰਾਨ ਸੰਨ 2002 ਦਾ ਦਸਵਾਂ ਮਹੀਨਾ ਚੜ੍ਹ ਪਿਆ। ਮੋਹਰੇ ਆ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਦੂਜੇ ਅਹੁਦੇਦਾਰਾਂ ਦੀ ਨਵੰਬਰ ਮਹੀਨੇ ਵਾਲੀ ਸਾਲਾਨਾ ਚੋਣ। ਉਦੋਂ ਕਾਂਗਰਸ ਦੀ ਹਕੂਮਤ ਸੀ ਤੇ ਮੁੱਖ ਮੰਤਰੀ ਸਨ ਕੈਪਟਨ ਅਮਰਿੰਦਰ ਸਿੰਘ ਜੋ ਅੰਦਰਖਾਤੇ ਟੌਹੜਾ ਗਰੁਪ ਦੀ ਮਦਦ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਬਾਦਲੀ ਜੂਲੇ ਤੋਂ ਨਿਜਾਤ ਦਿਵਾਉਣ ਦੀ ਚਾਹਤ ਰੱਖਦੇ ਸਨ।

ਅਜੇ ਸਾਡੇ ਮੈਂਬਰਾਂ ਨਾਲ ਰਾਬਤਾ ਕਾਇਮ ਕਰਨ ਲਈ ਸਰਕਾਰੀ ਸ੍ਰੋਤਾਂ ਨੇ ਕੋਈ ਸੰਪਰਕ ਨਹੀਂ ਸੀ ਸਾਧਿਆ ਕਿ ਸਿਰੇ ਦੇ ਸਿਆਸੀ ਸ਼ਾਤਰ ਕਹੇ ਜਾਂਦੇ ਬਜ਼ੁਰਗ ਬਾਦਲ ਨੇ ਆਪਣੇ ਧੜੇ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ 'ਸਾਂਭਣ' ਦੀ ਕਵਾਇਦ ਸ਼ੁਰੂ ਕਰ ਦਿੱਤੀ। ਪਹਿਲਾਂ ਸਾਨੂੰ ਹਿਮਾਚਲ-ਹਰਿਆਣਾ ਦੀ ਹੱਦ 'ਤੇ ਨਾਢਾ ਸਾਹਿਬ ਦੇ ਗੁਰਦੁਆਰੇ ਰੱਖ ਕੇ 'ਸੁਖ ਸਹੂਲਤਾਂ' ਮੁਹੱਈਆ ਕਰਵਾਈਆਂ ਗਈਆਂ। ਹਫਤੇ ਕੁ ਬਾਅਦ ਸਾਨੂੰ ਸੁਖਬੀਰ ਸਿੰਘ ਬਾਦਲ ਤੇ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਿਚ ਬਾਲਾਸਰ ਲਿਜਾਇਆ ਗਿਆ; ਇਹ ਕਹਿ ਕੇ ਕਿ ਨਾਡਾ ਸਾਹਿਬ ਕੈਪਟਨ ਸਰਕਾਰ ਦੀ 'ਰੇਂਜ' ਵਿਚ ਆਉਂਦਾ ਹੈ। ਅਖੇ, ਇਥੇ ਮੈਂਬਰਾਂ ਨਾਲ ਸੰਪਰਕ ਬਣਾਉਣਾ ਆਸਾਨ ਹੈ, ਸਰਕਾਰ ਲਈ।

ਮੈਂ ਤੇ ਮੇਰੇ ਦੋ ਸਾਥੀਆਂ-ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਅਤੇ ਭਾਈ ਪ੍ਰੀਤਮ ਸਿੰਘ ਜੱਲੋ ਮਾਜਰਾ ਨੂੰ ਬਾਲਾਸਰ ਇਸ ਕਾਰਨ ਚੰਗਾ ਨਾ ਲੱਗਾ ਕਿ ਇਥੇ ਮੈਂਬਰਾਂ ਲਈ ਰੋਟੀ-ਪਾਣੀ ਤਿਆਰ ਕਰਨ ਵਾਲੇ ਨੇਪਾਲੀ ਬਹਾਦਰ ਸਿਗਰਟ-ਤੰਬਾਕੂ ਵਰਤਣ ਵਾਲੇ ਸਨ। ਸੋ ਇਕ ਹੀ ਰਾਤ ਦੇ ਵਿਸਰਾਮ ਤੋਂ ਬਾਅਦ ਸਾਡੀ ਸ਼ਿਕਾਇਤ 'ਤੇ ਸਾਨੂੰ ਬਡੂੰਗਰ ਸਾਬ੍ਹ ਚੌਟਾਲਿਆਂ ਦੇ ਫਾਰਮ 'ਤੇ ਛੱਡ ਆਏ।

ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਅਜਿਹੀ ਚੋਣ ਵਾਲੇ ਪੰਜ ਨਵੰਬਰ (1996 ਤੋਂ 2001) ਮੈਂ ਅਮਨ-ਅਮਾਨ ਨਾਲ ਨੇਪਰੇ ਚੜ੍ਹਦੇ ਤਾਂ ਦੇਖੇ ਹੋਏ ਸਨ, ਪਰ ਮੈਂਬਰਾਂ ਦੀਆਂ ਵੋਟਾਂ ਖਾਤਰ ਯਰਗਮਾਲੀਆਂ ਵਾਂਗ ਬੰਦੀ ਬਣਾ ਕੇ ਉਨ੍ਹਾਂ ਦੀ ਖਾਤਰਦਾਰੀ ਹੋ ਰਹੀ ਪਹਿਲੀ ਵਾਰ ਦੇਖ ਰਿਹਾ ਸਾਂ। ਧਾਰਮਿਕ ਸੰਸਥਾ ਦੇ ਮੈਂਬਰਾਂ ਦੀ 'ਸੇਵਾ' ਵਾਲਾ ਕਿੱਸਾ 'ਈਸਬਗੋਲ ਤੇ ਕੁਝ ਨਾ ਫੋਲ' ਵਾਲੀ ਕਹਾਵਤ ਦੇ ਪਰਦੇ ਨਾਲ ਢਕ ਕੇ, ਮੈਂ ਆਪਣੇ ਵਿਸ਼ੇ ਵੱਲ ਵਧਦਾ ਹਾਂ। ਬੱਸ ਇੰਨਾ ਕੁ ਦੱਸ ਦਿਆਂ ਕਿ ਜ਼ਮੀਰ ਨੂੰ ਨਾ ਮਾਰਦਿਆਂ, ਦੋਹਾਂ ਸਾਥੀਆਂ ਦੀ ਸਹਿਮਤੀ ਨਾਲ ਮੈਂ ਉਥੋਂ ਆਜ਼ਾਦ ਹੋਣ ਦਾ ਫੈਸਲਾ ਕਰ ਲਿਆ।

ਬਾਹਰ ਫਿਰ-ਤੁਰ ਕੇ ਦਾਤਣ-ਕੁਰਲਾ ਕਰਨ ਦੇ ਬਹਾਨੇ ਅਸੀਂ ਤਿੰਨੇ ਜਣੇ ਵੱਡੇ ਤੜਕੇ ਫਾਰਮ ਵਿਚੋਂ ਬਾਹਰ ਨਿਕਲੇ। ਪਹਿਰੇਦਾਰ ਸਿਪਾਹੀ ਵੀ ਸੁਸਤਾ ਰਹੇ ਸਨ। ਘੰਟੇ ਦੋ ਘੰਟੇ ਬਾਅਦ ਦੋਵੇਂ ਸਾਥੀ ਤਾਂ ਪਿਛੇ ਮੁੜ ਗਏ ਹੋਣਗੇ (ਅੱਜ ਕੱਲ੍ਹ ਇਹ ਦੋਵੇਂ ਜਣੇ ਬਾਦਲ ਦਲ ਛੱਡ ਚੁਕੇ ਹਨ), ਪਰ ਮੈਂ ਪੈਦਲ ਸ਼ੂਟ ਵੱਟ ਲਈ। ਦੂਰ ਸੜਕ 'ਤੇ ਟਾਂਵੀਆਂ ਟਾਂਵੀਆਂ ਲੰਘਦੀਆਂ ਗੱਡੀਆਂ ਦੀਆਂ ਲਾਈਟਾਂ ਦੀ ਸੇਧ ਰੱਖ ਕੇ ਤੁਰਿਆ ਰਿਹਾ। ਕੁਝ ਸਫਰ ਰਾਹ ਵਿਚ ਮਿਲੇ ਹਰਿਆਣਵੀ ਜਾਟਾਂ ਦੇ ਟਰੈਕਟਰ 'ਤੇ ਮੁਕਾਇਆ।

25 ਅਕਤੂਬਰ 2002 ਦੇ ਸਵੇਰੇ ਸੁਵਖਤੇ ਜਦ ਸਾਡਾ ਟਰੈਕਟਰ ਡੱਬਵਾਲੀ ਸ਼ਹਿਰ ਵਿਚ ਦਾਖਲ ਹੋਇਆ ਤਾਂ ਪਤਾ ਲੱਗਾ ਕਿ ਬੀਤੀ ਸ਼ਾਮ ਪੱਤਰਕਾਰ ਰਾਮ ਚੰਦਰ ਛਤਰਪਤੀ ਦਾ ਕਤਲ ਹੋ ਗਿਆ ਹੈ। ਬੱਸ ਅੱਡੇ ਵਿਚ ਵੀ ਅਤੇ ਮਗਰੋਂ ਬੱਸ ਵਿਚ ਬੈਠਿਆਂ ਵੀ ਲੋਕਾਂ ਮੂੰਹੋਂ ਸੁਣਿਆ ਕਿ ਇਹ ਪੱਤਰਕਾਰ ਫਲਾਣੇ ਬਾਬੇ ਦੇ ਕੱਚੇ ਚਿੱਠੇ ਲਿਖਦਾ ਰਹਿੰਦਾ ਸੀ; ਇਸ ਕਰ ਕੇ ਸ਼ਾਇਦ ਉਸੇ ਨੇ ਹੀ ਛਤਰਪਤੀ ਦੀ ਆਵਾਜ਼ ਬੰਦ ਕਰਾਉਣ ਦੀ ਸੋਚੀ ਹੋਵੇਗੀ। ਕੁਝ ਸਵਾਰੀਆਂ ਬਾਬੇ ਦੀ 'ਤਾਕਤ' ਅਤੇ 'ਪਹੁੰਚ' ਦੀਆਂ ਗੱਲਾਂ ਵੀ ਕਰ ਰਹੀਆਂ ਸਨ।

ਚਲੋ ਖੈਰ! ਗੱਲ ਮੁੱਕਦੀ ਮੈਂ ਆਪਣੇ ਪਿੰਡ ਪਹੁੰਚ ਗਿਆ। ਦੂਜੇ ਦਿਨ ਨਵਾਂ ਸ਼ਹਿਰ ਜਾ ਕੇ ਮੈਂ ਹੱਥ ਲਿਖਤ ਬਿਆਨ ਸਾਰੇ ਪੱਤਰਕਾਰਾਂ ਨੂੰ ਦੇ ਦਿੱਤੇ ਕਿ ਨਵੰਬਰ ਵਿਚ ਹੋਣ ਵਾਲੀ ਚੋਣ ਮੌਕੇ ਮੈਂ ਆਪਣੀ ਮਰਜ਼ੀ ਨਾਲ ਵੋਟ ਪਾਵਾਂਗਾ, ਕਿਸੇ



ਲਾਲਚ ਜਾਂ ਕਿਸੇ ਆਗੂ ਦੇ ਦਬਾਅ ਅਧੀਨ ਨਹੀਂ। ਲਓ ਜੀ, ਇਹ ਬਿਆਨ ਦੇ ਕੇ ਮੈਂ ਤਾਂ ਢਾਹਾਂ ਕਲੇਰਾਂ ਹਸਪਤਾਲ ਚਲਾ ਗਿਆ ਜਿਥੇ ਮੈਂ ਆਪਣੀ ਰੋਜ਼ੀ-ਰੋਟੀ ਲਈ ਸਰਵਿਸ ਕਰਦਾ ਸਾਂ, ਪਰ ਅਖਬਾਰਾਂ ਵਿਚ ਬਿਆਨ ਛਪਣ 'ਤੇ ਮੇਰੀ ਭਾਲ ਵਿਚ 'ਫੌਜਾਂ' ਤੁਰ ਪਈਆਂ। ਸਭ ਤੋਂ ਪਹਿਲਾਂ ਮੇਰੇ ਘਰੇ ਵਧਾਈਆਂ ਤੇ 'ਸ਼ਾਬਾਸ਼' ਦੇਣ ਆਏ ਪ੍ਰੇਮ ਸਿੰਘ ਚੰਦੂਮਾਜਰਾ, ਜੋ ਉਦੋਂ ਟੌਹੜਾ ਗਰੁਪ ਵਿਚ ਸਨ। ਫਿਰ ਬਾਦਲ ਦਲੀਏ ਆਗੂ ਮੇਰੀ 'ਮੁੜ ਵਾਪਸੀ' ਦੇ ਯਤਨ ਕਰਨ ਲੱਗੇ। ਕੁਝ ਖਦਸ਼ਿਆਂ ਕਾਰਨ ਆਪਣੇ ਨੇੜਲੇ ਦੋਸਤਾਂ ਦੀ ਸਲਾਹ 'ਤੇ ਮੈਂ ਅਗਿਆਤਵਾਸ ਲੈ ਲਿਆ। ਕਦੇ ਬਡੂੰਗਰ ਸਾਹਿਬ, ਕਦੇ ਬੀਬੀ ਜਗੀਰ ਕੌਰ ਅਤੇ ਕਦੇ ਕੋਈ ਹੋਰ ਆਗੂ ਮੇਰੇ ਘਰ 'ਤਫਤੀਸ਼ੀ ਗੇੜੇ' ਮਾਰਨ ਲੱਗੇ। ਵੱਡੇ ਬਾਦਲ ਜੀ ਵੱਲੋਂ ਫੋਨ 'ਤੇ ਕੀਤੀਆਂ ਕਈ ਤਰ੍ਹਾਂ ਦੀਆਂ 'ਆਫਰਾਂ' ਸੁਣ ਸੁਣ ਮੇਰੀ ਪਤਨੀ ਅੱਕ ਗਈ, ਪਰ ਉਸ ਨੇ ਕਿਸੇ ਨੂੰ ਵੀ ਮੇਰਾ ਥਹੁ-ਪਤਾ ਨਾ ਦੱਸਿਆ (ਧੱਕੇ ਨਾਲ ਵੋਟ 'ਚੁੱਕਣ' ਜਾਂ 'ਖਰੀਦਣ' ਲਈ ਸਿਆਸਤਦਾਨ ਅੰਦਰਖਾਤੇ ਕੀ ਕੀ ਕੁਝ ਕਰਦੇ ਹਨ, ਇਹ 'ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ' ਵਾਲੀ ਗੱਲ ਹੈ)।

ਆਖਰ ਉਹ ਦਿਨ ਆ ਗਿਆ ਜਦੋਂ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਦੂਜੇ ਅਹੁਦੇਦਾਰ ਚੁਣੇ ਜਾਣੇ ਸਨ। ਬਾਦਲ ਦਲ ਦੇ ਮੈਂਬਰ ਹਵਾਈ ਜਹਾਜ਼ ਰਾਹੀਂ ਲੱਦ ਕੇ ਲਿਆਂਦੇ ਹੋਏ ਸਨ। ਬੇਹੱਦ ਤਣਾ-ਤਣੀ ਵਾਲੇ ਮਾਹੌਲ ਵਿਚ ਜਨਰਲ ਹਾਊਸ ਦੀ ਕਾਰਵਾਈ ਸ਼ੁਰੂ ਹੋਈ। 'ਕੱਲੇ 'ਕੱਲੇ ਮੈਂਬਰ ਦਾ ਨਾਂ ਬੋਲ ਕੇ ਉਸ ਨੂੰ ਪਰਚੀ ਫੜਾ ਕੇ ਪਰਦੇ ਵਿਚ ਰੱਖੀ ਸੰਦੂਕੜੀ ਵਿਚ ਵੋਟ ਪਾਉਣ ਲਈ ਕਿਹਾ ਜਾਂਦਾ। ਆਪਣਾ ਨਾਂ ਬੋਲੇ ਤੋਂ ਜਦੋਂ ਮੈਂ ਸਟੇਜ ਲਾਗੇ ਖੜ੍ਹੇ ਅਧਿਕਾਰੀ ਤੋਂ ਪਰਚੀ ਲੈਣ ਗਿਆ ਤਾਂ ਸਭ ਤੋਂ ਮੋਹਰੇ ਧੜਵੈਲ ਆਗੂ ਬਣ ਕੇ ਬੈਠੇ ਭਾਈ ਸੁੱਚਾ ਸਿੰਘ ਲੰਗਾਹ ਨੇ ਮੇਰੇ ਵੱਲ ਘੂਰ ਕੇ ਦੇਖਿਆ, ਮੁੱਛ 'ਤੇ ਹੱਥ ਫੇਰਿਆ ਤੇ ਖੰਘੂਰਾ ਜਿਹਾ ਮਾਰ ਕੇ ਬੋਲੇ, "ਹੂੰਅ...ਅੱਛਾ! ਇਹ ਐ ਦੁਪਾਲਪੁਰੀਆ ਮੈਂਬਰ!"

ਹੁਣ ਮੈਂ ਸ਼ੋਸ਼ਲ ਮੀਡੀਏ ਵਿਚ ਲੰਗਾਹ ਬਾਰੇ ਪੜ੍ਹ, ਸੁਣ ਅਤੇ 'ਦੇਖ' ਕੇ ਉਸ ਖੰਘੂਰੇ ਦੇ ਹੁੰਗਾਰੇ ਵਜੋਂ ਇੰਜ ਕਹਿ ਦਿਆਂ, "ਅੱਛਾ ਜੀ...! ਇਹ ਨੇ ਜ...ਥੇ...ਦਾ...ਰ ਸੁੱਚਾ ਸਿੰਘ ਜੀ ਲੰਗਾਹ ਸਾਬ੍ਹ!"

# ਸ਼੍ਰੋਮਣੀ ਅਕਾਲੀ ਦਲ ਦਾ ਗਹਿਰਾਇਆ ਸੰਕਟ

ਦਸ ਸਾਲ ਸੱਤਾ ਦਾ ਸੁਖ ਮਾਣਨ ਪਿੱਛੋਂ ਹਾਰ ਜਾਣ ਉਪਰੰਤ ਅਕਾਲੀਆਂ ਦੀ ਆਲੋਚਨਾ ਹੋਣੀ ਸੁਭਾਵਿਕ ਹੈ ਪਰ ਇਹ ਦਿਨ-ਬ-ਦਿਨ ਤੇਜ਼ੀ ਫੜ੍ਹਦੀ ਜਾ ਰਹੀ ਹੈ। ਕਰੀਬ ਸਾਰੇ ਮੁੱਦਿਆਂ 'ਤੇ ਪੰਜਾਬ ਦੀ ਕਾਂਗਰਸ ਸਰਕਾਰ ਦਾ ਫੇਲ੍ਹ ਹੋ ਜਾਣਾ ਅਕਾਲੀਆਂ ਨੂੰ ਰਾਸ ਆ ਸਕਦਾ ਸੀ ਪਰ ਹਾਲਾਤ ਕਿਸ਼ਤੀ ਨੂੰ ਉਲਟ ਧਾਰਾ ਵੱਲ ਧੱਕੀ ਜਾ ਰਹੇ ਹਨ।

ਸੀਨੀਅਰ ਅਕਾਲੀ ਲੀਡਰ, ਸਾਬਕਾ ਵਜ਼ੀਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਦੀ ਕਰਤੂਤ ਸਦਕਾ ਵਰਕਰ ਅਕਾਲੀ ਦਲ ਦੇ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਹੱਕ ਵਿਚ ਦਲੀਲ ਦੇਣੋਂ ਹਟ ਗਏ ਹਨ। ਨਾਲ ਹੀ ਗੁਰਦਾਸਪੁਰ ਹਲਕੇ ਤੋਂ ਅਕਾਲੀ ਦਲ-ਭਾਜਪਾ ਦੇ ਸਾਂਝੇ ਉਮੀਦਵਾਰ ਸਵਰਨ ਸਲਾਰੀਆ 'ਤੇ ਵੀ ਕਿਸੇ ਬੀਬੀ ਨੇ ਬਲਾਤਕਾਰ ਦੇ ਦੋਸ਼ ਮੜ੍ਹ ਦਿੱਤੇ ਹਨ। ਲੰਗਾਹ ਤੇ ਸਲਾਰੀਆ ਵਿਰੁਧ ਕਲਿਪਾਂ ਤੇਜ਼ੀ ਨਾਲ ਸੋਸ਼ਲ ਮੀਡੀਏ 'ਤੇ ਫੈਲ ਰਹੀਆਂ ਹਨ। ਅਕਾਲੀ ਦਲ ਨੇ ਮਜਬੂਰ ਹੋ ਕੇ ਲੰਗਾਹ ਨੂੰ ਪਾਰਟੀ 'ਚੋਂ ਕੱਢ ਦਿੱਤਾ। ਪਹਿਲੋਂ ਮੁਤਵਾਜ਼ੀ ਜਥੇਦਾਰਾਂ ਨੇ, ਫਿਰ ਦੋ ਦਿਨ ਪਿਛੋਂ ਰੈਗੂਲਰ ਜਥੇਦਾਰਾਂ ਨੇ ਲੰਗਾਹ ਨੂੰ ਪੰਥ 'ਚੋਂ ਛੇਕਣ ਦਾ ਐਲਾਨ ਕਰ ਦਿੱਤਾ। ਹੋਰ ਕੋਈ ਚਾਰਾ ਬਚਿਆ ਵੀ ਨਹੀਂ ਸੀ।

ਅਕਾਲੀ ਸਰਕਾਰ ਦੌਰਾਨ ਥਾਂ ਥਾਂ ਗੁਰਬਾਣੀ ਦੀ ਬੇਅਦਬੀ ਹੋਈ, ਰੋਸ ਕਰਦੀਆਂ ਸੰਗਤਾਂ 'ਤੇ ਪੁਲਿਸ ਫਾਇਰਿੰਗ ਹੋਈ। ਇਥੇ ਹੀ ਬੱਸ ਨਹੀਂ, ਫਾਇਰਿੰਗ ਕਰਨ ਵਾਲੇ ਪੁਲਿਸ ਕਰਮੀਆਂ ਨੂੰ ਬਚਾਉਣ ਲਈ ਐਫ. ਆਈ. ਆਰ. 'ਚ ਲਿਖਿਆ ਗਿਆ ਕਿ 'ਅਣਪਛਾਤੇ' ਵਿਅਕਤੀਆਂ ਨੇ ਫਾਇਰਿੰਗ ਕੀਤੀ। ਮੈਂ ਵੀਡੀਓ ਕਲਿੱਪਾਂ ਵਿਚ ਦੇਖਿਆ, ਬੇਅਦਬੀ ਵਿਰੁਧ ਰੋਸ ਪ੍ਰਗਟਾਉਂਦੇ ਵੱਡੀ ਗਿਣਤੀ ਵਿਚ ਪੇਂਡੂ ਸਿੱਖ ਜੁਆਨ ਸੜਕ ਕਿਨਾਰੇ ਬੈਠੇ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਸੜਕੀ ਆਵਾਜਾਈ ਨਹੀਂ ਰੋਕੀ, ਲੰਗਰ ਵਰਤਾ ਰਹੇ ਸਨ, ਪੁਲਸੀਆਂ ਨੂੰ ਵੀ ਲੰਗਰ ਛਕਾਉਂਦੇ। ਇਨ੍ਹਾਂ ਮਾਸੂਮਾਂ ਉਪਰ ਫਾਇਰਿੰਗ ਕਰਕੇ ਅਕਾਲੀਆਂ ਨੇ ਕੀ ਸੂਰਮਗਤੀ ਦਿਖਾਈ?

ਹੁਣ ਕੈਪਟਨ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਥਾਪ ਕੇ ਪੜਤਾਲ ਸ਼ੁਰੂ ਕੀਤੀ ਤਾਂ ਅਕਾਲੀਆਂ ਨੂੰ ਚਾਹੀਦਾ ਸੀ ਕਿ ਇਸ ਦਾ ਸਵਾਗਤ ਕਰਦੇ, ਇਨ੍ਹਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ। ਰੌਲਾ ਪਾਇਆ ਹੋਇਆ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਜਥੇਦਾਰ ਅਕਾਲ ਤਖਤ ਕਾਨੂੰਨ ਤੋਂ ਉਪਰ ਹਨ, ਇਹ ਕਿਸੇ ਕਮਿਸ਼ਨ ਅੱਗੇ ਪੇਸ਼ ਨਹੀਂ ਹੋਣਗੇ। ਸ਼੍ਰੋਮਣੀ ਕਮੇਟੀ ਦਾ ਗਠਨ ਭਾਰਤੀ ਕਾਨੂੰਨ ਅਧੀਨ ਹੁੰਦਾ ਹੈ, ਚੋਣ ਸਰਕਾਰ ਕਰਵਾਉਂਦੀ ਹੈ, ਡਿਪਟੀ ਕਮਿਸ਼ਨਰ (ਅੰਮ੍ਰਿਤਸਰ) ਪਹਿਲੇ ਇਜਲਾਸ ਦੀ ਪ੍ਰਧਾਨਗੀ ਕਰਦਾ ਹੈ। ਫਿਰ ਪ੍ਰਧਾਨ ਕਾਨੂੰਨ ਤੋਂ ਉਪਰ ਕਿਵੇਂ ਹੋਇਆ?



ਗੁਰਮੀਤ ਰਾਮ ਰਹੀਮ

ਸ਼੍ਰੋਮਣੀ ਕਮੇਟੀ ਦੀਵਾਨੀ ਤੇ ਫੌਜਦਾਰੀ ਮੁਕੱਦਮੇ ਭਾਰਤੀ ਅਦਾਲਤਾਂ ਵਿਚ ਲੜਦੀ ਹੈ, ਉਥੇ ਇਸ ਦੇ ਨੁਮਾਇੰਦੇ ਰਿਕਾਰਡ ਲੈ ਕੇ ਪੁਜਦੇ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਰੇਸ਼ਨ ਬਲੂ-ਸਟਾਰ ਦੇ ਮੁਆਵਜ਼ੇ ਦਾ ਮੁਕੱਦਮਾ ਸਰਕਾਰ ਵਿਰੁਧ ਆਪ ਦਾਇਰ ਕੀਤਾ ਸੀ। ਪੇਸ਼ ਹੋਣ ਦੀ ਗੱਲ ਛੱਡੋ, ਪੁਲਿਸ ਨੇ ਤਾਂ ਅਕਾਲ ਤਖਤ ਦਾ ਇਕ ਜਥੇਦਾਰ ਝੂਠਾ ਮੁਕਾਬਲਾ ਬਣਾ ਕੇ ਕਤਲ ਵੀ ਕਰ ਦਿੱਤਾ ਸੀ। ਰਣਜੀਤ ਸਿੰਘ ਕਮਿਸ਼ਨ ਨੇ ਕੇਵਲ ਰਿਕਾਰਡ ਮੰਗਿਆ ਹੈ ਜੋ ਕੋਈ ਵੀ ਕਮੇਟੀ ਮੁਲਾਜ਼ਮ ਨੁਮਾਇੰਦੇ ਵਜੋਂ ਲਿਜਾ ਕੇ ਦਿਖਾ ਸਕਦਾ ਹੈ। ਕੋਈ ਅੰਦਰਲਾ ਡਰ ਅਕਾਲੀਆਂ ਨੂੰ ਇਹ ਬੇਲੋੜੇ ਫੈਸਲੇ ਲੈਣ ਵਾਸਤੇ ਉਕਸਾ ਰਿਹਾ ਹੈ, ਬਹਿਬਲ ਕਲਾਂ ਅਤੇ ਬਰਗਾੜੀ ਕਾਂਡ ਦਾ ਪ੍ਰੇਤ ਪਿੱਛਾ ਕਰਦਾ ਸਾਫ ਦਿਸਦਾ ਹੈ। ਸਤਿਨਾਮ ਸਿੰਘ ਖੁਮਾਰ ਦਾ ਸ਼ਿਅਰ ਹੈ:

ਤੂ ਯੂਹੀਂ ਇਲਜ਼ਾਮ ਦੇਤਾ ਹੈ
ਕਿਸੀ ਕੋ ਦੇਖਨਾ,
ਚੋਰ ਤੇਰਾ ਤੇਰੇ ਹੀ ਅੰਦਰ ਸੇ
ਪਕੜਾ ਜਾਏਗਾ।

ਲੋਕ ਮੈਨੂੰ ਪੁੱਛਦੇ ਹਨ, ਬਲਾਤਕਾਰੀ ਡੇਰੇਦਾਰ ਨੂੰ ਮਾਫ ਕਰਨ ਵਾਲਾ ਅਕਾਲ ਤਖਤ ਸਤਿਕਾਰਯੋਗ ਹੈ ਕਿ ਉਹ ਜੱਜ ਸਤਿਕਾਰਯੋਗ ਹੈ ਜਿਸ ਨੇ ਵੀਹ ਸਾਲ ਦੀ ਸਜ਼ਾ ਸੁਣਾ ਦਿੱਤੀ?

ਤਖਤਾਂ ਦੇ ਜਥੇਦਾਰ ਕਾਨੂੰਨ ਤੋਂ ਉਪਰ ਹੋਣ ਕਰਕੇ ਕਮਿਸ਼ਨ ਅੱਗੇ ਪੇਸ਼ ਨਹੀਂ ਹੋਣਗੇ ਪਰ ਪੰਜਾਬ ਵਿਚਲੇ ਤਿੰਨੇ ਤਖਤਾਂ ਦੇ ਜਥੇਦਾਰ ਹੁਕਮ ਮਿਲਣ ਪਿਛੋਂ ਅਕਾਲੀ ਦਲ ਪ੍ਰਧਾਨ ਦੀ ਚੰਡੀਗੜ੍ਹ ਵਿਚਲੀ ਕੋਠੀ ਵਿਚ ਹਾਜਰ ਹੋ ਜਾਂਦੇ ਹਨ! ਡੇਰਾ ਮੁਖੀ ਨੂੰ ਮਾਫੀ ਦੇਣ ਦਾ ਫੈਸਲਾ ਉਥੇ ਹੀ ਹੋਇਆ ਸੀ। ਪਹਿਲਾਂ ਅਕਾਲੀ ਦਲ ਸਾਬਤ ਕਰੇ ਕਿ ਉਹ ਖਾਲਸਈ ਸੰਸਥਾਵਾਂ ਦਾ ਆਦਰ ਕਰਦਾ ਹੈ, ਬਾਕੀ ਸੰਸਾਰ ਪਾਸੋਂ ਇਸ ਆਦਰ ਦੀ ਉਮੀਦ ਇਸ ਪਿੱਛੋਂ ਰੱਖੇ। ਅਜਿਹਾ ਨਾ ਹੋਇਆ ਤਾਂ ਉਹੋ ਹੋਵੇਗਾ ਜੋ ਮੀਰਜ਼ਾਦਿਆਂ ਨਾਲ ਹੋਇਆ ਸੀ।

ਸਾਜ਼ਾਂ, ਗੀਤਾਂ, ਮਜ਼ਾਕਾਂ ਨਾਲ ਪਿੰਡ ਦੇ ਲੋਕਾਂ ਦਾ ਮਨੋਰੰਜਨ ਕਰਦੇ ਮੀਰਜ਼ਾਦਿਆਂ ਨੇ ਏਨੀ ਤਿੱਖੀ ਨਸ਼ਤਰ ਚਲਾ ਦਿੱਤੀ ਕਿ ਲੋਕਾਂ ਨੇ ਗੁੱਸੇ ਵਿਚ ਆ ਕੇ ਕੁਟਾਪਾ ਚਾੜ੍ਹਨ ਦਾ ਫੈਸਲਾ ਕਰ ਲਿਆ। ਮੀਰਜ਼ਾਦੇ ਢੋਲਕੀਆਂ ਛੈਣੇ ਚੁਕ ਕੇ ਖੇਤਾਂ ਵੱਲ ਨੱਸੇ। ਨਰਮੇ ਦੇ ਖੇਤ ਵਿਚ ਲੁਕਣ ਲੱਗੇ ਤਾਂ ਟੀਂਡੇ ਢੋਲਕੀਆਂ ਉਪਰ ਵੱਜਣ ਲੱਗੇ, ਖੜਾਕ ਕਾਰਨ ਫੜ੍ਹੇ ਗਏ। ਲੋਕਾਂ ਪੁਛਿਆ, ਕਿਉਂ ਕੀਤਾ ਸੀ ਏਨਾ ਭੈੜਾ ਮਜ਼ਾਕ? ਕਿਉਂ ਕੀਤੀ ਸਾਡੀ ਬੇਇੱਜਤੀ? ਮੀਰਜ਼ਾਦੇ ਨੇ ਹੱਥ ਜੋੜ ਕੇ ਕਿਹਾ, ਜਜਮਾਨੋ, ਅਸਾਡੀ ਕੀ ਜੁਰਅਤ ਕਿ ਰਿਜ਼ਕਦਾਤਿਆਂ ਦੀ ਬੇਇੱਜਤੀ ਕਰੀਏ। ਅਜ ਦਿਨ ਹੀ ਮਾੜਾ ਚੜ੍ਹਿਆ ਸੀ ਸਾਡੇ ਭਾ ਦਾ। ਜਦੋਂ ਵਕਤ ਮਾੜਾ ਹੋਵੇ, ਉਦੋਂ ਟੀਂਡੇ ਵੀ ਢੋਲਕੀਆਂ ਵਜਾਉਣ ਲੱਗ ਜਾਂਦੇ ਨੇ।

ਅਕਾਲੀ ਦਲ ਵਾਸਤੇ ਸਮਾਂ ਖੁਸ਼ਗਵਾਰ ਨਹੀਂ।

# ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 488 'ਤੇ ਰਾਗ ਆਸਾ ਵਿਚ ਦਰਜ ਸ਼ਬਦ 'ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ' ਵਿਚ ਬਾਬਾ ਫਰੀਦ ਜੀ ਨੇ ਦੂਹਰੀ ਨੀਤੀ ਰੱਖਣ ਵਾਲੇ ਲੋਕਾਂ ਦੀ ਅਸਲੀਅਤ ਉਘਾੜੀ ਹੈ ਕਿ ਜੋ ਮਨੁੱਖ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਹਨ, ਉਨ੍ਹਾਂ ਦਾ ਰੱਬ ਨਾਲ ਪਿਆਰ ਸਿਰਫ ਦਿਖਾਵੇ

ਡਾ. ਗੁਰਨਾਮ ਕੌਰ ਕੈਨੇਡਾ

ਲਈ ਹੁੰਦਾ ਹੈ ਭਾਵ ਜੋ ਉਤੋਂ ਰੱਬ ਦਾ ਨਾਂ ਲੈਂਦੇ ਹਨ ਪਰ ਅੰਦਰ ਖੋਟ ਹੁੰਦੀ ਹੈ। ਮੂੰਹੋਂ ਤਾਂ ਰੱਬ ਦੇ ਸੱਚੇ ਪ੍ਰੇਮੀ ਹੋਣ ਦਾ ਦਾਅਵਾ ਕਰਦੇ ਹਨ ਪਰ ਅੰਦਰ ਮੁਹੱਬਤ ਨਹੀਂ ਹੁੰਦੀ। ਅਜਿਹੇ ਮਨੁੱਖਾਂ ਨੂੰ ਫਰੀਦ ਜੀ ਨੇ ਕੱਚੇ ਆਸ਼ਕ ਕਿਹਾ ਹੈ। ਰੱਬ ਦੇ ਪਿਆਰ ਤੇ ਉਸ ਦੇ ਦੀਦਾਰ ਵਿਚ ਰੰਗੇ ਮਨੁੱਖ ਅਸਲੀ ਮਨੁੱਖ ਹਨ ਅਤੇ ਦਿਖਾਵਾ ਕਰਨ ਵਾਲੇ ਧਰਤੀ 'ਤੇ ਇੱਕ ਕਿਸਮ ਦਾ ਭਾਰ ਹਨ। ਉਹ ਮਨੁੱਖ ਹੀ ਰੱਬ ਦੇ ਦਰਵਾਜ਼ੇ 'ਤੇ ਦਰਵੇਸ਼ ਹਨ ਭਾਵ ਰੱਬ ਦੇ ਦਰ ਤੋਂ ਉਸ ਦੇ ਪ੍ਰੇਮ ਦੀ ਖੈਰ ਮੰਗਦੇ ਹਨ, ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾਇਆ ਹੈ। ਅਜਿਹੇ ਮਨੁੱਖਾਂ ਨੂੰ ਜਨਮ ਦੇਣ ਵਾਲੀ ਮਾਂ ਭਾਗਾਂ ਵਾਲੀ ਹੁੰਦੀ ਹੈ ਅਤੇ ਉਨ੍ਹਾਂ ਦਾ ਇਸ ਦੁਨੀਆਂ 'ਤੇ ਆਉਣਾ ਮੁਬਾਰਕ ਹੈ। ਬਾਬਾ ਫਰੀਦ ਅਨੁਸਾਰ ਜਿਨ੍ਹਾਂ ਮਨੁੱਖਾਂ ਨੇ ਉਸ ਪਰਵਰਦਗਾਰ ਦੇ ਅਪਹੁੰਚ ਹੋਣ ਦਾ, ਉਸ ਦੀ ਅਸਲੀਅਤ ਦਾ ਗਿਆਨ ਪ੍ਰਾਪਤ ਕਰ ਲਿਆ ਹੈ, ਉਹ ਅਜਿਹੇ ਮਨੁੱਖਾਂ ਤੋਂ ਸਦਕੇ ਜਾਂਦੇ ਹਨ:

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ॥
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ਹ ਨਾਮੁ
ਤੇ ਭੁਇ ਭਾਰੁ ਥੀਏ॥੧॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥੧॥

'ਪੰਜਾਬ ਟਾਈਮਜ਼' ਦੇ 30 ਸਤੰਬਰ ਦੇ ਅੰਕ ਵਿਚ ਭਾਰਤ ਦੇ ਮੂਲ ਨਿਵਾਸੀਆਂ ਦੇ ਨਾਂ 'ਤੇ ਬਣੀ ਜਥੇਬੰਦੀ ਵਾਮਸੇਵਕ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਸਬੰਧਤ 'ਕੱਟੜ ਬ੍ਰਾਹਮਣਵਾਦ ਵਿਰੁਧ ਇਕਜੁੱਟ ਹੋਣ ਦਾ ਤਹੱਈਆ' ਸਿਰਲੇਖ ਵਾਲੀ ਤਸਵੀਰਾਂ ਸਣੇ ਖਬਰ ਛਪੀ ਹੈ। ਮੇਰਾ ਮਕਸਦ ਇਥੇ ਇਸ ਜਥੇਬੰਦੀ ਦੀ ਮੁਖਾਲਫਤ ਕਰਨਾ ਜਾਂ ਇਸ ਦੇ ਹੱਕ ਵਿਚ ਨਾਹਰਾ ਲਾਉਣਾ ਜਾਂ ਇਸ ਦੇ ਸਿਆਸੀ ਪਹਿਲੂਆਂ ਦੀ ਛਾਣਬੀਣ ਕਰਨਾ ਨਹੀਂ ਹੈ। ਮੇਰਾ ਮਕਸਦ ਸਿਰਫ ਇਹ ਜਾਣਨਾ ਹੈ ਕਿ ਕੀ ਅਜਿਹੀਆਂ ਜਥੇਬੰਦੀਆਂ ਦਾ ਗੁਰਮਤਿ ਅਨੁਸਾਰ ਕੋਈ ਸਮਾਜਿਕ ਏਜੰਡਾ ਵੀ ਹੁੰਦਾ ਹੈ ਜਾਂ ਇਨ੍ਹਾਂ ਦਾ ਮਕਸਦ ਮਹਿਜ ਕੋਈ ਸਿਆਸੀ ਲਾਹਾ ਲੈਣਾ ਹੁੰਦਾ ਹੈ (ਇਸ ਜਥੇਬੰਦੀ ਦਾ ਹਵਾਲਾ ਇਥੇ ਮੈਂ ਸਿਰਫ ਮਿਸਾਲ ਵਜੋਂ ਦਿੱਤਾ ਹੈ)? ਮੇਰਾ ਮਕਸਦ ਉਸ 'ਅੰਦਰਲੀ ਖੋਟ' ਦੀ ਗੱਲ ਕਰਨਾ ਹੈ ਜਿਸ 'ਤੇ ਬਾਬਾ ਫਰੀਦ ਨੇ ਆਪਣੀ ਬਾਣੀ ਵਿਚ ਰੌਸ਼ਨੀ ਪਾਈ ਹੈ।


ਬਠਿੰਡਾ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਕੋਟ ਗੁਰੂ ਵਿਚ ਪਿੰਡ ਦੇ ਸਰਪੰਚ ਨੇ ਦਲਿਤ ਭਾਈਚਾਰੇ ਦੇ ਸ਼ਮਸ਼ਾਨਘਾਟ ਨੂੰ ਇੱਕ ਕੰਧ ਕਰਕੇ ਬਾਕੀ ਦੇ ਸ਼ਮਸ਼ਾਨਘਾਟ ਨਾਲੋਂ ਵੱਖ ਕਰ ਦਿੱਤਾ ਤੇ ਉਸ ਵੱਖ ਕੀਤੇ ਸ਼ਮਸ਼ਾਨਘਾਟ ਨੂੰ ਕੋਈ ਰਸਤਾ ਵੀ ਨਾ ਛੱਡਿਆ ਕਿਉਂਕਿ ਕੰਧ ਵਿਚਲਾ ਦਰਵਾਜ਼ਾ ਬੰਦ

## ਪਾਠਕ ਮੰਚ

ਕਰ ਦਿੱਤਾ ਗਿਆ ਹੈ। ਅੰਤਿਮ ਸਸਕਾਰ ਲਈ ਮੁਰਦੇ ਨੂੰ ਕੰਧ ਉਤੋਂ ਦੀ ਟਪਾ ਕੇ ਦੂਜੇ ਪਾਸੇ ਲੈ ਕੇ ਜਾਣਾ ਪੈਂਦਾ ਹੈ। ਇਹ ਮਨੁੱਖਤਾ ਤੋਂ ਗਿਰੀ ਅਤੇ ਘਟੀਆ ਹਰਕਤ ਹੈ। ਇਸ ਤੋਂ ਵੀ ਘਟੀਆ ਤੇ ਧਿਆਨ ਖਿੱਚਣ ਵਾਲੀ ਗੱਲ ਇਹ ਹੈ ਕਿ ਸਰਪੰਚ ਅਖਵਾਉਂਦੀ ਬੀਬੀ ਦਾ ਪਰਿਵਾਰ 'ਸ਼੍ਰੋਮਣੀ ਅਕਾਲੀ ਦਲ' ਨਾਲ ਸਬੰਧਤ ਹੈ ਅਤੇ ਇਸ ਵਿਚ ਇਜ਼ਾਫਾ ਇਹ ਹੈ ਕਿ ਬੀਬੀ ਸਿਰਫ ਨਾਂ ਦੀ ਹੀ ਸਰਪੰਚਣੀ ਹੈ, ਸਰਪੰਚੀ ਤਾਂ ਅਸਲ ਵਿਚ ਉਸ ਦਾ ਪਤੀ ਬਲਕਰਨ ਸਿੰਘ ਚਲਾਉਂਦਾ ਹੈ। ਇਹ ਹਰਕਤ ਸਿੱਖ ਸਿਧਾਂਤਾਂ ਦੇ ਖਿਲਾਫ ਤਾਂ ਹੈ ਹੀ, ਗੈਰ-ਸੰਵਿਧਾਨਕ ਵੀ ਹੈ। ਵਜ੍ਹਾ ਇਹ ਦੱਸੀ ਗਈ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਦਲਿਤ ਭਾਈਚਾਰੇ ਨੇ ਵੋਟਾਂ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦੇ ਨੂੰ ਨਹੀਂ ਬਲਕਿ ਆਮ ਆਦਮੀ ਪਾਰਟੀ (ਆਪ) ਦੀ ਨੁਮਾਇੰਦਗੀ ਕਰ ਰਹੀ ਬੀਬੀ ਨੂੰ ਪਾਈਆਂ ਸਨ।

# ਵਿਚਾਰਾਂ ਦੀ ਆਜ਼ਾਦੀ ਤੇ ਵਿਚਾਰਧਾਰਾ ਦੀ ਰਾਜਨੀਤੀ


## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਵਿਚ ਗੌਰੀ ਲੰਕੇਸ਼ ਵਰਗੇ ਪੱਤਰਕਾਰਾਂ ਅਤੇ ਗੋਵਿੰਦ ਪਾਨਸਰੇ, ਨਰਿੰਦਰ ਦਾਭੋਲਕਰ ਤੇ ਕਲਬੁਰਗੀ ਵਰਗੇ ਬੁੱਧੀਜੀਵੀਆਂ ਦੇ ਕਤਲਾਂ ਦੀ ਲੜੀ ਖਿਲਾਫ ਰੋਸ ਪ੍ਰਗਟਾਉਣ ਲਈ ਲੰਘੇ ਸਨਿਚਰਵਾਰ ਅੰਮ੍ਰਿਤਸਰ ਵਿਚ ਸਮਾਗਮ ਰੱਖਿਆ ਗਿਆ ਸੀ। ਮੈਂ ਜਾਣ ਦਾ ਵਾਅਦਾ ਵੀ ਕੀਤਾ ਸੀ, ਪਰ ਅਚਾਨਕ ਸਿਹਤ ਵਿਗੜ ਜਾਣ ਕਾਰਨ ਜਾ ਨਾ ਸਕਿਆ। ਅਸੀਂ ਇਸ ਗਿਣਤੀ ਵਿਚ ਨਹੀਂ ਪੈ ਸਕਦੇ ਕਿ ਐਨੇ ਪੱਤਰਕਾਰ ਤੇ ਹੋਰ ਬੁੱਧੀਜੀਵੀ ਮਾਰ ਦਿੱਤੇ ਗਏ ਹਨ ਅਤੇ ਇਸ ਵਿਚ ਵੀ ਨਹੀਂ ਕਿ ਅਗਲਾ ਨੰਬਰ ਫਲਾਣੇ-ਫਲਾਣੇ ਵਿਚੋਂ ਕਿਸ ਦਾ ਲੱਗਣ ਦੀਆਂ ਗੱਲਾਂ ਸੁਣੀਆਂ ਜਾ ਰਹੀਆਂ ਹਨ। ਇਸ ਰਾਹ ਉਤੇ ਸਾਨੂੰ ਕਿਸੇ ਨੇ ਡੰਡੇ ਨਾਲ ਜ਼ਬਰਦਸਤੀ ਨਹੀਂ ਸੀ ਤੋਰਿਆ। ਆਪਣੀ ਸੋਚ ਮੁਤਾਬਕ ਆਏ ਸਾਂ, ਫਿਰ 'ਉਖਲੀ ਵਿਚ ਸਿਰ ਦੇ ਦਿੱਤਾ ਤਾਂ ਮੋਹਲਿਆਂ ਦਾ ਕੀ ਗਿਣਨਾ' ਸੋਚ ਕੇ ਚੱਲਣਾ ਚਾਹੀਦਾ ਹੈ।

ਅਸੀਂ ਇੱਕ ਅਜਿਹੇ ਦੌਰ 'ਚੋਂ ਗੁਜ਼ਰ ਰਹੇ ਹਾਂ, ਜਿਸ ਵਿਚ ਅਰਥਾਂ ਦੇ ਅਨਰਥ ਹੋ ਰਹੇ ਹਨ। ਭਾਰਤੀ ਰਾਜਨੀਤੀ ਉਤੇ ਭਾਰੂ ਹੋ ਰਹੀ ਵਿਚਾਰਧਾਰਾ ਦੇ ਇੱਕ ਲੇਖਕ ਨੇ ਕੁਝ ਮਹੀਨੇ ਪਹਿਲਾਂ ਲੇਖ ਲਿਖਿਆ ਤਾਂ ਇਹ ਗੱਲ ਸਹਿਜ ਭਾਵ ਨਾਲ ਲਿਖ ਦਿੱਤੀ ਕਿ ਨਾਥੂਰਾਮ ਗੌਡਸੇ ਤੋਂ ਗਲਤੀ ਹੋ ਗਈ, ਮਹਾਤਮਾ ਗਾਂਧੀ ਨੂੰ ਨਿਸ਼ਾਨਾ ਬਣਾ ਲਿਆ, ਅਸਲ ਵਿਚ ਉਸ ਨੂੰ ਜਵਾਹਰ ਲਾਲ ਨਹਿਰੂ ਨੂੰ ਮਾਰਨਾ ਚਾਹੀਦਾ ਸੀ। ਉਸੇ ਲੇਖਕ ਨੇ ਇੱਕ ਵਾਰ ਇਹ ਗੱਲ ਵੀ ਲਿਖੀ ਕਿ ਦੇਸ਼ ਦਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਹੀਂ, ਸਰਦਾਰ ਵੱਲਭ ਭਾਈ ਪਟੇਲ ਹੋਣਾ ਚਾਹੀਦਾ ਸੀ। ਹੁਣ ਜਦੋਂ ਮਹਾਤਮਾ ਗਾਂਧੀ ਦੇ ਕਤਲ 'ਤੇ ਨਾਥੂਰਾਮ ਗੌਡਸੇ ਨੂੰ ਫਾਂਸੀ ਵਾਲੇ ਕੇਸ ਨੂੰ ਗਲਤ ਕਿਹਾ ਜਾ ਰਿਹਾ ਹੈ ਤਾਂ ਉਹੀ ਲੇਖਕ ਇਸ ਸੋਚਣੀ ਦਾ ਝੰਡਾਬਰਦਾਰ ਵੀ ਹੈ। ਉਸ ਨੂੰ ਇਹ ਗੱਲ ਭੁੱਲ ਜਾਂਦੀ ਹੈ ਕਿ ਮਹਾਤਮਾ ਗਾਂਧੀ ਦੇ ਦੋ ਪੁੱਤਰਾਂ ਨੇ ਗੌਡਸੇ ਅਤੇ ਉਸ ਨਾਲ ਫਾਂਸੀ ਲਾਏ ਗਏ ਨਾਰਾਇਣ ਆਪਟੇ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਲਈ ਕਿਹਾ ਸੀ, ਪਰ ਇਹ ਅਪੀਲ ਰੱਦ ਹੋ ਗਈ ਸੀ ਤੇ ਰੱਦ ਕਰਨ ਵਾਲੇ ਤਿੰਨ ਜਣਿਆਂ ਵਿਚ ਨਹਿਰੂ, ਪਟੇਲ ਅਤੇ ਉਸ ਵਕਤ ਭਾਰਤ ਦਾ ਗਵਰਨਰ ਜਨਰਲ ਰਾਜਾਗੋਪਾਲਾਚਾਰੀ ਸ਼ਾਮਲ ਸਨ। ਉਸ ਲੇਖਕ ਨੂੰ ਪਟੇਲ ਚੰਗਾ ਲੱਗਦਾ ਹੈ ਤੇ ਗੌਡਸੇ ਵੀ। ਇਹੋ ਜਿਹੀ ਸੋਚ ਵਾਲੇ ਲੋਕ ਜਦੋਂ ਇੱਕ ਖਾਸ ਮੁਹਿੰਮ ਦਾ ਹਿੱਸਾ ਬਣਦੇ ਤੇ ਚੁਣ-ਚੁਣ ਕੇ ਵਿਚਾਰਧਾਰਕ ਹਮਲਾਵਰੀ ਦੇ ਨਾਲ ਕਤਲ ਵਰਗੇ ਅਪਰਾਧਾਂ ਦਾ ਪੱਖ ਪੂਰਦੇ ਹਨ ਤਾਂ ਉਨ੍ਹਾਂ ਖਿਲਾਫ ਸਹੀ ਸੋਚ ਵਾਲੇ ਲੋਕਾਂ ਦੀ ਇੱਕਸੁਰਤਾ ਦੀ ਲੋੜ ਹੋਰ ਵਧ ਜਾਂਦੀ ਹੈ।



ਐਮ. ਜੇ. ਅਕਬਰ

ਗਿਲਾ ਇਸ ਗੱਲ ਦਾ ਹੈ ਕਿ ਸਹੀ ਸੋਚ ਵਾਲੇ ਲੋਕਾਂ ਦੀ ਇੱਕਸੁਰਤਾ ਵਧਣ ਦੀ ਥਾਂ ਇਸ ਰਾਹੇ ਤੁਰਨ ਵਾਲੇ ਕਈ ਲੋਕ ਇਸ ਤਰ੍ਹਾਂ ਰਾਹ ਬਦਲ ਜਾਂਦੇ ਹਨ, ਜਿਵੇਂ ਕਦੇ ਇਸ ਨਾਲ ਕੋਈ ਵਾਸਤਾ ਹੀ ਨਾ ਰਿਹਾ ਹੋਵੇ। ਪਿਛਲੇ ਤੀਹਾਂ ਤੋਂ ਵੱਧ ਸਾਲਾਂ ਵਿਚ ਅਸੀਂ ਏਨੇ ਲੋਕਾਂ ਨੂੰ ਇਸ ਤਰ੍ਹਾਂ ਰਸਤੇ ਬਦਲਦੇ ਵੇਖਿਆ ਹੈ ਕਿ ਹੁਣ ਆਪਣੇ ਨਾਲ ਤੁਰੇ ਜਾਂਦੇ ਲੋਕਾਂ ਵੱਲ ਵੀ ਮੁੜ-ਮੁੜ ਇਸ ਸ਼ੱਕ ਨਾਲ ਅੱਖ ਉਠਦੀ ਹੈ ਕਿ ਇਹ ਬੰਦਾ ਸਾਡੇ ਨਾਲ ਰਹੇਗਾ ਜਾਂ ਔਖੀ ਘੜੀ ਸਾਥ ਛੱਡ ਜਾਵੇਗਾ!

ਅਸੀਂ ਮਿਸਾਲਾਂ ਗਿਣਨੀਆਂ ਸ਼ੁਰੂ ਕਰੀਏ ਤਾਂ ਸੁਸ਼ਮਾ ਸਵਰਾਜ ਤੋਂ ਤੁਰਨਾ ਪੈ ਸਕਦਾ ਹੈ। ਜਦੋਂ ਮੋਰਾਰਜੀ ਦੇਸਾਈ ਦੀ ਸਰਕਾਰ ਸਮੇਂ ਆਰ. ਐਸ. ਐਸ. ਨਾਲ ਸਬੰਧ ਰੱਖਣ ਜਾਂ ਨਾ ਰੱਖਣ ਦੇ ਮੁੱਦੇ 'ਤੇ ਜਨਤਾ ਪਾਰਟੀ ਟੁੱਟੀ ਅਤੇ ਆਰ. ਐਸ. ਐਸ. ਨਾਲ ਵਫਾਦਾਰੀ ਵਾਲਿਆਂ ਨੇ ਵੱਖਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਬਣਾਈ, ਉਸ ਦਾ ਵਿਰੋਧ ਕਰਦੇ ਲੋਕਾਂ ਦੇ ਅੱਗੇ ਲੱਗੀ ਲੀਡਰਸ਼ਿਪ ਵਿਚ ਸੁਸ਼ਮਾ ਸਵਰਾਜ ਵੀ ਸ਼ਾਮਲ ਸੀ। ਫਿਰ ਉਹ ਭਾਜਪਾ ਵਿਚ ਚਲੀ ਗਈ ਅਤੇ ਅੱਜ ਉਸ ਪਾਰਟੀ ਦੀ ਹਾਈ ਕਮਾਂਡ ਦਾ ਹਿੱਸਾ ਹੈ।

ਬਾਬਰੀ ਮਸਜਿਦ ਢਾਹੇ ਜਾਣ ਸਮੇਂ ਕੇਂਦਰ ਦੀ ਨਰਸਿਮਹਾ ਰਾਓ ਸਰਕਾਰ ਦਾ ਇੱਕ ਮੰਤਰੀ ਸੁਰਿੰਦਰ ਸਿੰਘ ਆਹਲੂਵਾਲੀਆ ਭਾਜਪਾ ਦੇ ਖਿਲਾਫ ਬੜਾ ਬੋਲਦਾ ਸੀ। ਪਟਨਾ ਸਾਹਿਬ ਵਾਲੇ ਸਿੱਖਾਂ ਦੇ ਤਖਤ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਹ ਉਦੋਂ ਪ੍ਰਧਾਨ ਸੀ ਤੇ ਕਹਿੰਦਾ ਹੁੰਦਾ ਸੀ ਕਿ ਭਾਜਪਾ ਦੀ ਨੀਤੀ ਘੱਟ-ਗਿਣਤੀਆਂ ਲਈ ਬਹੁਤ ਮਾਰੂ ਹੈ। ਜਲੰਧਰ ਦੇ ਐਮ. ਜੀ. ਐਨ. ਕਾਲਜ ਵਿਚ ਉਸ ਦੇ ਸਨਮਾਨ ਸਮਾਗਮ ਸਮੇਂ ਉਸ ਦਾ ਭਾਸ਼ਣ ਮੈਂ ਖੁਦ ਸੁਣਿਆ ਸੀ। ਫਿਰ ਉਹ ਭਾਜਪਾ ਵਿਚ ਜਾ ਰਲਿਆ। ਹੁਣ ਉਹ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਵਿਚ ਮੰਤਰੀ ਹੈ ਤੇ ਉਸ ਨੂੰ ਘੱਟ-ਗਿਣਤੀਆਂ ਦਾ ਭਲਾ ਭਾਜਪਾ ਦੇ ਰਾਜ ਵਿਚ ਦਿਖਾਈ ਦਿੰਦਾ ਹੈ। ਏਦਾਂ ਦੇ ਕਈ ਹੋਰ ਰਾਜਸੀ ਆਗੂ ਛੜੱਪੇ ਮਾਰ ਕੇ ਉਥੇ ਜਾ ਪਹੁੰਚੇ ਹਨ।

ਉਘਾ ਹਿੰਦੀ ਵਿਅੰਗਕਾਰ ਸੰਪਤ ਸਰਲ



ਸੁਰਿੰਦਰ ਸਿੰਘ ਆਹਲੂਵਾਲੀਆ

ਮਜ਼ਾਕ ਕਰਦਾ ਹੈ ਕਿ ਇੱਕ ਸਮਾਗਮ ਵਿਚ ਇੱਕ ਵਿਧਾਇਕ ਨੂੰ ਬੈਠੇ ਵੇਖ ਕੇ ਮੈਂ ਪੁੱਛ ਲਿਆ, "ਕੀ ਇਹ ਕਾਂਗਰਸ ਦੇ ਆਗੂ ਹਨ!" ਕੋਲ ਖੜ੍ਹੇ ਗੰਨਮੈਨ ਨੇ ਕਿਹਾ, "ਜੀ ਨਹੀਂ, ਇਹ ਭਾਜਪਾ ਦੇ ਆਗੂ ਹਨ, ਕਾਂਗਰਸ ਦੇ ਇੱਕ ਘੰਟਾ ਪਹਿਲਾਂ ਸਨ।" ਉਹ ਮਜ਼ਾਕ ਨਾਲ ਕਹਿੰਦਾ ਹੈ ਕਿ ਅਗਲੀਆਂ ਪਾਰਲੀਮੈਂਟ ਚੋਣਾਂ ਵੇਲੇ ਭਾਜਪਾ ਦਾ ਚੋਣ ਨਿਸ਼ਾਨ 'ਕਮਲ ਦਾ ਫੁੱਲ' ਸ਼ਾਇਦ ਨਾ ਰਹੇ ਤੇ ਉਸ ਦੀ ਥਾਂ ਨਵਾਂ ਨਿਸ਼ਾਨ 'ਹੱਥ ਵਿਚ ਫੜਿਆ ਕਮਲ ਦਾ ਫੁੱਲ' ਵੇਖਣਾ ਹੀ ਪੈ ਜਾਵੇ। ਇਸ ਲਈ ਦਲ ਬਦਲਦੇ ਅਜਿਹੇ ਸਿਆਸੀ ਆਗੂਆਂ ਉਤੇ ਕੋਈ ਗਿਲਾ ਨਹੀਂ ਕੀਤਾ ਜਾ ਸਕਦਾ।

ਗਿਲਾ ਸਾਨੂੰ ਉਨ੍ਹਾਂ ਲੋਕਾਂ ਉਤੇ ਹੈ, ਜੋ ਕਿਸੇ ਸਮੇਂ ਭਾਰਤ ਵਿਚ ਧਰਮ ਨਿਰਪੱਖਤਾ ਦੇ ਝੰਡਾਬਰਦਾਰ ਹੋਇਆ ਕਰਦੇ ਸਨ। ਤੀਹ ਕੁ ਸਾਲ ਪਹਿਲਾਂ ਅਸੀਂ ਬਹੁਤੀ ਅੰਗਰੇਜ਼ੀ ਨਾ ਆਉਂਦੀ ਹੋਣ ਦੇ ਬਾਵਜੂਦ ਅੰਗਰੇਜ਼ੀ ਕਿਤਾਬ 'ਇੰਡੀਆ: ਦ ਸੀਜ਼ ਵਿਦਿਨ' ਬੜੇ ਔਖੇ ਹੋ ਕੇ ਪੜ੍ਹੀ ਸੀ, ਕਿਉਂਕਿ ਉਹ ਕਿਤਾਬ ਕਸ਼ਮੀਰ ਵਾਦੀ ਤੋਂ ਲੈ ਕੇ ਭਾਰਤ ਦੀ ਹਰ ਨੁੱਕਰ ਵਿਚ ਫੈਲਦੀ ਜਾਂਦੀ ਫਿਰਕਾਪ੍ਰਸਤੀ ਅਤੇ ਵੱਖਵਾਦ ਦੀ ਰੁਚੀ ਬਾਰੇ ਬਹੁਤ ਵਧੀਆ ਢੰਗ ਨਾਲ ਸੁਚੇਤ ਕਰਦੀ ਸੀ। ਜਿਸ ਲੇਖਕ ਨੇ ਇਹ ਸ਼ਾਨਦਾਰ ਕਿਤਾਬ ਲਿਖੀ ਸੀ, ਐਮ. ਜੇ. ਅਕਬਰ ਨਾਂ ਦਾ ਉਹ ਸੱਜਣ ਕੁਝ ਦੇਰ ਬਾਅਦ ਕਾਂਗਰਸ ਪਾਰਟੀ ਵੱਲੋਂ ਪਾਰਲੀਮੈਂਟ ਮੈਂਬਰ ਬਣ ਗਿਆ। ਕੁਝ ਲੋਕਾਂ ਨੂੰ ਚੰਗਾ ਨਹੀਂ ਸੀ ਲੱਗਾ, ਪਰ ਕੁਝ ਲੋਕ ਇਹ ਕਹਿੰਦੇ ਸਨ ਕਿ ਭਾਜਪਾ ਦੀ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨ ਲਈ ਏਦਾਂ ਕਰਨਾ ਉਸ ਦੀ ਮਜਬੂਰੀ ਹੋਵੇਗੀ। ਉਹ ਰਾਜਨੀਤੀ ਵਿਚ ਆਣ ਕੇ ਉਸੇ ਪਹਿਲੀ ਸੋਚ ਦੇ ਮੁਤਾਬਕ ਲਿਖਦਾ ਰਿਹਾ। ਪਿਛਲੀ ਵਾਰ ਜਦੋਂ ਭਾਜਪਾ ਨੂੰ ਭਾਰਤ ਉਤੇ ਕਾਬਜ਼ ਹੁੰਦੀ ਮਹਿਸੂਸ ਕੀਤਾ ਤਾਂ ਕਈ ਹੋਰਨਾਂ ਵਾਂਗ ਉਹ ਵੀ ਉਡਾਰੀ ਲਾ ਕੇ ਉਸੇ ਵਾੜੇ ਜਾ ਵੜਿਆ। ਅੱਜ ਉਹ ਕੇਂਦਰੀ ਰਾਜ ਮੰਤਰੀ ਹੈ।

ਉਸੇ ਤੀਹ ਕੁ ਸਾਲ ਪਹਿਲਾਂ ਦੇ ਦੌਰ ਵਿਚ ਪੰਜਾਬ ਦਾ ਇੱਕ ਸਿੱਖ ਵਕੀਲ ਇਹ ਗੱਲ ਹਿੱਕ ਠੋਕ ਕੇ ਕਹਿੰਦਾ ਹੁੰਦਾ ਸੀ ਕਿ ਸਿੱਖਾਂ ਨੇ ਹਿੰਦੂਕਰਨ



ਸੁਸ਼ਮਾ ਸਵਰਾਜ

ਤੋਂ ਬਚਣਾ ਹੈ ਤਾਂ ਉਨ੍ਹਾਂ ਨੂੰ ਆਪਣੇ ਲਈ ਇੱਕ ਵੱਖਰਾ ਦੇਸ਼ ਸਿਰਜਣਾ ਪਵੇਗਾ ਤੇ ਇਸ ਲਈ ਕੁਰਬਾਨੀਆਂ ਦੇਣ ਤੋਂ ਝਿਜਕਣਾ ਨਹੀਂ ਚਾਹੀਦਾ। ਅੱਜ ਕੱਲ੍ਹ ਉਹੋ ਸਿੱਖ ਆਗੂ ਆਰ. ਐਸ. ਐਸ. ਦੀ ਅਗਵਾਈ ਹੇਠ ਚੱਲਦੀ ਰਾਸ਼ਟਰੀ ਸਿੱਖ ਸੰਗਤ ਨਾਲ ਜਾ ਜੁੜਿਆ ਹੈ ਅਤੇ ਸਿੱਖੀ ਦੀਆਂ ਤੰਦਾਂ ਹਿੰਦੂ ਧਰਮ ਦੀ ਪ੍ਰਾਚੀਨਤਾ ਨਾਲ ਇਸ ਤਰ੍ਹਾਂ ਜੋੜ ਕੇ ਗੱਲ ਕਰਦਾ ਹੈ, ਜਿਵੇਂ ਕੋਈ ਆਰ. ਐਸ. ਐਸ. ਦਾ ਜਮਾਂਦਰੂ ਸੋਇਮ ਸੇਵਕ ਵੀ ਨਹੀਂ ਕਰ ਸਕਦਾ ਹੋਵੇਗਾ।

ਕੁਝ ਸਾਲ ਪਹਿਲਾਂ ਜਦੋਂ ਮੈਨੂੰ ਪੂਨੇ ਜਾਣਾ ਪਿਆ ਤਾਂ ਉਥੇ ਇਹ ਗੱਲ ਸੁਣ ਕੇ ਹੈਰਾਨੀ ਹੋਈ ਸੀ ਕਿ ਗੋਵਿੰਦ ਪਾਨਸਰੇ ਅਤੇ ਨਰਿੰਦਰ ਦਾਭੋਲਕਰ ਦੇ ਵਿਰੋਧ ਦੀ ਮੁਹਿੰਮ ਚਲਾਉਣ ਵਾਲਿਆਂ ਵਿਚ ਕੁਝ ਖੱਬੇ ਪੱਖੀ ਲਹਿਰ ਦੇ ਭਗੌੜੇ ਵੀ ਹਨ ਤੇ ਉਹ ਹੋਰਨਾਂ ਤੋਂ ਵੱਧ ਤਿੱਖਾ ਬੋਲਦੇ ਹਨ। ਇਸ ਮਾਹੌਲ ਵਿਚ ਉਰਦੂ ਦਾ ਸ਼ੇਅਰ ਯਾਦ ਆਉਂਦਾ ਹੈ, 'ਹਮੇਂ ਅਪਨੋਂ ਨੇ ਮਾਰਾ, ਗੈਰੋਂ ਮੇਂ ਕਹਾਂ ਦਮ ਥਾ। ਹਮਾਰੀ ਕਿਸ਼ਤੀ ਵਹਾਂ ਡੂਬੀ, ਜਹਾਂ ਪਾਨੀ ਕਮ ਥਾ।'

ਕੁਝ ਲੋਕ ਇਹ ਦੌਰ ਵੇਖ ਕੇ ਪੁੱਛਦੇ ਹਨ ਕਿ ਹੁਣ ਕੀ ਹੋਵੇਗਾ, ਕੀ ਇਸ ਹਨੇਰੀ ਅੱਗੇ ਹਰ ਕੋਈ ਝੁਕ ਜਾਵੇਗਾ? ਸਾਡੇ ਮੂੰਹੋਂ ਹਾਂ ਨਹੀਂ ਨਿਕਲਦਾ, ਸਗੋਂ ਜੈਮਲ ਪੱਡਾ ਦਾ ਗੀਤ ਯਾਦ ਆਉਂਦਾ ਹੈ, "ਪੈਰ ਸੂਲਾਂ 'ਤੇ ਵੀ ਨੱਚਦੇ ਰਹਿਣਗੇ, ਬੁੱਤ ਬਣ ਕੇ ਪੀੜ ਨੂੰ ਜਰਨਾ ਨਹੀਂ।" ਜਿਨ੍ਹਾਂ ਨੇ ਸੋਚ ਉਤੇ ਪਹਿਰਾ ਦੇਣ ਲਈ ਅੰਮ੍ਰਿਤਸਰ ਵਿਚ ਸਮਾਗਮ ਕੀਤਾ ਤੇ ਕਰਵਾਇਆ ਹੈ, ਉਹ ਪੀੜ ਨੂੰ ਬੁੱਤ ਬਣ ਕੇ ਜਰਨ ਵਾਲੇ ਨਹੀਂ, ਸੂਲਾਂ ਉਤੇ ਨੱਚਣ ਦੀ ਸੋਚ ਦੇ ਝੰਡਾ ਬਰਦਾਰ ਹਨ ਤੇ ਅਸੀਂ ਜਿੱਥੇ ਵੀ ਹਾਂ, ਉਨ੍ਹਾਂ ਦੇ ਨਾਲ ਹਾਂ।

---

# ਜਾਨ ਲੇਵਾ ਖੇਡਾਂ ਦੀ ਗੱਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਬਲੂ ਵ੍ਹੇਲ ਦੀ ਵੰਗਾਰ ਦਾ ਸ਼ਿਕਾਰ ਹੋਏ ਬੱਚਿਆਂ ਦੇ ਮਾਪਿਆਂ ਨੂੰ ਚੌਕਸ ਰਹਿਣ ਦੀ ਲੋੜ ਹੈ। ਮੇਰੇ ਬਚਪਨ ਸਮੇਂ ਪੇਂਡੂ ਮਾਂਵਾਂ ਨੂੰ ਦੁੱਧ ਰਿੜਕਣ, ਚੱਕੀ ਝੋਣ ਤੇ ਘਰ ਦੀ ਸਾਫ-ਸਫਾਈ ਅਤੇ ਫਸਲੀ ਉਪਜ ਦੀ ਸਾਂਭ-ਸੰਭਾਲ ਦਾ ਏਨਾ ਕੰਮ ਹੁੰਦਾ ਸੀ ਕਿ ਬੱਚਿਆਂ ਨੂੰ ਅਫੀਮ ਵਾਲੀ ਉਂਗਲੀ ਚੁੰਘਾ ਕੇ ਸੁਆ ਛਡਦੀਆਂ ਸਨ। ਅੱਜ ਸ਼ਹਿਰੀ ਮਾਂਵਾਂ ਦੀਆਂ ਖੇਡ ਖਿਡਾਉਣਿਆਂ ਦੀ ਥਾਂ ਟੈਲੀਵਿਜ਼ਨ ਤੇ ਮੋਬਾਈਲ ਨਾਲ ਮਸਤ ਹੋਇਆ




ਬੱਚਾ ਵੇਖ ਕੇ ਖੁਸ਼ੀ ਵਿਚ ਫੁੱਲੀਆਂ ਨਹੀਂ ਸਮਾਉਂਦੀਆਂ। ਪੇਂਡੂ ਮਾਂਵਾਂ ਤੇ ਸੱਸਾਂ ਆਪਣੀਆਂ ਨੂੰਹਾਂ-ਧੀਆਂ ਨੂੰ ਵਰਜਦੀਆਂ ਸਨ ਤਾਂ ਇਸ ਗੱਲ ਦਾ ਬੁਰਾ ਮਨਾਇਆ ਜਾਂਦਾ ਸੀ। ਸ਼ਹਿਰੀ ਮਾਂਵਾਂ ਆਪਣੇ ਬੱਚਿਆਂ ਨੂੰ ਟੈਲੀਵਿਜ਼ਨ ਦੇ ਕਾਰਟੂਨ ਤੇ ਮੋਬਾਈਲ ਖੇਡਾਂ ਵਿਚ ਮਸਤ ਵੇਖ ਕੇ ਸੋਚਦੀਆਂ ਹਨ ਕਿ ਉਨ੍ਹਾਂ ਦੇ ਬਾਲਕ ਸਮੇਂ ਦੀ ਗਤੀ ਦੇ ਹਾਣ ਦੇ ਹੋ ਗਏ ਹਨ, ਮਾੜੇ ਨਤੀਜਿਆਂ ਵਲ ਧਿਆਨ ਨਹੀਂ ਦਿੰਦੀਆਂ।

ਪਿਛਲੇ ਦਿਨਾਂ ਦੀਆਂ ਇੱਕਾ-ਦੁੱਕਾ ਘਟਨਾਵਾਂ ਨੇ ਇਸ ਤੱਥ ਉਤੋਂ ਪਰਦਾ ਚੁੱਕ ਦਿੱਤਾ ਹੈ। ਇਨ੍ਹਾਂ ਘਟਨਾਵਾਂ ਨੂੰ ਕਦੀ ਕਦਾਈਂ ਵਾਪਰੀਆਂ ਸਮਝ ਕੇ ਹੋਊ ਪਰੇ ਕਹਿਣਾ ਅਤਿਅੰਤ ਘਾਤਕ ਹੈ। ਬਲੂ ਵ੍ਹੇਲ ਵਰਗੀਆਂ ਖੇਡਾਂ ਨੂੰ ਬੈਨ ਕਰਨਾ ਸੰਭਵ ਨਹੀਂ। ਸਾਡੇ ਵਡੇਰੇ ਗਤਕਾ, ਨੇਜ਼ਾ ਬਾਜ਼ੀ ਤੇ ਤਲਵਾਰਾਂ ਦੀ ਖੇਡ ਦੇਖ ਕੇ ਹੀ ਖੁਸ਼ ਨਹੀਂ ਸਨ ਹੁੰਦੇ, ਅਸਮਾਨੀ ਛਾਲਾਂ ਉਤੇ ਵੀ ਅਸ਼ ਅਸ਼ ਕਰਦੇ ਰਹੇ ਹਨ। ਵੰਗਾਰ ਕੋਈ ਵੀ ਹੋਵੇ, ਚੰਗੀ ਤਾਂ ਲਗਦੀ ਹੈ ਪਰ ਖਤਰਨਾਕ ਹੁੰਦੀ ਹੈ। ਮੌਤ ਨੂੰ ਮੁੱਠੀ ਵਿਚ ਲੈ ਕੇ ਘਰ ਦੇ ਅੰਦਰ ਹੀ ਬੈਠੇ ਰਹਿਣਾ ਅਤਿਅੰਤ ਘਾਤਕ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਬਾਹਰੀ ਖੇਡਾਂ ਲਈ ਤਿਆਰ ਕਰਨ। ਉਨ੍ਹਾਂ ਦੇ ਅਧਿਆਪਕਾਂ ਨੂੰ ਵੀ। ਸਰੀਰਕ ਰੋਗ ਦਾ ਇਲਾਜ ਹੈ, ਮਾਨਸਿਕ ਰੋਗ ਦਾ ਕੋਈ ਨਹੀਂ। ਜੇ ਕੋਈ ਮਨੋਵਿਗਿਆਨੀ ਇਸ ਤੋਂ ਰਾਹਤ ਦਿਵਾਉਂਦਾ ਹੈ ਤਾਂ ਇਲਾਜ ਏਨਾ ਪੈਸਾ ਤੇ ਸਮਾਂ ਮੰਗਦਾ ਹੈ ਕਿ ਅੱਜ ਦੇ ਯੁਗ ਵਿਚ ਜੁਟਾਉਣਾ ਅਸੰਭਵ ਹੈ। ਦੁੱਖ ਦੀ ਗੱਲ ਹੈ ਕਿ ਬਲੂ ਵ੍ਹੇਲ ਵਰਗੀ ਜਾਨ ਲੇਵਾ ਖੇਡ ਦੀਆਂ ਜੜ੍ਹਾਂ ਅਗਾਂਹ ਵਧੂ ਮੰਨੇ ਜਾਂਦੇ ਦੇਸ਼ਾਂ-ਰੂਸ ਅਤੇ ਚੀਨ ਵਿਚ ਹਨ ਜੋ ਸਾਊਦੀ ਅਰਬ, ਦੱਖਣੀ ਅਫਰੀਕਾ, ਬ੍ਰਾਜ਼ੀਲ, ਬੁਲਗਾਰੀਆ, ਅਰਜਨਟੀਨਾ, ਇਟਲੀ ਤੇ ਹੁਣ ਭਾਰਤ ਤੱਕ ਫੈਲ ਚੁਕੀਆਂ ਹਨ। ਇਹ ਰੋਗ ਸੌ ਤੋਂ ਵੱਧ ਕੀਮਤੀ ਜਾਨਾਂ ਲੈ ਚੁਕਾ ਹੈ ਤੇ ਜੇ ਮਾਪਿਆਂ ਤੇ ਅਧਿਆਪਕਾਂ ਨੇ ਯੋਗ ਚੌਕਸੀ ਨਾ ਵਰਤੀ ਤਾਂ ਹੋਰ ਰਫਤਾਰ ਫੜ ਸਕਦਾ ਹੈ।

**ਖੁਸ਼ਵੰਤ ਸਿੰਘ ਸਾਹਿਤ ਉਤਸਵ:** ਖੁਸ਼ਵੰਤ ਸਿੰਘ ਦੇ ਜਿਉਂਦੇ ਜੀਅ ਕਸੌਲੀ ਵਿਖੇ ਸਥਾਪਤ ਹੋਏ ਉਸ ਦੇ ਸਾਹਿਤ ਉਤਸਵ ਵਿਚ ਸੇਵਾ ਮੁਕਤ ਜਨਰਲ ਏ. ਜੇ. ਐਸ. ਸੰਧੂ ਨੇ ਛੰਬ ਦੇ ਲੜਾਈ ਖੇਤਰ ਦੀ ਬਾਤ ਪਾਈ ਤੇ ਅਦਾਕਾਰ ਅਨੁਪਮ ਖੇਰ ਨੇ ਜ਼ਿੰਦਗੀ ਤੋਂ ਸਿੱਖੇ ਸਬਕਾਂ ਦੀ। ਅਰੁਣ ਸ਼ੋਰੀ ਸਰੋਤਿਆਂ ਨੂੰ ਇਹ ਦੱਸ ਚੁਕਾ ਹੈ ਕਿ ਰਾਜ ਕਰ ਰਹੇ ਹਾਕਮਾਂ ਦੀ ਸਹੀ ਪਛਾਣ ਕੀ ਹੁੰਦੀ ਹੈ ਤੇ ਟੀ. ਸੀ. ਏ. ਰਾਘਵਨ ਭਾਰਤ ਤੇ ਪਾਕਿਸਤਾਨ ਦੀ ਆਪਸੀ ਸਾਂਝ ਦੇ ਅਜੀਬੋ-ਗਰੀਬ ਰਿਸ਼ਤਿਆਂ ਬਾਰੇ। ਖੁਸ਼ਵੰਤ ਦੇ ਘਰ ਆਮ ਹੀ ਮਿਲਦੀ ਰਹਿਣ ਵਾਲੀ ਸ਼ੀਲਾ ਰੈਡੀ ਨੇ ਮੁਹੰਮਦ ਅਲੀ ਜਿਨਾਹ ਦੀ ਕੱਟੜਤਾ ਪਿੱਛੇ ਛੁਪੇ ਹੋਏ ਮਾਨਵੀ ਗੁਣਾਂ ਉਤੋਂ ਪਰਦਾ ਚੁਕਿਆ ਤੇ ਬੱਚੀ ਕਰਕਾਰੀਆ ਨੇ ਖੁਸ਼ਵੰਤ ਸਿੰਘ ਨਾਲ 'ਇਲਸਟ੍ਰੇਟਡ ਵੀਕਲੀ' ਵਿਚ ਕੰਮ ਕਰਨ ਵੇਲੇ ਦੀ ਸਾਂਝ ਦਾ।

ਮੈਂ ਕਈ ਸਾਹਿਤ ਉਤਸਵ ਵੇਖੇ ਹਨ, ਕਸੌਲੀ ਵਾਲਾ ਉਤਸਵ ਵਾਹਿਦ ਉਤਸਵ ਹੈ ਜੋ ਲੇਖਕ ਦੇ ਨਾਂ ਉਤੇ ਸਥਾਪਤ ਹੋਇਆ ਹੈ। ਇਸ ਦੀ ਸ਼ਾਨ ਇਸ ਵਿਚ ਹੈ ਕਿ ਇਹ ਪਾਕਿਸਤਾਨ ਨਾਲ ਭਾਰਤ ਦੀ ਸਾਂਝ ਬਣਾ ਕੇ ਰੱਖਣਾ ਚਾਹੁੰਦਾ ਹੈ। ਖੁਸ਼ਵੰਤ ਸਿੰਘ ਦਾ ਬਚਪਨ ਹਡਾਲੀ (ਸਰਗੋਧਾ) ਨਾਂ ਦੇ ਪਿੰਡ ਵਿਚ ਬੀਤਿਆ। ਉਸ ਦੀਆਂ ਲਿਖਤਾਂ ਵਿਚ ਪਾਕਿਸਤਾਨ ਦਾ ਹੇਜ ਸੀ, ਸਭ ਤੋਂ ਵਧ ਪੜ੍ਹੇ



ਖੁਸ਼ਵੰਤ ਸਿੰਘ

ਗਏ ਨਾਵਲ 'ਪਾਕਿਸਤਾਨ ਮੇਲ' ਵਿਚ ਵੀ।

ਇਸ ਵਾਰ ਦਾ ਉਤਸਵ ਭਾਰਤੀ ਸੁਤੰਤਰਤਾ ਦੇ 70 ਸਾਲਾਂ ਨੂੰ ਸਮਰਪਿਤ ਸੀ ਪਰ ਇਸ ਵਿਚ ਸੈਨਿਕਾਂ ਦੀ ਜਾਂਬਾਜ਼ੀ ਤੇ ਮੁਟਿਆਰਾਂ ਦੀ ਸੁਰੱਖਿਆ ਬਾਰੇ ਖਾਸ ਗੱਲਾਂ ਹੋਈਆਂ। ਰਾਹੁਲ ਸਿੰਘ ਨੂੰ ਦਾਦ ਦੇਣੀ ਬਣਦੀ ਹੈ ਜੋ ਉਤਸਵ ਨਿਭਾ ਰਿਹਾ ਹੈ। ਇਹ ਪੁੱਛੇ ਜਾਣ 'ਤੇ ਕਿ ਉਸ ਨੂੰ ਪਿਤਾ ਦੀ ਅਣਹੋਂਦ ਕਿਵੇਂ ਲਗਦੀ ਹੈ? ਉਸ ਨੇ ਬੜਾ ਭਾਵਪੂਰਨ ਉਤਰ ਦਿੱਤਾ, "ਮੈਨੂੰ ਤਾਂ ਲਗਦਾ ਹੈ ਕਿ ਮੇਰਾ ਬਾਪ ਹਾਲੀ ਵੀ ਮੈਨੂੰ ਉਡੀਕ ਰਿਹਾ ਹੈ। ਉਹ ਨਹੀਂ ਸੀ ਚਾਹੁੰਦਾ ਕਿ ਮੈਂ ਘਰ ਪਹੁੰਚਣ ਵਿਚ ਦੇਰੀ ਕਰਾਂ। ਮੈਂ ਉਸ ਦੀ ਇੱਛਾ ਦਾ ਅੱਜ ਵੀ ਪਾਲਣ ਕਰਦਾ ਹਾਂ। ਵੇਲੇ ਸਿਰ ਘਰ ਪਹੁੰਚ ਜਾਂਦਾ ਹਾਂ। ਜਿਵੇਂ ਉਹ ਮੈਨੂੰ ਉਡੀਕ ਰਿਹਾ ਹੋਵੇ।"

**ਢਾਹਾਂ ਪਿੰਡ ਦਾ ਕੌਮਾਂਤਰੀ ਮਹੱਤਵ:** ਫਗਵਾੜਾ-ਬੰਗਾ ਸੜਕ ਉਤੇ ਪੈਂਦੇ ਪਿੰਡ ਢਾਹਾਂ ਦੇ ਜੰਮਪਲ ਬਰਜ ਢਾਹਾਂ ਵਲੋਂ ਸਥਾਪਤ ਬਹੁਮੁੱਲੇ ਕੌਮਾਂਤਰੀ ਪੁਰਸਕਾਰ ਦਾ ਐਲਾਨ ਹੋ ਗਿਆ ਹੈ। 2017 ਦਾ ਇਹ ਪੁਰਸਕਾਰ 2016 ਵਿਚ ਛਪੇ ਨਾਵਲਾਂ ਤੇ ਕਹਾਣੀ ਦੀਆਂ ਪੁਸਤਕਾਂ ਲਈ ਹੈ। ਪਹਿਲੇ ਨੰਬਰ ਉਤੇ ਆਉਣ ਵਾਲਾ ਪਰਗਟ ਸਿੰਘ ਸਤੌਜ ਮਾਨਸਾ ਦੇ ਸਕੂਲ ਵਿਚ ਅਧਿਆਪਕ ਹੈ ਤੇ ਇਨਾਮ ਦੀ ਰਾਸ਼ੀ 25,000 ਡਾਲਰ (12.5 ਲੱਖ ਰੁਪਏ)। ਦੋ ਹੋਰ ਪੁਰਸਕਾਰ ਅਲੀ ਅਨਵਰ ਅਹਿਮਦ (ਪਾਕਿਸਤਾਨ) ਤੇ ਨਛੱਤਰ ਸਿੰਘ ਬਰਾੜ (ਬੀ.ਸੀ.) ਦੇ ਹਿੱਸੇ ਆਏ ਹਨ, ਜਿਨ੍ਹਾਂ ਦੀ ਰਾਸ਼ੀ 5-5 ਹਜ਼ਾਰ ਡਾਲਰ (ਢਾਈ ਢਾਈ ਲੱਖ ਰੁਪਏ) ਹੈ। ਤਿੰਨਾਂ ਪੁਸਤਕਾਂ ਦੇ ਕ੍ਰਮਵਾਰ ਨਾਂ ਹਨ- 'ਖਬਰ ਇੱਕ ਪਿੰਡ ਦੀ' (ਨਾਵਲ), 'ਤੰਦ ਤੰਦ ਮੈਲੀ ਚਾਦਰ' (ਕਹਾਣੀਆਂ) ਅਤੇ ਪੇਪਰ ਮੈਰਿਜ (ਨਾਵਲ)।

ਬਰਜ ਢਾਹਾਂ ਬੁੱਧ ਸਿੰਘ ਢਾਹਾਂ ਦਾ ਬੇਟਾ ਹੈ ਜੋ ਨਵਾਂਸ਼ਹਿਰ ਦੇ ਸੱਜੇ ਖੱਬੇ ਗੁਰੂ ਨਾਨਕ ਮਿਸ਼ਨ ਨਾਂ ਵਾਲੇ ਦੋ ਹਸਪਤਾਲ ਸਥਾਪਤ ਕਰਨ ਲਈ ਪ੍ਰਸਿਧ ਹੈ। ਫਗਵਾੜਾ ਰੋਡ ਉਤੇ ਢਾਹਾਂ ਕਲੇਰਾਂ ਤੇ ਅਨੰਦਪੁਰ ਸਾਹਿਬ ਰੋਡ ਉਤੇ ਕੁੱਕੜ ਮਾਜਰਾ। ਬਰਜ ਢਾਹਾਂ ਦਾ ਇਹ ਉਦਮ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਪੰਜਾਬੀ ਭਾਈਚਾਰੇ ਦੀ ਚੜ੍ਹਤ ਉਤੇ ਹੀ ਮੋਹਰ ਨਹੀਂ ਲਾਉਂਦਾ, ਏਧਰਲੇ ਤੇ ਓਧਰਲੇ ਪੰਜਾਬੀਆਂ ਦੀ ਕੈਨੇਡੀਅਨ ਵਸਨੀਕਾਂ ਨਾਲ ਸਾਂਝ ਪੱਕੀ ਕਰਨ ਲਈ ਵੀ ਜਾਣਿਆ ਜਾਂਦਾ ਹੈ। ਪਿਛਲੇ ਦਿਨਾਂ ਵਿਚ ਬੀ. ਸੀ. ਦੀ ਅਸੈਂਬਲੀ ਲਈ ਮੈਂਬਰ ਚੁਣੀ ਗਈ ਰਚਨਾ ਸਿੰਘ (ਸਪੁਤਰੀ ਰਘਬੀਰ ਸਿੰਘ ਸਿਰਜਣਾ) ਤੇ ਫੈਡਰਲ ਕੈਨੇਡਾ ਦੀ ਯੂਨਾਈਟਡ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਚੁਣਿਆ ਜਾਣ ਵਾਲਾ ਕੇਸਾਧਾਰੀ ਸਿੱਖ ਨੌਜਵਾਨ ਜਗਮੀਤ ਸਿੰਘ (ਪੜਪੋਤਰਾ ਸੇਵਾ ਸਿੰਘ ਠੀਕਰੀਵਾਲ) ਵੀ ਇਸ ਧਾਰਨਾ ਦੇ ਸੱਚੇ ਤੇ ਸੁੱਚੇ ਪ੍ਰਮਾਣ ਹਨ। ਕੈਨੇਡੀਅਨ ਪੰਜਾਬੀ ਜ਼ਿੰਦਾਬਾਦ!


**ਅੰਤਿਕਾ:** ਮਨਮੋਹਨ ਦੀ 'ਜ਼ੀਲ' ਵਿਚੋਂ
ਸੁੰਨੀ ਦਹਿਲੀਜ਼ ਉਡੀਕੇ
ਅਣਕਿਆਸੀ ਆਮਦ
ਹੋ ਜਾਂਦੀ ਜੋ ਹਰ ਵਾਰ ਮੁਲਤਵੀ।
ਕਵਿਤਾ ਤਾਂ ਹੀ ਕਵਿਤਾ
ਜੇ ਵਿਆਕੁਲ ਰਹੇ,
ਅਗਲੀ ਮੁਲਾਕਾਤ ਲਈ
ਇੱਕ ਵਾਰ ਫੇਰ ਹੋਣ ਲਈ ਮੁਲਤਵੀ
ਮੁਲਾਕਾਤੀ ਨੂੰ ਸੋਚਦਿਆਂ,
ਹਰ ਵਾਰ, ਨਿਰੰਤਰ।


# ਜੱਸੀ ਗਿੱਲ ਦੇ ਸਵਰਗੀ ਮਾਤਾ-ਪਿਤਾ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ

ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਅਤੇ ਰਿਐਲਟਰ ਸ. ਜਸਵਿੰਦਰ ਸਿੰਘ ਗਿੱਲ (ਜੱਸੀ ਗਿੱਲ) ਦੇ ਸਵਰਗੀ ਪਿਤਾ ਸ. ਮਹਿੰਦਰ ਸਿੰਘ ਗਿੱਲ ਅਤੇ ਮਾਤਾ ਗੁਰਦੇਵ ਕੌਰ ਦੀ ਯਾਦ ਵਿਚ ਉਨ੍ਹਾਂ ਦੇ ਪੁਰਖਿਆਂ ਦੇ ਪਿੰਡ ਦੋ ਸ਼ਰਧਾਂਜਲੀ ਸਮਾਗਮ ਕੀਤੇ ਗਏ। ਜ਼ਿਕਰਯੋਗ ਹੈ ਕਿ ਸ. ਮਹਿੰਦਰ ਸਿੰਘ ਗਿੱਲ 83 ਸਾਲ ਦੀ ਉਮਰੇ 6 ਜੂਨ 2017 ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸੁਰਗਵਾਸ ਹੋ ਗਏ ਸਨ। ਉਨ੍ਹਾਂ ਦੀ ਧਰਮ ਪਤਨੀ ਜੱਸੀ ਗਿੱਲ ਦੇ ਮਾਤਾ ਬੀਬੀ ਗੁਰਦੇਵ ਕੌਰ ਗਿੱਲ ਉਨ੍ਹਾਂ ਤੋਂ ਕਰੀਬ ਛੇ ਮਹੀਨੇ ਪਹਿਲਾਂ ਵਿਛੋੜਾ ਦੇ ਗਏ ਸਨ।

ਪਹਿਲਾ ਸ਼ਰਧਾਂਜਲੀ ਸਮਾਗਮ ਪਿੰਡ ਗਿੱਦੜਵਿੰਡੀ ਵਿਖੇ ਜੱਸੀ ਗਿੱਲ ਦੇ ਘਰ ਕਰਵਾਇਆ ਗਿਆ ਜਿਸ ਦੌਰਾਨ ਇਲਾਹੀ ਬਾਣੀ ਦੇ ਭੋਗ ਉਪਰੰਤ ਸ਼ਬਦ ਕੀਰਤਨ ਹੋਇਆ।











*ਮਾਤਾ ਗੁਰਦੇਵ ਕੌਰ ਦੀ ਆਖਰੀ ਤਸਵੀਰ ਜਦੋਂ ਉਹ ਪਤੀ ਮਹਿੰਦਰ ਸਿੰਘ ਗਿੱਲ ਨਾਲ 14 ਨਵੰਬਰ ਨੂੰ ਸੈਨ ਫਰਾਂਸਿਸਕੋ ਏਅਰਪੋਰਟ ਤੋਂ ਇੰਡੀਆ ਨੂੰ ਰਵਾਨਾ ਹੋਏ*

ਸਮਾਗਮ ਵਿਚ ਪਰਿਵਾਰਕ ਰਿਸ਼ਤੇਦਾਰਾਂ ਅਤੇ ਸੱਜਣਾਂ-ਮਿੱਤਰਾਂ ਤੋਂ ਇਲਾਵਾ ਵੱਖ ਵੱਖ ਸਿਆਸੀ, ਧਾਰਮਿਕ ਅਤੇ ਸਾਹਿਤਕ ਸੰਸਥਾਵਾਂ ਦੇ ਸਰਗਰਮ ਆਗੂ ਸ਼ਾਮਲ ਹੋਏ। ਭੋਗ ਮੌਕੇ ਕੀਰਤਨ ਸਮਾਪਤੀ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਸਵਰਗੀ ਮਾਤਾ-ਪਿਤਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਆਏ ਬੁਲਾਰਿਆਂ ਨੇ ਸ. ਮਹਿੰਦਰ ਸਿੰਘ ਗਿੱਲ ਦੀ ਭਰਪੂਰ ਸ਼ਲਾਘਾ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਖੇਤੀ-ਬਾੜੀ ਕਰਦਿਆਂ ਜਿਥੇ ਖੁਦ ਅਧਿਆਪਨ ਕਿੱਤੇ ਨਾਲ ਪੀਡੀ ਗੰਢ ਪਾਈ, ਉਥੇ ਆਪਣੇ ਲੜਕੇ ਤੇ ਲੜਕੀਆਂ ਨੂੰ ਵੀ ਉਚ ਵਿਦਿਆ ਦਿਵਾਈ। ਸ੍ਰੀ ਜੱਸੀ ਗਿੱਲ ਵਲੋਂ ਅਮਰੀਕਾ ਜਿਹੇ ਤੇਜ ਤਰਾਰ ਦੇਸ਼ ਵਿਚ ਕਾਮਯਾਬੀ ਦੇ ਝੰਡੇ ਗੱਡਣ ਪਿਛੇ ਉਨ੍ਹਾਂ ਦੇ ਪਿਤਾ ਦੀ ਦਿੱਤੀ ਸੇਧ ਹੀ ਸੀ। ਇਸ ਮੌਕੇ ਸ੍ਰੀ ਪ੍ਰਦੀਪ ਸਿੰਘ ਸਿੱਧੂ, ਕਾਮਰੇਡ ਨਛੱਤਰ ਸਿੰਘ, ਵਿਧਾਨਕਾਰ ਸ੍ਰੀ ਗੁਰਦੀਪ ਸਿੰਘ ਭੈਣੀ, ਆਮ ਆਦਮੀ ਪਾਰਟੀ ਦੇ ਵਿਧਾਨਕਾਰ ਸ੍ਰੀ ਮੀਤ ਹੇਅਰ ਅਤੇ ਬੀਬੀ ਸਰਬਜੀਤ ਕੌਰ ਨੇ ਇਕੱਠ ਨੂੰ ਸੰਬੋਧਨ ਕੀਤਾ। ਅਖੀਰ ਵਿਚ ਸ੍ਰੀ ਜੱਸੀ ਗਿੱਲ ਨੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ।

ਦੂਜਾ ਸਮਾਗਮ ਪਿੰਡ ਗੁੜ੍ਹੇ ਵਿਖੇ ਕੀਤਾ ਗਿਆ ਜਿਥੇ ਨੌਜਵਾਨਾਂ ਵਿਚ ਦਸਤਾਰਾਂ ਸਜਾਉਣ ਦੇ ਮੁਕਾਬਲੇ ਹੋਏ। ਭਾਗ ਲੈਣ ਵਾਲੇ ਸਾਰੇ ਨੌਜਵਾਨਾਂ ਨੂੰ ਦਸਤਾਰਾਂ ਅਤੇ ਇਨਾਮ-ਸਨਮਾਨ ਸ੍ਰੀ ਗਿੱਲ ਵਲੋਂ ਭੇਟ ਕੀਤੇ ਗਏ। ਇਕ ਮਹੀਨਾ ਦਸਤਾਰ ਬੰਨ੍ਹ ਕੇ ਸਕੂਲ-ਕਾਲਜ ਜਾਣ ਵਾਲੇ ਲੜਕਿਆਂ ਨੂੰ ਪੰਜ ਪੰਜ ਸੌ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਇਲਾਕੇ ਭਰ ਵਿਚ ਸ੍ਰੀ ਗਿੱਲ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਹੋ ਰਹੀ ਹੈ।





















# ਸਮੂਹ ਸਾਧ ਸੰਗਤ ਨੂੰ ਬੰਦੀ ਛੋੜ ਦਿਵਸ ਦੀਵਾਲੀ ਦੀ ਲੱਖ ਲੱਖ ਵਧਾਈ




## ਬੰਦੀ ਛੋੜ (ਦੀਵਾਲੀ) ਸਮਾਗਮ

### 19 ਅਕਤੂਬਰ 2017 (ਦਿਨ ਵੀਰਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਹਰ ਸਾਲ ਦੀ ਤਰ੍ਹਾਂ ਗੁਰੂ ਘਰ ਵਿਚ ਬੰਦੀ ਛੋੜ ਦਿਵਸ (ਦੀਵਾਲੀ) ਦਾ ਤਿਉਹਾਰ ਖੁਸ਼ੀਆਂ ਅਤੇ ਚਾਵਾਂ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰੂ ਘਰ ਨੂੰ ਰੰਗ ਬਰੰਗੀਆਂ ਲਾਈਟਾਂ ਨਾਲ ਸਜਾਇਆ ਜਾਵੇਗਾ।

19 ਅਕਤੂਬਰ ਵਾਲੇ ਦਿਨ ਸੈਨ ਹੋਜੇ ਦੀਆਂ ਖੂਬਸੂਰਤ ਪਹਾੜੀਆਂ ‘ਤੇ ਸੁਸ਼ੋਭਿਤ ਗੁਰੂ ਘਰ ਸੱਚ ਮੁੱਚ ਜੱਗ-ਮੱਗ ਕਰਦਾ ਇਕ ਅਨੋਖਾ ਦ੍ਰਿਸ਼ ਸਿਰਜੇਗਾ।

ਸੰਗਤਾਂ ਵਲੋਂ ਸਾਂਝੇ ਤੌਰ ‘ਤੇ ਗੁਰੂ ਕਾ ਲੰਗਰ ਅਤੇ ਵਿਸ਼ੇਸ਼ ਛੋਲੇ ਭਟੂਰਿਆਂ ਦੇ ਲੰਗਰ ਦਾ ਇੰਤਜ਼ਾਮ ਕੀਤਾ ਗਿਆ ਹੈ।

ਭਾਈ ਗੁਰਦੀਪ ਸਿੰਘ ਪਰਿਵਾਰ ਵਲੋਂ ਮਠਿਆਈ, ਚਾਹ-ਪਕੌੜਿਆਂ ਦੀ ਸੇਵਾ ਹੋਵੇਗੀ

ਇਸ ਸ਼ੁਭ ਮੌਕੇ ‘ਤੇ ਗੁਰੂ ਕੇ ਲੰਗਰਾਂ ਦੀ ਸੇਵਾ ਲੈਣ ਲਈ ਭਾਈ ਮਹਿੰਦਰ ਸਿੰਘ ਬਾਜਵਾ (ਮੁੱਖ ਗ੍ਰੰਥੀ) ਨਾਲ ਫੋਨ: 408-274-9373 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ

ਕਾਰ ਪਾਰਕਿੰਗ ਅਤੇ ਸਿਕਿਉਰਿਟੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

ਦੀਵੇ ਅਤੇ ਮੋਮਬੱਤੀਆਂ ਜਗਾਉਣ ਦਾ ਵਾਜਬ ਪ੍ਰਬੰਧ ਹੋਵੇਗਾ

*ਪਹੁੰਚ ਰਹੇ ਰਾਗੀ, ਢਾਡੀ ਜਥੇ ਅਤੇ ਕਥਾਵਾਚਕ*

ਰਾਗੀ ਜਥਾ ਭਾਈ ਇੰਦਰਜੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ)
ਰਾਗੀ ਜਥਾ ਭਾਈ ਹਰਚਰਨ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ)
ਰਾਗੀ ਜਥਾ ਭਾਈ ਗੁਰਮੀਤ ਸਿੰਘ ਮੀਤ ਉਤਰਾਖੰਡ ਵਾਲੇ
ਰਾਗੀ ਜਥਾ ਭਾਈ ਭੁਪਿੰਦਰ ਸਿੰਘ ਗੰਗਾ ਨਗਰ ਵਾਲੇ
ਰਾਗੀ ਜਥਾ ਭਾਈ ਰਜਿੰਦਰ ਸਿੰਘ
ਕਥਾਵਾਚਕ ਭਾਈ ਜਗਬੀਰ ਸਿੰਘ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਭਾਈ ਤਰਸੇਮ ਸਿੰਘ
ਢਾਡੀ ਜਥਾ ਬੀਬੀ ਚੰਚਲਦੀਪ ਕੌਰ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)

**Fireworks are not allowed at Gurdwara premises.**
ਗੁਰਦੁਆਰਾ ਸਾਹਿਬ ਪਟਾਕੇ ਚਲਾਉਣ ਦੀ ਮਨਾਹੀ ਹੈ

ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਵਲੋਂ ਸਮੂਹ ਸਾਧ ਸੰਗਤ ਨੂੰ ਗੁਰੂ ਘਰ ਹਾਜ਼ਰੀਆਂ ਭਰ ਕੇ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦੀ ਬੇਨਤੀ ਹੈ ਜੀ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148
ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org

# ਸਾਬਕਾ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਹੋਣਗੇ ਯੂਬਾ ਬ੍ਰਦਰਜ਼ ਹਾਕੀ ਟੂਰਨਾਮੈਂਟ ਦੇ ਮੁੱਖ ਮਹਿਮਾਨ



*ਯੂਬਾ ਬ੍ਰਦਰਜ਼ ਹਾਕੀ ਕਲੱਬ ਦੀ ਮੀਟਿੰਗ ਵਿਚ ਸੁਰਿੰਦਰ ਸਿੰਘ ਸੋਢੀ ਨਾਲ ਹਾਜ਼ਰ ਸ਼ਖਸੀਅਤਾਂ*

**ਸਟਾਕਟਨ (ਬਿਊਰੋ):** ਯੂਬਾ ਬ੍ਰਦਰਜ਼ ਹਾਕੀ ਕਲੱਬ ਵਲੋਂ ਕਰਵਾਏ ਜਾਂਦੇ ਸਾਲਾਨਾ ਹਾਕੀ ਟੂਰਨਾਮੈਂਟ ਵਿਚ ਮੁੱਖ ਮਹਿਮਾਨ ਸਾਬਕਾ ਓਲੰਪੀਅਨ ਸ. ਸੁਰਿੰਦਰ ਸਿੰਘ ਸੋਢੀ ਹੋਣਗੇ। 17 ਤੋਂ 19 ਮਈ 2018 ਤੱਕ ਕਰਵਾਏ ਜਾਣ ਵਾਲੇ ਇਸ ਤਿੰਨ ਦਿਨਾਂ ਟੂਰਨਾਮੈਂਟ ਦੇ ਪ੍ਰਬੰਧਾਂ ਸਬੰਧੀ ਇਥੇ ਡਾਇਮੰਡ ਟਰਾਂਸਪੋਰਟ ਦੇ ਦਫਤਰ ਵਿਚ ਹੋਈ ਇਕ ਮੀਟਿੰਗ ਵਿਚ ਯੁਨਾਈਟਡ ਸਪੋਰਟਸ ਕਲੱਬ ਦੇ ਮੋਢੀ ਅਮੋਲਕ ਸਿੰਘ ਗਾਖਲ ਅਤੇ ਸੁਰਿੰਦਰ ਸਿੰਘ ਸੋਢੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ।

ਯੂਬਾ ਬ੍ਰਦਰਜ਼ ਹਾਕੀ ਕਲੱਬ ਦੇ ਗੁਰਵਿੰਦਰ ਸਿੰਘ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਨੇ ਕਿਹਾ ਕਿ ਪੰਜਾਬੀਆਂ ਨੇ ਆਪਣੇ ਮਾਂ ਖੇਡ ਕਬੱਡੀ ਲਈ ਹੀ ਅੱਗੇ ਹੋ ਕੇ ਯਤਨ ਨਹੀਂ ਕੀਤੇ ਸਗੋਂ ਹਾਕੀ ਵੀ ਪੰਜਾਬੀਆਂ ਦੀ ਮਾਣ ਵਾਲੀ ਖੇਡ ਰਹੀ ਹੈ। ਕੋਈ ਵਕਤ ਸੀ ਜਦੋਂ ਭਾਰਤ ਦੀ ਹਾਕੀ ਟੀਮ ਵਿਚ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਪਿੰਡ ਸੰਸਾਰਪੁਰ ਦੇ 11 ਖਿਡਾਰੀ ਸ਼ਾਮਿਲ ਸਨ। ਇਸ ਤਿੰਨ ਰੋਜ਼ਾ ਟੂਰਨਾਮੈਂਟ ਵਿਚ ਅਮਰੀਕਨ ਪੰਜਾਬੀਆਂ ਦੀ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜਨ ਦਾ ਵੀ ਇਕ ਸਫਲ ਯਤਨ ਕੀਤਾ ਜਾ ਰਿਹਾ ਹੈ।

ਸ. ਗਾਖਲ ਨੇ ਕਿਹਾ ਕਿ ਉਹ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਇਸ ਹਾਕੀ ਟੂਰਨਾਮੈਂਟ ਲਈ ਪਹਿਲਾ ਇਨਾਮ ਦਿੰਦੇ ਆ ਰਹੇ ਹਨ ਅਤੇ ਇਸ ਕਲੱਬ ਨਾਲ ਭਵਿੱਖ ਵਿਚ ਵੀ ਹਰ ਤਰ੍ਹਾਂ ਦਾ ਸਹਿਯੋਗ ਕਰਦੇ ਰਹਿਣਗੇ। ਸ. ਸੋਢੀ ਨੇ ਕਿਹਾ ਕਿ ਉਹ ਇਸ ਕਲੱਬ ਦੇ ਅਗਲੇ ਸਾਲ ਮਈ ਮਹੀਨੇ ਹੋਣ ਵਾਲੇ ਟੂਰਨਾਮੈਂਟ ਵਿਚ ਆਪਣੇ ਸਾਰੇ ਰੁਝੇਵੇਂ ਛੱਡ ਕੇ ਸ਼ਾਮਿਲ ਹੋਣਾ ਮਾਣ ਸਮਝਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਹੁਸ਼ਿਆਰਪੁਰ ਵਿਚ ਨੌਜਵਾਨ ਪੀੜ੍ਹੀ ਨੂੰ ਹਾਕੀ ਨਾਲ ਮੁੜ ਤੋਂ ਸਰਗਰਮੀ ਨਾਲ ਜੋੜਨ ਲਈ ਇਕ ਅਕੈਡਮੀ ਅਤੇ ਐਸਟ੍ਰੋਟਰਫ ਮੈਦਾਨ ਬਣਾਉਣ ਦੀ ਤਿਆਰੀ ਵਿਚ ਲੱਗੇ ਹੋਏ ਹਨ। ਜਲਦੀ ਹੀ ਇਸ ਦੇ ਚੰਗੇ ਨਤੀਜੇ ਪੰਜਾਬੀਆਂ ਨੂੰ ਵੇਖਣ ਲਈ ਮਿਲਣਗੇ।

ਮੀਟਿੰਗ ਵਿਚ ਨਰਿੰਦਰ ਸਿੰਘ ਸਹੋਤਾ, ਨੱਥਾ ਸਿੰਘ ਗਾਖਲ, ਸਾਧੂ ਸਿੰਘ ਖਲੌਰ, ਜੁਗਰਾਜ ਸਿੰਘ ਸਹੋਤਾ, ਮਾਈਕ ਬੋਪਾਰਾਏ, ਮਿੱਕੀ ਅਟਵਾਲ, ਪਿੰਕੀ ਅਟਵਾਲ, ਗੁਰਵਿੰਦਰ ਸਿੰਘ ਗਾਖਲ, ਐਸ. ਅਸ਼ੋਕ ਭੌਰਾ ਸਮੇਤ ਹਾਕੀ ਅਤੇ ਖੇਡਾਂ ਨੂੰ ਪ੍ਰੇਮ ਕਰਨ ਵਾਲੀਆਂ ਸ਼ਖਸੀਅਤਾਂ ਹਾਜ਼ਰ ਸਨ।

# ਫਰਿਜ਼ਨੋ ਅਤੇ ਬੇਕਰਜ਼ਫੀਲਡ 'ਚ ਹੋਇਆ ਨਵੇਂ ਲਾਗ ਬੁੱਕ ਕਾਨੂੰਨ ਦੇ ਵਿਰੋਧ 'ਚ ਜ਼ੋਰਦਾਰ ਮੁਜਾਹਰਾ

**ਫਰਿਜ਼ਨੋ (ਬਿਊਰੋ):** ਸਰਕਾਰ ਵਲੋਂ 'ਲਾਗ ਬੁੱਕ' ਲਈ ਮਿੱਥੇ ਨਵੇਂ ਨਿਯਮਾਂ ਦੇ ਵਿਰੋਧ ਵਿਚ ਸੈਂਕੜੇ ਲੌਂਗ ਰੂਟ ਟਰੱਕ ਡਰਾਈਵਰਾਂ ਨੇ 4 ਅਕਤੂਬਰ ਨੂੰ ਬੇਕਰਜ਼ਫੀਲਡ ਅਤੇ 5 ਅਕਤੂਬਰ ਨੂੰ ਫਰਿਜ਼ਨੋ ਸਿਟੀ ਹਾਲ ਦੇ ਸਾਹਮਣੇ ਤਿੰਨ ਘੰਟੇ ਲਈ ਜ਼ਬਰਦਸਤ ਮੁਜਾਹਰਾ ਕੀਤਾ।






18 ਦਸੰਬਰ 2017 ਤੋਂ ਲੌਂਗ ਰੂਟ ਟਰੱਕਰਾਂ ਲਈ ਇਲੈਕਟ੍ਰਾਨਿਕ ਲਾਗ ਡਿਵਾਈਸ ਜ਼ਰੂਰੀ ਹੋ ਜਾਏਗੀ। ਇਸ ਤਹਿਤ ਡੀ.ਓ.ਟੀ. ਡਰਾਈਵਰਾਂ ਦੇ ਚਲਾਉਣ ਦੇ ਘੰਟੇ ਟਰੈਕ ਕਰ ਸਕੇਗੀ। ਅਮਰੀਕਨ ਡਰਾਈਵਰ 1930 ਤੋਂ ਲੈ ਕੇ ਹੁਣ ਤੱਕ ਪੇਪਰ ਲਾਗ ਬੁੱਕ ਵਰਤਦੇ ਆ ਰਹੇ ਹਨ। ਫੈਡਰਲ ਮੋਟਰ ਕੈਰੀਅਰ ਦੇ ਵਕੀਲਾਂ ਮੁਤਾਬਕ ਈ.ਐਲ.ਡੀ. ਡਰਾਈਵਰਾਂ ਨੂੰ ਲੰਬਾ ਸਮਾਂ ਟਰੱਕ ਚਲਾਉਣ ਤੋਂ ਰੋਕੇਗੀ ਤੇ ਭਿਆਨਕ ਹਾਦਸਿਆਂ ਤੋਂ ਬਚਾਵੇਗੀ ਪਰ ਜਿਹੜੇ ਡਰਾਈਵਰ ਓਨਰ ਅਪਰੇਟਰ ਦੇ ਤੌਰ 'ਤੇ ਕੰਮ ਕਰਦੇ ਹਨ ਜਾਂ ਛੋਟੀਆਂ ਕੰਪਨੀਆਂ ਦੇ ਮਾਲਕਾਂ ਦਾ ਕਹਿਣਾ ਹੈ ਕਿ ਇਹ ਲਾਗ ਬੁੱਕ ਟਰੱਕਿੰਗ ਇੰਡਸਟਰੀ 'ਤੇ ਵਾਧੂ ਬੋਝ ਪਾਵੇਗੀ ਅਤੇ ਇਸ ਦਾ ਲਾਭ ਸਿਰਫ ਵੱਡੀਆਂ ਕੰਪਨੀਆਂ ਨੂੰ ਹੋਵੇਗਾ ਕਿਉਂਕਿ ਉਨ੍ਹਾਂ ਕੋਲ ਡਰਾਈਵਰਾਂ ਦੀ ਕਮੀ ਨਹੀਂ ਹੈ।

ਕਾਨੂੰਨ ਮੁਤਾਬਕ ਡਰਾਈਵਰ ਹਰ ਰੋਜ਼ 14 ਘੰਟੇ ਲਾਗ ਬੁੱਕ ਚਲਾ ਸਕਦਾ ਹੈ ਜਿਸ 'ਚੋਂ 11 ਘੰਟੇ ਡਰਾਈਵ ਅਤੇ ਤਿੰਨ ਘੰਟੇ ਆਨ-ਆਫ ਕੱਢ ਸਕਦਾ ਹੈ। ਜੇ ਇਲੈਕਟ੍ਰਾਨਿਕ ਲਾਗ ਬੁੱਕ ਲੱਗਦੀ ਹੈ, ਤਾਂ ਜਦੋਂ ਇੱਕ ਵਾਰੀ ਲਾਗ ਆਨ ਹੋਵੇਗੀ 14 ਘੰਟਿਆਂ ਮਗਰੋਂ ਉਹ ਲਾਜ਼ਮੀ ਤੌਰ 'ਤੇ ਬੰਦ ਕਰਨੀ ਪਵੇਗੀ। ਜਿਹੜੇ ਡਰਾਈਵਰ ਈ.ਐਲ.ਡੀ. ਦਾ ਵਿਰੋਧ ਕਰ ਰਹੇ ਸਨ, ਉਨ੍ਹਾਂ ਦਾ ਕਹਿਣਾ ਹੈ ਕਿ ਚਾਹੇ ਡਰਾਈਵਰ ਖਤਰਨਾਕ ਏਰੀਏ ਵਿਚ ਵੀ ਹੋਵੇ ਡਰਾਈਵਰ ਨੂੰ ਲਾਗ ਬੁੱਕ ਖਤਮ ਹੋਣ ਦੇ ਸਮੇਂ ਰੁਕਣਾ ਹੀ ਪਵੇਗਾ।

ਡਰਾਈਵਰਾਂ ਮੁਤਾਬਕ ਡੀਜ਼ਲ ਦਾ ਭਾਅ ਵਧਣ 'ਤੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਨਹੀਂ ਮਿਲਦਾ ਅਤੇ ਡਰਾਈਵਰਾਂ ਨੂੰ ਬਣਦਾ ਇੱਜਤ ਮਾਣ ਵੀ ਨਹੀਂ ਮਿਲਦਾ।

ਬੇਕਰਜ਼ਫੀਲਡ ਅਤੇ ਫਰਿਜ਼ਨੋ ਦੇ ਮੁਜਾਹਰਿਆਂ ਵਿਚ ਵਧੇਰੇ ਤੌਰ 'ਤੇ ਪੰਜਾਬੀ ਸਿੱਖ ਡਰਾਈਵਰ ਸ਼ਾਮਲ ਸਨ। ਦੋਹਾਂ ਮੁਜਾਹਰਿਆਂ ਦਾ ਪ੍ਰਬੰਧ ਮੁੱਖ ਤੌਰ 'ਤੇ ਜੈਕਾਰਾ ਮੂਵਮੈਂਟ ਦੇ ਨੌਜਵਾਨਾਂ ਨੇ ਕੀਤਾ। ਬੇਕਰਜ਼ਫੀਲਡ ਸਿਟੀ ਦੇ ਕੌਂਸਲ ਮੈਂਬਰ ਨੇ ਵੀ ਮੁਜਾਹਰਾਕਾਰੀਆਂ ਨੂੰ ਸੰਬੋਧਨ ਕੀਤਾ ਤੇ ਸਥਾਨਕ ਕਾਂਗਰਸਮੈਨ ਦੀ ਸੈਕਟਰੀ ਨੇ ਮੰਗ ਪੱਤਰ ਫੜ੍ਹਿਆ। ਅਜਿਹਾ ਨਾਜ਼ਰ ਸਿੰਘ ਕੂਨਰ ਦੇ ਯਤਨਾਂ ਸਦਕੇ ਸੰਭਵ ਹੋ ਸਕਿਆ।

ਫਰਿਜ਼ਨੋ ਸ਼ਹਿਰ ਦੇ ਕਾਂਗਰਸਮੈਨ ਜਿਮ ਕੌਸਟਾ ਦੇ ਦਫਤਰ ਤੋਂ ਕੋਈ ਨੁਮਾਇੰਦਾ ਨਾ ਪਹੁੰਚਿਆ ਪਰ ਕਰਮਨ ਸਿਟੀ ਦੇ ਸਾਬਕਾ ਕੌਂਸਲ ਮੈਂਬਰ ਬਿੱਲ ਨਿੱਝਰ ਨੇ ਕਿਹਾ ਕਿ ਉਨ੍ਹਾਂ ਨੂੰ ਕਾਂਗਰਸਮੈਨ ਨੇ ਸੂਚਿਤ ਕੀਤਾ ਹੈ ਕਿ ਟੈਕਸਸ ਸਟੇਟ ਦੇ ਕਾਂਗਰਸਮੈਨ ਨਾਲ ਰਲ ਕੇ ਉਹ ਇਸ ਈ. ਐਲ. ਡੀ. ਮੈਂਡਿਟ ਨੂੰ ਰੁਕਵਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।

6 ਅਕਤੂਬਰ ਨੂੰ ਡਰਾਈਵਰਾਂ ਵਲੋਂ ਯੂਬਾ ਸਿਟੀ ਤੋਂ ਲੈ ਕੇ ਫਰਿਜ਼ਨੋ ਦੇ ਗੁਰਦੁਆਰਾ ਨਾਨਕ ਪ੍ਰਕਾਸ਼ ਤੱਕ ਬਾਬ ਟੇਲ ਟਰੱਕਾਂ ਨਾਲ ਰੈਲੀ ਵੀ ਕੱਢੀ ਗਈ।

# 16ਵਾਂ ਉਸਤਾਦ ਲਾਲ ਚੰਦ ਯਮਲਾ ਯਾਦਗਾਰੀ ਮੇਲਾ 15 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** 16ਵਾਂ ਉਸਤਾਦ ਲਾਲ ਚੰਦ ਯਮਲਾ ਯਾਦਗਾਰੀ ਮੇਲਾ ਪਿਛਲੇ ਸਾਲ ਦੀ ਤਰ੍ਹਾਂ 15 ਅਕਤੂਬਰ ਐਤਵਾਰ ਨੂੰ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿਚ ਬਾਅਦ ਦੁਪਹਿਰ 1 ਵਜੇ ਤੋਂ 6 ਵਜੇ ਤਕ ਹੋਵੇਗਾ। ਮੇਲੇ ਵਿਚ ਨਾਮਵਰ ਕਲਾਕਾਰ ਪੁਜਣਗੇ ਜਿਨ੍ਹਾਂ ਵਿਚ ਧਰਮਵੀਰ ਥਾਂਦੀ, ਅਵਤਾਰ ਗਰੇਵਾਲ, ਦਿਲਦਾਰ ਬ੍ਰਦਰਜ਼ ਮਿਊਜ਼ੀਕਲ ਗਰੁਪ, ਬੀਬੀ ਜੋਤ ਰਣਜੀਤ, ਰਾਜ ਬਰਾੜ, ਸੁਰਜੀਤ ਸਿੰਘ ਮਾਛੀਵਾੜਾ, ਹਰਦੇਵ ਸਿੱਧੂ ਅਤੇ ਹੋਰ ਬਹੁਤ ਸਾਰੇ ਗਾਇਕ ਸ਼ਾਮਲ ਹੋਣਗੇ। ਸਟੇਜ ਸੰਚਾਲਨ ਸ਼ਕਤੀ ਮਾਣਕ ਕਰੇਗੀ।



ਜ਼ਿਕਰਯੋਗ ਹੈ ਕਿ ਮੇਲਾ ਆਪਣੇ ਸਮੇਂ ਦੇ ਨਾਮੀ ਲੋਕ ਗਾਇਕ ਸਵਰਗੀ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਵੱਲੋਂ ਸਹਿਯੋਗੀਆਂ ਦੀ ਮਦਦ ਨਾਲ 'ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਊਂਡੇਸ਼ਨ' ਦੇ ਬੈਨਰ ਹੇਠ ਕਰਵਾਇਆ ਜਾਂਦਾ ਹੈ, ਜਿਸ ਵਿਚ ਯਮਲਾ ਜੱਟ ਦੀ ਗਾਇਕੀ ਨੂੰ ਸਮਰਪਿਤ ਬਹੁਤ ਸਾਰੇ ਉਚ ਕੋਟੀ ਦੇ ਕਲਾਕਾਰ ਆਪਣੀ ਗਾਇਕੀ ਦੇ ਜੌਹਰ ਦਿਖਾਉਂਦੇ ਹਨ।


ਮੇਲੇ ਵਿਚ ਗਾਇਕੀ ਤੋਂ ਇਲਾਵਾ ਸਕਿੱਟਾਂ, ਕਮੇਡੀ, ਗਿੱਧਾ, ਭੰਗੜਾ ਅਤੇ ਹੋਰ ਬਹੁਤ ਕੁਝ ਹੋਵੇਗਾ। ਜੀ.ਐਚ.ਜੀ. ਅਕੈਡਮੀ ਦੇ ਬੱਚੇ ਗਿੱਧਾ ਅਤੇ ਭੰਗੜਾ ਪੇਸ਼ ਕਰਨਗੇ। ਖਾਣੇ ਦਾ ਪ੍ਰਬੰਧ ਮੁਫਤ ਹੋਵੇਗਾ।


# ਸਹਾਇਤਾ ਸੰਸਥਾ ਲਈ ਫੰਡ ਰੇਜ਼ਰ ਨੂੰ ਭਰਵਾਂ ਹੁੰਗਾਰਾ


**ਕਲੋਵਿਸ, ਕੈਲੀਫੋਰਨੀਆ (ਬਿਊਰੋ):** ਸਥਾਨਕ ਸੰਸਥਾ ਪੀ.ਸੀ.ਏ. ਦੇ ਉਦਮ ਨਾਲ ਸਹਾਇਤਾ ਸੰਸਥਾ ਲਈ ਤੀਸਰਾ ਸਾਲਾਨਾ ਫੰਡ ਰੇਜ਼ਰ ਸਥਾਨਕ ਐਲੀਫੈਂਟ ਲੌਜ਼ ਰੈਸਟੋਰੈਂਟ ਵਿਚ ਕੀਤਾ ਗਿਆ ਜਿਸ ਦੌਰਾਨ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਦਸਵੰਧ ਕੱਢ ਕੇ ਇਸ ਉਪਰਾਲੇ ਵਿਚ ਆਪਣਾ ਹਿੱਸਾ ਪਾਇਆ।













ਜ਼ਿਕਰਯੋਗ ਹੈ ਕਿ ਸਹਾਇਤਾ ਸੰਸਥਾ 2005 ਵਿਚ ਹੋਂਦ ਵਿਚ ਆਈ ਸੀ ਅਤੇ ਉਦੋਂ ਤੋਂ ਹੀ ਭਾਰਤ ਵਿਚ ਖਾਸ ਕਰਕੇ ਪੰਜਾਬ ਅੰਦਰ ਲੰੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰਦੀ ਆ ਰਹੀ ਹੈ। ਕੁਝ ਸਮੇਂ ਤੋਂ ਸੰਸਥਾ ਪੰਜਾਬ ਅੰਦਰ ਖੁਦਕੁਸ਼ੀ ਕਰ ਚੁਕੇ ਕਿਸਾਨਾਂ ਤੇ ਮਜ਼ਦੂਰਾਂ ਦੇ ਬੇਸਹਾਰਾ ਬੱਚਿਆਂ ਦੀ ਪੜ੍ਹਾਈ ਲਈ ਵੀ ਉਪਰਾਲਾ ਕਰ ਰਹੀ ਹੈ। ਇਸ ਵਲੋਂ ਅੰਗਹੀਣ ਬੱਚਿਆਂ ਲਈ ਸਪੈਸ਼ਲ ਏ. ਸੀ. ਵਾਰਡ ਬਣਾ ਕੇ ਉਨ੍ਹਾਂ ਦੀ ਦੇਖ ਭਾਲ ਕੀਤੀ ਜਾ ਰਹੀ ਹੈ।

ਫੰਡ ਰੇਜ਼ਰ ਸਮਾਗਮ ਦੀ ਸ਼ੁਰੂਆਤ ਸਟੇਜ ਸਕੱਤਰ ਆਸ਼ਾ ਸ਼ਰਮਾ ਨੇ ਸਭ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਛੋਟੀਆਂ ਬੱਚੀਆਂ ਨੇ ਭੰਗੜਾ ਪੇਸ਼ ਕਰਕੇ ਸਭ ਦਾ ਧਿਆਨ ਖਿੱਚਿਆ।

ਡਾ. ਹਰਕੇਸ਼ ਸੰਧੂ, ਡਾ. ਰਾਜਿੰਦਰ ਅਤੇ ਸਬਰੀਨਾ ਸੰਧੂ ਨੇ ਸੰਸਥਾ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਤੋਂ ਅਨਾਥ ਬੱਚਿਆਂ ਦੀਆਂ ਦਰਦਨਾਕ ਕਹਾਣੀਆਂ ਸੁਣ ਕੇ ਹਰ ਅੱਖ ਨਮ ਹੋ ਗਈ। ਇਸ ਮੌਕੇ ਉਨ੍ਹਾਂ ਪੰਜਾਬ ਦੀ ਖੁਦਕੁਸ਼ੀਆਂ ਦੇ ਰਾਹ ਪਈ ਕਿਸਾਨੀ ਨੂੰ ਬਚਾਉਣ ਲਈ ਵੀ ਪਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ।

ਪੀ.ਸੀ.ਏ. ਮੈਂਬਰ ਅੰਮ੍ਰਿਤ ਧਾਲੀਵਾਲ ਨੇ 'ਸਹਾਇਤਾ' ਦੇ ਕੰਮਾਂ ਦੀ ਸ਼ਲਾਘਾਂ ਕਰਦਿਆਂ ਇਸ ਦੀ ਹਰ ਤਰ੍ਹਾਂ ਮਦਦ ਕਰਨ ਦੀ ਵਚਨਬੱਧਤਾ ਪ੍ਰਗਟਾਈ। ਮਿੱਕੀ ਸਰਾਂ ਨੇ ਇਕ ਗੀਤ ਨਾਲ ਹਾਜਰੀ ਲਵਾਈ। ਰੂਬੀ ਸਰਾਂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਦਾਨੀ ਸੱਜਣਾਂ ਨੇ ਸਹਾਇਤਾ ਸੰਸਥਾ ਵਲੋਂ ਕੀਤੇ ਜਾ ਰਹੇ ਨਿਸ਼ਕਾਮ ਕਾਰਜਾਂ ਦੀ ਸ਼ਲਾਘਾ ਕੀਤੀ।





ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

# ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ

***2468 Tierra Buena Rd., Yuba City, CA 95992***

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# 38ਵਾਂ ਮਹਾਨ ਨਗਰ ਕੀਰਤਨ

## ਅਤੇ ਗੁਰਮਤਿ ਸਮਾਗਮ

## 5 ਨਵੰਬਰ 2017



ਇਹ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ-ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ 2 ਸਤੰਬਰ ਤੋਂ ਸ਼ੁਰੂ ਹੈ, ਜਿਸ ਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸੰਗਤ ਵੱਲੋਂ 3 ਨਵੰਬਰ ਸ਼ੁੱਕਰਵਾਰ ਤੋਂ ਅਰੰਭ ਹੋ ਕੇ 5 ਨਵੰਬਰ, ਦਿਨ ਐਤਵਾਰ ਸਵੇਰੇ 7.30 ਵਜੇ (ਨਵੇਂ ਸਮੇਂ ਮੁਤਾਬਕ) ਭੋਗ ਪੈਣਗੇ। ਸੋਮਵਾਰ, 2 ਅਕਤੂਬਰ ਤੋਂ ਐਤਵਾਰ 22 ਅਕਤੂਬਰ ਤੱਕ ਪੰਥ ਪ੍ਰਸਿੱਧ ਢਾਡੀ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ ਸ਼ਾਮ ਦੇ ਦੀਵਾਨਾਂ ਵਿਚ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ ਜੀ। ਸ਼ੁੱਕਰਵਾਰ 13 ਅਕਤੂਬਰ ਤੋਂ ਵੀਰਵਾਰ 26 ਅਕਤੂਬਰ ਤੱਕ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਭਾਈ ਇਕਬਾਲ ਸਿੰਘ ਸ਼ਾਮ ਦੇ ਦੀਵਾਨਾਂ ਵਿਚ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

**ਬੰਦੀ ਛੋੜ ਦਿਵਸ (ਦੀਵਾਲੀ):** ਵੀਰਵਾਰ, ਅਕਤੂਬਰ 19 ਨੂੰ ਸ਼ਾਮ 6 ਵਜੇ ਤੋਂ ਰਾਤ 10.30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ ਜੀ।

ਵਿਸ਼ੇਸ਼ ਕਵੀ ਦਰਬਾਰ: ਸਨਿਚਰਵਾਰ, 21 ਅਕਤੂਬਰ ਨੂੰ ਸ਼ਾਮ 6 ਵਜੇ ਤੋਂ 10 ਵਜੇ ਤੱਕ ਵਿਸ਼ੇਸ਼ ਕਵੀ ਦਰਬਾਰ ਸਜਣਗੇ ਜੀ।

27, 28 ਤੇ 29 ਅਕਤੂਬਰ (ਸ਼ੁੱਕਰਵਾਰ ਤੋਂ ਐਤਵਾਰ) ਤੱਕ ਗਿਆਨੀ ਕੁਲਵੰਤ ਸਿੰਘ ਜੀ ਲੁਧਿਆਣੇ ਵਾਲੇ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਨਗੇ।

**ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ:** ਸਨਿਚਰਵਾਰ, ਅਕਤੂਬਰ 28 ਨੂੰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ। ਇਸ ਵਿਚ ਬੱਚੇ ਰਾਗਾਂ ਵਿਚ ਕੀਰਤਨ ਕਰਨਗੇ।

**ਵਿਸ਼ੇਸ਼ ਢਾਡੀ ਦਰਬਾਰ:** ਮੰਗਲਵਾਰ, 31 ਅਕਤੂਬਰ ਨੂੰ ਸ਼ਾਮ 6 ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਸਮੇਤ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦਰਬਾਰ ਹੋਵੇਗਾ।

**ਆਤਿਸ਼ਬਾਜ਼ੀ:** ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ ਸ਼ੁੱਕਰਵਾਰ, 3 ਨਵੰਬਰ ਨੂੰ ਰਾਤ 8 ਵਜੇ ਆਤਿਸ਼ਬਾਜ਼ੀ ਹੋਵੇਗੀ ਜੀ।

### ਸਨਿਚਰਵਾਰ, 4 ਨਵੰਬਰ ਦੇ ਪ੍ਰੋਗਰਾਮ

**ਅੰਮ੍ਰਿਤ ਸੰਚਾਰ:** ਸਵੇਰੇ 5 ਵਜੇ ਅੰਮ੍ਰਿਤ ਸੰਚਾਰ ਅਰੰਭ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਕਰ ਸਕਦੀਆਂ ਹਨ ਜੀ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ ਜੀ।

**ਸਨਮਾਨ ਸਮਾਰੋਹ:** ਸਵੇਰੇ 11 ਵਜੇ ਪੰਥ ਦੀ ਸਿਰਮੌਰ ਹਸਤੀ ਸ. ਦੀਦਾਰ ਸਿੰਘ ਬੈਂਸ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਪਰੰਤ ਹੋਰ ਪਤਵੰਤੇ ਸੱਜਣਾਂ ਦਾ ਵੀ ਸਨਮਾਨ ਕੀਤਾ ਜਾਵੇਗਾ।

**ਲੈਕਚਰ ਸੈਸ਼ਨ:** ਦਸਮੇਸ਼ ਹਾਲ ਵਿਚ ਬਾਅਦ ਦੁਪਹਿਰ 1 ਤੋਂ 4 ਵਜੇ ਤੱਕ ਲੈਕਚਰ ਸੈਸ਼ਨ ਹੋਵੇਗਾ ਜਿਸ ਵਿਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ 'ਤੇ ਇੰਡੀਆ ਤੋਂ ਡਾ. ਹਰਸ਼ਿੰਦਰ ਕੌਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ. ਇਕਤਿਦਾਰ ਚੀਮਾ ਵੀ ਹਿੱਸਾ ਲੈਣਗੇ।

**ਰੈਣ ਸਬਾਈ ਕੀਰਤਨ:** ਰੈਣ ਸਬਾਈ ਕੀਰਤਨ ਸ਼ਾਮ 6 ਤੋਂ ਰਾਤ ਇਕ ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ ਜੀ।

### ਪਹੁੰਚ ਰਹੇ ਰਾਗੀ ਜਥੇ ਅਤੇ ਪ੍ਰਚਾਰਕ

ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ ਅਤੇ ਭਾਈ ਮਹਿਲ ਸਿੰਘ ਦਾ ਕਵੀਸ਼ਰੀ ਜਥਾ ਸੰਗਤਾਂ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ ਜੀ।

**ਨੋਟ:** ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ ਨਿਯਤ ਜਗ੍ਹਾ ਉਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ (801 El Margarita Rd, Yuba City, CA 95993) ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਮੁਫਤ ਬੱਸਾਂ ਦਾ ਪ੍ਰਬੰਧ ਹੋਵੇਗਾ।


**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁਮ ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ।**


### ਹੋਰ ਜਾਣਕਾਰੀ ਲਈ ਇਨ੍ਹਾਂ ਫੋਨ ਨੰਬਰਾਂ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ:


ਹੈਡ ਗ੍ਰੰਥੀ ਭਾਈ ਸਾਹਿਬ ਸਿੰਘ 530-673-9918
ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-682-6444
ਪ੍ਰਧਾਨ ਸ. ਬਲਬੀਰ ਸਿੰਘ ਸੋਹਲ 530-682-9300
ਸੈਕਟਰੀ ਸ. ਹਰਮਨਦੀਪ ਸਿੰਘ ਸੰਧੂ 530-632-2899
ਖਜ਼ਾਨਚੀ ਸ. ਸੁਖਵਿੰਦਰ ਸਿੰਘ 530-713-2805


# ਵਲੈਤ 'ਚ ਜਪਾਨੀ ਨੋਬਲ

## ਜਪਾਨੀ ਮੂਲ ਦੇ ਲਿਖਾਰੀ ਨੂੰ ਮਿਲਿਆ ਨੋਬਲ ਇਨਾਮ




ਇਸ ਵਾਰ ਦੇ ਨੋਬਲ ਸਾਹਿਤ ਪੁਰਸਕਾਰ ਨੇ ਸਭ ਨੂੰ, ਕੁਝ ਕੁ ਹੈਰਾਨ ਕੀਤਾ ਹੈ। ਜਾਪਦਾ ਹੈ, ਨੋਬਲ ਕਮੇਟੀ ਨੇ ਐਤਕੀਂ ਬਹੁਤ ਫੂਕ-ਫੂਕ ਦੇ ਪੈਰ ਧਰੇ ਹਨ। ਪਿਛਲੀ ਵਾਰ ਗਾਇਕ-ਗੀਤਕਾਰ ਬੌਬ ਡਾਇਲਨ ਨੇ ਕਮੇਟੀ ਨੂੰ ਬੜਾ ਕਸੂਤਾ ਫਸਾ ਦਿੱਤਾ ਸੀ। ਬਹੁਤ ਦੇਰ ਤੱਕ ਬੌਬ

### ਕਲਾ ਪਰਿਕਰਮਾ

**ਕੀਰਤ ਕਾਸ਼ਣੀ**

ਨੇ ਇਹ ਇਨਾਮ ਸਵੀਕਾਰ ਕਰਨ ਬਾਰੇ ਹਾਂ ਹੀ ਨਹੀਂ ਸੀ ਕੀਤੀ, ਤੇ ਮਗਰੋਂ ਉਸ ਤੱਕ ਪਹੁੰਚ ਕਰਨੀ ਵੀ ਮੁਸ਼ਕਿਲ ਹੋਈ ਪਈ ਸੀ। ਐਤਕੀਂ ਤਾਂ ਇਨਾਮ ਦਾ ਐਲਾਨ ਹੁੰਦੇ ਸਾਰ ਲਿਖਾਰੀ ਕਾਜ਼ੂਓ ਇਸ਼ੀਗੁਰੋ ਦੀਆਂ ਇੰਟਰਵਿਊ ਦੀ ਝੜੀ ਲੱਗ ਗਈ ਹੈ ਅਤੇ 62 ਵਰ੍ਹਿਆਂ ਦਾ ਕਾਜ਼ੂਓ ਇਸ਼ੀਗੁਰੋ (ਜਨਮ 8 ਨਵੰਬਰ 1954) ਅਚਾਨਕ ਆਪਣੀ ਇਕੱਲਤਾ ਵਿਚੋਂ ਨਿਕਲ ਕੇ ਸਾਹਿਤ ਜਗਤ ਵਿਚ ਛਾ ਗਿਆ।

ਕਾਜ਼ੂਓ ਇਸ਼ੀਗੁਰੋ ਮਸਾਂ 5 ਵਰ੍ਹਿਆਂ ਦਾ ਸੀ ਜਦੋਂ ਆਪਣੇ ਮਾਪਿਆਂ ਨਾਲ ਵਲੈਤ ਆ ਗਿਆ ਸੀ। ਉਸ ਦੇ ਪਹਿਲੇ ਨਾਵਲ 'ਏ ਪੇਲ ਵਿਊ ਆਫ਼ ਹਿਲਜ਼' (1982) ਦਾ ਸਮੁੱਚਾ ਪਿਛੋਕੜ ਜਪਾਨ ਦਾ ਹੀ ਹੈ। ਉਂਜ ਵੀ ਉਸ ਦੀਆਂ ਤਕਰੀਬਨ ਸਾਰੀਆਂ ਲਿਖਤਾਂ ਵਿਚ ਜਪਾਨੀ ਸਮਾਜ, ਸਾਹਿਤ ਤੇ ਸਭਿਆਚਾਰ ਠਾਠਾਂ ਮਾਰਦਾ ਹੈ। ਦਰਅਸਲ, ਹੋਰ ਪਰਵਾਸੀਆਂ ਵਾਂਗ ਕਾਜ਼ੂਓ ਇਸ਼ੀਗੁਰੋ ਦੇ ਪਿਤਾ ਸ਼ਿਜ਼ੂਓ ਇਸ਼ੀਗੁਰੋ ਦਾ ਵੀ ਇਹੀ ਵਿਚਾਰ ਸੀ ਕਿ ਉਸ ਨੇ ਬਹੁਤਾ ਚਿਰ ਵਲੈਤ ਵਿਚ ਨਹੀਂ ਰਹਿਣਾ, ਆਪਣੇ ਵਤਨ ਜਪਾਨ ਪਰਤ ਹੀ ਜਾਣਾ ਹੈ! ਇਸੇ ਲਈ ਉਸ ਨੇ ਆਪਣੇ ਪੁੱਤਰ ਨੂੰ ਜਪਾਨੀ ਕਦਰਾਂ-ਕੀਮਤਾਂ ਨਾਲੋਂ ਟੁੱਟਣ ਨਹੀਂ ਦਿੱਤਾ। ਇਹੀ ਕਾਰਨ ਹੈ ਕਿ ਜਪਾਨ ਕਾਜ਼ੂਓ ਦੀਆਂ ਲਿਖਤਾਂ ਦਾ ਧੜਕਦਾ ਦਿਲ ਬਣਿਆ ਹੋਇਆ ਹੈ। ਕਾਜ਼ੂਓ ਨੇ ਖੁਦ ਵੀ ਮੰਨਿਆ ਹੈ ਕਿ ਜਪਾਨੀ ਸਾਹਿਤ, ਖਾਸ ਕਰ ਕੇ ਜੂਨੀਕੀਰੋ ਤਾਨੀਜ਼ਾਕੀ (24 ਜੁਲਾਈ 1886-30 ਜੁਲਾਈ 1965) ਦੀਆਂ ਲਿਖਤਾਂ ਦਾ ਉਸ 'ਤੇ ਬਹੁਤ ਅਸਰ ਪਿਆ ਹੈ। ਯਾਦ ਰਹੇ ਕਿ 1964 ਵਿਚ ਜੂਨੀਕੀਰੋ ਦਾ ਨਾਂ ਨੋਬਲ ਪੁਰਸਕਾਰ ਦੇ ਆਖਰੀ ਛੇ ਲੇਖਕਾਂ ਵਿਚ ਸ਼ੁਮਾਰ ਹੋਇਆ ਸੀ। ਕਾਜ਼ੂਓ ਮੁਤਾਬਕ, ਜਪਾਨੀ ਫਿਲਮਾਂ, ਖਾਸ ਕਰ ਕੇ ਯਾਸੂਜੀਰੋ ਓਜ਼ੂ ਅਤੇ ਮਿਕੀਓ ਨਰੂਸ ਦੀਆਂ ਫਿਲਮਾਂ ਦਾ ਉਸ 'ਤੇ ਬਹੁਤ ਜ਼ਿਆਦਾ ਪ੍ਰਭਾਵ ਪਿਆ ਹੈ। 'ਏ ਪੇਲ ਵਿਊ ਆਫ ਹਿਲਜ਼' ਦੀ ਅੱਧਖੜ ਨਾਇਕਾ ਇਤਸੁਕੋ ਭਾਵੇਂ ਇੰਗਲੈਂਡ ਵਸਦੀ ਹੈ, ਪਰ ਉਸ ਦੀ ਰੂਹ ਜਪਾਨ ਵਿਚ ਘੁੰਮਦੀ ਰਹਿੰਦੀ ਹੈ। ਉਹ ਆਪਣੀ ਧੀ ਨਿਕੀ ਨਾਲ ਆਪਣੇ ਜਪਾਨ ਵਿਚ ਰਹਿੰਦੇ ਦੋਸਤ ਸਚੀਕੋ ਬਾਰੇ ਅਕਸਰ ਗੱਲਾਂ ਕਰਦੀ ਹੈ। ਸਚੀਕੋ ਦੀ ਇਕ ਧੀ ਦਾ ਨਾਂ ਮਰੀਕੋ ਹੈ। ਇਸ ਤਰ੍ਹਾਂ ਗੱਲਬਾਤ ਰਾਹੀਂ ਨਾਵਲ ਅਤੇ ਨਾਇਕਾ ਦੀ ਲੜੀ, ਕਦੇ ਜਪਾਨ ਅਤੇ ਕਦੇ ਵਲੈਤ ਨਾਲ ਜੁੜਦੀ ਰਹਿੰਦੀ ਹੈ। ਉਸ ਦਾ ਦੂਜਾ ਨਾਵਲ 'ਐਨ ਆਰਟਿਸਟ ਆਫ ਦਿ ਫਲੋਟਿੰਗ ਵਰਲਡ' 1986 ਵਿਚ ਛਪਿਆ। ਇਸ ਨਾਵਲ ਦਾ ਬੁੱਢਾ ਨਾਇਕ, ਚਿੱਤਰਕਾਰ ਮਸੂਜੀ ਓਨੋ ਦੂਜੇ ਸੰਸਾਰ ਯੁੱਧ ਦੇ ਹਾਲਾਤ ਬਿਆਨ ਕਰਦਾ ਹੈ। 1989 ਵਿਚ ਛਪਿਆ ਨਾਵਲ 'ਦਿ ਰਮੇਨਜ਼ ਆਫ ਦੀ ਡੇਅ' ਕਾਜ਼ੂਓ ਦਾ ਸਭ ਤੋਂ ਚਰਚਿਤ ਨਾਵਲ ਹੈ। ਇਸ ਨਾਵਲ ਲਈ ਉਸ ਨੂੰ 1989 ਦਾ ਵੱਕਾਰੀ ਮੈਨ ਬੁਕਰ ਇਨਾਮ ਵੀ ਮਿਲਿਆ। ਯਾਦ ਰਹੇ ਕਿ ਮੈਨ ਬੁਕਰ ਲਈ ਕਾਜ਼ੂਓ ਦਾ ਨਾਂ ਚਾਰ ਵਾਰ ਨਾਮਜ਼ਦ ਹੋਇਆ ਸੀ। ਇਸ ਨਾਵਲ ਉਤੇ ਇਸੇ ਨਾਂ 'ਤੇ ਫਿਲਮ ਵੀ ਬਣਾਈ ਗਈ ਹੈ। ਇਸ ਨਾਵਲ ਦਾ ਨਾਇਕ ਸਟੀਵਨਜ਼ ਆਪਣੀ ਕਹਾਣੀ ਖੁਦ ਸੁਣਾਉਂਦਾ ਹੈ। ਇਸ ਵਿਚ ਨਾਇਕ ਦੇ ਕੰਮ-ਕਾਰ ਅਤੇ ਰਿਸ਼ਤਿਆਂ ਦੀ ਬੜੀ ਬਾਰੀਕ ਤਫਸੀਲ ਹੈ। 'ਦਿ ਅਨਕਨਸੋਲਡ' (1995) ਨਾਵਲ ਦੀ ਕਹਾਣੀ ਮਹਿਜ਼ ਤਿੰਨ ਦਿਨਾਂ ਵਿਚ ਮੁੱਕ ਜਾਂਦੀ ਹੈ। ਇਸ ਵਿਚ ਉਸ ਨੇ ਇਕ ਪਿਆਨੋਵਾਦਕ ਦੀ ਕਹਾਣੀ ਸੁਣਾਈ ਹੈ। ਉਂਜ, ਇਸ ਨਾਵਲ ਦੇ ਰੀਵਿਊ ਬਣੇ ਮਾੜੇ ਹੋਏ ਸਨ। ਇਸ ਨੂੰ 500 ਸਫਿਆਂ ਦਾ ਕੂੜਾ ਤੱਕ ਆਖਿਆ ਗਿਆ।

ਇਸੇ ਤਰ੍ਹਾਂ 'ਵ੍ਹੈਨ ਵੀ ਆਰ ਓਰਫਾਨਜ਼' ਨੂੰ ਵੀ ਬਹੁਤਾ ਹੁੰਗਾਰਾ ਨਹੀਂ ਸੀ ਮਿਲਿਆ। ਇਸ ਨਾਵਲ ਨੂੰ ਕਾਜ਼ੂਓ ਦੇ ਸਭ ਤੋਂ ਮਾੜੇ ਨਾਵਲਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਫਿਰ 2005 ਵਿਚ ਉਸ ਦਾ ਨਾਵਲ 'ਨੈਵਰ ਲੈਟ ਮੀ ਗੋ' ਛਪਿਆ। ਇਸ ਨਾਵਲ ਦੇ ਰੂਪ ਬਾਰੇ ਬੜੇ ਸਵਾਲ ਖੜ੍ਹੇ ਹੋਏ। ਕੁਝ ਆਲੋਚਕਾਂ ਨੇ ਤਾਂ ਇਸ ਨੂੰ ਨਾਵਲ ਹੀ ਨਹੀਂ ਮੰਨਿਆ, ਪਰ ਇਹ ਨਾਵਲ 2005 ਵਿਚ ਬੁਕਰ ਇਨਾਮ ਲਈ ਨਾਮਜ਼ਦ ਹੋਇਆ ਸੀ ਅਤੇ ਚਰਚਿਤ 'ਟਾਈਮ' ਰਸਾਲੇ ਨੇ ਇਸ ਨੂੰ 2005 ਦਾ ਸਰਵੋਤਮ ਨਾਵਲ ਆਖਿਆ ਸੀ। ਦੋ ਸਾਲ ਪਹਿਲਾਂ 2015 ਵਿਚ ਛਪੇ ਨਾਵਲ 'ਦਿ ਬਰੀਡ ਜੁਆਇੰਟ' ਨੂੰ ਅਲੋਚਕਾਂ ਦਾ ਹੁੰਗਾਰਾ ਮਿਲਿਆ। ਸਭ ਟਿੱਪਣੀਕਾਰਾਂ ਨੇ ਇਸ ਨਾਵਲ ਦੀ ਇਸ ਗੱਲੋਂ ਤਾਰੀਫ ਕੀਤੀ ਕਿ ਕਾਜ਼ੂਓ ਖੁਦ ਆਪਣੇ ਬਣਾਏ ਨੇਮ ਤੋੜਨ ਵਿਚ ਸਫ਼ਲ ਰਿਹਾ ਹੈ। ਕਾਜ਼ੂਓ ਇਸ਼ੀਗੁਰੋ ਦੀਆਂ ਰਚਨਾਵਾਂ ਦੀ ਵਲੈਤ ਅਤੇ ਹੋਰ ਮੁਲਕਾਂ ਵਿਚ ਅਕਸਰ ਗੱਲ ਚੱਲਦੀ ਰਹੀ ਹੈ। ਉਸ ਨੇ ਨਾਵਲਾਂ ਤੋਂ ਇਲਾਵਾ ਨਾਟਕ, ਕਹਾਣੀਆਂ ਤੇ ਕਵਿਤਾਵਾਂ ਵੀ ਲਿਖੀਆਂ। ਕਾਜ਼ੂਓ ਦਾ ਵਿਆਹ 1986 ਵਿਚ ਸਮਾਜ ਸੇਵੀ ਲੌਰਨਾ ਮੈਕ-ਡਗਾਲ ਨਾਲ ਹੋਇਆ ਸੀ। ਇਹ ਦੋਵੇਂ ਨੋਟਿੰਗ ਹਿਲ ਵਿਚ ਬੇਘਰਿਆਂ ਬਾਰੇ ਇਕ ਸਮਾਗਮ ਵਿਚ ਮਿਲੇ ਸਨ।

ਸਾਲ 2016 ਵਿਚ ਕਾਜ਼ੂਓ ਨੇ ਇੰਗਲੈਂਡ ਵਿਚ ਵਧ ਰਹੇ ਨਫ਼ਰਤੀ ਅਪਰਾਧਾਂ ਬਾਰੇ ਬੜੀ ਸਖਤ ਟਿੱਪਣੀ ਆਪਣੇ ਇਕ ਲੇਖ ਵਿਚ ਕੀਤੀ ਸੀ। ਉਦੋਂ ਇਸ ਲੇਖ ਦੀ ਖੂਬ ਪ੍ਰਸ਼ੰਸਾ ਹੋਈ ਸੀ। ਉਂਜ, ਅਲੋਚਕਾਂ ਨੇ ਕਾਜ਼ੂਓ ਇਸ਼ੀਗੁਰੋ ਦੇ ਨਾਵਲਾਂ ਬਾਰੇ ਇਹ ਟਿੱਪਣੀ ਕੀਤੀ ਹੈ ਕਿ ਇਨ੍ਹਾਂ ਦਾ ਅੰਤ ਅਚਾਨਕ ਹੋ ਜਾਂਦਾ ਹੈ। ਨਾਵਲਾਂ ਦੇ ਕਿਰਦਾਰ ਜਿਹੜੇ ਸਮੁੱਚੀ ਲਿਖਤ ਵਿਚ ਬਹੁਤ ਖੌਝਲਦੇ ਤੇ ਤੜਫ਼ਦੇ ਹਨ, ਅਖੀਰ ਵਿਚ ਆ ਕੇ ਕਹਾਣੀ ਬੇਹਿੱਸ ਜਿਹੀ ਹੋ ਜਾਂਦੀ ਹੈ।



### ਫਿਲਮ 'ਚ ਢਲੀ ਕਿਤਾਬ




*'ਦਿ ਰਮੇਨਜ਼ ਆਫ਼ ਦੀ ਡੇ' ਨਾਵਲ ਉਤੇ ਇਸੇ ਨਾਂ ਦੀ ਫਿਲਮ ਜੇਮਜ਼ ਆਇਗਰੀ ਨੇ ਬਣਾਈ ਸੀ। ਇਹ ਫਿਲਮ ਅੱਠ ਆਸਕਰ ਇਨਾਮਾਂ ਲਈ ਨਾਮਜ਼ਦ ਹੋਈ ਸੀ। ਇਨ੍ਹਾਂ ਵਿਚ ਸਰਵੋਤਮ ਅਦਾਕਾਰ, ਅਦਾਕਾਰਾ, ਨਿਰਦੇਸ਼ਕ, ਫਿਲਮ, ਪਟਕਥਾ ਆਦਿ ਵਰਗ ਸ਼ਾਮਲ ਸਨ। ਇਸ ਫਿਲਮ ਵਿਚ ਐਂਥਨੀ ਹੌਪਕਿੰਸ ਅਤੇ ਏਮਾ ਥੌਂਗਸਨ ਨੇ ਮੁੱਖ ਕਿਰਦਾਰ ਨਿਭਾਏ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਅਕਤੂਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-295



*ਜੀਤੇ ਤੇ ਬੰਤੂ ਨੇ ਘੜੀ ਯੋਜਨਾ, ਨਾਲ ਰਲ ਗਿਆ ਬੀਰਾ।*
*ਪੇਂਡੂ ਮੁੰਡਿਆਂ ਗੱਠ ਬਣਾਇਆ, ਨਵਾਂ ਹੀ ਕੁੱਤ-ਗੜ੍ਹੀਰਾ!*

## ਕੈਪਸ਼ਨ ਮੁਕਾਬਲਾ-293



ਰੁੱਝੇ ਪੁੱਤ-ਨੂੰਹ ਨਿੱਤ ਧੰਦਿਆਂ 'ਚ
ਬਾਪੂ ਵਿਹਲਾ ਘਰ 'ਕੱਲਾ।
ਲਾ ਕੇ ਉਂਗਲੀ ਚੁੱਕ ਕੇ ਬਸਤਾ
ਪੋਤੇ ਨੂੰ ਸਕੂਲੇ ਛੱਡਣ ਚੱਲਾ।
ਪੜ੍ਹ-ਲਿਖ ਬੁੱਧੀਵਾਨ ਬਣੇ ਇਹ
ਸਦਾ ਹੀ ਦੇਵੇ ਦੁਆਵਾਂ।
ਨੇਕ ਦਿਲ ਇਨਸਾਨ ਬਣੇ ਫਿਰ
ਨਾ ਲੱਗਣ ਕੋਈ ਤੱਤੀਆਂ 'ਵਾਵਾਂ।

***-ਸੇਵਾ ਸਿੰਘ ਨੂਰਪੁਰੀ***

---

ਆ ਡੱਡੀਏ ਫੜ੍ਹ ਉਂਗਲ ਮੇਰੀ,
ਤੈਨੂੰ ਸਕੂਲ ਪੁਚਾਵਾਂ।
ਭਾਰਾ ਤੇਰਾ ਬੈਗ ਚੁੱਕ ਕੇ,
ਤੈਨੂੰ ਉਂਗਲ ਲਾਵਾਂ।
ਸਕੂਲ ਤਾਂ ਹੁੰਦੇ ਗਿਆਨ ਖਜਾਨਾ
ਹੱਸਦੇ ਹੱਸਦੇ ਜਾਈਏ,
ਚਾਰੇ ਪਾਸੇ ਚਾਨਣ ਹੋ ਜੇ,
ਉਚੇ ਰੁਤਬੇ ਪਾਈਏ।

***-ਜਗਮੀਤ ਸਿੰਘ ਪੰਧੇਰ***

---

ਨਹਾ-ਧੋ ਕਰਾ ਸੋਹਣਾ ਜੂੜਾ,
ਬਸਤਾ ਦਾਦਾ ਚੁੱਕੀ ਜਾਵੇ
ਫੜ੍ਹ ਕੇ ਉਂਗਲੀ ਤੋਰੀ ਜਾਵੇ,
ਮੱਤਾਂ ਦੇ ਦੇ ਸਮਝਾਵੇ।
ਸਬਕ ਤੂੰ ਸੁਣਾਈ ਪਹਿਲਾਂ,
ਸੋਹਣੀ ਕਰੀਂ ਲਿਖਾਈ।
ਅੱਧੀ ਛੁੱਟੀ ਖਾ'ਲੀਂ ਚੂਰੀ।
ਬੋਤਲ ਪਾਣੀ ਦੀ ਬਸਤੇ 'ਚ ਪਾਈ।
ਸਾਰੀ ਛੁੱਟੀ ਮੈਂ ਲੈ ਜੂੰ ਆਪੇ,
ਤੂੰ ਨਾ ਐਵੇਂ ਘਬਰਾਈਂ।

***-ਦਵਿੰਦਰ ਕੌਰ***

---

ਵਧੀਆ ਮਾਹੌਲ ਸਿਰਜੋ ਬੱਚਿਆਂ ਲਈ
ਤਾਂ ਕਿ ਚੰਗੇ ਬਣਨ ਇਨਸਾਨ।
ਦਾਦੇ ਦੀ ਸੰਗਤ ਵਿਚ ਬੱਚਾ
ਚੰਗੇ ਸੰਸਕਾਰ ਲੈ ਕੇ ਬਣੂੰ ਮਹਾਨ।
ਮਾਪੇ ਹਮੇਸ਼ਾ ਬੱਚਿਆਂ ਦਾ ਭਲਾ ਲੋਚਦੇ
ਬਜ਼ੁਰਗਾਂ 'ਤੇ ਇਤਬਾਰ ਕਰੋ।
ਛੋਟੇ ਛੋਟੇ ਰੁਝੇਵਿਆਂ ਨਾਲ
ਉਨ੍ਹਾਂ ਦਾ ਬੇੜਾ ਪਾਰ ਕਰੋ।

***-ਅਮਰਜੀਤ ਸਿੰਘ ਤੂਰ***

---

ਬਾਬੇ ਨਾਲ ਪੋਤਾ ਜਾਂਦਾ
ਲੱਗਦਾ ਕਿੰਨਾ ਪਿਆਰਾ।
ਪਰਿਵਾਰ ਦੀ ਉਸ 'ਚੋਂ ਰੂਹ ਝਲਕੇ
ਲੱਗਦਾ ਸਭ ਤੋਂ ਨਿਆਰਾ।
ਆਸ਼ੀਰਵਾਦ ਬਜ਼ੁਰਗਾਂ ਦਾ
ਹੁੰਦੀ ਬਹੁਤ ਵੱਡੀ ਗੱਲ।
ਉਨ੍ਹਾਂ ਦੀਆਂ ਅਸੀਸਾਂ ਨਾਲ
ਹਰ ਮੁਸ਼ਕਿਲ ਹੋ ਜਾਵੇ ਹੱਲ।

***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਸਕੂਲ ਜਾਂਦਾ ਪੋਤਾ ਲੱਗੇ ਬੜਾ ਨਿਆਰਾ
ਸੱਚ ਕਹਿੰਦੇ, ਮੂਲੋਂ ਵਿਆਜ ਪਿਆਰਾ।
ਮੈਂ ਤਾਂ ਅਨਪੜ੍ਹ ਰਹਿ ਗਿਆ ਪੁੱਤਰ
ਤੂੰ ਪੜ੍ਹ ਲਈ ਢੇਰ ਸਾਰਾ।
ਸਾਡੀਆਂ ਰੀਝਾਂ ਪੂਰੀਆਂ ਕਰੀਂ
ਬਣ ਕੇ ਅਫਸਰ ਭਾਰਾ।

***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***

---

ਇਕ ਮੁੱਠ ਨੱਥੀ ਬਣਿਆ ਜੂੜਾ,
ਸੁਹੱਪਣ, ਸੁਨੱਖਾਪਨ ਸ਼ੋਭਾ ਵਧਦੀ।
ਫੁਰਤੀ ਸੁਰਤੀ ਸਕੂਲ ਲਈ ਕਾਇਮ ਹੁੰਦੀ
ਪੜ੍ਹ ਵੀ ਹੋ ਹੋ ਅੰਤਰ ਧਿਆਨ
ਪੂਰੀ ਨੇਹਚਾ ਨਾਲ।
ਪੈਂਤੀ ਅੱਖਰਾਂ ਦੀ ਮਹਾਰਨੀ
ਨੀਂਹ ਪੱਥਰ ਹੈ ਮਾਂ ਬੋਲੀ ਦਾ
ਜ਼ਿੰਦਗੀ ਦੀ ਪੌੜੀ ਦਾ ਪਹਿਲਾ ਡੰਡਾ
ਆਸ ਅਤੇ ਖਾਹਸ਼ ਰੱਖਦੇ ਮਾਪੇ
ਪੜ੍ਹ ਬੱਚਾ ਸਤਿਕਾਰ ਕਰੂ ਸਭ ਦਾ।

***-ਦਰਸ਼ਨਪਾਲ ਦੋਸਾਂਝ***

# ਗੁਰੂ ਕੀ ਨਗਰੀ ਦੇ ਬਾਨੀ ਨੂੰ ਸਿਜਦਾ



**ਅੰਮ੍ਰਿਤਸਰ:** ਅੰਮ੍ਰਿਤਸਰ ਸ਼ਹਿਰ ਦੇ ਬਾਨੀ ਤੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਲੱਖਾਂ ਦੀ ਗਿਣਤੀ ਵਿਚ ਸੰਗਤ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ।

ਮੁੰਬਈ ਦੀ ਸੰਗਤ ਵੱਲੋਂ ਕੀਤੀ ਫੁੱਲਾਂ ਦੀ ਸਜਾਵਟ ਅਤੇ ਰਾਤ ਨੂੰ ਐਲ.ਈ.ਡੀ. ਲਾਈਟਾਂ ਸੰਗਤ ਲਈ ਖਿੱਚ ਦਾ ਕੇਂਦਰ ਬਣੀਆਂ। ਹਰਿਮੰਦਰ ਸਾਹਿਬ ਵਿਖੇ ਕੀਤੀ ਆਤਿਸ਼ਬਾਜ਼ੀ ਨੇ ਵੀ ਅਲੌਕਿਕ ਨਜ਼ਾਰਾ ਪੇਸ਼ ਕੀਤਾ। ਇਸ ਦੌਰਾਨ ਸਰਕਾਰੀ ਇਮਾਰਤਾਂ, ਹਵਾਈ ਅੱਡੇ, ਰੇਲਵੇ ਸਟੇਸ਼ਨ, ਬੱਸ ਅੱਡੇ, ਅਟਾਰੀ ਸਰਹੱਦ ਤੇ ਹੋਰ ਇਮਾਰਤਾਂ ਉਤੇ ਵੀ ਸ਼ਹਿਰ ਵਾਸੀਆਂ ਵੱਲੋਂ ਦੀਪਮਾਲਾ ਕੀਤੀ ਗਈ।

ਸਵੇਰ ਤੋਂ ਹੀ ਹਰਿਮੰਦਰ ਸਾਹਿਬ ਵਿਚ ਵੱਡੀ ਗਿਣਤੀ ਸੰਗਤ ਆਉਣੀ ਸ਼ੁਰੂ ਹੋ ਗਈ। ਹਰਿਮੰਦਰ ਸਾਹਿਬ, ਅਕਾਲ ਤਖਤ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁੰਦਰ ਜਲੌਅ ਸਜਾਏ ਗਏ, ਜਿਸ ਵਿਚ ਇਤਿਹਾਸਕ ਬੇਸ਼ਕੀਮਤੀ ਵਸਤਾਂ ਦਾ ਪ੍ਰਦਰਸ਼ਨ ਕੀਤਾ ਗਿਆ। ਮੁੰਬਈ ਦੀ ਸੰਗਤ ਵੱਲੋਂ ਫੁੱਲਾਂ ਦੀ ਸਜਾਵਟ ਵੀ ਸ਼ਰਧਾਲੂਆਂ ਲਈ ਖਿੱਚ ਦਾ ਕੇਂਦਰ ਬਣੀ।

## 'ਰਾਂਝੇ ਦਾ ਟਰਾਲਾ'



**ਫਰਿਜ਼ਨੋ (ਨੀਟਾ ਮਾਛੀਕੇ):** ਪਿੰਡ ਮਹਿਣਾ ਜਿਲ੍ਹਾ ਮੋਗਾ ਦਾ ਜੰਮਪਲ 22 ਸਾਲਾ ਸੋਹਣਾ ਸੁਨੱਖਾ ਗੱਭਰੂ ਪ੍ਰੀਤ ਕਮਲ ਜੋ ਐਮ. ਏ. ਮਿਊਜ਼ਿਕ ਮੋਗਾ ਵਿਖੇ ਕਰ ਰਿਹਾ ਹੈ, ਟਰੱਕ ਡਰਾਈਵਰ ਵੀਰਾਂ ਲਈ ਸੋਲੋ ਗੀਤ 'ਰਾਂਝੇ ਦਾ ਟਰਾਲਾ' ਲੈ ਕੇ ਮਾਰਕੀਟ ਵਿਚ ਆਇਆ ਹੈ। ਜੋਤ ਐਂਟਰਟੇਨਮੈਂਟ ਯੂ ਐਸ ਏ ਅਤੇ ਬਿੰਦਰ ਬੁੱਟਰ ਦੇ ਬੈਨਰ ਹੇਠ ਇਹ ਗੀਤ ਬਿੱਲੂ ਯੂ ਐਸ ਏ ਦਾ ਲਿਖਿਆ ਹੋਇਆ ਹੈ ਅਤੇ ਮਿਊਜ਼ਿਕ ਸੁਰਤਾਲ ਸਟੂਡੀਓ ਨੇ ਦਿੱਤਾ ਹੈ।

ਟਰੱਕ ਡਰਾਈਵਰ ਵੀਰਾਂ ਦੀ ਜ਼ਿੰਦਗੀ 'ਤੇ ਆਧਾਰਤ ਇਸ ਗੀਤ ਦਾ ਫਿਲਮਾਂਕਣ ਈ.ਐਸ.ਐਸ. ਟੀਮ ਨੇ ਕੀਤਾ ਹੈ। ਇਹ ਗੀਤ ਟਰੱਕਰ ਵੀਰਾਂ ਵਿਚ ਇਕ ਦਮ ਮਕਬੂਲ ਵੀ ਹੋਇਆ ਹੈ। ਇਸ ਸਾਫ ਸੁਥਰੇ ਗੀਤ ਨੂੰ ਆਪਣੀ ਮਧੁਰ ਅਵਾਜ਼ ਵਿਚ ਪ੍ਰੀਤ ਕਮਲ ਨੇ ਬਾਕਮਾਲ ਗਾ ਕੇ ਪੰਜਾਬੀ ਗਾਇਕੀ ਵਿਚ ਇੱਕ ਚੰਗਾ ਮੀਲ ਪੱਥਰ ਗੱਡਿਆ ਹੈ। ਗੱਭਰੂ ਨੂੰ ਬਚਪਨ ਤੋਂ ਹੀ ਨਾ ਸਿਰਫ ਗਾਉਣ ਦਾ ਹੀ ਸ਼ੌਕ ਹੈ ਸਗੋਂ ਜੇ ਸੱਚ ਕਹੀਏ ਤਾਂ ਗਾਉਣ ਦਾ ਸ਼ੁਦਾਈ ਹੈ।





ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366

# ਪਰਾਲੀ ਬਾਰੇ ਹੁਕਮਾਂ ਦੀ ਤਾਮੀਲ ਕਿਸਾਨਾਂ ਦੇ ਵੱਸ ਦੀ ਗੱਲ ਹੀ ਨਹੀਂ



**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਝੋਨੇ ਦੀ ਪਰਾਲੀ ਨੂੰ ਸਾੜਨ ਉਤੇ ਪਾਬੰਦੀ ਲਾਗੂ ਕਰਨ ਵਿਚ ਪਰਾਲੀ ਦਾ ਖਾਤਮਾ ਕਰਨ ਵਾਲੀ ਮਹਿੰਗੀ ਮਸ਼ੀਨਰੀ ਅਤੇ ਕਿਸੇ ਬਦਲਵੇਂ ਪ੍ਰਬੰਧ ਦੀ ਘਾਟ ਸਭ ਤੋਂ ਵੱਡੀਆਂ ਰੁਕਾਵਟਾਂ ਬਣ ਰਹੀਆਂ ਹਨ। ਦੋਵਾਂ ਸੂਬਿਆਂ ਵਿਚ ਕਿਸਾਨ ਅਧਿਕਾਰੀਆਂ ਦੀਆਂ ਚਿਤਾਵਨੀਆਂ ਨੂੰ ਨਜ਼ਰ ਅੰਦਾਜ਼ ਕਰ ਕੇ ਪਰਾਲੀ ਨੂੰ ਅੱਗ ਲਾ ਕੇ ਸਾੜ ਰਹੇ ਹਨ। ਦੱਸ ਦਈਏ ਕਿ ਪੰਜਾਬ ਤੇ ਹਰਿਆਣਾ ਸਰਕਾਰਾਂ ਨੇ ਪਰਾਲੀ ਸਾੜਨ 'ਤੇ ਪਾਬੰਦੀ ਲਾਈ ਹੋਈ ਹੈ ਅਤੇ ਹੁਕਮ ਦੀ ਉਲੰਘਣਾ ਕਰਨ ਵਾਲੇ ਕਿਸਾਨਾਂ ਨੂੰ ਜੁਰਮਾਨਾ ਕਰਨ ਅਤੇ ਉਨ੍ਹਾਂ ਖਿਲਾਫ਼ ਕੇਸ ਦਰਜ ਕਰਨ ਦੀ ਵਿਵਸਥਾ ਹੈ।

ਸੂਬਾ ਸਰਕਾਰਾਂ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਪਰਾਲੀ ਦੇ ਸਹੀ ਢੰਗ ਨਾਲ ਨਿਪਟਾਰੇ ਲਈ ਹੈਪੀ ਸੀਡਰ, ਰੋਟਾਵੇਟਰ ਅਤੇ ਪਰਾਲੀ ਰੀਪਰ ਵਰਗੇ ਖੇਤੀ ਸੰਦਾਂ ਉਤੇ ਸਬਸਿਡੀ ਮੁਹੱਈਆ ਕਰ ਰਹੀਆਂ ਹਨ ਪਰ ਕਿਸਾਨਾਂ, ਖਾਸਕਰ ਥੋੜ੍ਹੀ ਜ਼ਮੀਨ ਵਾਲੇ ਕਿਸਾਨਾਂ ਦਾ ਕਹਿਣਾ ਕਿ ਮਹਿੰਗੀ ਮਸ਼ੀਨਰੀ ਖਰੀਦਣੀ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ। ਅੰਕੜੇ ਦੱਸਦੇ ਹਨ ਕਿ ਪੰਜਾਬ ਦੇ ਤਕਰੀਬਨ 66 ਫੀਸਦੀ ਕਿਸਾਨਾਂ ਕੋਲ 1 ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ। ਇਸ ਲਈ ਉਹ ਮਹਿੰਗੇ ਖੇਤੀ ਸੰਦਾਂ ਦਾ ਖਰਚਾ ਨਹੀਂ ਚੁੱਕ ਸਕਦੇ ਤੇ ਗ੍ਰੀਨ ਟ੍ਰਿਬਿਊਨਲ ਨੇ ਅਜਿਹੇ ਕਿਸਾਨਾਂ ਦੀ ਸਹਾਇਤਾ ਲਈ ਹੀ ਸਰਕਾਰਾਂ ਨੂੰ ਮੁਫਤ ਮਸ਼ੀਨਰੀ ਦੇਣ ਦਾ ਹੁਕਮ ਦਿੱਤਾ ਹੈ ਪਰ ਇਨ੍ਹਾਂ ਹੁਕਮ ਨੂੰ ਸ਼ਾਇਦ ਸੂਬਾ ਸਰਕਾਰ ਲਾਗੂ ਕਰਨ ਦੇ ਰੌਂਅ ਵਿਚ ਨਹੀਂ ਜਾਪਦੀ।

ਬੀਤੇ ਦਿਨੀਂ ਪਟਿਆਲਾ ਵਿਚ ਕਿਸਾਨਾਂ ਨੇ ਪੰਜ ਦਿਨਾਂ ਦੇ ਧਰਨੇ ਦੌਰਾਨ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਉਹ ਝੋਨੇ ਦੀ ਵਾਢੀ ਤੋਂ ਬਾਅਦ 20 ਦਿਨਾਂ ਤੱਕ ਖੇਤ ਖਾਲੀ ਛੱਡਣ ਲਈ ਤਿਆਰ ਹਨ, ਤਾਂ ਜੋ ਸਰਕਾਰ ਆਪਣੇ ਖਰਚੇ 'ਤੇ ਫਸਲ ਦੀ ਰਹਿੰਦ-ਖੂੰਹਦ ਚੁੱਕ ਕੇ ਲੈ ਜਾਵੇ। ਉਨ੍ਹਾਂ ਕਿਹਾ ਕਿ ਨਾ ਸਰਕਾਰ ਕੋਈ ਮਸ਼ੀਨਰੀ ਦਿੰਦੀ ਹੈ ਤੇ ਨਾ ਹੀ ਕਿਸੇ ਕਿਸਮ ਦਾ ਮੁਆਵਜ਼ਾ। ਇਸ ਲਈ ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ ਤੇ ਰੋਸ ਵਜੋਂ ਕਈ ਥਾਵਾਂ ਉਤੇ ਪਰਾਲੀ ਸਾੜੀ ਸੀ ਅਤੇ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਪਰਾਲੀ ਸਾਂਭਣ ਲਈ ਬਣਦਾ ਮੁਆਵਜ਼ਾ ਦਿੱਤਾ ਜਾਵੇ। ਪੰਜਾਬ ਵਿਚ ਫਸਲ ਵੱਢਣ ਲਈ ਤਕਰੀਬਨ 9 ਹਜ਼ਾਰ ਕੰਬਾਈਨ ਹਾਰਵੈਸਟਰ ਹਨ ਪਰ ਸਿਰਫ 1200 ਵਿਚ ਹੀ ਸੁਪਰ ਸਟ੍ਰਾਅ ਸਿਸਟਮ ਯਾਨੀ ਫਸਲ ਦੀ ਰਹਿੰਦ-ਖੂੰਹਦ ਨੂੰ ਵੀ ਵਾਢੀ ਸਮੇਂ ਨਾਲ ਸਮੇਟਣ ਦਾ ਪ੍ਰਬੰਧ ਹੈ। ਕਿਸਾਨਾਂ ਦੀ ਸ਼ਿਕਾਇਤ ਹੈ ਕਿ ਪਰਾਲੀ ਤੋਂ ਛੁਟਕਾਰਾ ਪਾਉਣ ਲਈ ਕੋਈ ਹੋਰ ਬਦਲਵਾਂ ਪ੍ਰਬੰਧ ਨਹੀਂ।

ਹਰਿਆਣਾ ਵਿਚ ਕਰਨਾਲ ਦੇ ਰਹਿਣ ਵਾਲੇ ਕਿਸਾਨ ਭੁਪਿੰਦਰ ਸਿੰਘ ਦਾ ਕਹਿਣਾ ਕਿ ਇਹ ਮਸ਼ੀਨਾਂ ਬਹੁਤ ਮਹਿੰਗੀਆਂ ਹਨ ਜਿਨ੍ਹਾਂ ਨੂੰ ਸਿਰਫ ਮਹਿੰਗੇ ਵਧ ਸ਼ਕਤੀ ਵਾਲੇ ਟਰੈਕਟਰਾਂ ਨਾਲ ਹੀ ਚਲਾਇਆ ਜਾ ਸਕਦਾ ਹੈ। ਛੋਟੇ ਕਿਸਾਨ ਇਸ ਤਰ੍ਹਾਂ ਦੇ ਖੇਤੀ ਸੰਦਾਂ ਦਾ ਜੁਗਾੜ ਨਹੀਂ ਕਰ ਸਕਦੇ। ਛੋਟੇ ਕਿਸਾਨਾਂ ਨੇ ਇਹ ਵੀ ਦੋਸ਼ ਲਾਇਆ ਕਿ ਅਧਿਕਾਰੀ ਵੀ ਉਨ੍ਹਾਂ ਨੂੰ ਪਰੇਸ਼ਾਨ ਕਰਦੇ ਹਨ। ਸੰਗਰੂਰ ਤੋਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਣ ਸਿੰਘ ਨੇ ਕਿਹਾ ਕਿ ਕਿਸਾਨਾਂ ਕੋਲ ਬਦਲਵੇਂ ਪ੍ਰਬੰਧਾਂ ਲਈ ਪੈਸੇ ਨਹੀਂ, ਇਸ ਲਈ ਉਨ੍ਹਾਂ ਕੋਲ ਪਰਾਲੀ ਨੂੰ ਅੱਗ ਲਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ। ਇਹ ਦੇਖਣ ਵਿਚ ਆਇਆ ਹੈ ਕਿ ਦੋਵਾਂ ਰਾਜਾਂ ਵਿਚ ਪਰਾਲੀ ਸਾੜਨ ਕਾਰਨ ਕੌਮੀ ਰਾਜਧਾਨੀ ਦਿੱਲੀ ਵਿਚ ਪ੍ਰਦੂਸ਼ਣ ਦਾ ਪੱਧਰ ਕਾਫੀ ਵਧ ਜਾਂਦਾ ਹੈ।

## ਹਰ ਸਾਲ ਫੂਕੀ ਜਾਂਦੀ ਹੈ 2 ਕਰੋੜ ਟਨ ਝੋਨੇ ਦੀ ਪਰਾਲੀ

**ਚੰਡੀਗੜ੍ਹ:** ਪੰਜਾਬ ਵਿਚ ਹਰ ਸਾਲ ਤਕਰੀਬਨ 2 ਕਰੋੜ ਟਨ ਝੋਨੇ ਦੀ ਪਰਾਲੀ ਫੂਕ ਦਿੱਤੀ ਜਾਂਦੀ ਹੈ। ਇਸ ਵਿਚੋਂ ਤਕਰੀਬਨ 1.7 ਕਰੋੜ ਟਨ ਪਰਾਲੀ ਨੂੰ ਖੇਤਾਂ ਵਿਚ ਹੀ ਸਾੜ ਦਿੱਤਾ ਜਾਂਦਾ ਹੈ। ਇਹ ਮਨੁੱਖੀ ਸਿਹਤ ਲਈ ਹਾਨੀਕਾਰਕ ਹੈ। ਜੇਕਰ ਇਕ ਟਨ ਪਰਾਲੀ ਨੂੰ ਅੱਗ ਲਾ ਕੇ ਸਾੜਿਆ ਜਾਂਦਾ ਹੈ ਤਾਂ ਇਸ ਵਿਚੋਂ ਤਕਰੀਬਨ 1460 ਕਿੱਲੋ ਕਾਰਬਨ ਡਾਈਆਕਸਾਈਡ, 60 ਕਿੱਲੋ ਕਾਰਬਨ ਮੋਨੋਕਸਾਈਡ, 2 ਕਿੱਲੋ ਸਲਫਰ ਡਾਈਆਕਸਾਈਡ, 3 ਕਿੱਲੋ ਫੁਟਕਲ ਜ਼ਹਿਰੀਲੇ ਪਦਾਰਥਾਂ ਤੋਂ ਇਲਾਵਾ ਸਭ ਤੋਂ ਘੱਟ ਜ਼ਹਿਰੀਲੀ ਪਰ ਵੱਡੀ ਮਾਤਰਾ ਵਿੱਚ 199 ਕਿੱਲੋ ਸੁਆਹ ਬਣਦੀ ਹੈ। ਖੇਤਾਂ ਵਿਚ ਪਰਾਲੀ ਸਾੜਨ ਨਾਲ ਹਰ ਵਾਰ ਤਕਰੀਬਨ 12 ਹਜ਼ਾਰ ਦਰਖਤ ਸੜ ਜਾਂਦੇ ਹਨ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ, ਕਿਉਂਕਿ ਅੱਗ ਲਾਉਣ ਕਾਰਨ 80 ਫੀਸਦੀ ਨਾਈਟ੍ਰੋਜਨ ਨਸ਼ਟ ਹੋ ਜਾਂਦੀ ਹੈ।

ਮਨੁੱਖ ਤੇ ਵਾਤਾਵਰਨ 'ਤੇ ਹੋ ਰਹੇ ਅਜਿਹੇ ਮਾਰੂ ਸਿੱਟਿਆਂ ਕਾਰਨ ਕੌਮੀ ਹਰਿਤ ਟ੍ਰਿਬਿਊਨਲ ਨੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸਖਤੀ ਨਾਲ ਪਰਾਲੀ ਨਾ ਸਾੜਨ ਦੇਣ ਦਾ ਹੁਕਮ ਦਿੱਤਾ ਹੈ।


# ਆਬੂ ਧਾਬੀ ਵਿਚ 8 ਭਾਰਤੀਆਂ ਨੇ ਦਸ ਦਸ ਲੱਖ ਦਰਾਮ ਦਾ ਜੈਕਪੌਟ ਜਿੱਤਿਆ

**ਦੁਬਈ:** ਆਬੂ ਧਾਬੀ ਵਿਚ ਕਰਵਾਏ ਮੈਗਾ ਰਾਫਲ ਡਰਾਅ ਵਿਚ 10 ਲੋਕਾਂ ਨੇ 10-10 ਲੱਖ ਦਰਾਮ ਦਾ ਜੈਕਪੌਟ ਜਿੱਤਿਆ ਹੈ। ਇਨ੍ਹਾਂ ਜੇਤੂਆਂ ਵਿਚ 8 ਭਾਰਤੀ ਹਨ, ਜਦ ਕਿ ਇਕ ਕੈਨੇਡਾ ਅਤੇ ਇਕ ਮਹਿਲਾ ਫਿਲਪੀਨ ਤੋਂ ਹੈ। ਇਹ 'ਬਿੱਗ ਟਿਕਟ ਡਰਾਅ' ਆਬੂ ਧਾਬੀ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਕਰਵਾਇਆ ਗਿਆ ਸੀ।

ਜ਼ਿਕਰਯੋਗ ਹੈ ਕਿ ਇਹ ਯੂ.ਏ.ਈ. ਦੀ ਰਾਜਧਾਨੀ ਵਿਚ ਨਗਦ ਇਨਾਮ ਅਤੇ ਲਗਜ਼ਰੀ ਕਾਰਾਂ ਲਈ ਸਭ ਤੋਂ ਵੱਡਾ ਅਤੇ ਸਭ ਤੋਂ ਲੰਬਾ ਚੱਲਣ ਵਾਲਾ ਮਾਸਿਕ ਰਾਫਲ ਡਰਾਅ ਹੈ। ਲਾਟਰੀ ਜਿੱਤਣ ਵਾਲੇ 43 ਸਾਲਾ ਚੰਦ੍ਰੇਸ਼ ਮੋਤੀਵਰਸ 2005 ਤੋਂ ਦੁਬਈ ਦੇ ਇਕ ਜਵੈਲਰੀ ਗਰੁੱਪ ਵਿਚ ਚੀਫ ਅਕਾਊਟੈਂਟ ਹਨ।

ਬਾਕੀ ਭਾਰਤੀ ਜੇਤੂਆਂ ਵਿਚ ਆਬੂ ਧਾਬੀ ਵਿਚ ਸਪਿੱਨੀਸ ਵਿਚ ਪਰਚੇਜਿੰਗ ਮੈਨੇਜਰ ਅਭੈ ਕੁਮਾਰ ਹਨ, ਜਦ ਕਿ ਇਕ ਜੇਤੂ ਕੇਰਲ ਤੋਂ ਹੈ। ਉਸ ਨੇ ਦੱਸਿਆ ਕਿ ਇਹ ਟਿਕਟ ਉਸ ਨੇ ਆਪਣੇ ਦੋਸਤ ਨਾਲ ਸਾਂਝੀ ਖਰੀਦੀ ਸੀ ਜਿਸ ਕਾਰਨ ਉਹ ਇਨਾਮੀ ਰਾਸ਼ੀ ਆਪਣੇ ਦੋਸਤ ਨਾਲ ਵੰਡੇਗਾ। ਇਨ੍ਹਾਂ ਜੇਤੂਆਂ 'ਚੋਂ ਇਕ ਕ੍ਰਿਸ਼ਨਨ ਨੇ ਦੱਸਿਆ ਕਿ ਉਹ ਪਿਛਲੇ 10 ਸਾਲਾਂ ਤੋਂ ਲਗਾਤਾਰ ਇਸ ਜੈਕਪੌਟ ਲਈ ਟਿਕਟ ਖਰੀਦ ਰਿਹਾ ਸੀ ਪਰ ਪਹਿਲੀ ਵਾਰ ਇਨਾਮ ਮਿਲ ਰਿਹਾ ਹੈ।

# ਬ੍ਰਿਟਿਸ਼ ਲੇਖਕ ਕਾਜ਼ੂਓ ਇਸ਼ੀਗੁਰੋ ਨੂੰ ਸਾਹਿਤ ਦਾ ਨੋਬਲ ਪੁਰਸਕਾਰ



**ਸਟਾਕਹੋਮ:** 'ਦਿ ਰਿਮੇਨਜ਼ ਆਫ ਦਿ ਡੇਅ' ਨਾਵਲ ਦੇ ਬ੍ਰਿਟਿਸ਼ ਲੇਖਕ ਕਾਜ਼ੂਓ ਇਸ਼ੀਗੁਰੋ ਨੂੰ ਸਾਹਿਤ ਦਾ ਨੋਬਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਸਵੀਡਿਸ਼ ਅਕੈਡਮੀ ਨੇ ਕਿਹਾ ਕਿ 62 ਵਰ੍ਹਿਆਂ ਦੇ ਲੇਖਕ ਨੇ ਸ਼ਾਨਦਾਰ ਜਜ਼ਬਾਤੀ ਅਸਰ ਵਾਲੇ ਨਾਵਲਾਂ ਵਿਚ ਦੁਨੀਆਂ ਨਾਲ ਸਾਡੇ ਮੋਹ ਮਾਇਆ ਦੀ ਭਾਵਨਾ ਨਾਲ ਜੁੜੇ ਰਸਾਤਲ ਨੂੰ ਉਜਾਗਰ ਕੀਤਾ ਹੈ। ਇਸੇ ਨਾਵਲ 'ਤੇ ਫਿਲਮ ਵੀ ਬਣੀ ਹੈ ਜਿਸ ਵਿਚ ਐਂਥਨੀ ਹੌਪਕਿਨਜ਼ ਨੇ ਖਾਨਸਾਮੇ ਸਟੀਵਨਜ਼ ਦੀ ਭੂਮਿਕਾ ਨਿਭਾਈ ਹੈ। ਇਸ਼ੀਗੁਰੋ ਨੇ ਅੱਠ ਕਿਤਾਬਾਂ ਅਤੇ ਫਿਲਮ ਤੇ ਟੈਲੀਵਿਜ਼ਨ ਦੀਆਂ ਕਈ ਪਟਕਥਾਵਾਂ ਵੀ ਲਿਖੀਆਂ ਹਨ। ਉਨ੍ਹਾਂ ਨੂੰ 1989 ਵਿਚ 'ਦਿ ਰਿਮੇਨਜ਼ ਆਫ ਦਿ ਡੇਅ' ਲਈ ਬੁੱਕਰ ਪੁਰਸਕਾਰ ਵੀ ਮਿਲਿਆ ਸੀ।

ਨਾਗਾਸਾਕੀ (ਜਾਪਾਨ) ਵਿਚ ਜੰਮੇ ਇਸ਼ੀਗੁਰੋ ਜਦੋਂ ਪੰਜ ਵਰ੍ਹਿਆਂ ਦੇ ਸਨ ਤਾਂ ਉਹ ਪਰਿਵਾਰ ਸਮੇਤ ਬ੍ਰਿਟੇਨ ਆ ਕੇ ਵੱਸ ਗਏ ਸਨ। ਉਨ੍ਹਾਂ ਦੇ ਨਾਵਲ 'ਏ ਪੇਲ ਵਿਊ ਆਫ ਹਿਲਜ਼' ਅਤੇ 'ਐਨ ਆਰਟਿਸਟ ਆਫ ਦਿ ਫਲੋਟਿੰਗ ਵਰਲਡ' ਦੀ ਪਿੱਠਭੂਮੀ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਨਾਗਾਸਾਕੀ ਉਤੇ ਆਧਾਰਤ ਹੈ।

ਇਸ਼ੀਗੁਰੋ ਇਸ ਸਾਲ ਦੇ ਨੋਬਲ ਪੁਰਸਕਾਰ ਲਈ ਪਸੰਦੀਦਾ ਸਾਹਿਤਕਾਰਾਂ ਵਿਚ ਸ਼ੁਮਾਰ ਨਹੀਂ ਸੀ ਪਰ ਅਕੈਡਮੀ ਨੇ ਉਸ ਦੀ ਚੋਣ ਕਰ ਕੇ ਪਿਛਲੇ ਸਾਲ ਵਾਂਗ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪਿਛਲੇ ਸਾਲ ਬੌਬ ਡਾਇਲਾਨ ਨੂੰ ਸਾਹਿਤ ਦਾ ਨੋਬਲ ਮਿਲਿਆ ਸੀ।

# ਸਰਕਾਰਾਂ ਤੇ ਬਾਗੀਆਂ ਵਿਚਾਲੇ ਭੇੜ ਕਾਰਨ ਸੰਯੁਕਤ ਰਾਸ਼ਟਰ ਡਾਢਾ ਫਿਕਰਮੰਦ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਸਰਕਾਰਾਂ ਤੇ ਬਾਗੀਆਂ ਵਿਚਲੇ ਭੇੜ ਕਾਰਨ ਬੱਚਿਆਂ ਦੇ ਹੋ ਰਹੇ ਨੁਕਸਾਨ ਸਬੰਧੀ ਚਿੰਤਾ ਪ੍ਰਗਟਾਈ ਹੈ। ਵੱਖਵਾਦੀ ਗੁੱਟਾਂ ਤੇ ਨਕਸਲੀਆਂ ਵੱਲੋਂ ਬੱਚਿਆਂ ਨੂੰ ਆਪਣੇ ਨਾਲ ਰਲਾਉਣ ਦੀਆਂ ਸਰਕਾਰੀ ਰਿਪੋਰਟਾਂ ਬਾਰੇ ਸੰਯੁਕਤ ਰਾਸ਼ਟਰ ਮੁਖੀ ਨੇ ਕਿਹਾ ਕਿ ਸਰਕਾਰ ਤੇ ਅਜਿਹੇ ਗੁੱਟਾਂ ਵਿਚਲੀਆਂ ਹਿੰਸਕ ਘਟਨਾਵਾਂ ਕਾਰਨ ਬੱਚਿਆਂ ਉਤੇ ਮਾੜਾ ਪ੍ਰਭਾਵ ਪੈਂਦਾ ਰਹੇਗਾ। ਭਾਰਤ ਦੇ ਛੱਤੀਸਗੜ੍ਹ, ਝਾਰਖੰਡ ਅਤੇ ਜੰਮੂ-ਕਸ਼ਮੀਰ ਵਿੱਚ ਇਹ ਵਰਤਾਰਾ ਬਹੁਤ ਚਿੰਤਾਜਨਕ ਹੈ।

ਆਪਣੀ ਸਾਲਾਨਾ ਰਿਪੋਰਟ 'ਚਿਲਡਰਨ ਇਨ ਆਰਮਡ ਕਨਫਲਿਕਟ' ਵਿਚ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ਼ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਨੂੰ ਹਥਿਆਰਬੰਦ ਗੁੱਟਾਂ ਵੱਲੋਂ ਬੱਚਿਆਂ ਨੂੰ ਭਰਤੀ ਕਰਨ ਤੇ ਉਨ੍ਹਾਂ ਦੀ ਵਰਤੋਂ ਕਰਨ ਦੀਆਂ ਰਿਪੋਰਟਾਂ ਮਿਲ ਰਹੀਆਂ ਹਨ। ਇਨ੍ਹਾਂ ਗੁੱਟਾਂ ਵਿਚ ਛੱਤੀਸਗੜ੍ਹ ਤੇ ਝਾਰਖੰਡ ਵਿਚਲੇ ਨਕਸਲੀਆਂ ਦੇ ਗੁੱਟ ਵੀ ਸ਼ਾਮਲ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਰਕਾਰੀ ਰਿਪੋਰਟਾਂ ਮੁਤਾਬਕ ਹਥਿਆਰਬੰਦ ਗੁੱਟਾਂ ਵੱਲੋਂ ਜੰਮੂ-ਕਸ਼ਮੀਰ ਵਿੱਚ ਘੱਟੋ-ਘੱਟ 30 ਸਕੂਲ ਫੂਕੇ ਤੇ ਭੰਨੇ ਗਏ ਹਨ। ਇਸ ਤੋਂ ਇਲਾਵਾ ਇਹ ਵੀ ਖੁਲਾਸਾ ਹੋਇਆ ਹੈ ਕਿ ਸੁਰੱਖਿਆ ਦਸਤਿਆਂ ਨੇ ਕਈ ਹਫਤਿਆਂ ਤੱਕ ਚਾਰ ਸਕੂਲਾਂ ਦੀ ਆਪਣੇ ਕੰਮ-ਕਾਰ ਲਈ ਵਰਤੋਂ ਕੀਤੀ। ਸਕੱਤਰ ਜਨਰਲ ਨੇ ਕਿਹਾ ਕਿ ਛੱਤੀਸਗੜ੍ਹ ਵਿਚ ਤਾਂ ਕਈ ਸਕੂਲ ਵੀ ਮਾਓਵਾਦੀਆਂ ਵੱਲੋਂ ਚਲਾਏ ਜਾ ਰਹੇ ਹਨ ਤੇ ਬੱਚਿਆਂ ਨੂੰ ਜੰਗੀ ਟਰੇਨਿੰਗ ਦਿੱਤੀ ਜਾ ਰਹੀ ਹੈ। ਸੰਯੁਕਤ ਰਾਸ਼ਟਰ ਮੁਖੀ ਨੇ ਕਿਹਾ ਕਿ ਪੜਤਾਲ ਤੇ ਰਿਪੋਰਟਿੰਗ ਸਬੰਧੀ ਪਾਬੰਦੀਆਂ ਕਾਰਨ ਸੰਯੁਕਤ ਰਾਸ਼ਟਰ ਹਥਿਆਰਬੰਦ ਗੁੱਟਾਂ ਵੱਲੋਂ ਬੱਚੇ ਭਰਤੀ ਕੀਤੇ ਜਾਣ ਦੀ ਰਿਪੋਰਟਾਂ ਦੀ ਪੁਸ਼ਟੀ ਨਹੀਂ ਕਰ ਸਕਿਆ। ਇਸ ਸਾਲ ਮਾਰਚ ਮਹੀਨੇ ਪੁਲਿਸ ਨੇ ਝਾਰਖੰਡ ਦੇ ਜ਼ਿਲ੍ਹਾ ਗੁਮਲਾ ਵਿਚ ਅਜਿਹੇ 23 ਬੱਚਿਆਂ ਦੀ ਪਛਾਣ ਕੀਤੀ ਸੀ ਤੇ ਉਨ੍ਹਾਂ ਨੂੰ ਵੱਖ-ਵੱਖ ਸਕੂਲਾਂ ਵਿਚ ਭਰਤੀ ਕਰਵਾਉਣ ਵਿਚ ਵੀ ਮਦਦ ਕੀਤੀ ਸੀ। ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿਚ ਹਥਿਆਰਬੰਦ ਗੁੱਟਾਂ ਵੱਲੋਂ ਬੱਚਿਆਂ ਦੀ ਆਤਮਘਾਤੀ ਹਮਲਾਵਰਾਂ ਵਜੋਂ ਵਰਤੋਂ 'ਤੇ ਵੀ ਚਿੰਤਾ ਪ੍ਰਗਟਾਈ ਗਈ ਹੈ।

ਸ੍ਰੀ ਗੁਟੇਰੇਜ਼ ਨੇ ਕਿਹਾ ਕਿ ਸੰਨ 2016 ਵਿਚ ਵੱਖ-ਵੱਖ ਵਿਵਾਦਾਂ ਕਾਰਨ ਅੱਠ ਹਜ਼ਾਰ ਤੋਂ ਵੱਧ ਬੱਚੇ ਮਾਰੇ ਗਏ ਜਾਂ ਜ਼ਖ਼ਮੀ ਹੋਏ। ਉਨ੍ਹਾਂ ਨੇ ਵਿਵਾਦਾਂ ਨਾਲ ਸਬੰਧਤ ਧਿਰਾਂ ਨੂੰ ਅਪੀਲ ਕੀਤੀ ਕਿ ਕੌਮਾਂਤਰੀ ਮਨੁੱਖੀ ਅਧਿਕਾਰ ਕਾਨੂੰਨ ਤਹਿਤ ਬੱਚਿਆਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਨਿਭਾਈ ਜਾਵੇ।

### ਬੱਚਿਆਂ ਨੂੰ ਬਾਗੀਆਂ ਵਿਚ ਸ਼ਾਮਲ ਕਰਨ ਬਾਰੇ ਖੁਲਾਸੇ



# ਇਕ ਹੋਰ ਯੂਰਪੀ ਦੇਸ਼ ਦਾ ਬੁਰਕੇ ਖਿਲਾਫ ਆਇਆ ਫਰਮਾਨ



**ਕੋਪਨਹੇਗਨ:** ਯੂਰਪੀ ਦੇਸ਼ ਡੈਨਮਾਰਕ ਵੀ ਬੁਰਕੇ ਅਤੇ ਨਕਾਬ 'ਤੇ ਪਾਬੰਦੀ ਲਾਉਣ ਦੀ ਤਿਆਰੀ ਵਿਚ ਹੈ। ਡੈਨਮਾਰਕ ਦੀ ਸੰਸਦ ਵਿਚ ਜ਼ਿਆਦਾਤਰ ਪਾਰਟੀਆਂ ਨੇ ਮੁਸਲਿਮ ਔਰਤਾਂ ਦੇ ਇਸ ਪਹਿਰਾਵੇ ਉਤੇ ਪਾਬੰਦੀ ਲਗਾਉਣ ਦਾ ਸਮਰਥਨ ਕੀਤਾ ਹੈ। ਯੂਰਪ ਵਿਚ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ਉਤੇ ਚਿਹਰਾ ਢੱਕਣ ਦੇ ਪਹਿਰਾਵੇ ਜਿਵੇਂ ਬੁਰਕਾ ਅਤੇ ਨਕਾਬ ਨੂੰ ਲੈ ਕੇ ਲੋਕ ਰਾਇ ਵੱਖ-ਵੱਖ ਹੈ।

ਕੁਝ ਲੋਕ ਧਾਰਮਿਕ ਆਜ਼ਾਦੀ ਦੀ ਦੁਹਾਈ ਦੇ ਰਹੇ ਹਨ ਤੇ ਕੁਝ ਇਹ ਦਲੀਲ ਦੇ ਰਹੇ ਹਨ ਕਿ ਇਸ ਤਰ੍ਹਾਂ ਦੇ ਪਹਿਰਾਵੇ ਔਰਤਾਂ 'ਤੇ ਅੱਤਿਆਚਾਰ ਦੇ ਪ੍ਰਤੀਕ ਹਨ। ਡੈਨਮਾਰਕ ਵਿਚ ਗੱਠਜੋੜ ਸਰਕਾਰ ਵਿਚ ਸਭ ਤੋਂ ਵੱਡੀ ਪਾਰਟੀ ਲਿਬਰਲ ਪਾਰਟੀ ਦੇ ਬੁਲਾਰੇ ਜੈਕਬ ਏਲੇਮੈਨ-ਜੇਨਸੇਨ ਨੇ ਕਿਹਾ ਕਿ ਇਹ ਪਾਬੰਦੀ ਧਾਰਮਿਕ ਪਹਿਰਾਵੇ 'ਤੇ ਨਹੀਂ ਬਲਕਿ ਚਿਹਰਾ ਢੱਕਣ ਉਤੇ ਹੈ। ਸੱਤਾਧਾਰੀ ਗੱਠਜੋੜ ਦੇ ਇਕ ਹੋਰ ਭਾਈਵਾਲ ਡੇਨਿਸ਼ ਪੀਪਲਜ਼ ਪਾਰਟੀ ਅਤੇ ਮੁੱਖ ਵਿਰੋਧੀ ਸੋਸ਼ਲ ਡੈਮੋਯੇਟਸ ਨੇ ਵੀ ਕਿਹਾ ਕਿ ਅਸੀਂ ਸਾਰੇ ਬੁਰਕੇ 'ਤੇ ਪਾਬੰਦੀ ਲਗਾਉਣ ਦੇ ਪੱਖ ਵਿਚ ਹਾਂ। ਅਸੀਂ ਅਜੇ ਇਹ ਚਰਚਾ ਕਰ ਰਹੇ ਹਾਂ ਕਿ ਇਸ ਨੂੰ ਕਿਸ ਤਰ੍ਹਾਂ ਅਮਲ ਵਿਚ ਲਿਆਂਦਾ ਜਾਏ।

## ਇਨ੍ਹਾਂ ਦੇਸ਼ਾਂ 'ਚ ਹੈ ਪਾਬੰਦੀ

ਫਰਾਂਸ, ਬੈਲਜੀਅਮ, ਨੀਦਰਲੈਂਡ, ਬੁਲਗਾਰੀਆ ਅਤੇ ਜਰਮਨੀ ਦੇ ਬਾਵੇਰੀਆ ਸੂਬੇ ਵਿਚ ਜਨਤਕ ਥਾਵਾਂ 'ਤੇ ਚਿਹਰੇ ਨੂੰ ਪੂਰੀ ਤਰ੍ਹਾਂ ਢੱਕਣ 'ਤੇ ਪਾਬੰਦੀ ਹੈ। ਨਾਰਵੇ ਸਰਕਾਰ ਵੀ ਇਸ ਸਾਲ ਜੂਨ ਵਿਚ ਸਕੂਲਾਂ ਅਤੇ ਕਾਲਜਾਂ ਵਿਚ ਚਿਹਰਾ ਢੱਕਣ 'ਤੇ ਰੋਕ ਲਾਉਣ ਦਾ ਪ੍ਰਸਤਾਵ ਲਿਆਈ ਸੀ।

# ਲਿਬੜਾ ਫਾਰਮ ਹਾਊਸ 'ਚੋਂ ਮਿਲੇ ਹਥਿਆਰ

**ਖੰਨਾ:** ਸ਼ਹਿਰ ਵਿਚ ਬਣੇ ਹੋਏ ਲਿਬੜਾ ਫਾਰਮ ਹਾਊਸ ਵਿਚੋਂ ਪੁਲਿਸ ਨੂੰ ਵੱਡੀ ਮਾਤਰਾ ਵਿਚ ਹਥਿਆਰ ਬਰਾਮਦ ਹੋਏ ਹਨ। ਇਸ ਮੌਕੇ ਏਅਰਗੰਨ ਤੋਂ ਲੈ ਕੇ ਸੈਮੀ ਆਟੋਮੈਟਿਕ ਰਾਈਫਲ ਤੱਕ ਦੇ ਹਥਿਆਰ ਮਿਲੇ ਸਨ। ਪੁਲਿਸ ਨੇ ਦੱਸਿਆ ਕਿ ਬਰਾਮਦ ਕੀਤੇ ਹਥਿਆਰਾਂ ਵਿਚ ਇਕ ਟੈਲੀਸਕੋਪਿਕ ਏਅਰਗੰਨ, ਇਕ ਸੈਮੀ ਆਟੋਮੈਟਿਕ ਰਾਈਫਲ 12 ਬੋਰ, ਇਕ ਸੈਮੀ ਆਟੋਮੈਟਿਕ ਪੰਪ ਐਕਸ਼ਨ 12 ਬੋਰ, ਇਕ ਰਾਈਫਲ 30 ਬੋਰ, ਏਅਰ ਗੰਨ 450 ਬੋਰ, ਇਕਹਿਰੀ ਨਾਲ ਵਾਲੀ ਬੰਦੂਕ 303, 319 ਕਾਰਤੂਸ ਤੇ 140 ਖੋਲ ਬਰਾਮਦ ਕੀਤੇ ਗਏ ਹਨ। ਪੁਲਿਸ ਨੇ ਗੁਰਬਿਕਰਮ ਸਿੰਘ ਲਿਬੜਾ, ਹਰਪ੍ਰੀਤ ਸਿੰਘ ਨੂੰ ਬਤੌਰ ਮੁਲਜ਼ਮ ਨਾਮਜ਼ਦ ਕੀਤਾ ਹੈ।

# ਕਾਲੇ ਧਨ ਨੂੰ ਚਿੱਟਾ ਕਰਨ ਦੀ ਸਕੀਮ ਤਾਂ ਨਹੀਂ ਸੀ ਮੋਦੀ ਦੀ ਨੋਟਬੰਦੀ!



**ਨਵੀਂ ਦਿੱਲੀ:** ਰਜਿਸਟਰਾਰ ਆਫ ਕੰਪਨੀਜ਼ ਵੱਲੋਂ 2 ਲੱਖ ਤੋਂ ਜ਼ਿਆਦਾ ਸ਼ੱਕੀ ਕੰਪਨੀਆਂ ਵਿਚੋਂ 5,800 ਨੂੰ ਬੰਦ ਕਰਨ ਤੋਂ ਬਾਅਦ ਕੇਂਦਰ ਸਰਕਾਰ ਨੇ ਖਦਸ਼ਾ ਜਤਾਇਆ ਹੈ ਕਿ ਇਨ੍ਹਾਂ ਨੇ ਨੋਟਬੰਦੀ ਤੋਂ ਬਾਅਦ ਤਕਰੀਬਨ 4,500 ਕਰੋੜ ਰੁਪਏ ਦਾ ਕਾਲਾ ਧਨ ਸਫੈਦ ਕੀਤਾ ਹੈ। ਰਜਿਸਟਰਾਰ ਵੱਲੋਂ ਇਸੇ ਸਾਲ 2,09,032 ਸ਼ੱਕੀ ਕੰਪਨੀਆਂ ਨੂੰ ਬੰਦ ਕਰ ਦਿੱਤਾ ਗਿਆ ਸੀ ਜਿਨ੍ਹਾਂ ਤੋਂ 13 ਬੈਂਕਾਂ ਰਾਹੀਂ ਚਾਲੂ ਖਾਤੇ ਸ਼ੱਕ ਦੇ ਘੇਰੇ ਵਿਚ ਆਏ ਹਨ।


ਦੱਸ ਦਈਏ ਕਿ ਦੋ ਲੱਖ ਤੋਂ ਵੱਧ ਸ਼ੱਕੀ ਕੰਪਨੀਆਂ ਵਿਚੋਂ ਹਾਲੇ ਸਿਰਫ 5,800 ਬਾਰੇ 13 ਬੈਂਕਾਂ ਨੇ 13,140 ਖਾਤਿਆਂ ਬਾਰੇ ਸੂਚਨਾ ਦਿੱਤੀ ਹੈ। ਇਹ ਬੰਦ ਕੀਤੀਆਂ ਕੰਪਨੀਆਂ ਸਿਰਫ ਆਪਣੀਆਂ ਦੇਣਦਾਰੀਆਂ ਹੀ ਉਤਾਰ ਸਕਣਗੀਆਂ, ਬਾਕੀ ਸਾਰੇ ਲੈਣ ਦੇਣ ਠੱਪ ਕਰ ਦਿੱਤੇ ਗਏ ਹਨ। ਇਨ੍ਹਾਂ ਕੰਪਨੀਆਂ ਵਿਚੋਂ ਕੁਝ ਅਜਿਹੀਆਂ ਹਨ, ਜਿਨ੍ਹਾਂ ਦੇ ਨਾਂਵਾਂ ਉਤੇ 100 ਤੋਂ ਵਧੇਰੇ ਖਾਤੇ ਹਨ। ਇਨ੍ਹਾਂ ਸ਼ੱਕੀ ਕੰਪਨੀਆਂ ਦਾ ਨੋਟਬੰਦੀ ਲਾਗੂ ਹੋਣ ਵਾਲੇ ਦਿਨ (8 ਨਵੰਬਰ 2016) ਖਾਤਿਆਂ ਵਿਚ ਅਸਲ ਰਕਮ ਤਕਰੀਬਨ 22.05 ਕਰੋੜ ਰੁਪਏ ਸੀ।

ਇਸ ਤੋਂ ਬਾਅਦ ਇਨ੍ਹਾਂ ਦੇ ਖਾਤਿਆਂ ਵਿਚ ਵੱਡੀ ਗਿਣਤੀ ਵਿਚ ਰੁਪਏ ਜਮ੍ਹਾਂ ਹੋਏ ਜੋ ਕਿ 4,573.87 ਕਰੋੜ ਰੁਪਏ ਬਣਦੇ ਹਨ। ਇਸ ਤੋਂ ਇਲਾਵਾ ਲਗਭਗ ਇੰਨੀ ਹੀ ਰਕਮ (4,552 ਕਰੋੜ ਰੁਪਏ) ਵਾਪਸ ਕਢਵਾਏ ਗਏ ਹਨ। ਬੈਂਕਾਂ ਵੱਲੋਂ ਪ੍ਰਾਪਤ ਇਸ ਜਾਣਕਾਰੀ ਤੋਂ ਇਹ ਪਤਾ ਲੱਗਾ ਹੈ ਕਿ 429 ਕੰਪਨੀਆਂ, ਜਿਨ੍ਹਾਂ ਦੇ ਖਾਤਿਆਂ ਵਿਚ 8 ਨਵੰਬਰ 2016 ਤੱਕ ਕੋਈ ਪੈਸਾ ਨਹੀਂ ਸੀ, ਉਨ੍ਹਾਂ ਨੇ ਵੀ ਬਾਅਦ ਵਿਚ 11 ਕਰੋੜ ਰੁਪਏ ਜਮ੍ਹਾਂ ਕਰਵਾਏ ਸਨ ਤੇ ਜਿਸ ਦਿਨ ਖਾਤੇ ਬੰਦ ਕੀਤੇ ਗਏ, ਉਸ ਸਮੇਂ ਸਿਰਫ 42,000 ਰੁਪਏ ਹੀ ਰਹਿ ਗਏ ਸਨ। ਇਨ੍ਹਾਂ ਅੰਕੜਿਆਂ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਕਾਲੇ ਧਨ ਨੂੰ ਸਫੈਦ ਕਰਨ ਵਿਚ ਇਨ੍ਹਾਂ ਕੰਪਨੀਆਂ ਨੇ ਵੱਡੀ ਖੇਡ ਖੇਡਣ ਦੀ ਕੋਸ਼ਿਸ਼ ਕੀਤੀ ਸੀ। ਕੇਂਦਰ ਨੇ ਜਾਂਚ ਏਜੰਸੀਆਂ ਨੂੰ ਇਹ ਜਾਂਚ ਸਮਾਂਬੱਧ ਤਰੀਕੇ ਨਾਲ ਕਰਨ ਦੀ ਹਦਾਇਤ ਵੀ ਕੀਤੀ ਹੈ।

## ਮੋਦੀ ਦੇ 'ਵਿਕਾਸ' ਖਿਲਾਫ ਲਾਮਬੰਦੀ ਤੇਜ਼

### ਵੱਡੇ ਫੈਸਲੇ ਸਿਰਫ ਢਾਈ ਬੰਦੇ ਲੈ ਰਹੇ: ਸ਼ੌਰੀ

**ਨਵੀਂ ਦਿੱਲੀ:** ਯਸ਼ਵੰਤ ਸਿਨਹਾ ਤੋਂ ਬਾਅਦ ਇਕ ਵਾਰ ਮੁੜ ਭਾਜਪਾ ਅੰਦਰੋਂ ਹੀ ਮੋਦੀ ਸਰਕਾਰ ਖਿਲਾਫ ਆਵਾਜ਼ ਉਠੀ ਹੈ। ਹੁਣ ਵਾਜਪਾਈ ਸਰਕਾਰ ਵਿਚ ਮੰਤਰੀ ਰਹੇ ਅਰੁਣ ਸ਼ੌਰੀ ਨੇ ਹਮਲਾ ਬੋਲਿਆ ਹੈ। ਇਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦੇ ਹੋਏ ਸ਼ੌਰੀ ਨੇ ਕਿਹਾ ਕਿ ਨੋਟਬੰਦੀ ਕਾਲੇ ਧਨ ਨੂੰ ਸਫੈਦ ਕਰਨ ਦੀ ਸਰਕਾਰ ਦੀ ਵੱਡੀ ਸਕੀਮ ਸੀ। ਸ਼ੌਰੀ ਨੇ ਇਹ ਵੀ ਕਿਹਾ ਕਿ ਵੱਡੇ ਆਰਥਿਕ ਫੈਸਲੇ ਸਿਰਫ ਢਾਈ ਬੰਦੇ ਲੈ ਰਹੇ ਹਨ। ਪੀ.ਐਮ. ਨਰੇਂਦਰ ਮੋਦੀ, ਭਾਜਪਾ ਪ੍ਰਧਾਨ ਅਮਿਤ ਸ਼ਾਹ ਤੇ ਘਰ ਦੇ ਵਕੀਲ, ਉਨ੍ਹਾਂ ਦਾ ਇਸ਼ਾਰਾ ਵਿੱਤ ਮੰਤਰੀ ਅਰੁਣ ਜੇਤਲੀ ਵੱਲ ਸੀ।



### ਅਰਥਚਾਰੇ ਦੇ ਚੀਰਹਰਨ 'ਤੇ ਚੁੱਪ ਨਹੀਂ ਰਹਾਂਗਾ: ਸਿਨਹਾ

**ਨਵੀਂ ਦਿੱਲੀ:** ਭਾਰਤੀ ਅਰਥਚਾਰੇ ਦੀ ਮਾੜੀ ਹਾਲਤ ਸਬੰਧੀ ਇਲਜ਼ਾਮਾਂ ਅਤੇ ਜਵਾਬਾਂ ਦੀ ਸ਼ਬਦੀ ਜੰਗ 'ਚ ਇਕ ਵਾਰ ਫਿਰ ਸਾਬਕਾ ਖਜ਼ਾਨਾ ਮੰਤਰੀ ਯਸ਼ਵੰਤ ਸਿਨਹਾ ਨੇ ਸਰਕਾਰ ਦੇ ਦਾਅਵਿਆਂ ਅਤੇ ਪੇਸ਼ ਅੰਕੜਿਆਂ ਨੂੰ ਖਾਰਜ ਕਰਦਿਆਂ ਕਿਹਾ ਕਿ ਜੇਕਰ ਕੇਂਦਰ ਅੰਕੜਿਆਂ ਨਾਲ ਤਸਵੀਰ ਦਾ ਇਕ ਰੁਖ ਦਿਖਾਏਗਾ ਤਾਂ ਉਹ ਵੀ ਦੂਜਾ ਰੁਖ ਵਿਖਾ ਕੇ ਜ਼ਮੀਨੀ ਹਕੀਕਤ ਨਾਲ ਰੂਬਰੂ ਕਰਵਾਉਣਗੇ। ਕੇਂਦਰ ਅਤੇ ਬਾਗੀ ਭਾਜਪਾ ਆਗੂਆਂ ਦਰਮਿਆਨ ਛਿੜੀ ਇਸ 'ਮਹਾਂਭਾਰਤ' ਵਿਚ ਬੋਲਦਿਆਂ ਯਸ਼ਵੰਤ ਸਿਨਹਾ ਨੇ ਕਿਹਾ ਕਿ ਅਰਥਵਿਵਸਥਾ ਦਾ 'ਚੀਰਹਰਨ' ਹੋਏਗਾ ਤਾਂ ਉਹ ਚੁੱਪ ਨਹੀਂ ਰਹਿਣਗੇ।



### ਰੋਜ਼ਗਾਰ ਦੇਣ ਦਾ ਵਾਅਦਾ ਪੂਰਾ ਕਰੇ ਮੋਦੀ: ਰਾਹੁਲ

**ਅਮੇਠੀ:** ਕਾਂਗਰਸ ਦੇ ਉਪ-ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਰੋਜ਼ਗਾਰ ਬਾਰੇ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਹੁਣ ਸਮਾਂ ਬਰਬਾਦ ਕਰਨ ਦੀ ਬਜਾਏ ਦੇਸ਼ ਵਾਸੀਆਂ ਨੂੰ ਰੋਜ਼ਗਾਰ ਦੇਣ ਦੇ ਵਾਅਦੇ ਨੂੰ ਪੂਰਾ ਕਰੇ। ਰਾਹੁਲ ਨੇ ਕਿਹਾ ਕਿ ਭਾਰਤ 'ਚ ਕਿਸਾਨਾਂ ਤੇ ਯੁਵਕਾਂ ਦੇ ਸਭ ਤੋਂ ਅਹਿਮ ਮਸਲੇ ਹਨ ਤੇ ਜੇਕਰ ਮੋਦੀ ਜੀ ਇਨ੍ਹਾਂ ਵੱਲ ਧਿਆਨ ਨਹੀਂ ਦੇਣਾ ਚਾਹੁੰਦੇ ਤਾਂ ਉਹ ਦੱਸ ਦੇਣ ਅਤੇ ਕਾਂਗਰਸ ਦੇ ਸੱਤਾ 'ਚ ਆਉਣ ਉਤੇ ਇਨ੍ਹਾਂ ਮਸਲਿਆਂ ਦਾ 6 ਮਹੀਨਿਆਂ ਵਿਚ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।



## ਆਲੋਚਨਾ ਝੱਲ ਰਹੀ ਸਰਕਾਰ ਨੇ ਜੀ.ਐਸ.ਟੀ. ਦਾ ਸ਼ਿਕੰਜਾ ਥੋੜ੍ਹਾ ਢਿੱਲਾ ਕੀਤਾ

**ਨਵੀਂ ਦਿੱਲੀ:** ਦੇਸ਼ ਵਿਚ ਅਸਿੱਧੇ ਕਰਾਂ ਦਾ ਨਵਾਂ ਨਿਜ਼ਾਮ ਜੀ.ਐਸ.ਟੀ. ਲਾਗੂ ਕਰਨ ਦੇ ਤਿੰਨ ਮਹੀਨੇ ਬਾਅਦ ਇਸ ਸਬੰਧੀ ਉਚ ਅਧਿਕਾਰ ਪ੍ਰਾਪਤ ਜੀ.ਐਸ.ਟੀ. ਕੌਂਸਲ ਨੇ ਆਪਣੀ ਮੀਟਿੰਗ ਦੌਰਾਨ ਕਰ ਢਾਂਚੇ ਵਿਚ ਵਿਆਪਕ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਤਬਦੀਲੀਆਂ ਤਹਿਤ ਛੋਟੇ ਤੇ ਦਰਮਿਆਨੇ ਕਾਰੋਬਾਰੀਆਂ ਨੂੰ ਕਰ ਰਿਟਰਨਾਂ ਭਰਨ ਤੇ ਕਰਾਂ ਦੀ ਅਦਾਇਗੀ ਸਬੰਧੀ ਭਾਰੀ ਰਾਹਤ ਦਿੱਤੀ ਗਈ ਹੈ ਅਤੇ ਬਰਾਮਦਕਾਰਾਂ ਸਬੰਧੀ ਨਿਯਮ ਨਰਮ ਕਰਨ ਦੇ ਨਾਲ ਹੀ 27 ਵਸਤਾਂ ਉਤੇ ਟੈਕਸ ਦਰ ਘਟਾ ਦਿੱਤੀ ਗਈ ਹੈ। ਕੌਂਸਲ ਵੱਲੋਂ ਲਏ ਤਾਜ਼ਾ ਫੈਸਲਿਆਂ ਮੁਤਾਬਕ ਸਾਲਾਨਾ 1.50 ਕਰੋੜ ਰੁਪਏ ਦੇ ਕਾਰੋਬਾਰ ਵਾਲੇ ਕਾਰੋਬਾਰੀਆਂ ਨੂੰ ਪਹਿਲੇ ਨਿਯਮਾਂ ਤਹਿਤ ਹਰ ਮਹੀਨੇ ਆਮਦਨ ਰਿਟਰਨਾਂ ਭਰਨ ਤੇ ਕਰ ਅਦਾ ਕਰਨ ਤੋਂ ਛੋਟ ਦਿੱਤੀ ਗਈ ਹੈ। ਹੁਣ ਉਹ ਤਿਮਾਹੀ ਰਿਟਰਨਾਂ ਭਰ ਤੇ ਕਰ ਅਦਾ ਕਰ ਸਕਣਗੇ। ਇਕ ਹੋਰ ਅਹਿਮ ਫੈਸਲੇ ਤਹਿਤ ਜਵਾਹਰਾਤ ਤੇ ਗਹਿਣਿਆਂ ਨੂੰ ਜੀ.ਐਸ.ਟੀ. ਦੇ ਦਾਇਰੇ ਤੋਂ ਬਾਹਰ ਕਰ ਦਿੱਤਾ ਗਿਆ ਹੈ। ਹੁਣ ਇਸ ਸਬੰਧੀ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਇਸੇ ਤਰ੍ਹਾਂ ਦੋ ਲੱਖ ਰੁਪਏ ਤੱਕ ਦੇ ਗਹਿਣੇ ਖਰੀਦਣ ਲਈ ਹੁਣ ਪੈਨ ਨੰਬਰ ਦੇਣਾ ਜ਼ਰੂਰੀ ਨਹੀਂ ਹੋਵੇਗਾ। ਕੌਂਸਲ ਨੇ ਆਮ ਵਰਤੋਂ ਦੀਆਂ 27 ਵਸਤਾਂ ਦੀ ਕਰ ਦਰ ਘਟਾ ਦਿੱਤੀ ਹੈ। ਇਸ ਤਹਿਤ ਅਨਬਰਾਂਡਿਡ ਨਮਕੀਨ, ਅਨਬਰਾਂਡਿਡ ਆਯੁਰਵੈਦਿਕ ਦਵਾਈਆਂ, ਅੰਬ ਪਾਪੜ ਅਤੇ ਖਾਖਰਾ ਉਤੇ ਟੈਕਸ ਦੀ ਦਰ 12 ਫੀਸਦੀ ਤੋਂ ਘਟਾ ਕੇ ਪੰਜ ਫੀਸਦੀ ਕਰ ਦਿੱਤੀ ਗਈ ਹੈ। ਕੱਪੜਾ ਸਨਅਤ ਵਿਚ ਵਰਤੇ ਜਾਣ ਸੂਤ ਦੀ ਦਰ 18 ਤੋਂ ਘਟਾ ਕੇ 12 ਫੀਸਦੀ ਕੀਤੀ ਗਈ ਹੈ।

## ਲਗਾਤਾਰ 159 ਘੰਟੇ ਕੰਮ ਕਰਨ ਨਾਲ ਮਹਿਲਾ ਪੱਤਰਕਾਰ ਦੀ ਮੌਤ

**ਟੋਕੀਓ:** ਜਾਪਾਨ 'ਚ 159 ਘੰਟੇ ਓਵਰਟਾਈਮ ਕਰਨ ਵਾਲੀ ਮਹਿਲਾ ਪੱਤਰਕਾਰ ਦੀ ਮੌਤ ਹੋ ਗਈ ਹੈ। ਮ੍ਰਿਤਕ ਪੱਤਰਕਾਰ ਦਾ ਨਾਂ ਮਿਵਾ ਸਾਦੋ ਸੀ ਤੇ ਉਹ ਇਕ ਪਾਲੀਟੀਕਲ ਰਿਪੋਰਟਰ ਸੀ। ਮਿਵਾ ਜਾਪਾਨ ਦੇ ਨੈਸ਼ਨਲ ਬ੍ਰਾਡਕਾਸਟਰ ਐਨ.ਐਚ.ਏ. ਨਾਲ ਕੰਮ ਕਰਦੀ ਸੀ। ਮਿਵਾ ਸਾਦੋ ਦੀ ਮੌਤ ਸਾਲ 2013 'ਚ ਦਿਲ ਦੇ ਦੌਰੇ ਨਾਲ ਹੋਈ ਸੀ ਪਰ ਉਸ ਦੇ ਦਫਤਰ ਨੇ ਇਸੇ ਹਫਤੇ ਇਸ ਕੇਸ ਨੂੰ ਲੋਕਾਂ ਸਾਹਮਣੇ ਰੱਖਿਆ ਹੈ। ਜਾਪਾਨ ਨੈਸ਼ਨਲ ਹੈਲਥ ਸਰਵਿਸ ਵੱਲੋਂ ਕੀਤੀ ਜਾਂਚ 'ਚ ਮੌਤ ਦਾ ਕਾਰਨ ਓਵਰਟਾਈਮ ਦੱਸਿਆ ਗਿਆ। 31 ਸਾਲ ਦੀ ਮਿਵਾ ਦੀ ਮੌਤ ਕਾਰੋਸ਼ੀ ਮਤਲਬ ਵੱਧ ਕੰਮ ਕਰਨ ਕਾਰਨ ਹੋਈ। ਮਿਵਾ ਨੇ 30 ਦਿਨ 'ਚ ਸਿਰਫ ਦੋ ਦਿਨ ਛੁੱਟੀ ਕੀਤੀ ਸੀ।

## ਸ਼੍ਰੋਮਣੀ ਕਮੇਟੀ ਮੋਦੀ ਸਰਕਾਰ ਦੀ ਅੜੀ ਤੋਂ ਔਖੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਧਰਮ ਅਸਥਾਨਾਂ ਨੂੰ ਜੀ.ਐਸ.ਟੀ. ਤੋਂ ਛੋਟ ਨਾ ਦੇਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਫਾ ਹੈ। ਐਸ.ਜੀ.ਪੀ.ਸੀ. ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਸਾਬਕਾ ਸਰਕਾਰ ਨੇ ਤਾਂ ਧਰਮ ਅਸਥਾਨਾਂ ਨੂੰ 'ਵੈਟ' ਤੋਂ ਛੋਟ ਦਿੱਤੀ ਹੋਈ ਸੀ ਪਰ ਮੋਦੀ ਸਰਕਾਰ ਜੀ.ਐਸ.ਟੀ. ਲਾਉਣ ਲਈ ਬਜ਼ਿਦ ਹੈ। ਜ਼ਿਕਰਯੋਗ ਹੈ ਕਿ ਜੀ.ਐਸ.ਟੀ. ਕੌਂਸਲ ਨੇ ਛੋਟੇ ਕਾਰੋਬਾਰੀਆਂ ਨੂੰ ਤਾਂ ਜੀ.ਐਸ.ਟੀ. ਸਬੰਧੀ ਰਾਹਤ ਦੇ ਦਿੱਤੀ ਹੈ ਪਰ ਧਰਮ ਅਸਥਾਨਾਂ ਨੂੰ ਛੋਟ ਦੇਣ ਦੀ ਮੰਗ ਵੱਲ ਗੌਰ ਨਹੀਂ ਕੀਤੀ।

ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਮੁੜ ਪ੍ਰਧਾਨ ਮੰਤਰੀ ਅਤੇ ਕੇਂਦਰੀ ਵਿੱਤ ਮੰਤਰੀ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਬਡੂੰਗਰ ਨੇ ਕਿਹਾ ਕਿ ਜੀ.ਐਸ.ਟੀ. ਕੌਂਸਲ ਵੱਲੋਂ ਨਵੀਂ ਟੈਕਸ ਪ੍ਰਣਾਲੀ ਸਬੰਧੀ ਕੀਤੀ ਮੀਟਿੰਗ ਵਿਚ ਇਕ ਵਾਰ ਫਿਰ ਸ਼੍ਰੋਮਣੀ ਕਮੇਟੀ ਦੀ ਮੰਗ ਵੱਲ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਸਰਕਾਰ ਨੇ ਧਰਮ ਅਸਥਾਨਾਂ ਤੋਂ ਜੀ.ਐਸ.ਟੀ. ਹਟਾਏ ਜਾਣ ਦੀ ਮੰਗ ਜਾਣ ਬੁੱਝ ਕੇ ਨਜ਼ਰਅੰਦਾਜ਼ ਕੀਤੀ ਹੈ। ਮੀਟਿੰਗ ਵਿਚ ਅਰੁਣ ਜੇਤਲੀ ਨੇ ਕਈ ਕਾਰੋਬਾਰੀਆਂ ਨੂੰ ਛੋਟਾਂ ਦਿੱਤੀਆਂ ਹਨ ਪਰ ਧਰਮ ਅਸਥਾਨਾਂ 'ਤੇ ਜੀ.ਐਸ.ਟੀ. ਬਰਕਰਾਰ ਰੱਖਿਆ ਹੈ, ਜੋ ਨਿੰਦਣਯੋਗ ਹੈ। ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ




ਪ੍ਰਧਾਨ ਮੰਤਰੀ, ਵਿੱਤ ਮੰਤਰੀ, ਸੰਸਦ ਮੈਂਬਰਾਂ ਅਤੇ ਵੱਖ-ਵੱਖ ਸੂਬਿਆਂ ਦੇ ਵਿੱਤ ਮੰਤਰੀਆਂ ਨੂੰ ਚਿੱਠੀਆਂ ਭੇਜ ਕੇ ਸ਼੍ਰੋਮਣੀ ਕਮੇਟੀ ਸਮੇਤ ਹੋਰ ਧਰਮ ਅਸਥਾਨਾਂ ਨੂੰ ਜੀ.ਐਸ.ਟੀ. ਤੋਂ ਛੋਟ ਦੇਣ ਦੀ ਮੰਗ ਕੀਤੀ ਸੀ।

## ਮੋਦੀ ਰਾਜ ਵੇਲੇ ਛਾਲਾਂ ਮਾਰ ਕੇ ਵਧੀ ਧਨਾਢਾਂ ਦੀ ਕਮਾਈ



ਮੁਕੇਸ਼ ਅੰਬਾਨੀ



ਅਜ਼ੀਮ ਪ੍ਰੇਮਜੀ



ਦਿਲੀਪ ਸਾਂਘਵੀ

**ਨਵੀਂ ਦਿੱਲੀ:** ਰਿਲਾਇੰਸ ਇੰਡਸਟਰੀਜ਼ ਦੇ ਮਾਲਕ ਮੁਕੇਸ਼ ਅੰਬਾਨੀ ਲਗਾਤਾਰ 10ਵੇਂ ਸਾਲ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਬਣ ਕੇ ਉਭਰੇ ਹਨ। ਉਨ੍ਹਾਂ ਦੀ ਕੁਲ ਜਾਇਦਾਦ ਵਧ ਕੇ 38 ਅਰਬ ਡਾਲਰ (2.5 ਲੱਖ ਕਰੋੜ ਰੁਪਏ) ਹੋ ਗਈ ਹੈ। ਆਰਥਿਕ ਸੁਸਤੀ ਦੇ ਬਾਵਜੂਦ ਵੀ ਸਿਖਰਲੇ 100 ਅਮੀਰ ਲੋਕਾਂ ਦੀ ਜਾਇਦਾਦ ਵਿਚ 26 ਫੀਸਦੀ ਵਾਧਾ ਹੋਇਆ ਹੈ। ਅਮੀਰਾਂ ਦੀ ਜਾਇਦਾਦ ਮਾਪਣ ਵਾਲੇ ਰਸਾਲੇ ਫੋਰਬਸ ਦੀ ਸਾਲਾਨਾ ਸੂਚੀ 'ਇੰਡੀਆ ਰਿਚ ਲਿਸਟ 2017' ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।

ਰਸਾਲੇ ਅਨੁਸਾਰ ਦੇਸ਼ ਦੀ ਤੀਜੀ ਵੱਡੀ ਸਾਫਟਵੇਅਰ ਕੰਪਨੀ ਵਿਪਰੋ ਦੇ ਅਜ਼ੀਮ ਪ੍ਰੇਮਜੀ 19 ਅਰਬ ਡਾਲਰ ਦੇ ਨੈੱਟਵਰਥ ਨਾਲ ਦੂਜੇ ਸਥਾਨ ਉਤੇ ਕਾਬਜ਼ ਹੋਏ ਹਨ। ਉਹ ਪਿਛਲੇ ਸਾਲ ਦੇ ਮੁਕਾਬਲੇ ਦੋ ਪੌੜੀਆਂ ਉਪਰ ਚੜ੍ਹੇ ਹਨ। ਦਵਾਈਆਂ ਬਣਾਉਣ ਕੰਪਨੀ ਸਨ ਫਾਰਮਾ ਦੇ ਦਿਲੀਪ ਸਾਂਘਵੀ 12.1 ਅਰਬ ਡਾਲਰ ਦੀ ਜਾਇਦਾਦ ਨਾਲ 9ਵੇਂ ਸਥਾਨ ਉਤੇ ਹਨ। ਉਹ ਪਿਛਲੇ ਸਾਲ ਦੂਜੇ ਨੰਬਰ 'ਤੇ ਸਨ। ਫੋਰਬਸ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਆਰਥਕ ਪ੍ਰਯੋਗਾਂ' ਦਾ ਭਾਰਤ ਦੇ ਅਰਬਪਤੀਆਂ ਉਤੇ ਨਾਮਾਤਰ ਅਸਰ ਪਿਆ ਹੈ। ਪਿਛਲੇ ਇਕ ਸਾਲ ਦੌਰਾਨ ਮੁਕੇਸ਼ ਅੰਬਾਨੀ ਦੀ ਜਾਇਦਾਦ ਵਿਚ 15.3 ਅਰਬ ਡਾਲਰ ਯਾਨੀ ਕਿ 67 ਫੀ ਸਦੀ ਵਾਧਾ ਹੋਇਆ ਹੈ। ਇਸ ਤਰ੍ਹਾਂ ਉਹ ਸਿਖਰ ਉਤੇ ਆਪਣੀ ਪਕੜ ਮਜ਼ਬੂਤ ਕਰਨ ਦੇ ਨਾਲ ਹੀ ਏਸ਼ੀਆ ਦੇ ਸਿਖਰਲੇ ਪੰਜ ਅਮੀਰਾਂ 'ਚ ਸ਼ਾਮਲ ਹੋਣ ਵਿਚ ਸਫਲ ਰਹੇ।

ਮੁਕੇਸ਼ ਅੰਬਾਨੀ ਦੇ ਭਰਾ ਅਨਿਲ ਅੰਬਾਨੀ ਅਮੀਰਾਂ ਦੀ ਸੂਚੀ ਵਿਚ ਕਾਫੀ ਹੇਠਾਂ 45ਵੇਂ ਸਥਾਨ ਉਤੇ ਰਹੇ। ਉਨ੍ਹਾਂ ਦੀ ਜਾਇਦਾਦ 3.15 ਅਰਬ ਡਾਲਰ ਹੈ। ਪਿਛਲੇ ਸਾਲ ਉਹ 32ਵੇਂ ਅਤੇ 2015 ਵਿਚ 29ਵੇਂ ਸਥਾਨ 'ਤੇ ਰਹੇ ਸਨ। ਬਾਬਾ ਰਾਮਦੇਵ ਦੇ ਸਹਿਯੋਗੀ ਪਤੰਜਲੀ ਆਯੁਰਵੇਦ ਦੇ ਆਚਾਰੀਆ ਬਾਲਕ੍ਰਿਸ਼ਨ ਲੰਮੀ ਛਾਲ ਮਾਰ ਕੇ 6.55 ਅਰਬ ਡਾਲਰ ਯਾਨੀ ਕਿ 43 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਨਾਲ 19ਵੇਂ ਸਥਾਨ ਉਤੇ ਪਹੁੰਚ ਗਏ ਹਨ।

ਪਿਛਲੇ ਸਾਲ ਉਹ 48ਵੇਂ ਸਥਾਨ 'ਤੇ ਰਹੇ ਸਨ। ਰਸਾਲੇ ਨੇ ਕਿਹਾ ਕਿ ਭਾਰਤ ਦੀ ਆਰਥਿਕ ਸਥਿਤੀ ਡਾਵਾਂਡੋਲ ਹੋਣ ਤੋਂ ਬਾਅਦ ਵੀ ਫੋਰਬਸ ਇੰਡੀਆ ਰਿਚ ਲਿਸਟ 2017 ਵਿਚ ਸ਼ਾਮਲ ਅਮੀਰਾਂ ਦੀ ਜਾਇਦਾਦ ਸਾਂਝੇ ਤੌਰ ਉਤੇ 26 ਫੀ ਸਦੀ ਵਧੀ ਹੈ ਅਤੇ ਇਹ 479 ਅਰਬ ਡਾਲਰ ਯਾਨੀ ਕਿ 31 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਈ ਹੈ। ਪਹਿਲੇ 100 ਅਮੀਰਾਂ ਦੀ ਸੂਚੀ ਸਿਰਫ ਸੱਤ ਔਰਤਾਂ ਸ਼ਾਮਲ ਹਨ। ਇਨ੍ਹਾਂ ਵਿਚ ਓ.ਪੀ. ਜਿੰਦਲ ਸਮੂਹ ਦੀ ਚੇਅਰਪਰਸਨ ਸਾਵਿਤਰੀ ਜਿੰਦਲ ਅਤੇ ਬਾਇਓਟੈਕਨਾਲੋਜੀ ਖੇਤਰ ਦੀ ਕਿਰਨ ਮਜ਼ੂਮਦਾਰ ਸ਼ਾਮਲ ਹਨ।

ਰਸਾਲੇ ਨੇ ਅੱਗੇ ਕਿਹਾ ਕਿ ਭਾਰਤ ਦੀ ਤੇਜ਼ੀ ਨਾਲ ਅੱਗੇ ਵਧ ਰਹੇ ਅਰਥਚਾਰੇ ਨੇ ਪਿਛਲੇ ਸਾਲ ਨਵੰਬਰ ਵਿਚ ਨੋਟਬੰਦੀ ਅਤੇ ਜੀ.ਐਸ.ਟੀ. ਲਾਗੂ ਹੋਣ ਮਗਰੋਂ ਰਫਤਾਰ ਗੁਆ ਦਿੱਤੀ ਸੀ ਅਤੇ ਜੂਨ ਵਿਚ ਖਤਮ ਤਿਮਾਹੀ 'ਚ ਆਰਥਿਕ ਵਾਧਾ ਦਰ ਤਿੰਨ ਸਾਲ ਦੇ ਸਭ ਤੋਂ ਹੇਠਲੇ ਪੱਧਰ 5.7 ਫੀਸਦੀ ਉਤੇ ਆ ਗਈ ਸੀ।

## ਰਾਧੇ ਮਾਂ ਦੀ ਆਉ ਭਗਤ ਕਰ ਕੇ ਘਿਰੀ ਦਿੱਲੀ ਪੁਲਿਸ

**ਨਵੀਂ ਦਿੱਲੀ:** ਵਿਵਾਦਾਂ ਵਿਚ ਰਹਿਣ ਵਾਲੀ ਰਾਧੇ ਮਾਂ ਦੀਆਂ ਹਾਲੀਆ ਤਸਵੀਰਾਂ ਅਤੇ ਵੀਡੀਓ ਨੇ ਦਿੱਲੀ ਵਿਚ ਕੁਝ ਪੁਲਿਸ ਵਾਲਿਆਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਇਨ੍ਹਾਂ ਤਸਵੀਰਾਂ ਵਿਚ ਉਹ ਥਾਣੇ ਅੰਦਰ ਇਕ ਐਸ.ਐਚ.ਓ. ਦੀ ਕੁਰਸੀ 'ਤੇ ਬੈਠੀ ਨਜ਼ਰ ਆ ਰਹੀ ਹੈ ਅਤੇ ਇਕ ਹੋਰ ਵੀਡੀਓ ਵਿਚ ਉਹ ਇਥੇ ਇਕ ਰਾਮ ਲੀਲ੍ਹਾ ਸਮਾਗਮ ਵਿਚ ਪੁਲਿਸ ਵਾਲਿਆਂ ਨਾਲ ਨੱਚਦੀ ਹੋਈ ਨਜ਼ਰ ਆ ਰਹੀ ਹੈ। ਇਨ੍ਹਾਂ ਤਸਵੀਰਾਂ ਦੇ ਸਾਹਮਣੇ ਆਉਣ ਤੋਂ ਬਾਅਦ ਦਿੱਲੀ ਪੁਲਿਸ ਨੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ ਅਤੇ ਵਿਵੇਕ ਵਿਹਾਰ ਥਾਣੇ ਦੇ ਐਸ.ਐਚ.ਓ. ਸੰਜੇ ਸ਼ਰਮਾ ਅਤੇ ਜੀ.ਟੀ.ਬੀ. ਇਨਕਲੇਵ ਦੇ ਏ.ਐਸ.ਆਈ. ਬ੍ਰਿਜ ਭੂਸ਼ਣ ਨੂੰ ਮੁਅੱਤਲ ਕਰ ਦਿੱਤਾ ਹੈ।

# ਅੰਨਾ ਦੀ ਦੁਬਾਰਾ ਆਮਦ?

ਇਖ਼ਲਾਕੀ ਸਮਾਜ ਦੇ ਥੱਕੇ-ਹਾਰੇ, ਪਰ ਸਿਰੜੀ ਸਿਧਾਂਤਕਾਰ ਵਜੋਂ ਜਾਣੇ ਜਾਂਦੇ ਅੰਨਾ ਹਜ਼ਾਰੇ ਦੀ ਆਵਾਜ਼ ਹੁਣ ਫਿਰ ਸੁਣਾਈ ਦਿੱਤੀ ਹੈ। ਗਾਂਧੀ ਜੈਅੰਤੀ ਵਾਲੇ ਦਿਨ ਉਹ ਰਾਜਘਾਟ ਵਿਖੇ ਫੋਟੋਆਂ ਖਿਚਵਾਉਣ ਦੇ ਮੌਕੇ ਦਾ ਲਾਹਾ ਲੈਣ ਪਹੁੰਚ ਗਏ ਅਤੇ ਪਿਛਲੇ ਤਿੰਨ ਸਾਲਾਂ ਦੌਰਾਨ ਜੋ ਜੋ ਜਿਵੇਂ ਜਿਵੇਂ ਵਾਪਰਿਆ, ਉਸ ਪ੍ਰਤੀ ਪੂਰੀ ਤਰ੍ਹਾਂ ਨਾਖੁਸ਼ੀ ਦਾ ਇਜ਼ਹਾਰ ਕੀਤਾ। ਉਹ ਖ਼ਾਸ ਤੌਰ 'ਤੇ ਇਸ ਗੱਲੋਂ ਨਾਰਾਜ਼ ਜਾਪੇ ਕਿ ਇਨ੍ਹਾਂ ਤਿੰਨਾਂ ਸਾਲਾਂ ਦੌਰਾਨ ਲੋਕਪਾਲ ਨਾਂ ਵਾਲੇ ਕਾਨੂੰਨ ਦਾ ਕੋਈ ਡੱਕਾ-ਡੋਲਾ ਵੀ ਕਿਤੇ ਨਜ਼ਰ ਨਹੀਂ ਆਇਆ, ਹਾਲਾਂਕਿ ਇਸੇ ਜਾਦੂਈ 'ਕਾਨੂੰਨ' ਨੂੰ ਅੰਨਾ ਦੇ 'ਇੰਡੀਆ ਅਗੇਂਸਟ ਕੁਰੱਪਸ਼ਨ' ਅੰਦੋਲਨ ਨੇ ਦੇਸ਼ ਅੱਗੇ ਸਰਬ-ਰੋਗ ਨਿਵਾਰਕ ਔਖਧ ਵਜੋਂ ਵੇਚਿਆ ਸੀ। ਇਹ ਵੀ ਸਮੇਂ ਦੀ ਤਬਦੀਲੀ ਦਾ ਸੂਚਕ ਹੈ ਕਿ ਇੱਕ-ਅੱਧ



**ਹਰੀਸ਼ ਖਰੇ**

ਅਖ਼ਬਾਰ ਨੂੰ ਛੱਡ ਕੇ ਬਾਕੀ ਸਭ ਨੇ ਇਸ ਬਜ਼ੁਰਗ ਗਾਂਧੀਵਾਦੀ ਨੇਤਾ ਨਾਲ ਜੁੜੀ ਖ਼ਬਰ ਨੂੰ ਪਹਿਲੇ ਪੰਨੇ ਦਾ ਸ਼ਿੰਗਾਰ ਬਣਾਉਣ ਦੀ ਥਾਂ ਅੰਦਰੂਨੀ ਪੰਨਿਆਂ ਅੰਦਰ ਦੱਬਣਾ ਹੀ ਵਾਜਬ ਸਮਝਿਆ।

ਜਦੋਂ ਅੰਨਾ ਹਜ਼ਾਰੇ ਆਪਣੇ ਭ੍ਰਿਸ਼ਟਾਚਾਰ-ਵਿਰੋਧੀ ਅੰਦੋਲਨ ਨੂੰ ਸੁਰਜੀਤ ਕਰਨ ਦੀ ਧਮਕੀ ਦਿੰਦਾ ਹੈ ਤਾਂ ਇਹ ਫ਼ੈਸਲਾ ਕਰਨਾ ਮੁਸ਼ਕਿਲ ਜਾਪਦਾ ਹੈ ਕਿ ਉਹ ਸਥਾਈ ਤੇ ਸਦੀਵੀ ਅਹਿਮਕ ਹੈ ਜਾਂ ਬਹੁਤ, ਬਹੁਤ ਘਾਗ ਬਜ਼ੁਰਗ। ਇਹ ਸੰਭਵ ਹੈ ਕਿ ਉਸ ਦੇ ਸ਼ਾਤਿਰ ਦਿਮਾਗ਼ ਨੇ ਇਹ ਸੁੰਘ ਲਿਆ ਹੋਵੇ ਕਿ ਮੋਦੀ ਸਰਕਾਰ ਹੁਣ ਡੋਲਣ ਲੱਗੀ ਹੈ ਅਤੇ ਲੋਕਾਂ ਦੇ ਭਰੋਸੇ ਦੀ ਆਪਣੀ ਮਨਚਾਹੀਆਂ ਤੇ ਮਨਭਾਉਂਦੀਆਂ ਖੇਡਾਂ ਲਈ ਖੁੱਲ੍ਹ ਕੇ ਕੁਵਰਤੋਂ ਕਰਨ ਕਰ ਕੇ ਇਹ ਹੁਣ ਜਨਤਕ ਗੁੱਸੇ ਦੀ ਜ਼ੱਦ ਵਿਚ ਆ ਰਹੀ ਹੈ। ਜਦੋਂ ਕਿਸੇ ਵੀ ਨਿਜ਼ਾਮ ਦੀ ਅਜ਼ਮਤ ਤੇ ਸ਼ੋਹਰਤ ਨੂੰ ਖ਼ੋਰਾ ਲੱਗਣ ਦਾ ਅਮਲ ਸ਼ੁਰੂ ਹੋ ਜਾਵੇ ਤਾਂ ਅੰਨਾ ਹਜ਼ਾਰੇ ਵਰਗੇ ਇਖ਼ਲਾਕੀ ਤੀਰਅੰਦਾਜ਼ਾਂ ਲਈ ਉਸ ਵੱਲ ਸ਼ਿਸਤ ਲਾਉਣੀ ਤੇ ਨਿਸ਼ਾਨੇ ਫੁੰਡਣੇ ਆਸਾਨ ਹੋ ਜਾਂਦੇ ਹਨ।

ਇਹ ਵੀ ਹੋ ਸਕਦਾ ਹੈ ਕਿ ਉਹ ਹੁਣ ਵੀ ਉਹ ਸਾਦਾ ਜਿਹਾ ਬੰਦਾ ਹੈ ਜਿਸ ਨੂੰ ਹੁਣ ਵੀ ਤਹਿਦਿਲੋਂ ਯਕੀਨ ਹੈ ਕਿ ਉਸ ਨੇ 2011 ਵਿਚ ਸੱਚਮੁੱਚ ਹੀ ਖ਼ਾਲਸ 'ਭ੍ਰਿਸ਼ਟਾਚਾਰ ਵਿਰੋਧੀ' ਅੰਦੋਲਨ ਚਲਾਇਆ ਸੀ। ਇਹ ਗੱਲ ਸਾਫ਼ ਹੈ ਕਿ ਉਸ ਵੱਲੋਂ ਚਲਾਏ ਅੰਦੋਲਨ ਨੇ ਇਮਾਨਦਾਰ ਤੇ ਆਦਰਸ਼ਵਾਦੀ ਰੂਹਾਂ ਨੂੰ ਰਾਮ ਲੀਲ੍ਹਾ ਮੈਦਾਨ ਦੇ ਉਸ ਦੀ ਹਾਜ਼ਰੀ ਵਾਲੇ ਕੋਨੇ ਵੱਲ ਵਹੀਰਾਂ ਘੱਤਣ ਲਈ ਟੁੰਬਿਆ ਸੀ। ਇਹ ਉਹ ਰੂਹਾਂ ਸਨ ਜੋ ਮਹਿਸੂਸ ਕਰਦੀਆਂ ਸਨ ਕਿ 'ਪਰਿਵਰਤਨ' ਸੱਚਮੁੱਚ ਹੀ ਸੰਭਵ ਹੈ। ਹਾਂ, ਇੱਕ ਕਿਸਮ ਦਾ 'ਪਰਿਵਰਤਨ' ਜ਼ਰੂਰ ਵਾਪਰਿਆ। ਅੰਨਾ ਹਜ਼ਾਰੇ ਨੇ ਇੱਕ ਨਵੀਂ ਧਿਰ ਦੇ ਸੱਤਾਸ਼ੀਲ ਹੋਣ ਦਾ ਆਧਾਰ ਜ਼ਰੂਰ ਤਿਆਰ ਕਰ ਦਿੱਤਾ। ਜੋ ਤਬਦੀਲੀ ਆਈ, ਉਸ ਤੋਂ ਬਾਅਦ ਅੰਨਾ ਜੇ ਇਹ ਸੋਚਦਾ ਹੈ ਕਿ ਉਸ ਦੇ ਸੱਦੇ ਦਾ ਲੋਕਾਂ ਦੇ ਮਨ-ਮਸਤਕ ਉਤੇ ਫਿਰ ਜਾਦੂਈ ਅਸਰ ਹੋਵੇਗਾ, ਤੇ ਉਹ ਫਿਰ ਵਹੀਰਾਂ ਘੱਤ ਕੇ ਉਸ ਦੇ ਝੰਡੇ ਹੇਠ ਇਕੱਤਰ ਹੋ ਜਾਣਗੇ ਤਾਂ ਉਹ ਸੱਚਮੁੱਚ ਹੀ ਬਹੁਤ ਸਾਦਾ, ਸਿੱਧਾ-ਸਾਧਾ ਤੇ ਭੋਲਾ ਬੰਦਾ ਹੈ।

ਗਾਂਧੀਵਾਦੀ ਕਦੇ ਵੀ ਚੰਗੇ ਵਿਦਰੋਹੀ ਨਹੀਂ ਸਾਬਤ ਹੁੰਦੇ, ਬਸ਼ਰਤੇ ਮੋਹਨਦਾਸ ਨਾਂ ਦਾ ਸ਼ਾਤਿਰ ਬੰਦਾ ਉਨ੍ਹਾਂ ਦੀ ਅਗਵਾਈ ਕਰਨ ਤੇ ਉਨ੍ਹਾਂ ਲਈ ਰਣਨੀਤੀ ਘੜਨ ਲਈ ਮੌਜੂਦ ਨਾ ਹੋਵੇ। ਅੰਨਾ, ਮੋਹਨਦਾਸ ਕਰਮਚੰਦ ਗਾਂਧੀ ਨਹੀਂ। ਹੋ ਵੀ ਨਹੀਂ ਸਕਦਾ। ਉਹ ਤਾਂ ਇੱਕ ਦਿਆਨਤਦਾਰ ਬੰਦਾ ਸੀ ਜੋ ਗਾਂਧੀ ਟੋਪੀ ਪਹਿਨਦਾ ਸੀ (ਜਿਸ ਦੀ ਮਹਾਤਮਾ ਨੂੰ ਕਦੇ ਵੀ ਲੋੜ ਨਹੀਂ ਸੀ ਪਈ)। ਉਸ ਨੂੰ ਪੂਰਾ ਹੱਕ ਹੈ ਕਿ ਉਹ ਮਹਿਸੂਸ ਕਰੇ ਕਿ ਉਸ ਦੇ ਭਾਲਾ-ਬਰਦਾਰਾਂ (ਕਿਰਨ ਬੇਦੀਆਂ, ਅਰਵਿੰਦ ਕੇਜਰੀਵਾਲਾਂ ਜਾਂ ਉਨ੍ਹਾਂ ਵਰਗੇ ਹੋਰਨਾਂ) ਨੇ ਹੀ ਉਸ ਨਾਲ ਧਰੋਹ ਕਮਾਇਆ, ਪਰ ਉਹ ਅਜੇ ਵੀ ਉਸ ਲਹਿਰ ਦੇ ਸੁਭਾਅ ਪ੍ਰਤੀ ਅਣਜਾਣ ਹੋਣ ਦਾ ਪ੍ਰਭਾਵ ਦਿੰਦਾ ਹੈ ਜਿਹੜਾ ਉਸ ਦੇ ਨਾਮ ਤੇ ਉਸ ਦੀ ਬ੍ਰਾਂਡ ਦੁਆਲੇ ਰਚਿਆ ਤੇ ਖੜ੍ਹਾ ਕੀਤਾ ਗਿਆ।

'ਇੰਡੀਆ ਅਗੇਂਸਟ ਕੁਰੱਪਸ਼ਨ' ਉਹ ਨਿੱਗਰ ਮੰਚ ਸੀ ਜਿਸ ਨੇ ਕਈ ਕਿਸਮਾਂ ਦੇ ਬਾਬਿਆਂ, ਐਨ.ਜੀ.ਓ., ਮੀਡੀਆ ਸੁਲਤਾਨਾਂ ਆਦਿ ਨੂੰ ਇੱਕ ਥਾਂ ਇਕੱਠਾ ਕੀਤਾ। ਖ਼ੁਫ਼ੀਆ ਏਜੰਸੀਆਂ ਨਾਲ ਜੁੜੇ ਰਹੇ ਕੁਝ ਸੇਵਾਮੁਕਤ ਅਫ਼ਸਰਾਂ ਨੇ ਵਿਉਂਤਬੰਦੀ ਕਰਨ ਤੇ ਕੁਪ੍ਰਚਾਰ ਫੈਲਾਉਣ ਵਿਚ ਬਣਦਾ-ਸਰਦਾ ਯੋਗਦਾਨ ਪਾਇਆ ਅਤੇ ਕਾਰਪੋਰੇਟ ਅਦਾਰਿਆਂ ਦੇ ਫੰਡ ਵੀ ਪ੍ਰਦਾਨ ਕੀਤੇ। ਜੇ ਅੰਨਾ ਹਜ਼ਾਰੇ ਆਪਣੇ ਆਲੇ-ਦੁਆਲੇ ਨੀਝ ਲਾ ਕੇ ਝਾਤ ਮਾਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਦਿਸ ਜਾਵੇਗਾ ਕਿ 2014 ਤੋਂ ਉਸ ਦੀ 'ਇਖ਼ਲਾਕੀ ਫ਼ੌਜ' ਰਾਜ ਨਿਵਾਸਾਂ, ਸੰਸਦ ਤੇ ਸੂਬਾਈ ਵਿਧਾਨ ਸਭਾਵਾਂ ਅਤੇ ਮੰਤਰੀ ਮੰਡਲਾਂ ਵਿਚ ਥਾਵਾਂ ਭਰਨ ਪੱਖੋਂ ਕਿੰਨੀ ਵਧੀਆ ਸਪਲਾਈਕਾਰ ਸਾਬਤ ਹੋਈ ਹੈ।

ਸਿਰਫ਼ ਇਹੀ ਨਹੀਂ ਹੋਇਆ, ਬਾਬੇ ਵੀ ਤਰ ਗਏ ਹਨ। ਉਹ ਕਾਰੋਬਾਰੀ ਉਦਮੀ ਬਣ ਗਏ ਹਨ ਜਿਨ੍ਹਾਂ ਦੇ ਕਾਰੋਬਾਰੀ ਸਾਮਰਾਜ ਖ਼ਰਬਾਂ ਰੁਪਏ ਦੇ ਹਨ; ਤੇ ਜੋ ਸਰਕਾਰੀ ਸਰਪ੍ਰਸਤੀ ਤੇ ਸੁਰੱਖਿਆ ਹੇਠ ਖ਼ੂਬ ਫਲ-ਫੁੱਲ ਰਹੇ ਹਨ। ਇਸੇ ਤਰ੍ਹਾਂ ਅੰਨਾ ਦੇ ਅੰਦੋਲਨ ਦੀ ਪਰਦੇ ਪਿੱਛੇ ਰਹਿ ਕੇ ਨੀਤੀ ਤੇ ਰਣਨੀਤੀ ਘੜਨ ਵਾਲੇ ਹੁਣ ਕੌਮੀ ਸੁਰੱਖਿਆ ਸਲਾਹਕਾਰਾਂ ਦੇ ਰੁਤਬੇ 'ਤੇ ਜਾ ਪਹੁੰਚੇ ਹਨ।



ਕਈਆਂ ਨੂੰ ਇਹ ਗੱਲ ਬੜੀ ਲੁਭਾਉਣੀ ਲੱਗ ਸਕਦੀ ਹੈ ਕਿ ਅੰਨਾ ਹਜ਼ਾਰੇ ਇਹ ਮੰਨਣੋਂ ਇਨਕਾਰੀ ਹੈ ਕਿ ਉਸ ਨੂੰ ਪਹਿਲਾਂ ਹੀ ਜਿੰਨਾ ਵਰਤਿਆ ਜਾਣਾ ਸੀ, ਵਰਤ ਲਿਆ ਗਿਆ ਹੈ, ਪਰ ਉਸ ਨੂੰ ਇਸ ਗੱਲ ਲਈ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ ਕਿ ਉਹ ਆਪਣਾ 'ਅੰਦੋਲਨ' ਦੁਹਰਾਉਣ ਲਈ ਸੋਚੇ। ਕੋਈ ਵੀ ਸਮਾਜ ਆਪਣੇ ਨਾਲ ਦੁਬਾਰਾ ਛਲ-ਕਪਟ ਕੀਤੇ ਜਾਣ ਦੀ ਆਗਿਆ ਨਹੀਂ ਦੇਵੇਗਾ। ਅਸੀਂ ਤਾਂ ਪਹਿਲਾਂ ਹੀ ਨੈਤਿਕ ਤੌਰ 'ਤੇ ਠੱਗੇ ਗਏ ਮਹਿਸੂਸ ਕਰਦੇ ਹਾਂ। ਜੋ ਆਪਣੇ ਆਪ ਨੂੰ ਸਾਡੇ ਰੱਖਿਅਕ ਤੇ ਸਮਾਜ ਨੂੰ ਸਾਫ਼ ਸੁਥਰਾ ਕਰਨ ਵਾਲਿਆਂ ਵਜੋਂ ਪੇਸ਼ ਕਰਦੇ ਸਨ, ਉਹ ਜੇ ਬੁਰੇ ਨਹੀਂ ਤਾਂ ਬੜੇ ਸਾਧਾਰਨ ਜਿਹੇ ਸਿਆਸੀ ਕਾਰਕੁਨ ਸਾਬਤ ਹੋ ਚੁੱਕੇ ਹਨ।

ਇੱਕ ਗੱਲ ਸਾਫ਼ ਹੈ ਕਿ ਅੰਨਾ ਨੂੰ ਹੁਣ ਆਪਣਾ ਤੰਬੂ ਗੱਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਪਿੱਛਲਸੋਝੀ ਤਾਂ ਇਹੋ ਦੱਸਦੀ ਹੈ ਕਿ 2011 ਵਿਚ ਅੰਨਾ ਦਾ ਵਿਰੋਧੀ, ਬੜਾ ਸਾਊ ਬੰਦਾ ਸੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਹੁਣ ਵਾਲਿਆਂ ਨਾਲੋਂ ਕਿਤੇ ਵਧੇਰੇ ਸ਼ਾਲੀਨ ਸੀ। ਹੁਣ ਅੰਨਾ ਨੂੰ ਪਤਾ ਲੱਗੇਗਾ ਕਿ ਨਵੇਂ ਭਾਰਤ ਦੀ ਸਰਕਾਰੀ ਕਠੋਰਤਾ, ਨਾਬਰੀ ਦਾ ਤਹੱਈਆ ਕਰੀ ਬੈਠਿਆਂ ਵਿਰੁਧ ਕੀ ਕਹਿਰ ਵਰ੍ਹਾਅ ਸਕਦੀ ਹੈ। ਇਸ ਤੋਂ ਅਹਿਮ ਨੁਕਤਾ ਇਹ ਹੈ ਕਿ ਆਲਮੀ ਪ੍ਰਸੰਗ ਐਤਕੀਂ ਗਾਇਬ ਹੋ ਚੁੱਕਿਆ ਹੈ। 'ਅਰਬੀ ਬਸੰਤ' ਅਮਰੀਕੀ ਵਿਦੇਸ਼ ਵਿਭਾਗ ਦੇ ਹੱਥ ਦਾ ਜਾਦੂ ਸਾਬਤ ਹੋਈ। ਇਸ ਨੇ ਮੱਧ ਪੂਰਬ ਵਿਚ ਸਾਰੇ ਸਥਾਪਿਤ ਨਿਜ਼ਾਮ ਹਿਲਾ ਦਿੱਤੇ। ਨਾ ਜਮਹੂਰੀਅਤ ਆਈ ਅਤੇ ਕਿਸੇ ਹੀ ਮੁਲਕ ਵਿਚ ਆਸ ਮੁਤਾਬਿਕ ਅਮਨ, ਇਕਸੁਰਤਾ ਜਾਂ ਸਿਆਸੀ ਸਥਿਰਤਾ ਦਾ ਆਭਾਸ ਨਹੀਂ ਹੋ ਸਕਿਆ। ਇਸ ਦੇ ਨਾਲ ਹੀ ਕਾਰਪੋਰੇਟ ਭਾਰਤ ਵੀ ਦੂਜੀ ਅੰਨਾ ਲਹਿਰ ਨੂੰ ਕੋਈ ਸੌਖ ਦੇਣ ਦੀ ਜੁਰਅਤ ਨਹੀਂ ਕਰੇਗਾ। ਅੱਜ ਕੱਲ੍ਹ ਦੇ ਕਾਰਪੋਰੇਟ ਆਗੂ ਧੁਰ ਅੰਦਰ ਤਕ ਦੱਬੂ ਕਿਸਮ ਦੇ ਜੀਵ ਹਨ ਜੋ ਆਰਥਿਕਤਾ ਨੂੰ ਸੰਭਾਲਣ ਦੀ ਸਰਕਾਰ ਦੀ ਨਾਕਾਬਲੀਅਤ ਨਾਲ ਲੜਨ ਦੀ ਥਾਂ ਆਪਣਾ ਗੁਜ਼ਾਰਾ ਚਲਾਉਣ ਨੂੰ ਤਰਜੀਹ ਦੇਣਾ ਜਾਣਦੇ ਹਨ।

ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚ ਮੀਡੀਆ ਬਹੁਤ ਸ਼ਕਤੀਸ਼ਾਲੀ ਧਿਰ ਸੀ। ਐਤਕੀਂ ਅੰਨਾ ਨੂੰ ਵੀ ਇਹ ਦੇਖਣ ਦਾ ਮੌਕਾ ਮਿਲੇਗਾ ਕਿ ਮੀਡੀਆ ਨੂੰ ਵੀ ਵੱਡੇ ਬੌਸ ਨਾਲ ਬਹਿ ਕੇ ਚੁਸਕੀਆਂ ਲੈਣਾ ਵਧੇਰੇ ਲਾਹੇਵੰਦ ਜਾਪਦਾ ਹੈ। ਹੁਣ ਮੀਡੀਆ ਵੀ ਹਰ ਰੋਜ਼, ਰਸਮਾਂ ਵਾਂਗ ਹੁੰਦੇ ਅਨਿਆਂ ਤੇ ਉਦਾਸੀਨਤਾ ਵਿਰੁਧ ਅਜਿਹੀ ਲੜਾਈ ਵਿਚ ਆਪਣੇ ਆਪ ਨੂੰ ਭਾਈਵਾਲ ਵਜੋਂ ਨਹੀਂ ਦੇਖਦਾ। ਇਸ ਨੇ ਆਪਣੇ ਆਪ ਨੂੰ ਰਾਸ਼ਟਰਵਾਦ ਦੇ ਆਹਰ ਵਿਚ ਲਾ ਲਿਆ ਹੈ। ਇਥੋਂ ਤਕ ਕਿ ਜੇ ਅੰਨਾ ਹੁਣ ਸਹੀ ਹੋਣ ਅਤੇ ਅਸਹਿਮਤੀ ਦੀ ਜੰਤਰ ਮੰਤਰ ਵਾਲੀ ਝਾਕੀ ਦੁਹਰਾਉਣ ਲਈ ਕੁਝ ਕੁ ਲੋਕਾਂ ਦਾ ਇਕੱਠ ਆਪਣੇ ਨਾਲ ਚੱਲਣ ਲਈ ਲੱਭਣ ਲੱਗੇ ਤਾਂ ਮੀਡੀਆ ਨੂੰ ਆਪਣੇ ਉਤੇ ਬੇਤਹਾਸ਼ਾ ਹੱਸਦਿਆਂ ਦੇਖੇਗਾ।

ਸਭ ਤੋਂ ਵੱਡੀ ਗੱਲ ਕਿ ਅਸੀਂ ਭਾਵਨਾਤਮਕ ਤੌਰ 'ਤੇ ਨੁਚੜਿਆ ਹੋਇਆ ਸਮਾਜ ਹਾਂ। ਸਾਡੇ ਮਨੋਵੇਗਾਂ ਦੀ ਸਿਰਜਣ ਸਮਰੱਥਾ ਹਰ ਰਾਤ ਮੱਠੀ ਪੈ ਰਹੀ ਹੈ। ਸਾਡੇ ਸਮੂਹਿਕ ਵਿਵੇਕ ਨੂੰ ਬੌਧਿਕ 'ਲਕਬਾ' ਮਾਰ ਗਿਆ ਹੈ। ਸਾਡੇ ਸਹੀ ਹੋਣ ਦੀ ਸੂਝ-ਬੂਝ ਬੜੀ ਸੂਖ਼ਮਤਾ, ਪਰ ਪੂਰੀ ਉਜੱਡਤਾ ਨਾਲ ਅਤੇ ਪੂਰੇ ਜ਼ਹਿਰੀਲੇ ਢੰਗ ਨਾਲ ਪਾਕਿਸਤਾਨ ਵਿਰੁਧ ਸੇਧਿਤ ਕੀਤੀ ਜਾ ਚੁੱਕੀ ਹੈ। ਸਾਡਾ ਸਾਰਾ ਰੋਹ ਖੱਬੀਆਂ ਧਿਰਾਂ, ਘੱਟ ਗਿਣਤੀਆਂ ਤੇ ਹੋਰ ਕਈ 'ਕਿਸਮਾਂ' ਦੇ ਦੇਸ਼ ਧਰੋਹੀਆਂ ਵਿਰੁਧ 'ਕੇਂਦ੍ਰਿਤ' ਕਰ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ ਨੇ ਸਾਡੇ ਵਿਸਾਹ ਨਾਲ ਘਾਤ ਕੀਤਾ ਹੈ। ਉਨ੍ਹਾਂ ਸਾਨੂੰ ਕਿਹਾ ਸੀ ਕਿ ਅਸੀਂ ਉਨ੍ਹਾਂ ਵਿਚ ਭਰੋਸਾ ਕਰੀਏ, ਕਿਉਂਕਿ ਉਹ ਗ਼ਰੀਬ ਪਰਿਵਾਰ ਵਿਚੋਂ ਆਏ ਹਨ। ਫਿਰ ਉਨ੍ਹਾਂ ਨੇ ਦੇਸ਼ ਦੇ ਲੱਖਾਂ ਗ਼ਰੀਬ, ਇਮਾਨਦਾਰ ਤੇ ਮਿਹਨਤਕਸ਼ ਲੋਕਾਂ ਨੂੰ ਆਪਣਾ ਹੀ ਅੰਤਾਂ ਦੀ ਮੁਸ਼ੱਕਤ ਨਾਲ ਕਮਾਇਆ ਪੈਸਾ ਲੈਣ ਲਈ ਕਤਾਰਾਂ ਵਿਚ ਲਿਆ ਖੜ੍ਹਾ ਕੀਤਾ, ਜਦੋਂਕਿ ਮੋਟੇ ਮੋਟੇ ਕਾਰੋਬਾਰੀ 'ਬਿੱਲੇ' ਅਸ਼ੋਕਾ ਰੋਡ ਸਥਿਤ ਹੈੱਡਕੁਆਰਟਰ ਦੇ ਮੈਨੇਜਰਾਂ ਨਾਲ ਸੌਦੇ ਕਰਨ ਵਿਚ ਪੂਰੀ ਤਰ੍ਹਾਂ ਸਮਰੱਥ ਸਾਬਤ ਹੋਏ। ਇਹੋ ਨਹੀਂ, ਸਗੋਂ ਉਸ ਨੇ ਇਨ੍ਹਾਂ ਗ਼ਰੀਬ ਮਿਹਨਤਕਸ਼ਾਂ ਨੂੰ ਆਪਣੇ ਇਸ ਦੁੱਖ ਭਰੇ ਹਾਲਾਤ ਵਿਚ ਚੰਗਾ ਤੇ ਸ਼ਕਤੀਸ਼ਾਲੀ ਮਹਿਸੂਸ ਕਰਨ ਲਈ ਕਿਹਾ। ਜੇ ਹਰ ਸ਼ਾਮ ਨਹੀਂ, ਤਾਂ ਹਰ ਹਫ਼ਤੇ ਪ੍ਰਧਾਨ ਮੰਤਰੀ ਸਾਨੂੰ ਆਪਣੀ ਖੁਰਦੀ ਜਾ ਰਹੀ ਲੀਡਰਸ਼ਿਪ ਵੱਲ ਸਨੇਹ-ਭਰੀ ਝਾਤ ਮਾਰਨ ਵਾਸਤੇ ਪ੍ਰੇਰਨ ਦੇ ਯਤਨ ਜ਼ਰੂਰ ਕਰਦਾ ਹੈ। ਇਹੋ ਨਹੀਂ, ਜਦੋਂ ਕਿਸੇ ਯਸ਼ਵੰਤ ਸਿਨਹਾ ਦਾ ਮਜ਼ਾਕ ਉਡਾਉਂਦਿਆਂ ਉਸ ਨੂੰ 'ਨੌਕਰੀ ਲਈ ਅਰਜ਼ੀਦਾਤਾ' ਕਹਿ ਕੇ ਛੁਟਿਆਇਆ ਜਾਂਦਾ ਹੈ ਤਾਂ ਸਾਨੂੰ ਹੋਰ ਛੋਟਾ ਬਣਾ ਦਿੱਤਾ ਜਾਂਦਾ ਹੈ।

ਅੱਜ, ਅਸੀਂ ਭਾਵਨਾਤਮਕ ਤੌਰ 'ਤੇ ਪੂਰੀ ਤਰ੍ਹਾਂ ਨੁੱਚੜ ਚੁੱਕਿਆ ਮੁਲਕ ਹਾਂ, ਤੇ ਜਾਂ ਸ਼ਾਇਦ ਕਿਤੇ ਵਧੇਰੇ ਥੱਕੇ ਹੋਏ ਹਾਂ। ਅਸੀਂ ਬੇਹੱਦ ਖ਼ਤਰਨਾਕ ਸਮਿਆਂ ਵਿਚ ਹਾਂ। ਅੰਨਾ ਹਜ਼ਾਰੇ ਕਿਸਮ ਦੀ ਨੇਕ ਨੀਅਤੀ ਵਿਚ ਖ਼ਾਸ ਕਿਸਮ ਦਾ ਨੈਤਿਕ ਡਰਾਵਾ ਹੈ। ਇਹ ਉਹ ਜਜ਼ਬਾਤੀ ਜਾਲ ਹੈ ਜਿਸ ਤੋਂ ਬਚਣਾ ਬੇਹੱਦ ਜ਼ਰੂਰੀ ਹੈ, ਕਿਉਂਕਿ ਇਹੋ ਜਾਲ ਅੱਗੇ ਤਾਨਾਸ਼ਾਹੀ ਚੁੰਗਲ 'ਤੇ ਜਾ ਮੁੱਕਦਾ ਹੈ।

# ਭਾਰਤ ਦੀ ਡਿਗ ਰਹੀ ਆਰਥਿਕਤਾ

ਵਾਜਪਾਈ ਦੀ ਸਰਕਾਰ ਵਿਚ ਵਿਤ ਮੰਤਰੀ ਰਹੇ ਯਸ਼ਵੰਤ ਸਿਨਹਾ ਨੇ ਬਿੱਲੀ ਨੂੰ ਕਬੂਤਰਾਂ ਵਿਚ ਛੱਡ ਦਿੱਤਾ ਹੈ। ਜ਼ਾਹਰ ਹੈ ਕਿ ਬਿਨਾਂ ਕੋਈ ਜੋਖ਼ਮ ਉਠਾਏ ਸੱਤਾ ਦਾ ਦਾਣਾ ਚੁਗ ਰਹੇ ਕਬੂਤਰਾਂ ਵਿਚ ਘਬਰਾਹਟ ਹੋਣੀ ਹੀ ਸੀ। ਸਰਕਾਰ ਦੇ ਬਾਹਰ ਰਹਿ ਕੇ ਅਰਥ ਵਿਵਸਥਾ ਦੀ ਸਮੀਖਿਆ ਕਰਨ ਵਾਲੇ ਮਾਹਿਰ ਤਾਂ ਇਹੋ ਗੱਲ ਅਰਸੇ ਤੋਂ ਕਹਿ ਰਹੇ ਸਨ, ਪਰ ਉਦੋਂ ਸਰਕਾਰ ਉਨ੍ਹਾਂ 'ਤੇ ਕਦੇ ਧਿਆਨ ਦੇਣ ਲਈ ਤਿਆਰ ਨਹੀਂ ਸੀ; ਪਰ ਜਿਵੇਂ ਹੀ ਭਾਜਪਾ ਦੇ ਉਘੇ ਨੇਤਾ ਰਹੇ ਯਸ਼ਵੰਤ ਸਿਨਹਾ ਨੇ ਉਹੀ ਗੱਲਾਂ ਕਹੀਆਂ, ਬਾਹਰ ਤੋਂ ਹੋਣ ਵਾਲੀ

**ਅਭੈ ਕੁਮਾਰ ਦੂਬੇ**

ਆਲੋਚਨਾ ਦੀ ਅਹਿਮੀਅਤ ਵਧ ਗਈ। ਪਹਿਲਾਂ ਅਰਥ ਵਿਵਸਥਾ ਦੀਆਂ ਖਾਮੀਆਂ 'ਤੇ ਮੀਡੀਆ ਨੂੰ ਵੀ ਚਰਚਾ ਦੀ ਫੁਰਸਤ ਨਹੀਂ ਸੀ।

ਅੱਜ ਸਥਿਤੀ ਇਹ ਹੈ ਕਿ ਮੀਡੀਆ ਇਸ ਮੁੱਦੇ 'ਤੇ ਲਗਾਤਾਰ ਛਾਪ ਰਿਹਾ ਹੈ ਅਤੇ ਟੀ.ਵੀ. ਚੈਨਲ ਹਰ ਰੋਜ਼ ਇਸ 'ਤੇ ਬਹਿਸ ਕਰ ਰਹੇ ਹਨ। ਸਿਨਹਾ ਦੀ ਆਲੋਚਨਾ ਕਿਸ ਕਦਰ ਅਸਰਦਾਰ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ 'ਤੇ ਸਰਕਾਰ ਅਤੇ ਮੋਦੀ ਦੇ ਪੱਖ ਵਿਚ ਗੱਲਾਂ ਕਰਨ ਵਾਲੇ ਵੀ ਸਿਨਹਾ ਦੇ ਖਿਲਾਫ਼ ਕੁਝ ਨਹੀਂ ਕਹਿ ਰਹੇ। ਦਰਅਸਲ, ਸਿਨਹਾ ਨੇ ਦੁਖਦੀ ਰਗ 'ਤੇ ਹਮਲਾ ਕੀਤਾ ਹੈ ਅਤੇ ਇਸ ਸਮੇਂ ਹਾਲਤ ਇਹ ਹੈ ਕਿ ਪ੍ਰਧਾਨ ਮੰਤਰੀ ਤੋਂ ਲੈ ਕੇ ਉਨ੍ਹਾਂ ਦੇ ਮੰਤਰੀਆਂ ਤੇ ਸਮਰਥਕ ਬੁੱਧੀਜੀਵੀਆਂ ਦਾ ਇਕ ਹੀ ਕੰਮ ਹੈ। ਤਰ੍ਹਾਂ-ਤਰ੍ਹਾਂ ਨਾਲ ਸਫ਼ਾਈ ਦੇਣਾ, ਸਿਨਹਾ ਦੀ ਭਾਸ਼ਾ-ਸ਼ੈਲੀ 'ਤੇ ਅਫ਼ਸੋਸ ਕਰਨਾ ਅਤੇ ਉਨ੍ਹਾਂ ਦਾ ਅਤੀਤ ਯਾਦ ਦਿਵਾਉਣਾ, ਜਦੋਂ ਉਹ ਭਾਜਪਾ ਦੇ ਮੰਤਰੀ ਹੁੰਦੇ ਸਨ; ਪਰ ਇਸ ਨਾਲ ਕੰਮ ਨਹੀਂ ਚਲ ਰਿਹਾ। ਇਸ ਸਰਕਾਰ ਦਾ ਆਰਥਿਕ ਪੋਲ ਇਕ-ਇਕ ਕਰ ਕੇ ਲੋਕਾਂ ਸਾਹਮਣੇ ਖੁੱਲ੍ਹ ਰਿਹਾ ਹੈ।

ਹਕੀਕਤ ਇਹ ਹੈ ਕਿ ਸਿਨਹਾ ਨੇ ਆਪਣੇ ਲੇਖ ਵਿਚ ਅਜਿਹਾ ਕੋਈ ਅੰਕੜਾ ਨਹੀਂ ਦਿੱਤਾ, ਜਿਸ ਦਾ ਸਰੋਤ ਖ਼ੁਦ ਸਰਕਾਰ ਨਾ ਹੋਵੇ; ਪਰ ਇਸ ਦੇ ਬਾਵਜੂਦ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਕੁਝ ਇਸ ਤਰ੍ਹਾਂ ਪ੍ਰਤੀਕਰਮ ਕਰ ਰਹੇ ਹਨ, ਜਿਵੇਂ ਸਿਨਹਾ ਨੇ ਮਨਮਰਜ਼ੀ ਦੇ ਅੰਕੜੇ ਦਿੱਤੇ ਹੋਣ। ਕਾਰਨ ਇਹ ਹੈ ਕਿ ਤਿੰਨ ਸਾਲ ਦੌਰਾਨ ਸਰਕਾਰ 'ਅੰਕੜਾ ਪ੍ਰਬੰਧਨ' ਅਤੇ 'ਸਿਰਲੇਖ ਪ੍ਰਬੰਧਨ' ਵਿਚ ਜੋ ਕੁਸ਼ਲਤਾ ਦਿਖਾਉਂਦੀ ਰਹੀ ਸੀ, ਉਹ ਹੁਣ ਕੰਮ ਨਹੀਂ ਆ ਰਹੀ। ਮੀਡੀਆ ਦਾ ਜਿਹੜਾ ਹਿੱਸਾ ਅਕਸਰ ਸਰਕਾਰ ਦੇ ਪੱਖ ਵਿਚ ਰਹਿੰਦਾ ਸੀ, ਉਹ ਵੀ ਇਸ ਮਾਮਲੇ 'ਤੇ ਸਮਰਥਨ ਕਰਨ ਵਿਚ ਦਿੱਕਤ ਮਹਿਸੂਸ ਕਰ ਰਿਹਾ ਹੈ। ਇਸ ਲਈ ਬੁਖਲਾਈ ਹੋਈ ਸਰਕਾਰ ਦਾ ਪਹਿਲਾ ਪ੍ਰਤੀਕਰਮ ਕੁਝ-ਕੁਝ ਉਸ ਬੰਦੇ ਵਰਗਾ ਸੀ, ਜੋ ਉਸ ਦੇ ਘਰ ਵਿਚ ਭਰੀ ਹੋਈ ਗੰਦਗੀ ਦਿਖਾਉਣ 'ਤੇ ਇਹ ਕਹਿੰਦਾ ਹੈ ਕਿ ਇਹ ਕਿਉਂ ਨਹੀਂ ਦੇਖਦੇ, ਮੈਂ ਆਪਣੇ ਘਰ ਦੇ ਬਾਹਰ ਕਿੰਨੀ ਸਫ਼ਾਈ ਰੱਖੀ ਹੈ!



ਇਸ ਤਰਜ਼ 'ਤੇ ਕੁਝ ਅਖੌਤੀ ਬਾਜ਼ਾਰ ਮਾਹਿਰਾਂ ਵਲੋਂ ਇਹ ਕਿਹਾ ਗਿਆ ਕਿ ਤਿੰਨ ਸਾਲਾਂ ਵਿਚ ਭਾਰਤ ਨੂੰ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਵਿਦੇਸ਼ੀ ਨਿਵੇਸ਼ ਮਿਲਿਆ ਹੈ ਅਤੇ ਸੈਂਸੈਕਸ 32000 'ਤੇ ਟਿਕਿਆ ਹੋਇਆ ਹੈ। ਇਸ ਘਟੀਆ ਤਰਕ ਦਾ ਜਵਾਬ ਦੇਣਾ ਵੀ ਆਰਥਿਕ ਗਿਆਨ ਦਾ ਅਪਮਾਨ ਹੈ। ਅਸੀਂ ਜਾਣਦੇ ਹਾਂ ਕਿ ਅਰਥ ਵਿਵਸਥਾ ਦੀ ਚਾਲਕ ਸ਼ਕਤੀ ਦੇਸੀ ਪੂੰਜੀ ਹੁੰਦੀ ਹੈ, ਵਿਦੇਸ਼ੀ ਨਹੀਂ। ਵਿਦੇਸ਼ੀ ਪੂੰਜੀ ਤਾਂ ਕੁੱਲ ਨਿਵੇਸ਼ ਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਹੁੰਦੀ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਸ਼ੇਅਰ ਬਾਜ਼ਾਰ ਦੀ ਉਚਾਈ ਅਰਥ ਵਿਵਸਥਾ ਦੀ ਪ੍ਰਗਤੀ ਦੀ ਨੁਮਾਇੰਦਗੀ ਨਹੀਂ ਕਰਦੀ।

ਖ਼ੁਦ ਨੂੰ ਕੁਝ ਗੰਭੀਰ ਮੰਨਣ ਵਾਲੇ ਸਰਕਾਰੀ ਪੈਰੋਕਾਰਾਂ ਨੇ ਇਸ ਪੂਰੇ ਮਸਲੇ ਨੂੰ ਵੱਖਰਾ ਮੋੜ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਹ ਕਹਿ ਰਹੇ ਹਨ ਕਿ ਸਰਕਾਰ ਨੇ ਦੋ ਬਦਲਾਂ ਵਿਚੋਂ ਇਕ ਨੂੰ ਚੁਣਨਾ ਸੀ। ਉਚੀ ਵਾਧਾ ਦਰ ਵਾਲੀ, ਪਰ ਢਾਂਚਾਗਤ ਸੁਧਾਰਾਂ ਤੋਂ ਵਾਂਝੀ ਅਰਥ ਵਿਵਸਥਾ, ਜਾਂ ਹੇਠਲੀ ਤੇ ਸੁਸਤ ਵਾਧਾ ਦਰ ਵਾਲੀ, ਪਰ ਲੰਮੇ ਸਮੇਂ ਲਈ ਢਾਂਚਾਗਤ ਸੁਧਾਰਾਂ ਨੂੰ ਅੰਜਾਮ ਦੇਣ ਵਾਲੀ ਅਰਥ ਵਿਵਸਥਾ। ਸਰਕਾਰ ਨੇ ਦੂਜਾ ਬਦਲ ਚੁਣਿਆ ਹੈ। ਇਸ ਲਈ ਵਾਧਾ ਦਰ ਗਿਰ ਗਈ ਹੈ; ਭਾਵ ਵਾਧਾ ਦਰ ਦਾ ਡਿਗਣਾ, ਡਿਜ਼ਾਈਨ ਦਾ ਹਿੱਸਾ ਹੈ। ਉਸ ਨੂੰ ਜਾਣ ਬੁਝ ਕੇ ਹੇਠਾਂ ਲਿਆਂਦਾ ਗਿਆ ਹੈ। ਜੇ ਇਹ ਦਲੀਲ ਸਹੀ ਹੈ ਤਾਂ ਸਰਕਾਰ ਨੂੰ ਯਸ਼ਵੰਤ ਸਿਨਹਾ ਜਾਂ ਪੀ. ਚਿਦੰਬਰਮ ਦੀ ਆਲੋਚਨਾ ਨਾਲ ਮੁਸ਼ਕਿਲ ਨਹੀਂ ਹੋਣੀ ਚਾਹੀਦੀ। ਸਰਕਾਰ ਨੂੰ ਸਗੋਂ ਨੋਟਿਸ ਜਾਰੀ ਕਰਨਾ ਚਾਹੀਦਾ ਹੈ ਕਿ ਜੋ ਹੋ ਰਿਹਾ ਹੈ, ਠੀਕ ਹੈ; ਕਿਉਂਕਿ ਅਜਿਹਾ ਹੀ ਹੋਣਾ ਚਾਹੀਦਾ ਸੀ। ਪਰ ਸਿਨਹਾ ਨੂੰ ਮੂੰਹ ਤੋੜ ਜਵਾਬ ਦੇਣ ਦੇ ਚੱਕਰ ਵਿਚ ਮੰਤਰੀ ਇਹ ਕਹਿ ਕੇ ਆਪਣੀ ਪਿੱਠ ਠੋਕ ਰਹੇ ਹਨ ਕਿ ਭਾਰਤ ਦੁਨੀਆਂ ਦੀ ਸਭ ਤੋਂ ਤੇਜ਼ ਗਤੀ ਨਾਲ ਵਧਣ ਵਾਲੀ ਅਰਥ ਵਿਵਸਥਾ ਹੈ।

ਦਰਅਸਲ, ਇਕ ਅਜਿਹੇ ਸਮੇਂ ਵਿਚ ਜਦੋਂ ਸਾਰੀ ਦੁਨੀਆਂ ਵਿਚ ਆਰਥਿਕ ਹਾਲਾਤ ਲੰਮੇ ਸਮੇਂ ਤੋਂ ਬਾਅਦ ਸੁਧਰਨੇ ਸ਼ੁਰੂ ਹੋਏ ਹਨ, ਭਾਰਤੀ ਅਰਥ ਵਿਵਸਥਾ ਦੀ ਵਿਕਾਸ ਦਰ ਵਿਚ ਗਿਰਾਵਟ ਆਉਣ ਨਾਲ ਗੰਭੀਰ ਸੰਕੇਤ ਮਿਲ ਰਹੇ ਹਨ। ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ, 2016 ਵਿਚ ਵਿਸ਼ਵ ਦੀ ਅਰਥ ਵਿਵਸਥਾ 3.2 ਫ਼ੀਸਦੀ ਦੀ ਰਫ਼ਤਾਰ ਨਾਲ ਵਧ ਰਹੀ ਸੀ, ਜੋ 2017 ਵਿਚ 3.5 ਅਤੇ 2018 ਵਿਚ 3.6 ਫ਼ੀਸਦੀ ਦੀ ਗਤੀ ਨਾਲ ਵਧਣ ਵਾਲੀ ਹੈ। ਇਹ ਵੀ ਲਗਪਗ ਤੈਅ ਹੈ ਕਿ ਕੱਚੇ ਤੇਲ ਦੀ ਕੀਮਤ 58.30 ਡਾਲਰ ਪ੍ਰਤੀ ਬੈਰਲ ਹੀ ਰਹਿਣ ਵਾਲੀ ਹੈ। ਇਹ ਨਜ਼ਾਰਾ ਦੱਸਦਾ ਹੈ ਕਿ ਭਾਰਤੀ ਅਰਥ ਵਿਵਸਥਾ ਦੇ 8 ਤੋਂ 9 ਫ਼ੀਸਦੀ ਵਧਣ ਦਾ ਇਹ ਸਹੀ ਸਮਾਂ ਹੈ, ਪਰ ਹੋ ਇਸ ਤੋਂ ਉਲਟ ਰਿਹਾ ਹੈ। ਸਿਨਹਾ ਨੇ ਵਾਧਾ ਦਰ ਦੇ ਸਰਕਾਰੀ ਅੰਕੜੇ 5.7 ਨੂੰ ਠੀਕ ਹੀ 2 ਫ਼ੀਸਦੀ ਘਟਾ ਕੇ 3.7 ਫ਼ੀਸਦੀ ਦਿਖਾਇਆ ਹੈ (ਕਿਉਂਕਿ ਸਰਕਾਰ ਨੇ ਵਿਕਾਸ ਦਰ ਮਾਪਣ ਦੇ ਆਧਾਰ ਸਾਲ ਬਦਲ ਕੇ ਇਸ ਅੰਕੜੇ ਨੂੰ ਆਕਰਸ਼ਕ ਬਣਾਇਆ ਹੈ); ਪਰ ਅਸਲੀਅਤ ਤਾਂ ਇਸ ਤੋਂ ਵੀ ਮਾੜੀ ਹੈ। ਪ੍ਰਸਿਧ ਅਰਥ ਸ਼ਾਸਤਰੀ ਪ੍ਰੋ. ਅਰੁਣ ਕੁਮਾਰ ਅਨੁਸਾਰ, ਕੁੱਲ ਘਰੇਲੂ ਉਤਪਾਦ ਦਾ 45 ਫ਼ੀਸਦੀ ਹਿੱਸਾ ਗ਼ੈਰ-ਰਸਮੀ ਖੇਤਰ ਤੋਂ ਆਉਂਦਾ ਹੈ ਅਤੇ ਇਸ ਖੇਤਰ ਵਿਚ ਨੋਟਬੰਦੀ ਤੇ ਜੀ.ਐਸ.ਟੀ. ਕਾਰਨ ਪਿਛਲੇ 10-11 ਮਹੀਨਿਆਂ ਤੋਂ ਹਾਹਾਕਾਰ ਹੈ। ਸਭ ਤੋਂ ਜ਼ਿਆਦਾ ਰੁਜ਼ਗਾਰ ਦੇਣ ਵਾਲੇ ਇਸ ਖੇਤਰ ਦੀ ਸਮਰੱਥਾ ਡਗਮਗਾ ਚੁੱਕੀ ਹੈ। ਸਰਕਾਰ ਕਿਉਂਕਿ ਇਸ ਦੇ ਅੰਕੜੇ ਜਮ੍ਹਾਂ ਨਹੀਂ ਕਰਦੀ, ਇਸ ਲਈ ਇਸ ਦੀ ਹਕੀਕਤ ਦਾ ਵਿਸ਼ਲੇਸ਼ਣ ਦੇਰੀ ਨਾਲ ਸਾਹਮਣੇ ਆਉਂਦਾ ਹੈ। ਜਦੋਂ ਗ਼ੈਰ-ਰਸਮੀ ਖੇਤਰ ਦੀ ਅਸਲੀਅਤ ਸਾਹਮਣੇ ਆਏਗੀ ਤਾਂ ਵਿਕਾਸ ਦਰ ਘਟ ਕੇ ਇਕ ਤੋਂ ਦੋ ਫ਼ੀਸਦੀ ਦੇ ਵਿਚਕਾਰ ਰਹਿ ਜਾਵੇਗੀ।

ਭਾਰਤ ਦੇ ਮੁੱਖ ਅੰਕੜਾ ਅਧਿਕਾਰੀ ਰਹੇ ਅਤੇ ਢਾਈ ਦਹਾਕਿਆਂ ਤੱਕ ਸਰਕਾਰ ਵਿਚ ਕੰਮ ਕਰ ਚੁੱਕੇ ਪ੍ਰਣਬ ਸੇਨ ਨੇ ਨਤੀਜਾ ਕੱਢਿਆ ਹੈ ਕਿ ਇਹ ਗਿਰਾਵਟ 2012 ਤੋਂ ਹੀ ਸ਼ੁਰੂ ਹੋ ਗਈ ਸੀ, ਕਿਉਂਕਿ ਖੇਤੀ ਖੇਤਰ ਦਾ ਕਬਾੜਾ ਹੋਣਾ ਸ਼ੁਰੂ ਹੋਇਆ ਸੀ, ਜਿਸ ਨੂੰ ਸੰਭਾਲਣ ਵਿਚ ਨਾ ਤਾਂ ਕਾਂਗਰਸ ਸਰਕਾਰ ਨੇ ਕੁਝ ਦਿਲਚਸਪੀ ਦਿਖਾਈ ਅਤੇ ਨਾ ਹੀ ਭਾਜਪਾ ਸਰਕਾਰ ਨੇ। ਸਰਕਾਰ ਸਿਰਫ ਇਕ ਤਰੀਕੇ ਨਾਲ ਅਰਥ ਵਿਵਸਥਾ ਦਾ ਡਿਗਦਾ ਗ੍ਰਾਫ਼ ਸੰਭਾਲ ਸਕਦੀ ਹੈ। ਉਸ ਨੂੰ ਬੁਲੇਟ ਟਰੇਨ ਅਤੇ 8 ਲੇਨ ਦੇ ਹਾਈਵੇਅ ਵਰਗੇ ਵੱਡੇ-ਵੱਡੇ ਪ੍ਰਾਜੈਕਟਾਂ ਦਾ ਖਿਆਲ ਦਿਮਾਗ ਵਿਚੋਂ ਕੱਢ ਦੇਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੇ ਨਤੀਜੇ ਲੰਮੇ ਸਮੇਂ ਬਾਅਦ ਨਿਕਲਦੇ ਹਨ। ਇਸ ਦੀ ਬਜਾਏ ਸਰਕਾਰ ਨੂੰ ਛੋਟੇ ਪੇਂਡੂ ਅਤੇ ਅਰਧ-ਸ਼ਹਿਰੀ ਪ੍ਰੋਜੈਕਟਾਂ 'ਤੇ ਧਿਆਨ ਦੇਣਾ ਚਾਹੀਦਾ ਹੈ, ਜਿਨ੍ਹਾਂ ਨਾਲ ਸਥਾਨਕ ਪੱਧਰ 'ਤੇ ਰੁਜ਼ਗਾਰ ਮਿਲਦਾ ਹੈ ਅਤੇ ਅਰਥ ਵਿਵਸਥਾ ਗਤੀਸ਼ੀਲ ਹੁੰਦੀ ਹੈ।

# ਕਿਵੇਂ ਹੋਇਆ ਅਮਰਜੋਤ ਤੇ ਚਮਕੀਲੇ ਦਾ ਮੇਲ-ਜੋਲ

## ਪੰਜਾਬੀ ਗਾਇਕੀ ਦੇ ਅੰਦਰ ਬਾਹਰ



**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਪੰਜਾਬੀ ਗਾਇਕੀ ਵਿਚ ਸ਼ਾਇਦ ਸਭ ਤੋਂ ਵੱਡਾ ਤੇ ਇੱਕੋ ਇਕ ਦੁਖਾਂਤ ਬਣਿਆ ਰਹੇਗਾ ਕਿ ਕਿਸੇ ਮਹਿਲਾ ਗਾਇਕਾ ਦਾ ਕਤਲ ਹੋਇਆ ਹੋਵੇ, ਕਤਲ ਵੀ ਬੇਰਹਿਮੀ ਨਾਲ ਹੋਇਆ ਹੋਵੇ, ਤੇ ਗਾਇਕਾ ਵੀ ਨਾਮਵਰ ਹੋਵੇ। ਉਸ ਦਾ ਸਰੀਰ ਗੋਲੀਆਂ ਨਾਲ ਛਲਣੀ ਕਰ ਦਿੱਤਾ ਗਿਆ ਸੀ। ਖੈਰ! ਇਸ ਬਿਰਤਾਂਤ ਨੂੰ ਤਾਂ ਸਾਰੇ ਜਾਣਦੇ ਨੇ ਪਰ ਇੱਥੇ ਇਕ ਦਿਲਚਸਪ ਗੱਲ ਹੀ ਸਾਂਝੀ ਕਰਾਂਗਾ ਕਿ ਇਕ ਵਿਆਹੇ ਵਰ੍ਹੇ ਗਾਇਕ ਅਮਰ ਸਿੰਘ ਚਮਕੀਲੇ ਦਾ ਅਮਰਜੋਤ ਨਾਲ ਦੋਗਾਣੇ ਗਾਉਣ ਵਿਚ ਪਹਿਲਾ ਸੈਟ ਕਿਵੇਂ ਬਣਿਆ ਅਤੇ ਫਿਰ ਇਹ ਸਬੰਧ ਗ੍ਰਿਹਸਥ 'ਚ ਕਿਵੇਂ ਤਬਦੀਲ ਹੋ ਗਏ? ਹਾਲਾਂਕਿ ਇਸ ਤੋਂ ਪਹਿਲਾਂ ਚਮਕੀਲਾ ਗੁਰਮੇਲ ਕੌਰ ਨਾਲ ਵਿਆਹਿਆ ਹੋਇਆ ਸੀ ਅਤੇ ਬਾਲ



*ਫਗਵਾੜਾ 'ਚ ਵਿਆਹ ਰਸਮਾਂ ਤੋਂ ਬਾਅਦ ਅਮਰਜੋਤ ਤੇ ਚਮਕੀਲਾ*

ਬੱਚਿਆਂ ਵਾਲਾ ਸੀ।

ਮੈਂ ਅਮਰਜੋਤ ਨੂੰ ਉਦੋਂ ਹੀ ਜਾਣਨ ਲੱਗਾ, ਜਦੋਂ ਉਹ ਕੁਲਦੀਪ ਮਾਣਕ ਨਾਲ ਸਹਿਯੋਗੀ ਗਾਇਕਾ ਵਜੋਂ ਆਈ। ਕੁਲਦੀਪ ਮਾਣਕ ਨੇ ਆਪਣੀਆਂ ਸਟੇਜਾਂ 'ਤੇ ਇਕ-ਦੋ ਗੀਤ ਹੀ ਗਵਾਉਣੇ ਹੁੰਦੇ ਸਨ ਤੇ ਬਾਕੀ ਦਾ ਸਾਰਾ ਪ੍ਰੋਗਰਾਮ ਜਾਂ ਅਖਾੜਾ ਉਸ ਨੇ 'ਕੱਲੇ ਨੇ ਹੀ ਪੇਸ਼ ਕਰਨਾ ਹੁੰਦਾ ਸੀ ਕਿਉਂਕਿ ਮਾਣਕ ਦਾ ਅੰਦਾਜ਼ ਤੇ ਉਸ ਦੇ ਗੀਤਾਂ ਦਾ ਵਿਸ਼ਾ-ਵਸਤੂ ਬਿਲਕੁਲ ਅਲੱਗ ਸੀ।

ਦਿੱਲੀ ਦਰੀਆਗੰਜ ਐਚ. ਐਮ. ਵੀ. ਦੇ ਸਟੂਡੀਓ 'ਚ ਕੁਲਦੀਪ ਮਾਣਕ ਦੇ ਐਲ. ਪੀ. ਪ੍ਰਾਜੈਕਟ ਦੀ ਰਿਕਾਰਡਿੰਗ ਹੋ ਰਹੀ ਸੀ। ਗਰੇਵਾਲ ਅਤੇ ਸੀਤਲ ਨਾਲ ਗਾਉਣ ਵਾਲੀ ਸੀਮਾ ਦੇ ਵੀ ਇਕ ਦੋ ਗੀਤ ਇਸ ਐਲ. ਪੀ. ਲਈ ਰਿਕਾਰਡ ਕੀਤੇ ਜਾਣੇ ਸਨ। ਗੱਲ ਕੋਈ 1980-81 ਦੇ ਨੇੜੇ ਤੇੜੇ ਦੀ ਹੋਵੇਗੀ। ਮੈਂ ਸਟੂਡੀਓ 'ਚ ਹਾਜ਼ਰ ਸਾਂ, ਛੋਟੀ ਉਮਰ ਸੀ ਤੇ ਰਿਹਾ ਵੀ ਇਕ ਦੋ ਘੰਟੇ ਹੀ। ਮਿਊਜ਼ਿਕ ਚਰਨਜੀਤ ਆਹੂਜਾ ਕਰ ਰਿਹਾ ਸੀ। ਐਚ. ਐਮ. ਵੀ. ਦਾ ਮੈਨੇਜਰ ਜ਼ਹੀਰ ਹਾਜ਼ਰ ਸੀ ਤੇ ਦਾਦਾ ਰਿਕਾਰਡਿੰਗ ਇੰਜੀਨੀਅਰ ਸੀ। ਇਹ ਕੁੜੀ ਸਾਰਿਆਂ ਲਈ ਨਵੀਂ ਸੀ ਪਰ ਇਹਦੇ ਵੱਲ ਧਿਆਨ ਇਸ ਕਰਕੇ ਕੇਂਦ੍ਰਿਤ ਹੋ ਰਿਹਾ ਸੀ ਕਿ ਪਹਿਲੀ ਗੱਲ, ਉਹ ਖੂਬਸੂਰਤ ਰੱਜ ਕੇ ਸੀ; ਦੂਜੀ ਗੱਲ, ਉਹ ਸੁਰੀਲੀ ਹੋਣ ਦੇ ਨਾਲ ਨਾਲ ਸ਼ਬਦ ਉਚਾਰਣ ਬੜਾ ਵਧੀਆ ਕਰ ਰਹੀ ਸੀ, ਤੇ ਇਨ੍ਹਾਂ ਗੁਣਾਂ ਵਾਲੇ ਵਿਅਕਤੀ ਨੂੰ ਚਰਨਜੀਤ ਆਹੂਜਾ ਪਿਆਰ ਬੜਾ ਕਰਦਾ ਸੀ। ਪੰਜਾਬੀ ਗਾਇਕੀ ਦੇ ਖੇਤਰ ਵਿਚ ਨਰੋਏ ਪੈਰੀਂ ਪਰਵੇਸ਼ ਕਰਨ ਲਈ ਸ਼ਾਇਦ ਇਹ ਅਮਰਜੋਤ ਦਾ ਪਹਿਲਾ ਦੁਆਰ ਖੁੱਲ੍ਹਣ ਲੱਗਾ ਸੀ। ਗੱਲ ਵੀ ਉਹੀ ਹੋਈ। 'ਜਾਗੋ ਛੜਿਓ ਵਿਆਹ ਕਰਵਾ ਲਓ, ਵੇਚ ਕੇ ਮੱਝੀਆਂ ਗਾਈਆਂ', 'ਹੋ ਗਈ ਲਾਲਾ ਲਾਲਾ ਸਾਰੇ, ਜੱਟੀ ਸੱਚੀਆਂ ਉਚਾਰੇ', 'ਬਾਹਾਂ ਵਿਚ ਮੈਂ ਘੁੱਟ ਲਾਂ, ਮੇਰੇ ਖੰਡ ਦੇ ਖਡੌਣਿਆ ਯਾਰਾ' ਇਹ ਗੀਤ ਕੁਲਦੀਪ ਮਾਣਕ ਦੇ ਖਾਤੇ 'ਚ ਹਾਲੇ ਤੱਕ ਅਮਰਜੋਤ ਦੀ ਪ੍ਰਾਪਤੀ ਬਣੇ ਹੋਏ ਹਨ। ਉਨ੍ਹਾਂ ਦਿਨਾਂ 'ਚ ਹੀ ਲੁਧਿਆਣੇ ਦੀ ਗਾਇਕੀ ਮਾਰਕੀਟ 'ਚ ਇਹ ਚਰਚਾ ਹੋ ਗਈ ਸੀ ਕਿ ਇਕ ਸੁਰੀਲੀ ਕੁੜੀ ਧੜੱਲੇ ਨਾਲ ਪਰਵੇਸ਼ ਕਰ ਰਹੀ ਹੈ। ਪਰ ਇਸ ਗੱਲ ਨੂੰ ਤਾਂ ਪਰਦੇ 'ਚ ਰਹਿਣ ਦਿਓ ਕਿ ਕਿਉਂ ਕੁਲਦੀਪ ਮਾਣਕ ਦੀ ਅਮਰਜੋਤ ਨਾਲ ਜੋੜੀ ਬਹੁਤੀ ਦੇਰ ਚੱਲ ਨਾ ਸਕੀ। ਇੱਥੋਂ ਤੱਕ ਕਿ ਕੁਝ ਪਰਿਵਾਰਕ ਤਣਾਓ ਵੀ ਪੈਦਾ ਹੋਇਆ ਤੇ ਮਾਣਕ ਦੀ ਧਰਮ ਪਤਨੀ ਸਰਬਜੀਤ ਨਹੀਂ ਚਾਹੁੰਦੀ ਸੀ ਕਿ ਅਮਰਜੋਤ ਕੁਲਦੀਪ ਮਾਣਕ ਨਾਲ ਗਾਵੇ। ਹੌਲੀ ਹੌਲੀ ਉਠਦਾ ਧੂੰਆਂ ਕਈਆਂ ਦੀਆਂ ਅੱਖਾਂ 'ਚ ਰੜਕਿਆ 'ਤੇ 'ਤੜੱਕ' ਹੋ ਗਈ। ਇਤਫਾਕ ਇਹ ਹੋਇਆ ਕਿ ਇਸ ਤੋਂ ਬਾਅਦ ਕੁਲਦੀਪ ਮਾਣਕ ਕੁਝ ਸਮੇਂ ਲਈ ਇੰਗਲੈਂਡ ਚਲਿਆ ਗਿਆ। ਉਧਰ ਅਮਰ ਸਿੰਘ ਚਮਕੀਲਾ ਸੁਰਿੰਦਰ ਸ਼ਿੰਦੇ ਨਾਲ ਪੇਟੀ ਵਜਾਉਂਦਾ ਵਜਾਉਂਦਾ 'ਮੈਂ ਡਿੱਗੀ ਤਿਲਕ ਕੇ' ਨਾਲ ਗੀਤਕਾਰ ਤਾਂ ਬਣ ਹੀ ਗਿਆ ਸੀ ਪਰ ਸੁਰਿੰਦਰ ਸੋਨੀਆ ਨਾਲ ਉਸ ਦੇ ਪਹਿਲੇ ਈ. ਪੀ. ਰਿਕਾਰਡ 'ਕੁੜਤੀ ਸੱਤ ਰੰਗ ਦੀ, ਉਤੇ ਘੁੱਗੀਆਂ ਗਟਾਰਾਂ ਪਾਈਆਂ' ਨੇ ਪੰਜਾਬੀ ਸਰੋਤਿਆਂ 'ਚ ਤਰਥੱਲੀ ਮਚਾ ਦਿੱਤੀ ਸੀ। ਪੇਂਡੂ ਲੋਕ ਉਹਦੇ ਵੱਲ ਇਕਦਮ ਖਿੱਚੇ ਗਏ ਸਨ। ਉਹਦਾ ਪਹਿਲਾ ਵਿਵਾਦਿਤ ਗੀਤ 'ਬਾਪੂ ਸਾਡਾ ਗੁੰਮ ਹੋ ਗਿਆ' ਇਸੇ ਈ. ਪੀ. ਰਿਕਾਰਡ ਵਿਚ ਸੀ। ਪਰ ਇਹਦੇ 'ਚੋਂ 'ਠੇਕੇ 'ਤੇ ਬੈਠਾ ਰਹਿੰਦਾ, ਖੋਲ੍ਹ ਕੇ ਬੋਤਲ ਮੂਹਰੇ' ਹਿੱਟ ਹੋ ਗਿਆ ਸੀ। ਰੱਬ ਦੀ ਮਰਜ਼ੀ ਸੁਰਿੰਦਰ ਸੋਨੀਆ ਅਤੇ ਅਮਰ ਸਿੰਘ ਚਮਕੀਲੇ ਦਾ 'ਗੱਡੀ ਚੜ੍ਹਦੀ ਨੇ ਭਨਾ ਲਏ ਗੋਡੇ' ਵਾਂਗ ਸ਼ੁਰੂਆਤ 'ਚ ਹੀ ਅਲੱਗ ਅਲੱਗ ਰਸਤਾ ਬਣ ਗਿਆ।

ਕੁਲਦੀਪ ਮਾਣਕ ਦੇ ਦਫਤਰ ਦੇ ਨਾਲ ਧੰਨੇ ਰੰਗੀਲੇ ਦਾ ਦਫਤਰ ਹੁੰਦਾ ਸੀ। ਚਮਕੀਲਾ ਮੈਨੂੰ ਉਥੇ ਟੱਕਰਿਆ। ਅਸੀਂ ਲਗਭਗ ਹਾਣ ਮੰਗਲ ਸੀ, ਚਮਕੀਲਾ ਮੈਥੋਂ ਦੋ ਸਾਲ ਵੱਡਾ ਸੀ। ਉਹ ਮੈਨੂੰ ਦੱਸਣ ਲੱਗਾ, "ਕੁਲਦੀਪ ਮਾਣਕ ਤੇ ਅਮਰਜੋਤ ਦਾ ਸੈਟ ਟੁੱਟ ਗਿਆ ਹੈ, ਬਾਈ ਮੈਂ ਪੱਗਾਂ ਰੰਗੀਆਂ ਨੇ, ਸਵੈਟਰ ਕੋਟੀਆਂ ਬੁਣੇ ਨੇ, ਗਰੀਬ ਘਰ 'ਚ ਜੰਮਿਆਂ, ਤੂੰ ਮੇਰਾ ਅਮਰਜੋਤ ਨਾਲ ਸੈਟ ਬਣਾ ਸਕਦੈਂ। ਸੋਨੀਆ ਨਾਲ ਮੇਰੇ ਗੀਤ ਹਿੱਟ ਹੋ ਗਏ ਨੇ, ਅਮਰਜੋਤ ਨਾਲ ਮੈਂ ਸਿੱਧੀਆਂ ਪੌੜੀਆਂ ਚੜ੍ਹ ਜਾਊਂ।" ਤੇ ਨਾਲ ਹੀ ਬੁੱਲ੍ਹੀਆਂ 'ਚ ਹੱਸ ਕੇ ਕਹਿਣ ਲੱਗਾ, "ਹੈ ਬੜੀ ਖੂਬਸੂਰਤ, ਅੱਧੇ ਪ੍ਰੋਗਰਾਮ ਤਾਂ ਊਈਂ...। ਨਾਲੇ ਇਹ ਦੱਸੀਂ ਕਿ ਕੁਲਦੀਪ ਮਾਣਕ ਕਿੰਨੇ ਕੁ ਪੈਸੇ ਦਿੰਦਾ ਹੁੰਦਾ ਸੀ?"

ਮੈਂ ਉਹਨੂੰ ਜਵਾਬ ਦਿੱਤਾ ਕਿ ਮੇਰੀ ਅਮਰਜੋਤ ਨਾਲ ਕੋਈ ਨੇੜਤਾ ਨਹੀਂ ਪਰ ਇਹ ਮੈਨੂੰ ਪਤੈ ਕਿ ਕੁਲਦੀਪ ਮਾਣਕ ਅਮਰਜੋਤ ਨੂੰ ਪ੍ਰੋਗਰਾਮ ਦਾ ਢਾਈ ਤਿੰਨ ਸੌ ਜਾਂ ਚਾਰ ਸੌ ਦੇ ਦਿੰਦਾ ਸੀ। ਮੈਂ ਉਹਨੂੰ ਇਕ ਰਾਜ਼ ਦੱਸ ਦਿੱਤਾ ਕਿ ਤੇਰਾ ਸੈਟ ਕੌਣ ਬਣਾ ਸਕਦਾ ਤੇ ਉਹ ਢੋਲਕ ਵਜਾਉਣ ਵਾਲਾ ਮਿੱਤਰ ਸਾਡਾ ਦੋਵਾਂ ਦਾ ਸਾਂਝਾ ਵੀ ਰਿਹਾ ਸੀ। ਉਹਨੇ ਦੋ ਚਾਰ ਦਿਨ ਬਾਅਦ ਉਹ ਢੋਲਕ ਮਾਸਟਰ ਲੱਭਿਆ ਤੇ ਫਰੀਦਕੋਟ ਅਮਰਜੋਤ ਦੇ ਘਰੇ ਪਹੁੰਚ ਗਿਆ। ਕਿਉਂਕਿ ਕੁਲਦੀਪ ਮਾਣਕ ਨਾਲੋਂ ਟੁੱਟ ਕੇ ਅਮਰਜੋਤ ਫਰੀਦਕੋਟ ਆਪਣੇ ਘਰ ਵਾਪਿਸ ਚਲੀ ਗਈ ਸੀ। ਚਮਕੀਲੇ ਨੇ ਆਪਣੇ ਸੋਨੀਆ ਨਾਲ ਹਿੱਟ ਗੀਤਾਂ ਦਾ ਹਵਾਲਾ ਦੇ ਕੇ ਅਮਰਜੋਤ ਦੇ ਲੋਕ ਸੰਪਰਕ ਵਿਭਾਗ 'ਚ ਕੰਮ ਕਰਦੇ ਭਰਾ ਗੁਰਚਰਨ ਨੂੰ ਕਿਹਾ ਕਿ ਅਮਰਜੋਤ ਮੇਰੇ ਨਾਲ ਗਾਉਣ ਲੱਗ ਪਵੇ। ਉਹ ਕਹਿਣ ਲੱਗਾ, "ਸਾਨੂੰ ਕੋਈ ਇਤਰਾਜ਼ ਨਹੀਂ, ਅਸੀਂ ਤਾਂ ਪ੍ਰੋਗਰਾਮ ਹੀ ਲਾਉਣੇ ਆ, ਤੂੰ ਬੋਰਡ 'ਤੇ ਇਹਦਾ ਨਾਂ ਲਿਖ ਲੈ। ਕੰਮ ਚੱਲ ਪਿਆ ਤਾਂ ਅਸੀਂ ਤੇਰੇ ਨਾਲ ਹੋ ਜਾਵਾਂਗੇ।"

ਕਹਿੰਦੇ ਨੇ, ਜਦੋਂ ਭਲੇ ਦਿਨ ਆਉਂਦੇ ਨੇ ਤਾਂ ਪਤਾ ਨ੍ਹੀਂ ਲੱਗਦਾ ਕਿ ਕੁਦਰਤ ਕਿੱਧਰੋਂ ਪਰਵੇਸ਼ ਕਰ ਜਾਂਦੀ ਹੈ। ਚਮਕੀਲੇ ਦੇ ਅਮਰਜੋਤ ਨਾਲ ਮਹੀਨੇ ਦੇ ਦੋ-ਤਿੰਨ ਪ੍ਰੋਗਰਾਮ ਬੁੱਕ ਹੋਣ ਲੱਗ ਪਏ। ਪਹਿਲਾ ਈ. ਪੀ. ਰਿਕਾਰਡ ਜਦੋਂ ਅਮਰਜੋਤ ਨਾਲ ਆਇਆ ਤਾਂ ਇਹਦੇ 'ਚੋਂ 'ਮੇਰਾ ਵਿਆਹ ਕਰਵਾਉਣ ਨੂੰ ਜੀਅ ਕਰਦਾ ਬੇਬੇ ਨਾ ਮੰਨਦੀ ਮੇਰੀ ਵੇ' ਗੀਤ ਨਾਲ ਇਹ ਜੋੜੀ ਸਫਲਤਾ ਦੇ ਹੱਦਾਂ-ਬੰਨੇ ਲੰਘ ਕੇ ਦੋਗਾਣਾ ਗਾਉਣ ਵਾਲਿਆਂ 'ਚ ਸਭ ਤੋਂ ਮੂਹਰੇ ਆ ਕੇ ਖੜ੍ਹੀ ਹੋ ਗਈ। ਫਿਰ ਇਹ ਉਹੀ ਦਿਨ ਸਨ, ਜਦੋਂ ਇਕ ਪ੍ਰੋਗਰਾਮ ਗੰਗਾਨਗਰ ਹੁੰਦਾ ਸੀ ਤੇ ਦੂਜਾ ਜੈਤੋ। ਪਰ ਇਸੇ ਦੌਰਾਨ ਦੋਹਾਂ ਦਾ ਪਿਆਰ ਵੀ ਅਰੰਭ ਹੋ ਚੁਕਾ ਸੀ। ਇਹਦੇ ਪਿੱਛੇ ਦੋ ਕਾਰਨ ਸਨ-ਪਹਿਲਾ, ਚਮਕੀਲਾ ਚਾਹੁੰਦਾ ਸੀ ਕਿ ਅਸੀਂ ਦੋਵੇਂ 'ਕੱਠੇ ਗਾਉਂਦੇ ਰਹੇ ਤਾਂ ਸਾਡਾ ਮੁਕਾਬਲਾ ਕਿਸੇ ਤੋਂ ਹੋ ਨਹੀਂ ਸਕੇਗਾ; ਦੂਜਾ, ਅਮਰਜੋਤ ਜੇ ਉਹਦੀ ਪਤਨੀ ਬਣ ਕੇ ਜਾਏਗੀ ਤਾਂ ਲੋਕਾਂ ਦੇ ਦੇਖਣ ਦੀਆਂ ਨਜ਼ਰਾਂ ਬਦਲ ਜਾਣਗੀਆਂ। ਪਰ ਵੱਡਾ ਅੜਿੱਕਾ ਸੀ ਕਿ ਉਹ ਪਹਿਲਾਂ ਵਿਆਹਿਆ ਹੋਇਆ ਸੀ ਤੇ ਹਿੰਦੂ ਮੈਰਿਜ ਐਕਟ ਤਲਾਕ ਤੋਂ ਪਹਿਲਾਂ ਦੂਜੇ ਵਿਆਹ ਦੀ ਆਗਿਆ ਨਹੀਂ ਦਿੰਦਾ। ਇਹ ਤਾਂ ਚਮਕੀਲਾ ਜਾਣੇ, ਉਸ ਨੇ ਪਹਿਲੀ ਪਤਨੀ ਗੁਰਮੇਲ ਕੌਰ ਨੂੰ ਸਮਝਾ ਲਿਆ ਸੀ ਜਾਂ ਫਿਰ ਕਾਨੂੰਨ ਹੱਥ ਵਿਚ ਫੜ ਲਿਆ। ਫਗਵਾੜੇ ਇਕ ਢੋਲਕ ਮਾਸਟਰ ਦੇ ਘਰੇ ਵਿਆਹ ਦੀਆਂ ਰਸਮਾਂ ਹੋਈਆਂ, ਉਸ ਚਮਕੀਲੇ ਦੇ ਹਮਦਰਦ ਢੋਲਕ ਮਾਸਟਰ ਨੇ ਇਸ ਵਿਆਹ ਨੂੰ ਨੇਪਰੇ ਚਾੜ੍ਹਨ ਵਿਚ ਅਮਰਜੋਤ ਦੇ ਪਿਓ ਦਾ ਰੋਲ ਵੀ ਅਦਾ ਕੀਤਾ। ਸ਼ੁਹਰਤ ਦੀ ਹਨੇਰੀ ਵਗਣ ਲੱਗ ਪਈ ਸੀ। 'ਜੀਜਾ ਲੱਕ ਮਿਣ ਲੈ' ਗੀਤ ਦੇ ਹਿੱਟ ਹੋਣ ਵੇਲੇ ਕੁਲਦੀਪ ਮਾਣਕ ਵੀ ਮੰਨ ਗਿਆ ਸੀ ਕਿ ਹੁਣ ਇਹ ਅੱਗੇ ਨਿਕਲ ਗਏ ਹਨ।

ਜਦੋਂ ਮਾੜੇ ਦਿਨਾਂ ਦੀ ਦਹਿਸ਼ਤ ਰੱਜ ਕੇ ਸੀ ਤਾਂ ਚਮਕੀਲਾ ਮੈਨੂੰ ਬੱਸ ਅੱਡੇ 'ਤੇ ਮਾਲਵਾ ਢਾਬੇ 'ਚ ਇਕ ਕੈਬਿਨ 'ਚ ਬੈਠਾ ਮਿਲਿਆ। ਉਠ ਕੇ ਜੱਫੀ ਪਾਈ ਤੇ ਇਕ ਰਾਜ਼ ਦੱਸਣ ਲੱਗਾ ਕਿ ਕੈਸੇ ਦਿਨਾਂ ਤੋਂ ਸ਼ੁਰੂਆਤ ਹੋਈ ਸੀ ਤੇ ਦਿਨ ਕਿੱਦਾਂ ਦੇ ਆ ਗਏ ਨੇ। ਜਿਸ ਦਿਨ ਮੈਂ ਤੈਨੂੰ ਇਹ ਪੁੱਛਿਆ ਸੀ ਕਿ ਕੁਲਦੀਪ ਮਾਣਕ ਅਮਰਜੋਤ ਨੂੰ ਕਿੰਨੇ ਪੈਸੇ ਦਿੰਦਾ, ਮੈਂ ਉਹ ਭਾਅ ਪੁੱਛ ਕੇ ਅਮਰਜੋਤ ਨੂੰ ਹਰ ਪ੍ਰੋਗਰਾਮ ਦਾ ਸੱਤ ਸੌ ਰੁਪਿਆ ਦੇਣ ਦੀ ਪੇਸ਼ਕਸ਼ ਕਰ ਦਿੱਤੀ ਸੀ ਤੇ ਪਹਿਲਾ ਪ੍ਰੋਗਰਾਮ ਜਿਸ ਪਿੰਡ ਕਰਾਇਆ, ਉਹ ਇਕ ਫਕੀਰਾਂ ਦੀ ਜਗ੍ਹਾ 'ਤੇ ਸੀ। ਪ੍ਰਬੰਧਕਾਂ ਤੋਂ ਮੈਂ ਅਮਰਜੋਤ ਦਾ ਸੋਨੇ ਦੀਆਂ ਵਾਲੀਆਂ ਨਾਲ ਸਨਮਾਨ ਕਰਾਇਆ। ਪਰ ਇਹ ਸੋਨੇ ਦੀਆਂ ਵਾਲੀਆਂ ਬਣਾ ਕੇ ਮੈਂ ਲੈ ਗਿਆ ਸੀ। ਮੈਂ ਛੇ ਸੌ ਰੁਪਿਆ ਪ੍ਰੋਗਰਾਮ ਦਾ ਅਲੱਗ ਦਿੱਤਾ ਅਤੇ ਗਿਆਰਾਂ ਸੌ ਰੁਪਿਆ ਜਿਹੜਾ ਪ੍ਰਬੰਧਕਾਂ ਤੋਂ ਅਮਰਜੋਤ ਨੂੰ ਦੁਆਇਆ, ਉਹ ਵੀ



*ਮੇਰੀ ਮਾਤਾ ਪ੍ਰਕਾਸ਼ ਕੌਰ ਨਾਲ ਅਮਰਜੋਤ 7 ਮਾਰਚ 1988 ਨੂੰ ਮੇਰੇ ਹੀ ਘਰ ਪਿੰਡ ਭੌਰਾ 'ਚ*

ਮੇਰਾ ਹੀ ਸੀ। ਅਮਰਜੋਤ ਦਾ ਘਰੇਲੂ ਨਾ 'ਬੱਬੀ' ਸੀ। ਚਮਕੀਲੇ ਨੇ ਇਕ ਹੋਰ ਪਰਦਾ ਚੁੱਕਿਆ ਕਿ ਬਸਤੀ ਜੋਧੇਵਾਲ ਚੌਂਕ 'ਚ ਜਿਹੜੀ ਧਾਰਮਿਕ ਜਗ੍ਹਾ ਹੈ, ਉਥੇ ਅਮਰਜੋਤ ਤੇ ਚਮਕੀਲਾ ਇਕੱਠੇ ਗਾਉਣ ਗਏ ਸੀ, ਕਿਤੇ ਮੱਥਾ ਟੇਕਣ ਲੱਗਿਆਂ ਚਮਕੀਲੇ ਦਾ ਪੈਰ ਅਮਰਜੋਤ ਦੇ ਪੈਰ 'ਤੇ ਰੱਖ ਹੋ ਗਿਆ। ਪਰ ਜਿਵੇਂ ਕਿ ਮਨੋਵਿਗਿਆਨੀ ਕਹਿੰਦੇ ਨੇ ਕਿ ਪਿਆਰ ਦੀ ਸ਼ੁਰੂਆਤ ਹੱਥ ਜਾਂ ਪੈਰ ਦੇ ਸਪਰਸ਼ ਨਾਲ ਸ਼ੁਰੂ ਹੁੰਦੀ ਹੈ। ਉਹ ਦੱਸਣ ਲੱਗਾ, ਜਦੋਂ ਮੇਰਾ ਪੈਰ ਅਮਰਜੋਤ ਦੇ ਪੈਰ ਨਾਲ ਲੱਗਾ ਤਾਂ ਉਹ ਹੱਸ ਪਈ। ਆਂਹਦੀ, 'ਹੁਣ ਪੱਤਾ ਲੱਗਾ ਕਿ ਵਾਲੀਆਂ ਕਿਉਂ ਪਾਉਂਦਾ ਸੀ।' ਤੇ ਉਹ ਦਿਨ ਗਿਆ, ਅਸੀਂ ਇਕ ਦੂਜੇ ਦੇ ਹੋ ਗਏ। ਹਾਲਾਂਕਿ ਜਿਵੇਂ ਦੋ ਵਿਆਹਾਂ ਵਾਲੇ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ, ਉਨ੍ਹਾਂ ਸਮੱਸਿਆਵਾਂ ਨੇ ਚਮਕੀਲੇ ਨੂੰ ਵੀ ਘੇਰੀ ਰੱਖਿਆ। ਪਰ ਘਰ 'ਤੇ ਦਹਿਸ਼ਤ ਦੇ ਮਾਹੌਲ ਵਿਚਦੀਂ ਲੰਘ ਕੇ ਵੀ ਉਹ ਪੰਜਾਬੀ ਗਾਇਕੀ 'ਚ ਝੰਡਾਂ ਕਰਦਾ ਰਿਹਾ।

ਅਮਰਜੋਤ ਦੀ ਵੱਡੀ ਭੈਣ ਜਸਵੰਤ, ਉਸ ਤੋਂ ਛੋਟੀ ਇੰਦਰ ਕਸ਼ਮੀਰੀ-ਸੀਗੀਆਂ ਤਿੰਨੇ ਰੱਜ ਕੇ ਸੋਹਣੀਆਂ। ਨੈਣ ਨਕਸ਼ ਵੀ ਕਮਾਲ ਦੇ ਪਰ ਗਾਉਂਦੀਆਂ ਅਮਰਜੋਤ ਤੇ ਇੰਦਰ ਕਸ਼ਮੀਰੀ ਹੀ ਸਨ। ਇੰਦਰ ਕਸ਼ਮੀਰੀ ਦੇ ਘਰ ਵਾਲੇ ਦਾ ਨਾਂ ਹੀ ਬੂਟਾ ਗੱਪੀ ਹੈ ਤੇ ਇਸੇ ਬੂਟਾ ਗੱਪੀ ਦਾ ਚਮਕੀਲੇ ਨੇ ਆਪਣੇ ਗੀਤਾਂ ਵਿਚ 'ਬੂਟੇ ਗੱਪੀ ਵਾਂਗੂ ਤੂੰ ਵੀ ਮਾਰੀ ਜਾਵੇਂ ਗੱਪ' ਨਾਲ ਜ਼ਿਕਰ ਵੀ ਕੀਤਾ। ਉਸੇ ਦਿਨ ਚਮਕੀਲੇ ਨੂੰ ਇਕ ਹੋਰ ਗੱਲ ਪੁੱਛੀ ਸੀ ਕਿ ਥੋਡੀਆਂ ਤਾਰਾਂ ਫਗਵਾੜੇ ਵਾਲੇ ਢੋਲਕ ਮਾਸਟਰ ਨੇ ਜੋੜੀਆਂ? ਉਹ ਹੱਸ ਪਿਆ, "ਅੱਧੀਆਂ ਕੁ। ਪਰ ਜਿੱਦਣ ਮੈਂ ਫਰੀਦਕੋਟ ਅਮਰਜੋਤ ਕੋਲ ਪੇਸ਼ਕਸ਼ ਲੈ ਕੇ ਗਿਆ ਸੀ, ਉਸ ਦਿਨ ਅਮਰਜੋਤ ਦਾ ਭਰਾ ਪੱਪੂ ਵੀ ਲੁਧਿਆਣੇ ਤੋਂ ਨਾਲ ਗਿਆ ਸੀ, ਤੇ ਸਾਡੇ 'ਕੱਠਿਆਂ ਦੇ ਗਾਉਣ ਦਾ ਮਾਹੌਲ ਪੱਪੂ ਨੇ ਵੀ ਸਿਰਜਿਆ।"

ਨਵੇਂ ਗੀਤ ਚੱਲੀ ਜਾਂਦੇ ਨੇ, ਚਮਕੀਲੇ ਦੇ ਵੀ, ਅਮਰਜੋਤ ਦੇ ਵੀ। ਇਹ ਵੀ ਸ਼ਾਇਦ ਪੰਜਾਬੀ ਗਾਇਕੀ 'ਚ ਇਕ ਆਪਣੀ ਕਿਸਮ ਦਾ ਰਿਕਾਰਡ ਹੈ ਕਿ ਤਿੰਨ ਦਹਾਕੇ ਪਹਿਲਾਂ ਜਿਨ੍ਹਾਂ ਦਾ ਕਤਲ ਹੋ ਗਿਆ ਸੀ, ਵਿਗਿਆਨਕ ਯੁੱਗ ਦੇ ਬਦਲ ਜਾਣ ਦੇ ਬਾਵਜੂਦ ਚਮਕੀਲੇ ਦੇ ਪ੍ਰਸ਼ੰਸਕਾਂ ਦੇ ਢੇਰ ਲੱਗੇ ਹੋਏ ਹਨ ਤੇ ਅੱਜ ਤੱਕ ਪੰਜਾਬੀਆਂ ਦੇ ਚੇਤੇ 'ਚੋਂ ਨਾ ਚਮਕੀਲਾ ਵਿਸਰਿਆ ਹੈ ਤੇ ਨਾ ਅਮਰਜੋਤ। ਆਲੋਚਨਾ ਤੇ ਭੰਡੀ ਕਰਨ ਵਾਲੇ ਆਪਣਾ ਕੰਮ ਕਰੀ ਜਾਂਦੇ ਨੇ ਤੇ ਪ੍ਰਸ਼ੰਸਕ ਦੋਵਾਂ ਨੂੰ ਹਾਲੇ ਵੀ ਹੱਥਾਂ 'ਤੇ ਚੁੱਕੀ ਫਿਰਦੇ ਨੇ।

ਚਮਕੀਲੇ ਨੂੰ ਜਮਾਲਪੁਰ ਕਾਲੋਨੀ 'ਚ ਬੂਟੇ ਗੱਪੀ ਨੇ ਜਿਹੜਾ ਘਰ ਲੈ ਕੇ ਦਿੱਤਾ, ਉਸ ਘਰ 'ਚ ਮੈਂ ਅਮਰਜੋਤ ਤੇ ਚਮਕੀਲੇ ਨੂੰ ਵੀ ਮਿਲਣ ਜਾਂਦਾ ਰਿਹਾਂ, ਤੇ ਹਾਲ ਹੀ ਵਿਚ ਉਸੇ ਘਰ ਦੇ ਜਦੋਂ ਉਸ ਦੇ ਪੁੱਤਰ ਜੈਮਲ ਚਮਕੀਲੇ ਦੀਆਂ ਤਸਵੀਰਾਂ ਇਕ ਗਾਇਕ ਵਜੋਂ ਹੀ ਮਾਂ-ਬਾਪ ਨਾਲ ਲੱਗੀਆਂ ਤਾਂ ਮੈਨੂੰ ਲੱਗਾ ਕਿ ਬੋਹੜ ਥੱਲੇ ਬੋਹੜ ਜਾਂ ਪਿੱਪਲ ਹੇਠਾਂ ਪਿੱਪਲ ਤਾਂ ਨਹੀਂ ਲੱਗੇਗਾ ਪਰ ਇਸ ਜੋੜੀ ਨੂੰ ਹਾਲੇ ਲੰਮੇ ਅਰਸੇ ਤੱਕ ਪੰਜਾਬੀ ਦੋਗਾਣਾ ਖੇਤਰ 'ਚੋਂ ਮਨਫੀ ਕਰਨਾ ਸੋਚਿਆ ਵੀ ਨਾ ਜਾ ਸਕੇਗਾ।

---

## ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ

*ਇਕ 'ਨੈਣ-ਪਿੰਜਰੇ' ਫਸੇ ਸਾਧੂ ਦੀ ਅਰਜ਼ੋਈ*

ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ,
ਟੁਰੇ ਜਾਂਦੇ ਨੂੰ ਬੰਨ੍ਹ ਬਹਾ ਲਿਆ,
ਬਿਨਾਂ ਸੰਗਲਾਂ ਕੱਸ ਕਸਾ ਲਿਆ,
ਬਿਨਾਂ ਦੰਮਾਂ ਦੇ ਬਰਦਾ ਬਣਾ ਲਿਆ,

ਕਿੱਥੇ ਅਰਸ਼ਾਂ ਦਾ ਗਿਆ ਤਕਾਵਣਾ ਓ,
ਕਿੱਥੇ ਸਾਈਂ ਦਰ ਨਜ਼ਰ ਜਮਾਵਣਾ ਓ,-
ਨਜ਼ਰ ਮੇਲਣੀ ਨਾ ਨਾਲ ਖਾਕੀਆਂ ਦੇ,
ਟਕ ਬੰਨ੍ਹਣੀ ਨੂਰੀਆਂ ਝਾਕੀਆਂ ਤੇ।
ਹਾਇ ਭੁੱਲ ਏ ਨੈਣ ਤਕਾ ਬੈਠੇ,
ਝਾਕੇ ਪਹਿਲੜੇ ਖੰਭ ਖੁਹਾ ਬੈਠੇ!

ਜਾਦੂਗਰੀ ਕੀਤੀ ਏਨ੍ਹਾਂ ਅੱਖੀਆਂ ਨੇ,
ਮਾਰ ਘੱਤਿਆ ਸਾਂਭ ਕੇ ਰੱਖੀਆਂ ਨੇ!

## ਭਾਈ ਵੀਰ ਸਿੰਘ ਦੀਆਂ ਰਚਨਾਵਾਂ

ਇਨ੍ਹਾਂ ਨੈਣਾਂ ਨੇ ਪੂਰਾਂ ਦੇ ਪੂਰ ਲਾਹੇ,
ਜੋਧੇ ਬਲੀ ਵਰਿਯਾਮ ਤੇ ਸੂਰ ਫਾਹੇ,
ਖੰਭ ਸੜੇ ਪਤੰਗਿਆਂ ਵਾਂਗ ਬਿਸਮਲ,
ਪਏ ਖਿੱਚ ਖਾਵਣ, ਤੜਫਣ ਹੋਣ ਤਿਲਮਿਲ।
ਮੈਂ ਬੀ ਮਾਰਿਆ ਇਕ ਮਟੱਕੜੇ ਨੇ,
ਕਰ ਕੈਦ ਲੀਤਾ ਜੱਫੇ ਤੱਕੜੇ ਨੇ।
ਕੋਈ ਕਰੋ ਕਾਰੀ ਸਾਡੀ ਆਣ ਲੋਕੋ!
ਕੋਈ ਰੱਬ ਪਯਾਰੇ ਆ ਬਚਾਣ ਲੋਕੋ!
ਤਾਨ ਅਸਾਂ ਵਿਚ ਰਹੀ ਨ ਸ਼ਾਨ ਲੋਕੋ!

ਫਾਥੇ ਪਿੰਜਰੇ ਆਣ ਛੁਡਾਣ ਲੋਕੋ!
ਕਰੇ ਬਾਹੁੜੀ ਰੱਬ ਜੇ ਆਪ ਲੋਕੋ!
ਵਿੱਸ ਚੜ੍ਹੀ ਦਾ ਝੜੇ ਏ ਤਾਪ, ਲੋਕੋ!
ਜੇ ਮੈਂ ਆਪਣੇ ਆਪ ਤੇ ਆਸ ਕੀਤੀ।
ਅਪਣੇ ਬਚਨ ਦੀ ਆਸ ਫਿਰ ਨਾਸ ਕੀਤੀ।
ਜਾਦੂਗਰੀ ਨੇ ਜਿਨ੍ਹਾਂ ਨੂੰ ਮਾਰਿਆ ਹੈ,
ਧੁਰੋਂ ਕ੍ਰਾਮਤ ਨੇ ਉਨ੍ਹਾਂ ਨੂੰ ਤਾਰਿਆ ਹੈ।

ਤੂੰ ਸੱਤਾਰ ਗ਼ੁਫਾਰ ਹੇ ਰੱਬ ਸਾਈਂ!
'ਸਾਂਤੇ ਕਰਮ ਕਰੀਓ ਮੇਹਰ ਨਜ਼ਰ ਪਾਈਂ,-
ਰੱਖ ਲਓ ਸਾਨੂੰ ਏਹਨਾਂ ਅੱਖੀਆਂ ਤੋਂ,
ਮਾਰਨ ਵਾਸਤੇ ਸਾਧਾਂ ਨੂੰ ਰੱਖੀਆਂ ਜੋ,
ਬੇੜਾ ਕਰੋ ਸਾਡਾ ਆਪ ਪਾਰ ਸਾਈਂ!
ਰੂਪ, ਰੰਗ, ਮਟੱਕਿਓਂ ਤਾਰ ਸਾਈਂ!

---

### ਮੋੜ ਨੈਣਾਂ ਦੀ ਵਾਗ ਵੇ

ਮੋੜ ਨੈਣਾਂ ਦੀ ਵਾਗ ਵੇ!
ਮਨ ਮੋੜ ਨੈਣਾਂ ਦੀ ਵਾਗ ਵੇ।ਟੇਕ।

ਏਹ ਹਰਿਆਰੇ ਫਸ ਫਸ ਜਾਂਦੇ
ਰੂਪ ਫਬਨ ਦੇ ਬਾਗ਼ ਵੇ,
ਮੁੜ ਘਰ ਆਵਣ ਜਾਚ ਨ ਜਾਣਨ
ਮਿੱਠੇ ਮਖ ਦੇ ਵਾਂਗ ਵੇ,

ਨੈਣ ਨੈਣਾਂ ਵਿਚ ਘੁਲ ਮਿਲ ਜਾਂਦੇ
ਚਾਨਣ ਜਿਉਂ ਦੁ-ਚਰਾਗ਼ ਵੇ,
ਠਗ ਇਕ ਨੈਣ ਵਸਣ ਉਸ ਉਪਬਨ
ਨੈਣ ਜਿਵੇਂ ਠਗ ਨਾਗ ਵੇ,

ਭੋਲੇ ਨੈਣ ਤੇਰੇ ਜੇ ਆਏ,
ਇਨ੍ਹ ਨੈਣਾਂ ਦੇ ਲਾਗ ਵੇ,
ਘੇਰ ਨੈਣਾਂ ਦੀ ਨੈਣ ਫਸਣਗੇ
ਨੈਂ ਨ ਸਕਣ ਏ ਝਾਗ ਵੇ,


ਨੈਣ ਨੈਣਾਂ ਵਿਚ ਫਸੇ ਨ ਨਿਕਲੇ
ਨੈਣ ਨੈਣਾਂ ਦਾ ਰਾਗ ਵੇ।
ਮੋਹੇ ਨੈਣ ਮੋਹਿੰਦੇ ਦਿਲ ਨੂੰ
ਲਾਣ ਪ੍ਰੀਤ ਦਾ ਦਾਗ਼ ਵੇ,
ਦਾਗ਼ੇ ਗਏ ਸੁ ਮੁੜਨ ਨ ਪਿੱਛੇ
ਸਿਰ ਦੇ ਖੇਲਣ ਫਾਗ ਵੇ:

ਜੇ ਵੇ ਮਨਾਂ ਤੈਨੂੰ ਲੋੜ ਆਪਣੀ
ਮੋੜ ਨੈਣਾਂ ਦੀ ਵਾਗ ਵੇ!

ਜੇ ਛਬੀਆਂ ਤੋਂ ਅੰਮ੍ਰਿਤ ਖਿੰਚੇਂ
ਸਿੰਚੇਂ ਆਤਮ ਬਾਗ਼ ਵੇ,
ਖਿੜਿਆ ਦੇਖੇਂ ਅੰਮ੍ਰਿਤ ਸਾਰੇ
ਥਿਰਿਆ ਸੀਸ ਸੁਹਾਗ ਵੇ,
ਖੁੱਲ੍ਹੇ ਛਡਦੇ ਨੈਣ ਮਨਾਂ ਤੂੰ
ਮੋੜ ਨ ਨੈਣਾਂ ਵਾਗ ਵੇ:
ਫਿਰ ਮੋੜ ਨ ਨੈਣਾਂ ਵਾਗ ਵੇ!

## ਗੁਰੂਤਾ ਤਰੰਗਾਂ ਦੀ ਖੋਜ ਲਈ ਨੋਬਲ ਪੁਰਸਕਾਰ ਮਿਲਣ 'ਤੇ

# ਆਈਨਸਟਾਈਨ ਸਹੀ ਸੀ




***ਵਿਗਿਆਨਕ ਖੋਜਾਂ ਨੇ ਮਨੁੱਖ ਦੀ ਝੋਲੀ ਵਿਚ ਸੁੱਖ-ਸੁਵਿਧਾਵਾਂ ਪਾਈਆਂ ਹਨ ਜਿਸ ਵਿਚ ਵਿਗਿਆਨੀਆਂ ਦੀ ਨਿਰੰਤਰ ਘਾਲਣਾ ਅਤੇ ਦਿੱਭ-ਦ੍ਰਿਸ਼ਟੀ ਦਾ ਅਹਿਮ ਰੋਲ ਹੈ। 20ਵੀਂ ਸਦੀ ਦੇ ਮਹਾਨ ਭੌਤਿਕ ਵਿਗਿਆਨੀ, ਐਟਮ ਬੰਬ ਦੇ ਸਿਧਾਂਤਕਾਰ ਅਤੇ ਸਾਖੇਪਵਾਦ ਸਿਧਾਂਤ ਦੇ ਸਿਰਜਣਹਾਰੇ ਅਲਬਰਟ ਆਈਨਸਟਾਈਨ ਨੇ ਸੌ ਕੁ ਸਾਲ ਪਹਿਲਾਂ ਸਾਖੇਪਵਾਦ ਦਾ ਸਿਧਾਂਤ ਦਿੰਦਿਆਂ ਕਿਹਾ ਸੀ ਕਿ ਖਲਾਅ ਵਿਚ ਗੁਰੂਤਾ ਤਰੰਗਾਂ ਹੁੰਦੀਆਂ ਹਨ। ਫੋਟੋ ਇਲੈਕਟ੍ਰਿਕ ਈਫੈਕਟ ਵਿਚ ਨੋਬਲ ਪੁਰਸਕਾਰ ਜੇਤੂ ਆਈਨਸਟਾਈਨ ਨੂੰ ਜਨਰਲ ਸਾਖੇਪਵਾਦ ਦੇ ਸਿਧਾਂਤ ਦੇ ਮੋਢੀ ਵਜੋਂ ਜਾਣਿਆ ਜਾਂਦਾ ਹੈ। ਇਹ ਆਈਨਸਟਾਈਨ ਦੀ ਕੇਹੀ ਭਵਿੱਖਵਾਣੀ ਸੀ ਜਿਸ ਨੂੰ ਸਿੱਧ ਕਰਨ ਲਈ ਵਿਗਿਆਨੀਆਂ ਨੂੰ ਸੌ ਸਾਲ ਲੱਗ ਗਏ। 2017 ਦਾ ਨੋਬਲ ਪੁਰਸਕਾਰ ਗੁਰੂਤਾ ਤਰੰਗਾਂ ਦੀ ਖੋਜ ਨਾਲ ਜੁੜੇ ਤਿੰਨ ਅਮਰੀਕੀ ਵਿਗਿਆਨੀਆਂ ਨੂੰ ਮਿਲਣ ਦੇ ਮੌਕੇ 'ਤੇ ਗੁਰੂਤਾ ਤਰੰਗਾਂ ਦੀ ਖੋਜ ਬਾਰੇ ਡਾ. ਗੁਰਬਖਸ਼ ਸਿੰਘ ਭੰਡਾਲ ਵਲੋਂ ਜੁਟਾਈ ਗਈ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***

2017 ਦਾ ਭੌਤਿਕ ਵਿਗਿਆਨ ਲਈ ਨੋਬਲ ਪੁਰਸਕਾਰ ਤਿੰਨ ਅਮਰੀਕੀ ਵਿਗਿਆਨੀਆਂ-ਡਾ. ਰੈਨਰ ਵੀਸ, ਡਾ. ਬੈਰੀ ਬੈਰਿਸ਼ ਅਤੇ ਡਾ. ਕਿੱਪ ਥੋਰਨ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਨੇ ਖਲਾਅ ਵਿਚ ਗੁਰੂਤਾ ਤਰੰਗਾਂ ਦੀ ਮੌਜੂਦਗੀ ਨੂੰ ਸਿੱਧ ਕੀਤਾ ਹੈ।

ਵਿਗਿਆਨੀ ਨਜ਼ੂਮੀ ਹੁੰਦੇ ਹਨ ਜਿਨ੍ਹਾਂ ਦੀਆਂ ਵਿਗਿਆਨਕ ਭਵਿੱਖਵਾਣੀਆਂ ਹਮੇਸ਼ਾ ਸੱਚੀਆਂ ਹੀ ਹੁੰਦੀਆਂ ਹਨ।

ਆਈਨਸਟਾਈਨ ਨੇ 100 ਕੁ ਸਾਲ ਪਹਿਲਾਂ 1915 ਵਿਚ ਆਪਣੇ ਜਨਰਲ ਸਾਪੇਖਵਾਦ ਦੇ ਸਿਧਾਂਤ ਦਿੰਦਿਆ ਕਿਹਾ ਸੀ ਕਿ ਗੁਰੂਤਾ ਤਰੰਗਾਂ ਖਲਾਅ ਵਿਚ ਹਨ ਜੋ ਗੁਰੂਤਾ ਖਿੱਚ ਦਾ ਕਾਰਨ ਬਣਦੀਆਂ ਹਨ। ਇਨ੍ਹਾਂ ਨੂੰ ਲੱਭਣ ਦੀਆਂ ਵਿਗਿਆਨੀਆਂ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਹੁਣ ਵਿਗਿਆਨੀਆਂ ਨੇ ਲੱਭ ਕੇ ਆਈਨਸਟਾਈਨ ਦੀ ਭਵਿੱਖਵਾਣੀ ਨੂੰ ਸੱਚ ਸਾਬਤ ਕਰ ਦਿੱਤਾ ਹੈ। ਇਸ ਨਾਲ ਸਪੇਸ ਵਿਗਿਆਨ ਵਿਚ ਨਵੀਆਂ ਸੰਭਾਵਨਾਵਾਂ ਦਾ ਵਿਸ਼ਾਲ ਖੇਤਰ ਪੈਦਾ ਹੋ ਗਿਆ ਹੈ।

ਦਰਅਸਲ ਆਈਨਸਟਾਈਨ ਨੇ ਆਪਣੇ ਜਨਰਲ ਸਾਪੇਖਵਾਦ ਦੇ ਸਿਧਾਂਤ ਅਨੁਸਾਰ ਇਹ ਭਵਿੱਖਵਾਣੀ ਕੀਤੀ ਸੀ ਕਿ ਗੁਰੂਤਾ ਤਰੰਗਾਂ ਹੁੰਦੀਆਂ ਹਨ ਜੋ ਸਪੇਸ-ਟਾਈਮ (ਸਮੁੱਚਾ ਬ੍ਰਹਿਮੰਡ ਸਪੇਸ ਟਾਈਮ ਫਰੇਮ ਵਿਚ ਬੱਝਾ ਹੋਇਆ ਹੈ) ਫਰੇਮ ਵਿਚ ਪੈਦਾ ਹੋਏ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਤਣਾਅ ਕਾਰਨ ਪੈਦਾ ਹੁੰਦੀਆਂ ਹਨ। ਜਦ ਕੋਈ ਵੱਡੀ ਘਟਨਾ ਬ੍ਰਹਿਮੰਡ ਵਿਚ ਵਾਪਰਦੀ ਹੈ, ਜਿਵੇਂ ਤਾਰਿਆਂ ਦਾ ਫੱਟਣਾ, ਬਲੈਕ ਹੋਲਾਂ ਅਤੇ ਨਿਊਟਰਾਨ ਤਾਰਿਆਂ ਦਾ ਆਪਸ ਵਿਚ ਟਕਰਾਉਣਾ ਜਾਂ ਸਮਾ ਜਾਣ ਨਾਲ ਸਪੇਸ-ਟਾਈਮ ਫਰੇਮ ਵਿਚ ਤਣਾਅ ਪੈਦਾ ਹੁੰਦਾ ਹੈ ਜਿਸ ਨਾਲ ਗੁਰੂਤਾ ਤਰੰਗਾਂ ਪੈਦਾ ਹੁੰਦੀਆਂ ਹਨ। ਇਨ੍ਹਾਂ ਤਰੰਗਾਂ ਦੀ ਗਤੀ ਸੂਰਜ ਦੀਆਂ ਕਿਰਨਾਂ ਦੀ ਗਤੀ ਦੇ ਬਰਾਬਰ ਹੁੰਦੀ ਹੈ ਅਤੇ ਬ੍ਰਹਿਮੰਡ ਵਿਚ ਸਾਰੇ ਪਾਸੇ ਫੈਲਦੀਆਂ ਹਨ। ਇਹ ਇਸ ਤਰ੍ਹਾਂ ਹੀ ਹੁੰਦਾ ਏ ਜਿਵੇਂ ਕਿਸੇ ਰਬੜ ਦੀ ਸ਼ੀਟ 'ਤੇ ਭਾਰੀ ਗੇਂਦ ਸੁਟਣ ਨਾਲ ਇਸ ਵਿਚ ਟੋਆ ਪੈ ਜਾਂਦਾ ਹੈ ਜਿਸ ਨਾਲ ਰਬੜ ਦੀ ਸ਼ੀਟ ਇਕ ਪਾਸਿਉਂ ਫੈਲ ਜਾਂਦੀ ਹੈ ਜਦ ਕਿ ਦੂਸਰੇ ਪਾਸਿਉਂ ਸੁੰਗੜ ਜਾਂਦੀ ਹੈ। ਇਸ ਨਾਲ ਇਸ ਵਿਚ ਤਣਾਅ ਪੈਦਾ ਹੋ ਜਾਂਦਾ ਹੈ। ਜੇ ਕੋਈ ਹੋਰ ਚੀਜ ਸੁਟੀਏ ਤਾਂ ਇਹ ਗੇਂਦ ਵਲੋਂ ਪਾਏ ਗਏ ਟੋਏ ਵੱਲ ਖਿੱਚੀ ਚਲੀ ਜਾਂਦੀ ਹੈ। ਅਜਿਹਾ ਹੀ ਖਲਾਅ ਵਿਚਲੇ ਸਪੇਸ-ਟਾਈਮ ਫਰੇਮ ਵਿਚ ਵਾਪਰਦਾ ਹੈ। ਇਹ ਤਰੰਗਾਂ ਬਹੁਤ ਕਮਜ਼ੋਰ ਅਤੇ ਬਹੁਤ ਹੀ ਥੋੜ੍ਹੇ ਸਮੇਂ ਲਈ ਪੈਦਾ ਹੁੰਦੀਆਂ ਹਨ। ਪਿਛਲੇ 40 ਸਾਲ ਤੋਂ ਵਿਗਿਆਨੀ ਅਜਿਹੀਆਂ ਤਰੰਗਾਂ ਦੀ ਪੁਸ਼ਟੀ ਕਰਨ ਲਈ ਵੱਖ ਵੱਖ ਤਜਰਬਿਆਂ ਵਿਚ ਰੁੱਝੇ ਹੋਏ ਸਨ ਅਤੇ ਹੁਣ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ਹੈ।

ਗੁਰੂਤਾ ਤਰੰਗਾਂ ਦੀ ਭਵਿੱਖਵਾਣੀ ਅਤੇ ਇਨ੍ਹਾਂ ਦੀ ਖੋਜ ਦੀ ਕਹਾਣੀ ਬਹੁਤ ਦਿਲਚਸਪ ਹੈ। ਇਸ ਵਿਚ ਬਹੁਤ ਸਾਰੇ ਉਤਰਾਅ ਚੜ੍ਹਾਅ ਆਏ ਹਨ। ਜਦ ਆਈਨਸਟਾਈਨ ਨੇ 1915 ਵਿਚ ਅਜਿਹੀਆਂ ਤਰੰਗਾਂ ਦੀ ਭਵਿੱਖਵਾਣੀ ਕੀਤੀ ਤਾਂ ਉਸ ਨੂੰ ਵੀ ਇਨ੍ਹਾਂ ਦੀ ਹੋਂਦ 'ਤੇ ਬਹੁਤਾ ਯਕੀਨ ਨਹੀਂ ਸੀ। 1916 ਵਿਚ ਉਸ ਨੇ ਬਲੈਕ ਹੋਲਾਂ ਦੀ ਖੋਜ ਕਰਨ ਵਾਲੇ ਮਹਾਨ ਵਿਗਿਆਨੀ ਕਾਰਲ ਸ਼ਵਾਰਜ਼ਚਾਈਲਡ ਨੂੰ ਕਿਹਾ ਸੀ ਕਿ ਇਹ ਤਰੰਗਾਂ ਨਹੀਂ ਹੁੰਦੀਆਂ ਅਤੇ ਫਿਰ ਕਿਹਾ ਸੀ ਕਿ ਇਹ ਤਰੰਗਾਂ ਹੁੰਦੀਆਂ ਹਨ। ਆਈਨਸਟਾਈਨ ਦੀ ਅਜਿਹੀ ਦੁਚਿੱਤੀ 1936 ਤੱਕ ਰਹੀ ਅਤੇ ਫਿਰ ਉਸ ਨੇ ਤੇ ਉਸ ਦੇ ਸਹਾਇਕ ਨਾਥਨ ਰੌਜ਼ਨ ਨੇ ਇਨ੍ਹਾਂ ਤਰੰਗਾਂ ਦੀ ਸੰਭਾਵਨਾ ਬਾਰੇ ਖੋਜ-ਪੱਤਰ ਪ੍ਰਕਾਸ਼ਤ ਕੀਤਾ।

1969 ਵਿਚ ਮੈਰੀਲੈਂਡ ਯੂਨੀਵਰਸਿਟੀ ਦੇ ਭੌਤਿਕ ਵਿਗਿਆਨੀ ਜੋਸਫ ਵੈਬਰ ਨੇ ਦਾਅਵਾ ਕੀਤਾ ਕਿ ਉਸ ਨੇ 6 ਫੁੱਟ ਲੰਮੇ ਸਿਲੰਡਰ ਨੂੰ ਐਂਟੀਨਾ ਵਜੋਂ ਵਰਤ ਕੇ ਅਜਿਹੀਆਂ ਤਰੰਗਾਂ ਨੂੰ ਲੱਭ ਲਿਆ ਹੈ ਪਰ ਕੋਈ ਵੀ ਹੋਰ ਵਿਗਿਆਨੀ ਇਸ ਦੀ ਪੁਸ਼ਟੀ ਤਾਂ ਨਾ ਕਰ ਸਕਿਆ ਪਰ ਭੌਤਿਕ ਵਿਗਿਆਨੀਆਂ ਵਿਚ ਆਈਨਸਟਾਈਨ ਦੀਆਂ ਦਰਸਾਈਆਂ ਗੁਰੂਤਾ ਤਰੰਗਾਂ ਦੀ ਭਾਲ ਕਰਨ ਲਈ ਇਕ ਜਿਗਿਆਸਾ ਜਰੂਰ ਪੈਦਾ ਹੋ ਗਈ।

1978 ਵਿਚ ਖਗੋਲ ਵਿਗਿਆਨੀ ਜੋਸਫ ਐਚ. ਟੇਲਰ ਜੂਨੀਅਰ ਅਤੇ ਰਸਲ ਏ. ਹੱਸਲ ਨੇ ਪਤਾ ਲਾਇਆ ਕਿ ਨਿਊਟਰਾਨ ਤਾਰਿਆਂ ਦਾ ਇਕ ਜੋੜਾ ਨਿਰੰਤਰ ਉਰਜਈ ਕਿਰਨਾਂ ਛੱਡ ਰਿਹਾ ਸੀ ਅਤੇ ਦੋਵੇਂ ਇਕ ਦੂਜੇ ਦੇ ਕੋਲ ਉਸੇ ਗਤੀ ਨਾਲ ਆ ਰਹੇ ਸਨ ਜਿਵੇਂ ਕਿ ਅਜਿਹੇ ਨਿਊਟਰਾਨ ਤਾਰੇ ਗੁਰੂਤਾ ਤਰੰਗਾਂ ਛੱਡਣ ਕਾਰਨ ਇਕ ਦੂਜੇ ਦੇ ਕੋਲ ਆਉਣੇ ਚਾਹੀਦੇ ਹਨ ਅਤੇ ਜਿਹਾ ਆਈਨਸਟਾਈਨ ਦੇ ਸਾਪੇਖਵਾਦ ਦੇ ਸਿਧਾਂਤ ਅਨੁਸਾਰ ਦਰਸਾਇਆ ਗਿਆ ਸੀ। ਦਰਅਸਲ ਇਹ ਅਸਿੱਧੇ ਰੂਪ ਵਿਚ ਗੁਰੂਤਾ ਤਰੰਗਾਂ ਦੀ ਹੋਂਦ ਨੂੰ ਸਿੱਧ ਕਰਦੀ ਵਿਗਿਆਨਕ ਲੱਭਤ ਸੀ। ਇਸ ਖੋਜ ਲਈ ਦੋਹਾਂ ਵਿਗਿਆਨੀਆਂ ਨੂੰ 1993 ਦਾ ਨੋਬਲ ਪੁਰਸਕਾਰ ਦਿੱਤਾ ਗਿਆ।

ਗੁਰੂਤਾ ਤਰੰਗਾਂ ਦੀ ਹੋਂਦ ਨੂੰ ਸਿੱਧ ਕਰਨ ਵਾਲੇ 'ਲੀਗੋ ਪ੍ਰਾਜੈਕਟ' (ਲੇਜ਼ਰ ਇੰਟਰਫੈਰੋਮੀਟਰਿੱਕ ਗਰੈਵੀਟੇਸ਼ਨਲ ਵੇਵ ਆਬਜ਼ਰਵੇਟਰੀ ਪ੍ਰਾਜੈਕਟ) ਦਾ ਮੁੱਢ ਅਤੇ ਇਸ ਦੀ ਸੰਪੂਰਨਤਾ ਦੀ ਕਹਾਣੀ ਪਰੀ ਕਹਾਣੀ ਤੋਂ ਘੱਟ ਨਹੀਂ ਹੈ। ਹੋਇਆ ਇੰਜ ਕਿ 1975 ਵਿਚ ਵਾਸ਼ਿੰਗਟਨ ਵਿਚ ਕਿਸੇ ਮੀਟਿੰਗ ਵਿਚ ਸ਼ਾਮਲ ਹੋਣ ਆਏ ਦੋ ਮਹਾਨ ਵਿਗਿਆਨੀਆਂ-ਕੈਲਟੈਕ ਦੇ ਡਾ. ਥੌਰਨ ਅਤੇ ਐਮ.ਆਈ.ਟੀ. ਦੇ ਡਾ. ਵੀਸ ਨੂੰ ਰਾਤ ਰਹਿਣ ਵਾਸਤੇ ਹੋਟਲ ਦਾ ਸਾਂਝਾ ਕਮਰਾ ਮਿਲਿਆ। ਉਹ ਦੋਵੇਂ ਸਾਰੀ ਰਾਤ ਜਨਰਲ ਸਾਪੇਖਵਾਦ ਸਿਧਾਂਤ ਦੀ ਪਰਖ ਅਤੇ ਗੁਰੂਤਾ ਤਰੰਗਾਂ ਦੀ ਪੁਸ਼ਟੀ ਕਰਨ ਬਾਰੇ ਵਿਚਾਰ-ਚਰਚਾ ਕਰਦੇ ਰਹੇ। ਇਸ ਤੋਂ ਬਾਅਦ ਡਾ. ਥੋਰਨ ਨੇ ਕੈਲਟੈਕ ਵਿਖੇ ਗੁਰੂਤਾ ਤਰੰਗਾਂ ਦਾ ਖੋਜ ਪ੍ਰੋਗਰਾਮ ਸ਼ੁਰੂ ਕਰਨ ਲਈ ਗਲਾਸਗੋ ਯੂਨੀਵਰਸਿਟੀ ਦੇ ਵਿਗਿਆਨੀ ਡਾ. ਡਰੇਵਰ ਨੂੰ ਆਪਣੇ ਨਾਲ ਰਲਾ ਲਿਆ ਅਤੇ ਡਾ. ਵੀਸ ਨੇ ਆਪਣੇ ਅਜਿਹੇ ਵੱਖਰੇ ਖੋਜ ਪ੍ਰੋਗਰਾਮ ਦੀ ਫੰਡਿੰਗ ਲਈ ਨੈਸ਼ਨਲ ਸਾਇੰਸ ਫਾਉਂਡੇਸ਼ਨ ਨਾਲ ਸੰਪਰਕ ਕੀਤਾ ਪਰ ਸੰਸਥਾ ਵਲੋਂ ਡਾ. ਵੀਸ ਦੇ ਖੋਜ ਪ੍ਰੋਗਰਾਮ ਦੇ ਸਿੱਟਿਆਂ ਅਤੇ ਸੰਭਾਵਨਾ ਦਾ ਮਾਖੌਲ ਉਡਾਇਆ ਗਿਆ। ਅਖੀਰ 1984 ਵਿਚ ਨੈਸ਼ਨਲ ਸਾਇੰਸ ਫਾਉਂਡੇਸ਼ਨ ਨੇ ਡਾ. ਥੋਰਨ ਅਤੇ ਡਾ. ਵੀਸ ਦੀਆਂ ਟੀਮਾਂ ਨੂੰ ਇਕੱਠਾ ਕਰ ਸਾਂਝਾ ਗਰੁਪ ਬਣਾ ਕੇ ਗੁਰੂਤਾ ਤਰੰਗਾਂ ਦੀ ਖੋਜ ਦੇ ਪ੍ਰੋਗਰਾਮ ਨੂੰ ਚਲਾਉਣ ਲਈ ਪੈਸਾ ਦੇ ਦਿੱਤਾ। ਪਰ ਤਿੰਨਾਂ ਵਿਗਿਆਨੀਆਂ ਦੀ ਖੋਜ-ਸੁਰ ਇਕਸਾਰ ਨਾ ਹੋਣ ਕਾਰਨ ਸਾਰਿਆਂ ਨੂੰ ਹਟਾ ਕੇ ਇਕ ਡਾਇਰੈਕਟਰ ਦੀ ਨਿਯੁਕਤੀ ਕੀਤੀ ਗਈ ਤਾਂ ਜੋ ਇਹ ਪ੍ਰੋਗਰਾਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।

ਮੁਢਲਾ ਲੀਗੋ ਪ੍ਰਾਜੈਕਟ 2000 ਵਿਚ ਸ਼ੁਰੂ ਹੋਇਆ ਅਤੇ ਦਸ ਸਾਲ ਇਹ ਸਿੱਧ ਕਰਨ ਲਈ ਲੱਗ ਗਏ ਕਿ ਕੀ ਇਸ ਤਜਰਬੇ ਨੂੰ ਲੋੜੀਂਦੀਆਂ ਸੇਧਾਂ ਅਤੇ ਲੋੜਾਂ ਅਨੁਸਾਰ ਚਲਾਇਆ ਜਾ ਸਕਦਾ ਹੈ। ਇਸ ਵਿਚ ਦੋ ਲੇਜ਼ਰ ਡਿਟੈਕਟਰ ਲਾਏ ਗਏ ਜਿਨ੍ਹਾਂ ਵਿਚੋਂ ਇਕ ਹੈਨਫੋਰਡ ਵਾਸ਼ਿੰਗਟਨ ਅਤੇ ਦੂਜਾ ਲਿਵਿੰਗਸਟੋਨ ਲਾਸ ਏਂਜਲਸ ਵਿਚ ਹੈ। ਅਗਲੇ ਪੰਜ ਸਾਲ ਤੱਕ ਇਨ੍ਹਾਂ ਡਿਟੈਕਟਰਾਂ ਨੂੰ ਉਚਤਮ ਤਕਨੀਕ ਨਾਲ ਲੈਸ ਕਰਨ ਲਈ ਲੱਗ ਗਏ ਤਾਂ ਕਿ ਗੁਰੂਤਾ ਤਰੰਗਾਂ ਨਾਲ ਪੈਦਾ ਹੋਣ ਵਾਲੇ ਬਹੁਤ ਹੀ ਕਮਜ਼ੋਰ ਸਿਗਨਲ ਨੂੰ ਸੁਣਿਆ ਜਾ ਸਕੇ।

ਲੀਗੋ ਦੇ ਐਨਟੀਨੇ ਐਲ ਸ਼ਕਲ ਦੇ ਹਨ ਜਿਸ ਦੀਆਂ ਦੋ ਬਾਹਾਂ 2.5 ਮੀਲ ਲੰਮੀਆਂ ਹਨ। ਇਹ ਕੰਕਰੀਟ ਅਤੇ ਲੋਹੇ ਦੀਆਂ ਬਣੀਆਂ ਹਨ ਜਿਸ ਵਿਚ ਪੂਰਨ ਖਲਾਅ ਹੈ ਅਤੇ ਇਨ੍ਹਾਂ ਦੇ ਅਖੀਰ ਵਿਚ ਸ਼ੀਸ਼ੇ ਲਟਕਾਏ ਹੋਏ ਹਨ ਜਿਨ੍ਹਾਂ ਨਾਲ ਗੁਰੂਤਾ ਤਰੰਗਾਂ ਰਾਹੀਂ ਪੈਦਾ ਕੀਤੀ ਮਹੀਨ ਤੋਂ ਮਹੀਨ ਹਿਲਜੁਲ ਦਾ ਪਤਾ ਲਾਇਆ ਜਾ ਸਕੇ। ਇਹ ਤਰੰਗਾਂ ਖਲਾਅ ਵਿਚ ਦੋ ਬਲੈਕ ਹੋਲਾਂ/ ਨਿਊਟਰੋਨ ਸਟਾਰਾਂ ਦੇ ਆਪਸ ਵਿਚ ਟਕਰਾਉਣ ਕਾਰਨ, ਸਪੇਸ-ਟਾਈਮ ਫਰੇਮ ਵਿਚ ਪੈਦਾ ਹੋਏ ਖਿਚਾਅ ਕਾਰਨ ਪੈਦਾ ਹੁੰਦੀਆਂ ਹਨ। ਪੈਦਾ ਹੋਣ ਵਾਲੀ ਹਿੱਲਜੁਲ ਨੂੰ ਅਤਿ ਆਧੁਨਿਕ ਡਿਟੈਕਟਰਾਂ ਨਾਲ ਸੁਣਿਆ ਜਾ ਸਕਦਾ ਹੈ।

ਡਾ. ਥੌਰਨ ਅਤੇ ਦੂਸਰਿਆਂ ਨੂੰ ਇਹ ਆਸ ਤਾਂ ਸੀ ਕਿ ਲੀਗੋ ਨਾਲ ਅਜਿਹੀਆਂ ਤਰੰਗਾਂ ਨੂੰ ਜਲਦੀ ਸੁਣ ਸਕਣਗੇ ਪਰ ਉਨ੍ਹਾਂ ਨੂੰ ਇੰਨੀ ਜਲਦੀ ਹੋਣ ਦੀ ਆਸ ਬਿਲਕੁਲ ਨਹੀਂ ਸੀ। ਜਦ 14 ਸਤੰਬਰ ਨੂੰ ਸਵੇਰੇ 4 ਵਜੇ ਲਿਵਿੰਗਸਟੋਨ ਵਾਲੇ ਡਿਟੈਕਟਰ ਵਿਚ ਜੋਰਦਾਰ ਆਵਾਜ਼ ਪੈਦਾ ਹੋਈ ਅਤੇ ਇਸ ਤੋਂ ਠੀਕ 7 ਮਿਲੀ ਸੈਕੰਡ (ਇਹ ਸਮਾਂ ਗੁਰੂਤਾ ਤਰੰਗਾਂ ਨੂੰ ਰੌਸ਼ਨੀ ਦੀ ਗਤੀ ਨਾਲ ਲਿਵਿੰਗਸਟੋਨ ਤੋਂ ਹੈਨਫੋਰਡ ਤੱਕ ਜਾਣ ਲਈ ਲੱਗਦਾ ਹੈ) ਬਾਅਦ ਹੈਨਫੋਰਡ ਡਿਟੈਕਟਰ ਵਿਚ ਵੀ ਅਜਿਹਾ ਹੀ ਸਿਗਨਲ ਸੁਣਿਆ ਗਿਆ। ਉਸ ਸਮੇਂ ਅਮਰੀਕਾ ਵਿਚ ਕੋਈ ਵੀ ਜਾਗਦਾ ਨਹੀਂ ਸੀ ਪਰ ਇਹ ਸਿਗਨਲ ਕੰਪਿਊਟਰ ਨੇ ਰਿਕਾਰਡ ਕਰ ਲਿਆ ਅਤੇ ਇਸ ਪ੍ਰਾਜੈਕਟ ਨਾਲ ਜੁੜੇ ਯੂਰਪੀ ਵਿਗਿਆਨੀਆਂ ਨੇ ਇਹ ਦੇਖ ਲਿਆ ਸੀ। ਡਾ. ਵੀਸ ਉਨ੍ਹਾਂ ਦਿਨਾਂ ਵਿਚ ਮੈਨੇ ਵਿਖੇ ਛੁੱਟੀਆਂ ਮਨਾ ਰਿਹਾ ਸੀ ਪਰ ਜਦ ਉਸ ਨੂੰ ਸਵੇਰੇ ਉਠ ਕੇ ਆਪਣੇ ਕੰਪਿਊਟਰ ਤੋਂ ਇਸ ਸਿਗਨਲ ਬਾਰੇ ਪਤਾ ਲੱਗਾ ਤਾਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਸ ਦਾ ਕਹਿਣਾ ਸੀ, ਇਹ ਅਦਭੁੱਤ ਸੀ। ਸਿਗਨਲ ਇੰਨਾ ਵੱਡਾ ਸੀ ਕਿ ਮੈਨੂੰ ਵਿਸ਼ਵਾਸ ਹੀ ਨਾ ਆਇਆ। ਸਾਡੀਆਂ ਕੋਸ਼ਿਸ਼ਾਂ ਨੂੰ ਫਲ ਪੈ ਗਿਆ ਸੀ।

ਜਦ ਇਸ ਸਿਗਨਲ ਨਾਲ ਜੁੜੇ ਡਾਟਾ ਦੀ ਪੜਤਾਲ ਕੀਤੀ ਗਈ ਤਾਂ ਸਿੱਧ ਹੋਇਆ ਕਿ ਇਹ ਗੁਰੂਤਾ ਤਰੰਗਾਂ, ਦੋ ਬਲੈਕ ਹੋਲਾਂ ਜਿਨ੍ਹਾਂ ਦਾ ਪੁੰਜ ਸੂਰਜ ਨਾਲੋਂ 36 ਗੁਣਾ ਤੇ 29 ਗੁਣਾ ਸੀ, ਜਦ ਆਪਸ ਵਿਚ ਸਮਾ ਗਏ ਤਾਂ ਸਪੇਸ-ਟਾਈਮ ਫਰੇਮ ਵਿਚ ਪੈਦਾ ਹੋਏ ਤਣਾਅ ਕਾਰਨ ਪੈਦਾ ਹੋਈਆਂ ਸਨ। ਇਨ੍ਹਾਂ ਦੇ ਆਪਸ ਵਿਚ ਸਮਾਉਣ ਨਾਲ ਇਕ ਵੱਡਾ ਬਲੈਕ ਹੋਲ ਜਿਸ ਦਾ ਪੁੰਜ ਸੂਰਜ ਨਾਲੋਂ 62 ਗੁਣਾ ਸੀ, ਬਣ ਗਿਆ ਸੀ। ਲੀਗੋ ਦੇ ਮੌਜੂਦਾ ਡਾਇਰੈਕਟਰ ਡਾ. ਰਿੱਜ਼ ਦਾ ਕਹਿਣਾ ਹੈ ਕਿ ਕੰਪਿਊਟਰ ਨਾਲ ਕੀਤੀਆਂ ਗਿਣਤੀਆਂ-ਮਿਣਤੀਆਂ ਅਨੁਸਾਰ ਇਸ ਨੇ ਆਈਨਸਾਈਨ ਦੇ ਜਨਰਲ ਸਾਪੇਖਵਾਦ ਦੇ ਸਿਧਾਂਤ ਦੀ ਗੁਰੂਤਾ ਤਰੰਗਾਂ ਬਾਰੇ ਭਵਿੱਖਵਾਣੀ ਨੂੰ ਸਿੱਧ ਕਰ ਦਿੱਤਾ ਹੈ।

ਲੀਗੋ ਤੋਂ ਰਿਟਾਇਰ ਹੋ ਚੁਕੇ ਡਾ. ਥੋਰਨ ਦਾ ਕਹਿਣਾ ਹੈ ਕਿ ਇਹ ਪੁਸ਼ਟੀ ਇਕ ਮਾਣਮੱਤਾ ਪਲ ਹੈ ਜਿਸ ਨੇ ਖਗੋਲ ਵਿਗਿਆਨ ਵਿਚ ਹੋਰ ਬਹੁਤ ਸਾਰੀਆਂ ਨਵੀਆਂ ਸੰਭਾਵਨਾਵਾਂ ਅਤੇ ਸੋਚਾਂ ਨੂੰ ਜਨਮ ਦਿੱਤਾ ਹੈ। ਲੀਗੋ ਨਾਲ ਮੁੱਢ ਤੋਂ ਜੁੜਿਆ ਇਕ ਹੋਰ ਵਿਗਿਆਨੀ ਡਾ. ਡਰੇਵਰ ਡਾਈਮੈਂਸ਼ੀਆ ਦਾ ਮਰੀਜ਼ ਹੈ। ਉਹ ਐਡਿਨਬਰਗ ਦੇ ਨਰਸਿੰਗ ਹੋਮ ਵਿਚ ਹੈ ਜਿਸ ਕਰਕੇ ਉਹ ਇਸ ਪਲ ਨੂੰ ਨਹੀਂ ਮਾਣ ਸਕਦਾ।

ਲੀਗੋ ਪ੍ਰਾਜੈਕਟ ਰਾਹੀਂ ਗੁਰੂਤਾ ਤਰੰਗਾਂ ਦੀ ਹੋਂਦ ਨੂੰ ਸਿੱਧ ਕਰਨ ਵਾਲੇ ਇਸ ਤਜਰਬੇ ਦੀ ਸਫਲਤਾ ਤੋਂ ਡਾ. ਵੀਸ ਸਭ ਤੋਂ ਵੱਧ ਖੁਸ਼ ਅਤੇ ਹੈਰਾਨ ਹੈ। ਐਮ. ਆਈ. ਟੀ. ਤੋਂ ਰਿਟਾਇਰ ਹੋ ਚੁਕੇ ਡਾ. ਵੀਸ ਨੇ 11 ਸਤੰਬਰ 2017 ਨੂੰ ਲਿਵਿੰਗਸਟੋਨ ਡਿਟੈਕਟਰ ਦਾ ਦੌਰਾ ਕੀਤਾ ਸੀ ਅਤੇ ਆਪਣੇ ਸਾਥੀਆਂ ਨੂੰ ਕਿਹਾ ਸੀ, ਐਨਟੀਨਾ ਦੀਆਂ ਪੜ੍ਹਤਾਂ ਵਿਚ ਰੇਡੀਓ ਤਰੰਗਾਂ ਨਾਲ ਗੜਬੜ ਪੈਦਾ ਹੋ ਰਹੀ ਹੈ ਅਤੇ ਇਸ ਤਰੁੱਟੀ ਨੂੰ ਦੂਰ ਕਰਕੇ ਹੀ ਇਸ ਡਿਟੈਕਟਰ ਨੂੰ ਚਾਲੂ ਕੀਤਾ ਜਾਵੇ। ਪਰ ਲੀਗੋ ਪ੍ਰਾਜੈਕਟ ਨਾਲ ਜੁੜੇ ਉਸ ਦੇ ਸਹਿਯੋਗੀਆਂ ਦਾ ਕਹਿਣਾ ਸੀ ਕਿ ਸਾਰੀਆਂ ਤਿਆਰੀਆਂ ਮੁਕੰਮਲ ਹਨ ਅਤੇ ਇਸ ਨੂੰ ਚਾਲੂ ਕਰਨ ਵਿਚ ਹੋਰ ਦੇਰੀ ਨਹੀਂ ਕੀਤੀ ਜਾ ਸਕਦੀ।

ਡਾ. ਵੀਸ ਦਾ ਕਹਿਣਾ ਹੈ ਕਿ ਇਹ ਚੰਗਾ ਹੀ ਹੋਇਆ ਕਿ ਉਨ੍ਹਾਂ ਨੇ ਮੇਰੀ ਗੱਲ ਨਹੀਂ ਮੰਨੀ, ਨਹੀਂ ਤਾਂ ਅਸੀਂ ਇਸ ਵੱਡੀ ਪ੍ਰਾਪਤੀ ਤੋਂ ਵਾਂਝੇ ਰਹਿ ਜਾਣਾ ਸੀ ਕਿਉਂਕਿ ਅਜਿਹੇ ਪਲ ਬਹੁਤ ਘੱਟ ਵਾਪਰਦੇ ਹਨ ਜਦ ਬਹੁਤ ਵੱਡੇ ਬਲੈਕ ਹੋਲ ਆਪਸ ਵਿਚ ਟਕਰਾਅ ਕੇ ਅਜਿਹੀਆਂ ਗੁਰੂਤਾ ਤਰੰਗਾਂ ਪੈਦਾ ਕਰਦੇ ਹਨ ਜਿਨ੍ਹਾਂ ਨੂੰ ਸੁਣਿਆ ਜਾਂ ਜਿਨ੍ਹਾਂ ਦਾ ਪਤਾ ਲਾਇਆ ਜਾ ਸਕੇ।

ਗੁਰੂਤਾ ਤਰੰਗਾਂ ਦੀ ਹੋਈ ਪੁਸ਼ਟੀ ਬਾਰੇ ਮਹਾਨ ਭੌਤਿਕ ਵਿਗਿਆਨੀ ਪ੍ਰੋ. ਸਟੀਫਨ ਹਾਕਿੰਗ ਦਾ ਕਹਿਣਾ ਹੈ ਕਿ ਇਹ ਵਿਗਿਆਨਕ ਇਤਿਹਾਸ ਦਾ ਇਕ ਅਹਿਮ ਪਲ ਹੈ। ਇਸ ਨਾਲ ਅਸੀਂ ਸਿਰਫ ਗੁਰੂਤਾ ਤਰੰਗਾਂ ਦੀ ਪੁਸ਼ਟੀ ਨਾਲ ਆਈਨਸਟਾਈਨ ਦੇ ਸਾਪੇਖਵਾਦ ਦੇ ਸਿਧਾਂਤ ਨੂੰ ਹੀ ਸਿੱਧ ਨਹੀਂ ਕੀਤਾ ਸਗੋਂ ਦੋ ਬਲੈਕ ਹੋਲਾਂ ਨੂੰ ਕੋਲ ਕੋਲ ਆਉਂਦਿਆਂ ਅਤੇ ਇਕ ਦੂਜੇ ਵਿਚ ਸਮਾ ਕੇ ਇਕ ਵੱਡਾ ਬਲੈਕ ਹੋਲ ਬਣਦਿਆਂ ਵੀ ਦੇਖਿਆ ਹੈ। ਹੁਣ ਅਸੀਂ ਇਹ ਵੀ ਜਾਣ ਸਕਾਂਗੇ ਕਿ ਬ੍ਰਹਿਮੰਡ ਦੀ ਉਤਪਤੀ ਦੌਰਾਨ ਬਿੱਗ ਬੈਂਗ ਤੋਂ ਪਹਿਲਾਂ ਕੀ ਵਾਪਰਿਆ ਅਤੇ ਕਿਵੇਂ ਬਿੱਗ ਬੈਂਗ ਰਾਹੀਂ ਇੰਨੀ ਜ਼ਿਆਦਾ ਊਰਜਾ ਪੈਦਾ ਹੋਈ ਸੀ।

ਯਾਦ ਰੱਖਣਾ! ਆਈਨਸਟਾਈਨ ਵਰਗੇ ਜ਼ਹੀਨ ਵਿਗਿਆਨੀ ਵਿਗਿਆਨਕ ਯੁੱਗ ਪਲਟਾਊ ਹੁੰਦੇ ਹਨ। ਤਾਹੀਉਂ ਤਾਂ ਉਸ ਵਲੋਂ ਗੁਰੂਤਾ ਤਰੰਗਾਂ ਬਾਰੇ ਕੀਤੀ ਗਈ ਪੇਸ਼ੀਨਗੋਈ ਨੂੰ ਸਿੱਧ ਕਰਨ ਲਈ 100 ਸਾਲ ਲੱਗ ਗਏ।

ਸੱਚੀਂ! ਆਈਨਸਟਾਈਨ ਹਮੇਸ਼ਾ ਵਾਂਗ ਸਹੀ ਸੀ।



***ਲੀਗੋ ਪ੍ਰਾਜੈਕਟ ਨਾਲ ਜੁੜੇ ਵਿਗਿਆਨੀ ਡਾ. ਕਿੱਪ ਥੋਰਨ, ਡਾ. ਪਰੈਂਸ ਏ. ਕਾਰਡੋਵਾ, ਡਾ. ਰੈਨਰ ਵੀਸ, ਡਾ. ਡੇਵਿਡ ਰਿੱਜ਼ ਅਤੇ ਡਾ. ਗੈਬਰੀਲਾ ਗੌਂਨਲੇਜ਼***

***ਗੁਰੂਤਾ ਤਰੰਗਾਂ ਦੀ ਹੋਈ ਪੁਸ਼ਟੀ ਬਾਰੇ ਮਹਾਨ ਭੌਤਿਕ ਵਿਗਿਆਨੀ ਪ੍ਰੋ. ਸਟੀਫਨ ਹਾਕਿੰਗ ਦਾ ਕਹਿਣਾ ਹੈ ਕਿ ਇਹ ਵਿਗਿਆਨਕ ਇਤਿਹਾਸ ਦਾ ਇਕ ਅਹਿਮ ਪਲ ਹੈ। ਇਸ ਨਾਲ ਅਸੀਂ ਸਿਰਫ ਗੁਰੂਤਾ ਤਰੰਗਾਂ ਦੀ ਪੁਸ਼ਟੀ ਨਾਲ ਆਈਨਸਟਾਈਨ ਦੇ ਸਾਪੇਖਵਾਦ ਦੇ ਸਿਧਾਂਤ ਨੂੰ ਹੀ ਸਿੱਧ ਨਹੀਂ ਕੀਤਾ ਸਗੋਂ ਦੋ ਬਲੈਕ ਹੋਲਾਂ ਨੂੰ ਕੋਲ ਕੋਲ ਆਉਂਦਿਆਂ ਅਤੇ ਇਕ ਦੂਜੇ ਵਿਚ ਸਮਾ ਕੇ ਇਕ ਵੱਡਾ ਬਲੈਕ ਹੋਲ ਬਣਦਿਆਂ ਵੀ ਦੇਖਿਆ ਹੈ। ਹੁਣ ਅਸੀਂ ਇਹ ਵੀ ਜਾਣ ਸਕਾਂਗੇ ਕਿ ਬ੍ਰਹਿਮੰਡ ਦੀ ਉਤਪਤੀ ਦੌਰਾਨ ਬਿੱਗ ਬੈਂਗ ਤੋਂ ਪਹਿਲਾਂ ਕੀ ਵਾਪਰਿਆ ਅਤੇ ਕਿਵੇਂ ਬਿੱਗ ਬੈਂਗ ਰਾਹੀਂ ਇੰਨੀ ਜ਼ਿਆਦਾ ਊਰਜਾ ਪੈਦਾ ਹੋਈ ਸੀ।***

# ਜੋ ਬੋਲੇ ਸੋ ਗੱਦਾਰ...

**ਕੱਟੜਪੰਥੀਆਂ ਨੇ ਹਿੰਦੂਤਵ ਦੇ ਨਾਂ ਉਤੇ ਭਾਰਤ ਵਿਚ ਜੋ ਹਾਲਾਤ ਅਤੇ ਮਾਹੌਲ ਬਣਾ ਦਿੱਤੇ ਹਨ, ਉਹ ਹਰ ਸੰਜੀਦਾ ਅਤੇ ਸੋਚਣ ਵਾਲੇ ਬੰਦੇ ਨੂੰ ਪ੍ਰੇਸ਼ਾਨ ਕਰਦੇ ਹਨ। ਇਸ ਸਬੰਧੀ ਇਸ ਲੇਖ ਵਿਚ ਸਾਬਕਾ ਆਈ.ਏ.ਐਸ. ਅਫਸਰ ਨ੍ਰਿਪਿੰਦਰ ਰਤਨ ਨੇ ਆਪਣੇ ਵਲਵਲੇ ਸਾਂਝੇ ਕੀਤੇ ਹਨ। ਆਪਣੀਆਂ ਕਵਿਤਾਵਾਂ ਦੇ ਜ਼ਿਕਰ ਨਾਲ ਉਨ੍ਹਾਂ 'ਜੋ ਨਾ ਤੇਰੀ ਹਮ-ਨਵਾਂ ਹੋ, ਵੋ ਜ਼ਬਾਨੇ ਕਾਟ ਡਾਲ' ਬਾਰੇ ਸੱਚੀਆਂ ਆਖ ਸੁਣਾਈਆਂ ਹਨ। -ਸੰਪਾਦਕ**

ਅੱਜ ਕੱਲ੍ਹ ਭਾਰਤ ਵਿਚ ਅਜੀਬ ਕਿਸਮ ਦਾ ਮਾਹੌਲ ਬਣ ਰਿਹਾ ਹੈ ਅਤੇ ਵਿਸ਼ੇਸ਼ ਕਿਸਮ ਦੇ ਲੋਕ ਦੇਸ਼ ਪ੍ਰੇਮ ਅਤੇ ਦੇਸ਼ ਭਗਤੀ ਦੇ ਵਾਹਦ ਰਾਖੇ, ਮਾਲਕ ਅਤੇ ਠੇਕੇਦਾਰ ਬਣ ਬੈਠੇ ਹਨ। 'ਜੋ ਨਾ ਤੇਰੀ ਹਮ-ਨਵਾਂ ਹੋ / ਵੋ ਜ਼ਬਾਨੇ ਕਾਟ ਡਾਲ' ਉਨ੍ਹਾਂ ਦਾ ਨਾਅਰਾ ਅਤੇ ਕਰਮ ਬਣ ਗਏ ਹਨ। ਕਦੇ ਜੇ.ਐਨ.ਯੂ. ਦੇ ਵਿਦਿਆਰਥੀਆਂ ਖਿਲਾਫ, ਕਦੇ ਹੈਦਰਾਬਾਦ ਦੇ ਵਿਦਿਆਰਥੀਆਂ ਵਿਰੁੱਧ ਛੋਟੀ-ਛੋਟੀ ਗੱਲ ਉਤੇ ਅਤੇ ਬਹਾਨੇ ਹੇਠ ਦੇਸ਼ ਧਰੋਹ ਦੀਆਂ ਧਾਰਾਵਾਂ ਹੇਠ ਮੁਕੱਦਮੇ ਦਰਜ ਕੀਤੇ ਜਾਂਦੇ ਹਨ। ਦਿੱਲੀ ਯੂਨੀਵਰਸਿਟੀ ਦੀ 20 ਕੁ ਸਾਲ ਦੀ ਬੱਚੀ ਗੁਰਮਿਹਰ ਕੌਰ ਨੂੰ ਪਿੱਛੇ ਜਿਹੇ ਉਸ ਖਿਲਾਫ ਇਹੋ ਜਿਹੇ ਮੁਕੱਦਮੇ ਦਰਜ ਕਰਨ ਦੀਆਂ ਅਤੇ ਹੋਰ ਅਜਿਹੇ ਕਦਮ ਚੁੱਕਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਦਰਅਸਲ, ਉਸ ਨੇ ਸਿਰਫ਼ ਇੰਨਾ ਹੀ ਕਹਿਣ ਦੀ



**ਨ੍ਰਿਪਿੰਦਰ ਰਤਨ**
**ਫੋਨ: +91-98148-30903**

ਹਿੰਮਤ ਕੀਤੀ ਸੀ ਕਿ ਸਾਡੇ ਫ਼ੌਜੀ ਜਵਾਨਾਂ ਨੂੰ ਪਾਕਿਸਤਾਨ ਨੇ ਨਹੀਂ ਮਾਰਿਆ, ਸਗੋਂ ਜੰਗ ਨੇ ਮਾਰਿਆ ਹੈ! ਇਨ੍ਹਾਂ ਕੱਟੜਵਾਦੀਆਂ ਜਾਂ ਅਖੌਤੀ ਰਾਸ਼ਟਰਵਾਦੀ ਦੇਸ਼ ਭਗਤਾਂ ਨੇ ਸ਼ਾਇਦ ਪਹਿਲੇ ਵਿਸ਼ਵ ਜੰਗ ਪਿੱਛੋਂ ਜਰਮਨੀ ਦੇ ਲੇਖਕ ਐਰਿਕ ਮਾਰੀਆ ਰਿਬੈਕਊ ਦਾ ਮਹਾਨ ਨਾਵਲ 'ਪੱਛਮੀ ਮੋਰਚੇ ਉਤੇ ਸਭ ਸ਼ਾਂਤ ਹੈ' ਨਹੀਂ ਪੜ੍ਹਿਆ। ਜਦੋਂ ਉਹ ਜਰਮਨੀ ਅਤੇ ਫਰਾਂਸ ਵਿਚਲੀ ਜੰਗ ਬਾਰੇ ਲਿਖਦਾ ਹੋਇਆ ਪੁੱਛਦਾ ਹੈ ਕਿ 'ਜਦੋਂ ਕਿਹਾ ਜਾਂਦਾ ਹੈ ਕਿ ਜਰਮਨੀ ਅਤੇ ਫਰਾਂਸ ਵਿਚ ਲੜਾਈ ਸ਼ੁਰੂ ਹੋ ਗਈ ਤਾਂ ਇਸ ਦਾ ਕੀ ਮਤਲਬ ਹੈ? ਕੀ ਜਰਮਨੀ ਦੇ ਦਰਿਆਵਾਂ, ਖੇਤਾਂ ਆਦਿ ਨੇ ਫਰਾਂਸ ਦੇ ਦਰਿਆਵਾਂ ਜਾਂ ਖੇਤਾਂ ਉਪਰ ਹਮਲੇ ਕਰ ਦਿੱਤੇ ਹਨ? ਕੀ ਫਰਾਂਸ ਦੇ ਪਹਾੜਾਂ, ਪਠਾਰਾਂ, ਨਦੀਆਂ ਨੇ ਜਰਮਨੀ ਦੇ ਪਹਾੜਾਂ, ਪਠਾਰਾਂ, ਨਦੀਆਂ ਖਿਲਾਫ ਜੰਗ ਛੇੜ ਦਿੱਤੀ ਹੈ?' ਤਾਂ ਕਿਸੇ ਨੂੰ ਜਵਾਬ ਨਹੀਂ ਸੁਝਦਾ। ਤੀਹ ਅਪਰੈਲ 2017 ਦੇ 'ਇੰਡੀਅਨ ਐਕਸਪ੍ਰੈਸ' ਵਿਚ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਏ.ਪੀ. ਸ਼ਾਹ ਦੇ ਐਮ.ਐਨ. ਰਾਏ ਯਾਦਗਾਰੀ ਭਾਸ਼ਣ ਲੜੀ ਵਿਚ ਦਿੱਤੀ ਤਕਰੀਰ ਦੀ ਟੂਕ ਛਪੀ ਹੈ ਜਿਸ ਰਾਹੀਂ ਉਨ੍ਹਾਂ ਨੇ ਮੁਲਕ ਵਿਚ ਉਪਜ ਰਹੀ ਅਤੇ ਪ੍ਰਫੁਲਤ ਕੀਤੀ ਜਾ ਰਹੀ ਇਸ ਕੱਟੜਵਾਦੀ ਸੋਚ ਅਤੇ ਉਸ ਅਧੀਨ ਕੀਤੀ ਜਾ ਰਹੀ ਗੁੰਡਾਗਰਦੀ ਬਾਰੇ ਸੁਚੇਤ ਕੀਤਾ ਹੈ। ਸਾਬਕਾ ਮੁੱਖ ਜੱਜ ਨੇ ਕਿਹਾ ਕਿ 'ਨਾਅਰੇਬਾਜ਼ੀ ਅਤੇ ਝੰਡੇਬਾਜ਼ੀ ਕਰਨੀ ਹੁਣ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੇ ਸਬੂਤ ਬਣ ਗਏ ਹਨ।'

ਪਿਛਲੇ ਸਾਰੇ ਮਹੀਨਿਆਂ ਦੌਰਾਨ ਦੇਸ਼ ਭਰ ਵਿਚ ਅਖੌਤੀ ਦੇਸ਼ ਭਗਤਾਂ ਦੇ ਕਾਰਿਆਂ ਬਾਰੇ ਪੜ੍ਹ-ਸੁਣ ਕੇ ਮਨ ਵਿਚਲਿਤ ਹੋਣ ਲੱਗ ਪਿਆ। ਸੋਚ ਆਉਣ ਲੱਗ ਪਈ ਕਿ ਪ੍ਰੋਫ਼ੈਸਰ ਮੋਹਨ ਸਿੰਘ ਨੇ ਤਾਂ ਕਰੀਬ 65 ਕੁ ਸਾਲ ਪਹਿਲਾਂ ਲਿਖਿਆ ਸੀ:

ਜਿਥੇ ਸ਼ਾਇਰ ਬੋਲ ਨਾ ਸਕਣ
ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸਕਣ
ਮੈਂ ਨਹੀਂ ਰਹਿਣਾ ਐਸੇ ਗਰਾਂ।
ਛੱਡ ਦੇ ਛੱਡ ਦੇ ਮੇਰੀ ਬਾਂਹ।

ਇਹ ਲਿਖਣ ਕਾਰਨ ਅੱਜ ਕੱਲ੍ਹ ਦੇ ਮਾਹੌਲ ਵਿਚ ਉਹ ਤਾਂ ਪੱਕਾ ਹੀ ਦੇਸ਼ ਧਰੋਹੀ ਗਰਦਾਨਿਆ ਜਾਵੇਗਾ ਅਤੇ ਭਾਰਤੀ ਦੰਡਾਵਲੀ ਦੀ ਧਾਰਾ 124 ਏ ਤਹਿਤ ਕੈਦ ਕਰ ਲਿਆ ਜਾਵੇਗਾ। ਮੈਨੂੰ ਖ਼ਿਆਲ ਆਇਆ ਕਿ ਫਿਰ ਤਾਂ ਮੇਰਾ ਅਤੇ ਮੇਰੇ ਵਰਗੇ ਹੋਰ ਲੇਖਕਾਂ ਦਾ ਛੁਟਕਾਰਾ ਹੀ ਨਹੀਂ ਹੋ ਸਕਦਾ। 1988 ਵਿਚ ਅਣਭੋਲ ਹੀ ਇੱਕ ਕਵਿਤਾ ਲਿਖ ਦਿੱਤੀ ਸੀ। ਮੈਨੂੰ ਕੀ ਪਤਾ ਸੀ ਕਿ ਭਵਿਖਬਾਣੀ ਬਣ ਜਾਵੇਗੀ!... ਤੇ ਅੱਜ ਦੇ ਮਾਹੌਲ ਵਿਚ ਦੇਸ਼ ਵਿਰੋਧੀ ਗਰਦਾਨੀ ਜਾ ਸਕੇਗੀ?

ਮੇਰੀ ਕਵਿਤਾ 'ਦੇਸ਼ ਪ੍ਰੇਮ' ਦੇ ਅਨੁਵਾਨ ਹੇਠ ਮੇਰੇ ਕਾਵਿ ਸੰਗ੍ਰਹਿ 'ਤੀਸਰਾ ਬਨਵਾਸ' ਵਿਚ ਸ਼ਾਮਲ ਹੈ ਅਤੇ ਇਹ ਸੰਗ੍ਰਹਿ ਅਗਸਤ 2000 ਵਿਚ ਛਪਿਆ ਸੀ। ਉਹ ਕਵਿਤਾ ਹੈ:

ਉਹ ਦੇਸ਼ ਨਹੀਂ / ਉਹ ਕਾਲ ਨਹੀਂ
ਸਚਾਈ ਸੰਜਮ / ਤਿਆਗ ਬਲੀਦਾਨ
ਦੇਸ਼ ਭਗਤੀ ਦੇ / ਥੰਮ੍ਹ ਹੁੰਦੇ ਸਨ।
ਬਾਪੂ ਦੇ ਬਾਂਦਰ / ਬਣ ਜਾਓ
ਸਭ ਕੁਝ ਦੇਖੋ / ਸਭ ਕੁਝ ਸੁਣੋ
ਜੋ ਕੁਝ ਹੋਵੇ / ਸਭ ਕੁਝ ਜਰੋ
ਕਦੇ ਵੀ ਆਪਣਾ / ਮੂੰਹ ਨਾ ਖੋਲ੍ਹੋ
ਜੋ ਬੋਲੇ ਸੋ ਗੱਦਾਰ
ਦੇਸ਼ ਪ੍ਰੇਮ ਦੇ ਇਹੋ ਮਿਆਰ।

ਮੈਨੂੰ ਚੇਤੇ ਆ ਗਿਆ ਕਿ ਇਸ ਹਿਸਾਬ ਨਾਲ ਤਾਂ ਮੇਰੀਆਂ ਕਈ ਕਵਿਤਾਵਾਂ ਜਾਂ ਉਨ੍ਹਾਂ ਵਿਚਲੇ ਵਿਚਾਰ ਦੇਸ਼-ਕੌਮ ਦੇ ਵਿਰੋਧੀ, ਦੇਸ਼ ਧਰੋਹੀ ਕਰਾਰ ਦਿੱਤੇ ਜਾ ਸਕਦੇ ਹਨ। ਮੈਨੂੰ ਯਾਦ ਹੈ ਕਿ ਜਦੋਂ ਮੈਂ 1980-81 ਵਿਚ ਆਪਣੀ ਟਰੇਨਿੰਗ ਵਾਸਤੇ ਇੰਗਲੈਂਡ ਗਿਆ ਸਾਂ ਤਾਂ ਉਸ ਮੁਲਕ ਦਾ ਰਾਜਨੀਤਕ ਮਾਹੌਲ ਵੀ ਬਹੁਤ ਗਰਮਾਇਆ ਹੋਇਆ ਸੀ। ਉਥੋਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੂੰ ਲੋਕ 'ਲੋਹ ਨਾਰੀ' (ਆਇਰਨ ਲੇਡੀ) ਕਹਿੰਦੇ ਸਨ। ਆਇਰਲੈਂਡ ਦੀ ਸਮੱਸਿਆ ਗੰਭੀਰ ਅਤੇ ਖ਼ੂਨੀ ਹੋ ਰਹੀ ਸੀ। ਹਰ ਰੋਜ਼ ਆਇਰਿਸ਼ ਰਿਪਬਲਿਕਨ ਆਰਮੀ ਵੱਲੋਂ ਕੋਈ ਨਾ ਕੋਈ ਵਾਰਦਾਤ ਹੋ ਰਹੀ ਸੀ। ਉਨ੍ਹਾਂ ਦੇ ਕੈਦ ਕੀਤੇ ਵਾਲੰਟੀਅਰਾਂ ਨੇ ਜੇਲ੍ਹਾਂ ਵਿਚ ਭੁੱਖ ਹੜਤਾਲਾਂ ਕੀਤੀਆਂ ਹੋਈਆਂ ਸਨ। ਹਰ ਮਹੀਨੇ ਇੱਕ ਦੋ ਭੁੱਖ ਹੜਤਾਲੀ ਮਰ ਰਹੇ ਸਨ। ਜੋ ਵੀ 'ਹਾਅ ਦਾ ਨਾਅਰਾ' ਲਗਾਉਂਦਾ, ਉਸ ਨੂੰ ਸਰਕਾਰੀ ਗੁੱਸਾ ਅਤੇ ਦਬਸ਼ ਸਹਿਣੀ ਪੈਂਦੀ ਸੀ। ਮਾਰਗਰੇਟ ਥੈਚਰ ਆਪਣੇ ਸਟੈਂਡ ਉਤੇ ਦ੍ਰਿੜ੍ਹ ਸੀ- ਕੋਈ ਗੱਲਬਾਤ ਨਹੀਂ, ਕੋਈ ਸਮਝੌਤਾ ਨਹੀਂ। ਜਦੋਂ ਕੁਝ ਵਿਚਾਰਵਾਨਾਂ ਨੇ ਉਸ ਨੂੰ ਆਪਣੇ ਵਿਚਾਰ ਨਰਮ ਕਰਨ ('ਯੂ ਟਰਨ' ਲੈਣ, ਭਾਵ ਨੀਤੀ ਬਲਦਣ ਵਾਸਤੇ) ਲਈ ਕਿਹਾ ਸੀ ਤਾਂ ਉਸ ਦਾ ਵਿਸ਼ਵ ਪ੍ਰਸਿਧ ਜਵਾਬ ਸੀ ਕਿ 'ਯੂ ਟਰਨ, ਨਾਟ ਵੀ' (ਤੁਸੀਂ ਮੁੜੋ, ਅਸੀਂ ਨਹੀਂ)। ਅਜਿਹੇ ਮਾਹੌਲ ਵਿਚ ਮੈਂ 'ਚਾਨਣ ਦੀ ਕਿਸਮਤ' ਸਿਰਲੇਖ ਹੇਠ ਕਵਿਤਾ ਲਿਖੀ ਸੀ। 'ਮਮਟੀਆਂ ਦੇ ਪਰਛਾਵਿਆਂ ਹੇਠਾਂ / ਗਿਲੋਟੀਨ ਦੀ ਧਾਰ ਚਮਕਦੀ' ਇਸ ਦੀਆਂ ਮੁੱਢਲੀਆਂ ਸਤਰਾਂ ਸਨ। ਕਵਿਤਾ ਦੇ ਆਖ਼ਰੀ ਦੋ-ਤਿੰਨ ਬੰਦ ਤਾਂ ਬਗ਼ਾਵਤ ਨੂੰ ਸਿੱਧਾ ਸੱਦਾ ਦੇਣ ਦੇ ਭਾਵ ਦੇ ਸਕਦੇ ਹਨ, ਜਦੋਂ ਕੋਈ ਪੜ੍ਹੇ ਕਿ:

ਫੇਰ ਦੱਸੀਂ / ਜਦੋਂ ਤੱਤੀ ਰੱਤ
ਠੰਢੀ ਧਾਰ ਦੇ ਹੋਂਠ ਛੋਂਹਦੀ
ਤਾਂ ਕੀ ਰੱਤ ਠਰਦੀ ਹੈ
ਜਾਂ ਧਾਰ ਗਰਮਾਉਂਦੀ?
ਚਾਨਣ ਦੀ ਕਿਸਮਤ ਦੀ ਡੋਰੀ
ਇਸ ਪ੍ਰਸ਼ਨੋਤਰੀ ਨਾਲ ਜੁੜੀ।
ਜੇ ਖ਼ੂਨ ਠਰਦਾ ਹੈ
ਤਾਂ ਆਪਣੇ ਡੰਗ-ਡੋਰੀਏ ਸਾਂਭੋ
ਹੋਰ ਹਨੇਰੀ ਹੋਵੇਗੀ / ਇਹ ਕਾਲੀ ਰਾਤ।
ਪਰ ਜੇ / ਗਿਲੋਟੀਨ ਨੂੰ ਲਗਦਾ ਸੇਕ
ਸਿਰ ਦਾਨੀਆਂ ਦੀ ਕਤਾਰ ਬਣਾਓ
ਫੇਰ ਸਰਘੀ ਵੇਲਾ ਦੂਰ ਨਹੀਂ।
ਸੂਰਜ ਧਰਤੀ ਤੇ ਅੰਬਰ ਦੇ
ਦੁਮੇਲ ਵਿਚੋਂ ਨਹੀਂ
ਗਰਦਾਨ ਤੇ ਗਿਲੋਟੀਨ ਦੇ
ਚੁੰਮਣ ਵਿਚੋਂ ਉਗੇਗਾ।



ਮੈਂ 1981 ਦੀਆਂ ਈਸਟਰ ਦੀਆਂ ਛੁੱਟੀਆਂ ਵਿਚ ਪੂਰਬੀ ਯੂਰਪ ਦੀ ਸੈਰ ਵਾਸਤੇ ਨਿਕਲ ਤੁਰਿਆ ਸੀ। ਇਸ ਇੱਕ ਮਹੀਨੇ ਵਿਚ ਮੈਂ ਬੈਗ ਮੋਢੇ ਅਤੇ ਕੁੱਲ 300 ਪੌਂਡ ਖੀਸੇ ਵਿਚ ਪਾ ਕੇ ਤੇ ਹੱਥ ਲੰਡਨ-ਏਥਨਜ਼ ਦੀ 50 ਪੌਂਡ ਦੀ ਟਿਕਟ ਹੱਥ ਵਿਚ ਲੈ ਕੇ ਉਸੇ ਜਹਾਜ਼ ਵਿਚ ਜਾ ਬੈਠਾ ਸਾਂ ਜਿਸ ਵਿਚ ਬਾਕੀ ਸਾਰੇ ਸਹਿ-ਯਾਤਰੀ ਢਾਈ-ਢਾਈ ਸੌ ਪੌਂਡਾਂ ਦੀਆਂ ਟਿਕਟਾਂ ਲੈ ਕੇ ਬੈਠੇ ਸਨ। ਮੈਂ ਯੂਨਾਨ, ਬੁਲਗਾਰੀਆ, ਰੋਮਾਨੀਆ, ਹੰਗਰੀ, ਚੈਕੋਸਲੋਵਾਕੀਆ, ਪੱਛਮੀ ਜਰਮਨੀ, ਲਗਜ਼ਮਬਰਗ, ਬੈਲਜੀਅਮ ਤੇ ਹਾਲੈਂਡ ਦੀ ਯਾਤਰਾ ਕਰ ਕੇ ਪੂਰੇ ਇੱਕ ਮਹੀਨੇ ਪਿੱਛੋਂ ਇੰਗਲੈਂਡ ਪਰਤਿਆ ਸਾਂ। ਜਦੋਂ ਮੈਂ ਬੈਲਜੀਅਮ ਦੀ ਬੰਦਰਗਾਹ ਊਸ਼ਟੈਂਡ ਤੋਂ ਇੰਗਲੈਂਡ ਦੀ ਬੰਦਰਗਾਹ ਡੋਵਰ ਵਾਸਤੇ ਸਮੁੰਦਰੀ ਜਹਾਜ਼ ਵਿਚ ਸਵਾਰ ਹੋਇਆ ਤਾਂ ਉਸ ਵੇਲੇ ਵੀ ਮੇਰੀ ਜੇਬ ਵਿਚ ਪੰਜਾਹ ਪੌਂਡ ਬਚੇ ਪਏ ਸਨ, ਪਰ ਇਸ ਸਾਰੇ ਸਫ਼ਰ ਵਿਚ ਇੱਕ ਅਜੀਬ ਵਤੀਰੇ ਦਾ ਸੰਜੋਗ ਬਣ ਗਿਆ। ਮੈਂ ਜਿਥੇ ਜਿਥੇ ਵੀ ਗਿਆ- ਯੂਨਾਨ, ਬੁਲਗਾਰੀਆ, ਰੁਮਾਨੀਆ, ਹੰਗਰੀ, ਚੈਕੋਸਲੋਵਾਕੀਆ, ਉਥੇ ਉਥੇ ਹੀ ਉਨ੍ਹਾਂ ਮੁਲਕਾਂ ਦੇ ਕੌਮੀ ਦਿਨ ਅਤੇ ਪਰੇਡਾਂ ਦੇਖਣ ਨੂੰ ਮਿਲੀਆਂ। ਅਚੇਤ ਮਨ ਵਿਚ ਖਲਲ ਪੈਂਦੀ ਰਹੀ, ਸੋਚ ਆਉਂਦੀ ਰਹੀ ਅਤੇ ਅਖੀਰ ਕਵਿਤਾ ਬਣ ਫੁੱਟ ਪਈ:

ਜਦੋਂ ਕਿਤੇ ਵੀ ਕੌਮੀ ਦਿਨ ਹੋਵੇ
ਤਾਂ ਫ਼ੌਜੀ ਬੂਟਾਂ ਦੀਆਂ
ਅੱਡੀਆਂ ਦੀ ਧਮਕ ਹੀ
ਸੀਨੇ 'ਤੇ ਕਿਉਂ ਵੱਜਦੀ ਹੈ?
ਲਿਸ਼ਕਦੀਆਂ ਕਿਰਚਾਂ ਦੀ
ਚਮਕ ਹੀ ਕਿਉਂ
ਅੱਖਾਂ ਚੁੰਧਿਆਉਂਦੀ ਹੈ?
ਕਿਉਂ ਬੈਂਡਾਂ ਬੰਸਰੀਆਂ ਦੇ ਸੀਨਿਆਂ ਵਿਚੋਂ
ਮਾਰੂ ਸੁਰ ਹੀ ਨਿਕਲਦੇ ਨੇ?
ਖੇਤਾਂ-ਖਲਿਹਾਨਾਂ
ਸਕੂਲਾਂ, ਮੈਦਾਨਾਂ ਵਿਚ
ਮਹਿਕਦੇ ਫੁੱਲਾਂ ਨੂੰ
ਕਿਉਂ ਸਿਵਿਆਂ ਦੇ ਹਾਰ
ਬਣਨ ਦੇ ਸਬਕ ਮਿਲਦੇ ਨੇ?...
... ਵਤਨ ਦੇ ਵੀਰ ਦੇ
ਤਗਮੇ ਲਿਸ਼ਕਾ ਕੇ
ਅਣਦੇਖੇ ਦੁਸ਼ਮਣ ਦਾ
ਸੀਨਾ ਚੀਰਨ ਦੀ
ਲਲਕਾਰ ਸਿਖਾ ਕੇ
ਕਿਉਂ ਸੁੱਚੇ ਕਿਰਤੀ ਹੱਥਾਂ ਵਿਚ
ਹਥਿਆਰ ਫੜਾਏ ਜਾਂਦੇ ਨੇ?...
... ਟੋਟੇ ਟੋਟੇ ਧਰਤੀ ਵੰਡ ਕੇ
ਕਿਉਂ ਦਿਲਾਂ ਦੇ ਟੋਟੇ ਕੀਤੇ
ਰੰਗ ਰੰਗ ਦੀਆਂ ਲੀਰਾਂ ਖਾਤਰ
ਕਿਉਂ ਸੁਪਨਿਆਂ ਦੇ ਲੰਗਾਰ ਲਾਹੁੰਦੇ?

ਇਸ ਕਵਿਤਾ ਦਾ ਬੰਦ 'ਵਤਨ ਦੇ ਵੀਰੇ...' ਤਾਂ 1974-75 ਤੋਂ ਮੇਰੇ ਦਿਮਾਗ਼ ਵਿਚ ਖੌਰੂ ਪਾ ਰਿਹਾ ਸੀ, ਜਦੋਂ ਮੈਂ ਕਲਕੱਤਾ ਆਪਣੇ ਅਲੀਪੁਰ ਦੇ 'ਜਜਿਜ਼ ਕੋਰਟ ਰੋਡ' ਵਾਲੇ ਘਰ ਵਿਚ ਰਹਿੰਦਾ ਸਾਂ। ਹਰ ਰੋਜ਼ ਸਵੇਰੇ ਸੈਰ ਤੋਂ ਵਾਪਸ ਆਉਂਦਿਆਂ ਮੈਂ ਅਲੀਪੁਰ ਜੇਲ੍ਹ ਦੇ ਮੈਦਾਨ ਵਿਚ ਪੁਲਿਸ ਨੂੰ ਦਿੱਤੀ ਜਾ ਰਹੀ ਸੰਗੀਨਾਂ ਦੀ ਲੜਾਈ ਦੀ ਟ੍ਰੇਨਿੰਗ ਦੇਖਦਾ ਹੁੰਦਾ ਸਾਂ ਅਤੇ ਸੋਚਦਾ ਹੁੰਦਾ ਸਾਂ ਕਿ ਕਿਹੜੇ ਦੁਸ਼ਮਣ ਦਾ ਸੀਨਾ ਚੀਰਨ ਦੀ ਸਿਖਲਾਈ ਦਿੱਤੀ ਜਾਂਦੀ ਸੀ? ਫਿਰ ਵਕਤ ਬੀਤਣ ਅਤੇ ਦੁਨੀਆਂ ਘੁੰਮਣ ਪਿੱਛੋਂ ਇਹ ਵੀ ਵਿਚਾਰ ਆਣ ਲੱਗ ਪਿਆ ਕਿ 'ਝੰਡਾ ਊਂਚਾ ਰਹੇ ਹਮਾਰਾ' ਦਾ ਸਾਰੀ ਦੁਨੀਆਂ ਵਿਚ ਪ੍ਰਚਾਰ ਅਤੇ ਵਤੀਰਾ ਕਿਉਂ ਹੈ? ਝੰਡਾ ਕੀ ਹੈ? ਅਖੀਰ ਹਰ ਝੰਡਾ 'ਰੰਗ ਰੰਗ ਦੀਆਂ ਲੀਰਾਂ' ਹੀ ਤਾਂ ਹਨ! ਪਰ ਹਰ ਰਾਸ਼ਟਰਵਾਦੀ ਵਾਸਤੇ ਤਾਂ ਇਹ ਗਾਲ੍ਹ ਸਮਾਨ ਹੈ ਜਿਸ ਵਾਸਤੇ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਹੀ ਚਾਹੀਦੀ ਹੈ।

ਜਦੋਂ ਭਾਰਤ ਦੇ ਇਤਿਹਾਸ ਦਾ ਸਭ ਤੋਂ ਮੰਦਭਾਗਾ 1984 ਦਾ ਪਹਿਲਾ ਦਿਨ ਚੜ੍ਹਿਆ ਤਾਂ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਇਸ ਸਾਲ ਵਿਚ ਮੁਲਕ ਨੂੰ ਇੱਕ ਨਹੀਂ, ਦੋ ਨਹੀਂ, ਤਿੰਨ-ਤਿੰਨ ਦੁਖਾਂਤ ਝੱਲਣੇ ਪੈਣਗੇ! ਅਪਰੈਲ-ਮਈ 1984 ਵਿਚ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਦੇਖੇ ਕਰਫਿਊ ਆਰਡਰ ਤੋਂ ਇੰਨਾ ਵਿਚਲਿਤ ਹੋ ਗਿਆ ਸਾਂ ਕਿ ਇੱਕ ਕਵਿਤਾ ਲਿਖ ਦਿੱਤੀ- ਸਰਾਪਿਆ ਸ਼ਹਿਰ! ਉਸ ਕਵਿਤਾ ਵਿਚ ਪਤਾ ਨਹੀਂ ਕੀ ਕੀ ਖ਼ਤਰਨਾਕ ਸੀ ਕਿ ਮੇਰੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨੇ ਇਸ ਨੂੰ 'ਬਹੁਤ ਹੀ ਤੱਤੀ ਕਵਿਤਾ' ਕਿਹਾ ਅਤੇ ਮੈਨੂੰ ਇਸ ਬਾਰੇ ਗੱਲ ਕਰਨ ਤੋਂ ਵੀ ਰੋਕਣ ਦੀ ਕੋਸ਼ਿਸ਼ ਕੀਤੀ। ਜਲੰਧਰ ਦੀ ਮੈਡਮ ਸੁਰਜੀਤ ਕੌਰ ਚਿੱਤਰਕਾਰ ਜੂਨ ਦੀ ਕੜਕਦੀ, ਲੂੰਹਦੀ ਧੁੱਪ ਵਿਚ ਪੈਦਲ ਮੇਰੇ ਪਾਸ ਇਹ ਕਹਿਣ ਲਈ ਆਈ ਕਿ 'ਇਸ ਨੂੰ ਨਰਮ ਕਰਾਂ'। ਮੇਰੇ ਇਹ ਕਹਿਣ ਉਤੇ ਕਿ 'ਮੈਂ ਤਾਂ ਨਹੀਂ ਕਰ ਸਕਦਾ, ਜੇ ਤੂੰ ਡਾਇਲਿਊਟ ਕਰ ਸਕਦੀ ਹੈ ਤਾਂ ਕਰਦੇ', ਉਹ ਖਰੜਾ ਲੈ ਕੇ ਵਾਪਸ ਚਲੀ ਗਈ ਸੀ। ਇੱਕ ਹਫ਼ਤੇ ਪਿੱਛੋਂ ਉਹ ਜਦੋਂ ਵਾਪਸ ਆਈ ਤਾਂ ਕਹਿੰਦੀ, "ਵੀਰ ਜੀ! ਇਹ ਡਾਇਲਿਊਟ ਨਹੀਂ ਹੋ ਸਕਦੀ" ਤਾਂ ਮੈਨੂੰ ਬਹੁਤ ਖ਼ੁਸ਼ੀ ਹੋਈ ਸੀ ਅਤੇ ਸਕੂਨ ਮਿਲਿਆ ਸੀ ਕਿ ਮੈਂ ਆਪਣੀ ਕਲਮ ਨਾਲ ਗੱਦਾਰੀ ਨਹੀਂ ਕੀਤੀ ਸੀ। ਇਸ ਕਵਿਤਾ ਦੇ ਕੁਝ ਕੁ ਬੰਦ ਇਸ ਤਰ੍ਹਾਂ ਹਨ:

ਇਹ ਧਰਮਾਂ ਦੇ ਬੰਧਨ
ਇਹ ਖ਼ੂਨੀ ਵਿਚਾਰਾਂ
ਇਹ ਇੱਟਾਂ ਦੇ
ਵੱਖ ਵੱਖ ਰੂਪਾਂ ਦੀਆਂ ਜੇਲ੍ਹਾਂ,
ਇਹ ਝੰਡੇ ਇਹ ਖੰਡੇ
ਇਹ ਸ਼ੰਖ ਤ੍ਰਿਸ਼ੂਲਾਂ
ਇਹ ਸਾਰੇ ਦੇ ਸਾਰੇ
ਬਣੇ ਕਾਤਲ ਸੂਲਾਂ
ਇਹ ਮਜ਼ਹਬਾਂ ਦੇ ਪਾੜੇ
ਸੂਰਤਾਂ ਦੇ ਪੁਆੜੇ
ਇਹ ਤਾਕਤ ਦੀਆਂ ਹਵਸਾਂ
ਇਹ ਗੱਦੀਆਂ ਦੇ ਸਾੜੇ।...
... ਜਾਗੋ ਉਠੋ ਰਲ ਕੇ ਹੱਲਾ ਇੱਕ ਮਾਰੋ
ਇਹ ਸੂਲਾਂ ਮਸੰਦਾਂ ਦੇ ਝੁੱਗੇ ਹੀ ਸਾੜੋ
ਇਨ੍ਹਾਂ ਨੂੰ ਹਟਾਓ ਇਨ੍ਹਾਂ ਨੂੰ ਮਿਟਾਓ
ਇਹ ਵਹਿਸ਼ੀ ਦਰਿੰਦਿਆਂ ਨੂੰ ਨੱਥ ਪਾਓ।

ਅਪਰੇਸ਼ਨ ਬਲੂ ਸਟਾਰ ਨੇ ਜੋ ਤਬਾਹਕੁਨ ਸੱਟ ਹਰ ਪੰਜਾਬੀ ਦੀ ਮਾਨਸਿਕਤਾ ਨੂੰ ਮਾਰੀ, ਉਹੋ ਜਿਹੀ ਸੱਟ ਸ਼ਾਇਦ ਕਿਸੇ ਹੋਰ ਵਰਤਾਰੇ ਨੇ ਨਹੀਂ ਮਾਰੀ। ਜਿਵੇਂ ਮੈਂ ਆਪਣੀ ਇੱਕ ਕਵਿਤਾ ਵਿਚ ਲਿਖਿਆ ਸੀ: 'ਰਿਸ਼ਤੇ ਰੁੱਸ ਗਏ / ਦੋਸਤੀਆਂ ਦੋਫਾੜ ਹੋ ਗਈਆਂ / ਹੇਠੀ ਤੇ ਹਉਮੈ ਦੇ ਝਟਕਿਆਂ ਨਾਲ / ਸੋਚਣੀਆਂ ਤਿੜਕ ਗਈਆਂ'। ਕਈ ਕਵਿਤਾਵਾਂ ਰਾਹੀਂ ਮੇਰਾ ਮਲਾਲ ਅਤੇ ਰੰਜ ਨਿਕਲ ਤੁਰਿਆ ਸੀ।

ਅਜੇ ਇਨ੍ਹਾਂ ਝਟਕਿਆਂ ਤੋਂ ਲੋਕ ਸੰਭਲੇ ਵੀ ਨਹੀਂ ਸਨ ਕਿ ਨਵੰਬਰ 1984 ਦੇ ਦੰਗੇ ਹੋ ਗਏ ਜਿਨ੍ਹਾਂ ਵਿਚ ਹਜ਼ਾਰਾਂ ਨਿਰਦੋਸ਼ ਲੋਕ ਮਾਰੇ ਗਏ ਸਨ। ਉਸ ਸਾਰੇ ਵਰਤਾਰੇ ਵਿਚ ਸਰਕਾਰ ਅਤੇ ਲੀਡਰਾਂ ਦੇ ਰੋਲ ਨੇ ਹਰ ਸੰਵੇਦਨਸ਼ੀਲ ਮਨੁੱਖ ਨੂੰ ਰੋਲ ਦਿੱਤਾ ਸੀ। ਇਸੇ ਆਕ੍ਰੋਸ਼ ਅਤੇ ਬੇਵਸੀ ਵਿਚ ਕਲਮ ਚੀਕ ਉਠੀ ਸੀ:

ਦਿਨ ਦੀਵੀਂ ਦੀਵੇ ਬਾਲ
'ਦਿੱਲੀ' ਲੁੱਟੀ ਫੇਰ ਇਕ ਨਾਦਿਰ ਸ਼ਾਹ ਨੇ।
... ਬੇਦੋਸ਼ੇ ਮਾਸੂਮ ਨਾ ਛੱਡੇ
ਬੱਚੇ ਬੁੱਢੇ ਨਾ ਕੋਈ ਨੱਢੇ
ਮਾਂ ਭੈਣਾਂ ਦੀ ਪੱਤ ਨਾ ਸੰਭਲੀ
'ਤੋਬਾ ਤੋਬਾ' ਕਰਾਈ ਨਾਦਿਰ ਸ਼ਾਹ ਨੇ।
... 'ਪੰਜਾਬ ਸਿੰਧ ਗੁਜਰਾਤ ਮਰਾਠਾ'
ਖ਼ੂਨੋ ਖ਼ੂਨ ਨਾ ਜਾਏ ਪਛਾਤਾ
'ਵਿੰਧ ਹਿਮਾਚਲ ਯਮੁਨਾ ਗੰਗਾ'
ਭਾਂਬੜ ਲਾਸ਼ਾਂ ਕਤਲ ਤੇ ਦੰਗਾ
ਮਿਝ-ਮਾਸ ਦੀਆਂ ਪੌੜੀਆਂ ਲਾ ਕੇ
ਤਖ਼ਤ-ਤਾਕਤ ਹਥਿਆਈ ਨਾਦਿਰ ਸ਼ਾਹ ਨੇ!

ਪਰ ਸ਼ਾਇਦ ਸਾਲ 1984 ਨੇ ਅਜੇ ਹੋਰ ਰੁਆਉਣਾ ਸੀ। ਅਜੇ ਹੋਰ ਬੇਵਸੀ, ਮਨੁੱਖੀ ਕਮੀਨਗੀ ਅਤੇ ਰਾਜਸੀ ਹਵਸ ਅਤੇ ਲਾਲਚ ਨੂੰ ਬੇਪਰਦ ਕਰਨਾ ਸੀ, ਜਦੋਂ ਦਸੰਬਰ 1984 ਦੇ ਸ਼ੁਰੂ ਵਿਚ ਹੀ ਭੋਪਾਲ ਦਾ ਦੁਖਾਂਤ ਵਾਪਰ ਗਿਆ। ਸੈਂਕੜੇ ਨਹੀਂ, ਹਜ਼ਾਰਾਂ ਮਨੁੱਖ ਹੀ ਨਹੀਂ, ਸਗੋਂ ਪਸ਼ੂ, ਪੰਛੀ ਵੀ ਮਾਰੇ ਗਏ ਸਨ। ਇਹ ਦੁਖਾਂਤ 'ਦੁਨੀਆਂ ਦਾ ਸਭ ਤੋਂ ਵੱਡਾ ਉਦਯੋਗਿਕ ਹਾਦਸਾ' ਹੋ ਨਿਬੜਿਆ ਸੀ! ਪਰ ਸਰਕਾਰਾਂ ਅਤੇ ਨੇਤਾਵਾਂ ਦੇ ਪ੍ਰਤੀਕਰਮ ਕੀ ਸਨ! ਇਸੇ ਲਈ ਕਲਮ 'ਐ ਭੁਪਾਲ' ਦੇ ਸ਼ਬਦਾਂ ਰਾਹੀਂ ਕੁਰਲਾ ਉਠੀ ਸੀ:

ਐ ਭੁਪਾਲ! ਤੇਰੇ ਮੁਰਦਿਆਂ ਲਈ
ਕਿਉਂ ਨਾ ਕੋਈ ਰੋਇਆ।
ਕਿਉਂ ਨਾ ਕਿਸੇ ਨੇ
ਹਾਅ ਦਾ ਨਾਅਰਾ ਲਾਇਆ
ਕਿਉਂ ਕੋਈ ਕਾਤਿਲ
ਨਜ਼ਰ ਨਾ ਆਇਆ?...
... ਪਰ ਜਦੋਂ ਗੈਸ ਨਾਲ ਕੋਹਰਾਮ ਹੋ ਗਿਆ
ਲਾਸ਼ਾਂ ਸਾਰੀਆਂ ਗੱਡ-ਮੱਡ ਹੋਈਆਂ
ਧਰਮ-ਜਾਤ ਨਾ ਗਈ ਪਛਾਣੀ
ਦੋਸ਼ੀ ਕਿਸੇ ਨੂੰ ਨਜ਼ਰ ਨਾ ਆਇਆ
ਉਹ ਤਾਂ ਸਿਰਫ਼ ਮਨੁੱਖ ਮਰੇ ਸਨ
ਮਨੁੱਖਾਂ ਲਈ ਇਥੇ
ਕੋਈ ਨਹੀਂ ਰੋਂਦਾ
ਭੁਪਾਲ ਲਈ ਫਿਰ ਕੋਈ ਨਹੀਂ ਰੋਂਦਾ।

ਹੁਣ ਤਾਂ ਸੋਚਣਾ ਪੈਂਦਾ ਹੈ, ਡਰ ਲੱਗਦਾ ਹੈ ਕਿ ਹੁਣ ਵੀ ਕੀ ਕੋਈ ਲੇਖਕ ਖੁਲ੍ਹ ਕੇ ਲਿਖ ਸਕਦਾ ਹੈ? ਕੀ ਕੋਈ ਪਾਸ਼, ਕੋਈ ਸੰਤ ਰਾਮ ਉਦਾਸੀ, ਕੋਈ ਗ਼ਦਰ ਜਾਂ ਉਨ੍ਹਾਂ ਵਰਗੇ ਹਜ਼ਾਰਾਂ ਕਲਮਾਂ ਵਾਲੇ ਜੇਰਾ ਕਰ ਸਕਦੇ ਹਨ? ਕੀ ਸੱਚਮੁੱਚ ਹੀ ਹੁਣ ਸਾਰੀ ਫ਼ਿਜ਼ਾ ਵਿਚ ਬੱਸ ਇਹੋ ਹੀ ਸੁਣਾਈ ਨਹੀਂ ਦਿੰਦਾ ਕਿ 'ਕਦੇ ਵੀ ਆਪਣਾ ਮੂੰਹ ਨਾ ਖੋਲ੍ਹੋ' ਕਿਉਂਕਿ ਨਹੀਂ ਤਾਂ 'ਜੋ ਬੋਲੇ ਸੋ ਗੱਦਾਰ'।



*ਤੀਹ ਅਪਰੈਲ 2017 ਦੇ 'ਇੰਡੀਅਨ ਐਕਸਪ੍ਰੈਸ' ਵਿਚ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਏ.ਪੀ. ਸ਼ਾਹ ਦੇ ਐਮ.ਐਨ. ਰਾਏ ਯਾਦਗਾਰੀ ਭਾਸ਼ਣ ਲੜੀ ਵਿਚ ਦਿੱਤੀ ਤਕਰੀਰ ਦੀ ਟੂਕ ਛਪੀ ਹੈ ਜਿਸ ਰਾਹੀਂ ਉਨ੍ਹਾਂ ਨੇ ਮੁਲਕ ਵਿਚ ਉਪਜ ਰਹੀ ਅਤੇ ਪ੍ਰਫੁਲਤ ਕੀਤੀ ਜਾ ਰਹੀ ਇਸ ਕੱਟੜਵਾਦੀ ਸੋਚ ਅਤੇ ਉਸ ਅਧੀਨ ਕੀਤੀ ਜਾ ਰਹੀ ਗੁੰਡਾਗਰਦੀ ਬਾਰੇ ਸੁਚੇਤ ਕੀਤਾ ਹੈ। ਸਾਬਕਾ ਮੁੱਖ ਜੱਜ ਨੇ ਕਿਹਾ ਕਿ 'ਨਾਅਰੇਬਾਜ਼ੀ ਅਤੇ ਝੰਡੇਬਾਜ਼ੀ ਕਰਨੀ ਹੁਣ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੇ ਸਬੂਤ ਬਣ ਗਏ ਹਨ।'*

*ਬੰਗਲੌਰ ਵਿਚ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਖਿਲਾਫ ਕੀਤੇ ਰੋਸ ਵਿਖਾਵੇ ਦੀ ਝਲਕ।*



ਸ਼ੌਰਟ ਕੱਟ
ਵਾਇਆ
ਲੌਂਗ ਰੂਟ
13

ਅਮਰੀਕ ਸਿੰਘ ਬਲ
ਫੋਨ: 34602835897

# ਮੰਜ਼ਿਲ, ਰਸਤੇ ਅਤੇ ਸਫਰ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 13ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਮੇਰੀਆਂ ਬੰਦ ਪਲਕਾਂ ਥੱਲੇ ਆਸਾਂ ਦਾ ਇੰਦਰਧਨੁਸ਼ੀ ਸੰਸਾਰ ਮਚਲ ਰਿਹਾ ਸੀ। ਮੇਰੀਆਂ ਮੂੰਹਜ਼ੋਰ ਇਛਾਵਾਂ ਕੁਝ ਅਸਪਸ਼ਟ ਜਿਹੇ ਖਾਕੇ ਉਸਾਰ ਕੇ ਉਨ੍ਹਾਂ ਨੂੰ ਮਨਚਾਹੇ ਰੰਗਾਂ-ਨਕਸ਼ਾਂ ਨਾਲ ਖ਼ੂਬਸੂਰਤ ਆਕਾਰਾਂ ਅੰਦਰ ਢਾਲਣ ਵਿਚ ਮਸਰੂਫ ਸਨ। ਅਚਾਨਕ ਬੱਸ ਦੀਆਂ ਬਰੇਕਾਂ ਨਾਲ ਸੋਚਾਂ ਨੂੰ ਵੀ ਬਰੇਕ ਲੱਗੀ। ਅੱਖਾਂ ਖੋਲ੍ਹੀਆਂ ਤਾਂ ਸਾਹਮਣੇ ਹਕੀਕਤ ਪੁਲਿਸ ਨਾਕੇ ਦੇ ਰੂਪ ਵਿਚ ਨਜ਼ਰ ਆਈ। ਸਾਹ ਸੂਤੇ ਗਏ। ਦਿਲ ਦੀਆਂ ਧੜਕਣਾਂ ਸੀਨੇ 'ਚ ਹਥੌੜੇ ਵੱਜਣ ਵਾਂਗ ਧੜਕ ਰਹੀਆਂ ਸਨ।

ਬੱਸ ਮਸਾਂ ਦੋ ਕੁ ਘੰਟੇ ਚੱਲੀ ਸੀ। ਅਸਮਾਨੀ ਵਰਦੀ ਪਹਿਨੀ ਸਿਪਾਹੀ ਬੱਸ 'ਚ ਬੈਟਰੀ ਇਧਰ-ਉਧਰ ਘੁਮਾਉਂਦਾ ਸਾਡੇ ਨੇੜੇ ਆ ਕੇ ਖੜ੍ਹੋ ਗਿਆ। ਸਿਪਾਹੀ ਨੂੰ ਦਿਮਾਗ 'ਤੇ ਜ਼ਿਆਦਾ ਜ਼ੋਰ ਪਾਉਣ ਦੀ ਜ਼ਰੂਰਤ ਨਹੀਂ ਸੀ, ਕਿਉਂਕਿ ਸਾਡੇ ਬਦਹਾਲ ਹੁਲੀਏ ਸਭ ਕੁਝ ਖ਼ੁਦ ਬਿਆਨ ਕਰ ਰਹੇ ਸਨ। ਸਾਨੂੰ ਚੌਹਾਂ ਨੂੰ ਥੱਲੇ ਉਤਰਨ ਦਾ ਇਸ਼ਾਰਾ ਹੋ ਗਿਆ। ਖੇਲ ਖਤਮ ਹੋ ਗਿਆ ਸੀ। ਸਭ ਸੋਚਾਂ ਆਸਾਂ 'ਤੇ ਪਾਣੀ ਫਿਰ ਗਿਆ। ਬਾਕੀ ਯਾਤਰੀ ਸਾਨੂੰ ਹੈਰਾਨੀ ਨਾਲ ਘੂਰ-ਘੂਰ ਦੇਖ ਰਹੇ ਸਨ, ਜਿਵੇਂ ਕਹਿ ਰਹੇ ਹੋਣ- ਇਹ ਚੋਰ, ਘੁਸਪੈਠੀਏ ਸਾਡੇ ਨਾਲ ਕਿਵੇਂ ਬੈਠੇ ਸਨ! ਸ਼ਰਮਿੰਦਗੀ ਅਤੇ ਨਿਰਾਸ਼ਾ ਦੇ ਪਥਰਾਏ ਅਸੀਂ ਬੋਝਲ ਕਦਮੀਂ ਸਿਪਾਹੀ ਦੇ ਪਿੱਛੇ ਤੁਰ ਪਏ। ਸਾਹਮਣੇ ਜੇਲ੍ਹ ਦਾ ਦਰਵਾਜ਼ਾ ਖੁਸ਼ਆਮਦੀਦ ਕਹਿੰਦਾ ਨਜ਼ਰ ਆਇਆ।

ਸਾਡੇ ਨਾਲ ਬਸ ਕੰਡਕਟਰ ਵੀ ਸੀ। ਪੁਲਿਸ ਦੇ ਸਵਾਲਾਂ ਦੇ ਜਵਾਬ ਵਿਚ ਉਚੀ-ਉਚੀ ਬੋਲ ਰਿਹਾ ਸੀ ਜੋ ਸਾਡੀ ਸਮਝ ਤੋਂ ਬਾਹਰ ਸੀ। ਸਾਡੇ ਵਾਸਤੇ ਤਾਂ ਹੁਣ ਸਭ ਕੁਝ ਹੀ ਸਮਝ ਤੋਂ ਬਾਹਰ ਹੋ ਗਿਆ ਸੀ। ਸਾਥੋਂ ਪਾਸਪੋਰਟ, ਬੱਸ ਟਿਕਟ ਪੁੱਛੇ ਗਏ। ਹੁਣ ਸਮਝ ਆਈ, ਟਿਕਟ ਇਸੇ ਲਈ ਨਹੀਂ ਦਿੱਤੇ ਗਏ ਤਾਂ ਕਿ ਅਜਿਹੇ ਮੌਕੇ 'ਤੇ ਉਹ ਕਹਿ ਸਕਣ ਕਿ ਇਹ ਕਿਤੇ ਅੱਖ ਬਚਾ ਕੇ ਚੋਰੀ ਬਹਿ ਗਏ ਸਨ। ਤਲਾਸ਼ੀ ਤੋਂ ਬਾਅਦ ਬੂਟ-ਬੈਲਟਾਂ ਲੁਹਾ ਕੇ ਜੇਲ੍ਹ ਅੰਦਰ ਡੱਕ ਦਿੱਤਾ ਗਿਆ।

10-15 ਮਿੰਟ ਦੀ ਬਹਿਸ ਤੋਂ ਬਾਅਦ ਕੰਡਕਟਰ ਨੂੰ ਫਾਰਗ ਕਰ ਦਿੱਤਾ ਗਿਆ, ਬੱਸ ਚਲੀ ਗਈ। ਅਸੀਂ ਇੱਕ ਦੂਜੇ ਦੇ ਮਾਤਮੀ ਚਿਹਰੇ ਦੇਖਦੇ, ਅਫਸੋਸ ਜਤਾਉਂਦੇ ਨਿਰਾਸ਼ਾ 'ਚ ਸਿਰ ਮਾਰਦੇ ਬਦਬੂ ਮਾਰਦੇ ਕੰਬਲਾਂ 'ਚ ਗੁਛ-ਮੁਛ ਹੋ ਕੇ ਪੈ ਗਏ। ਮੇਰੇ ਮਨ ਵਿਚ ਮੋਹਕਮ ਨੂੰ ਲੈ ਕੇ ਸ਼ੰਕੇ ਜਿਹੇ ਪਹਿਲਾਂ ਹੀ ਉਠ ਰਹੇ ਸਨ। ਸਵੇਰ ਹੋਈ, ਬਿਆਨ ਦਰਜ ਕੀਤੇ ਗਏ। ਇੱਕ ਸਿਪਾਹੀ ਨੂੰ ਇੰਗਲਿਸ਼ ਆਉਂਦੀ ਸੀ। ਅਸੀਂ ਪਹਿਲਾਂ ਵਾਂਗ ਸਹੀ ਨਾਂ-ਪਤੇ ਲਿਖਵਾ ਦਿੱਤੇ। ਮਨ ਵਿਚ ਇੱਕ ਖਿਆਲ ਰਹਿ-ਰਹਿ ਕੇ ਉਠਦਾ, ਸ਼ਾਇਦ ਥੋੜ੍ਹੀ ਗਿਣਤੀ ਕਾਰਨ ਸਾਨੂੰ ਡੀਪੋਰਟ ਕਰ ਦਿੱਤਾ ਜਾਵੇ।

ਸਾਨੂੰ ਖਾਣ ਲਈ ਮੱਖਣ-ਬਰੈਡ ਦਿੱਤੇ ਗਏ। 12-1 ਵਜੇ ਦੋ-ਦੋ ਜਣਿਆਂ ਨੂੰ ਇੱਕ-ਇੱਕ ਹੱਥਕੜੀ ਲਾ ਕੇ ਕਾਰ ਵਿਚ ਬਿਠਾ ਦਿੱਤਾ ਗਿਆ, ਸਾਡੇ ਨਾਲ ਇੱਕੋ ਪੁਲਸੀਆ ਸੀ। ਛਿਆਸੀ ਨੂੰ ਹੋਰ ਨਾ ਸੁਝਦਾ ਤਾਂ ਹਰ ਵਕਤ, ਹਰ ਕਿਸੇ ਤੋਂ ਸਿਗਰਟ ਮੰਗਦਾ ਰਹਿੰਦਾ ਤੇ ਮਿਲਦੇ ਵੀ ਰਹਿੰਦੇ।

ਕਾਰ ਤੁਰ ਪਈ, ਸਾਨੂੰ ਭਲੀ-ਭਾਂਤ ਅੰਦਾਜ਼ਾ ਸੀ ਕਿ ਅਸੀਂ ਕਿਥੇ ਜਾ ਰਹੇ ਹਾਂ। ਕਾਰ ਉਜਦਾ ਦੀ ਜੇਲ੍ਹ ਜਾ ਪਹੁੰਚੀ। ਇਸ ਵਾਰ ਕਾਲਿਆਂ ਦੀ ਭੀੜ ਵਿਚ ਕੁਝ ਏਸ਼ੀਆਈ ਚਿਹਰੇ ਵੀ ਨਜ਼ਰ ਆਏ। ਦੋ ਪੰਜਾਬੀ ਸਨ ਤੇ ਸੱਤ ਬੰਗਲਾਦੇਸ਼ੀ। ਉਮੀਦ ਸੀ ਸ਼ਾਮ ਨੂੰ ਤੋਰ ਦੇਣਗੇ; ਪਰ ਨਹੀਂ, ਰਾਤ ਉਥੇ ਕੱਟਣੀ ਪਈ, ਭੁਖਣ ਭਾਣੇ। ਪੁਲਸੀਆਂ ਨੇ ਕੁਝ ਟੁਕੜੇ ਅੰਦਰ ਸੁੱਟੇ, ਪਰ ਧਰਮ ਦੇ ਨਾਂ 'ਤੇ। ਮੁਸਮਲਮਾਨ ਹੋਣ ਦਾ ਬੰਗਲਾਦੇਸ਼ੀਆਂ ਨੂੰ ਲਾਭ ਮਿਲਿਆ। ਸਿਪਾਹੀ ਪੁੱਛਦਾ, "ਮੁਸਲਮਾਨ?" ਮੁਸਲਮਾਨ ਹੱਥ ਬੁਲੰਦ ਹੁੰਦੇ, ਖਾਣੇ ਦਾ ਟੁਕੜਾ ਬੋਚ ਲੈਂਦੇ। ਇਥੇ ਇਨਸਾਨ ਹੋਣ ਨਾਲੋਂ ਵੱਧ ਸਾਬਿਤ ਹੋ ਰਿਹਾ ਸੀ ਮੁਸਲਮਾਨ ਹੋਣਾ; ਨਹੀਂ ਤਾਂ ਉਨ੍ਹਾਂ ਜਿਹੇ ਪੇਟ ਸਾਨੂੰ ਵੀ ਲੱਗੇ ਸਨ। ਇੱਕ ਟੁਕੜਾ ਮੇਰੇ ਕੋਲ ਡਿੱਗਿਆ। ਮੈਂ ਚੁੱਕਿਆ, ਸਿਪਾਹੀ ਦੀਆਂ ਅੱਖਾਂ ਵਿਚ ਅੱਖਾਂ ਪਾਈਆਂ ਤੇ ਟੁਕੜਾ ਨੇੜਲੇ ਮੁਸਲਮਾਨ ਨੂੰ ਫੜਾ ਦਿੱਤਾ। ਸ਼ਾਇਦ ਉਸ ਨੇ ਸ਼ਰਮਿੰਦਗੀ ਮਹਿਸੂਸ ਕੀਤੀ ਤੇ ਬਚੇ-ਖੁਚੇ ਟੁਕੜੇ ਸਾਡੇ ਵੱਲ ਸੁੱਟ ਕੇ ਪਰ੍ਹੇ ਤੁਰ ਗਿਆ।

ਦੂਜੇ ਰੋਜ਼ ਫਿਕਰ ਦਾ ਕੱਦ ਸੂਰਜ ਦੇ ਨਾਲ-ਨਾਲ ਵਧਦਾ ਗਿਆ ਕਿ ਭੁੱਖਿਆਂ ਦਿਨ ਕਿਵੇਂ ਗੁਜ਼ਰੇ। ਮੇਰੀ ਜੇਬ 'ਚ ਮੱਛੀ ਦੀ ਡੱਬੀ ਸੀ, ਪਰ ਇੰਨੇ ਜਣਿਆਂ ਦਾ ਕੀ ਬਣਨਾ ਸੀ! ਅਚਾਨਕ ਜੇਬ 'ਚ ਹੱਥ ਗਿਆ ਤਾਂ ਯਾਦ ਆਇਆ, ਖਾਣੇ 'ਚੋਂ ਬਚੇ ਮੋਹਕਮ ਦੇ 50 ਦਰ੍ਹਾਮ ਮੈਂ ਭੁਲੇਖੇ ਨਾਲ ਕੋਲ ਹੀ ਲੈ ਆਇਆ ਸਾਂ, ਸੋ ਖਾਣਾ ਮੰਗਵਾਇਆ ਜਾ ਸਕਦਾ ਸੀ, ਪਰ ਲੋੜ ਨਾ ਪਈ। ਦੁਪਹਿਰ ਤੋਂ ਪਹਿਲਾਂ ਹੀ ਪੁਲਸੀਏ ਸਾਨੂੰ 13 ਏਸ਼ੀਅਨਾਂ ਨੂੰ, ਨਾਲ ਕੁਝ ਕਾਲੇ ਤੇ ਅਲਜੀਰੀਆਈ ਬੰਦਿਆਂ ਨੂੰ ਵੱਡੀ ਵੈਨ 'ਚ ਲੱਦ ਕੇ ਉਜਦਾ ਤੋਂ 20 ਕੁ ਕਿਲੋਮੀਟਰ ਬਾਹਰ ਬਾਰਡਰ ਚੌਕੀ ਵੱਲ ਲੈ ਤੁਰੇ।

ਪੁਲਸੀਏ ਸਾਨੂੰ ਚੌਕੀ ਤੋਂ ਬਹੁਤ ਪਿੱਛੇ ਘਰਾਂ ਨੇੜੇ ਹੀ ਉਤਾਰ ਕੇ ਮੁੜ ਗਏ। ਪੰਜ-ਛੇ ਕਾਲਿਆਂ ਨੇ ਸਾਨੂੰ ਆਪਣੇ ਨਾਲ ਚੱਲਣ ਦਾ ਕਿਹਾ। ਨਵੇਂ ਪੰਜਾਬੀ ਸਾਥੀਆਂ ਨੇ ਦੱਸਿਆ ਕਿ ਕਾਲੇ ਆਪਣੇ ਬੰਦਿਆਂ ਨੂੰ ਕਬਜ਼ਾ ਕੇ ਫੋਨਾਂ ਜ਼ਰੀਏ ਏਜੰਟਾਂ ਜਾਂ ਘਰਾਂ ਵਾਲਿਆਂ ਤੋਂ ਪੈਸੇ ਵਸੂਲਦੇ ਨੇ। ਅਸੀਂ ਉਨ੍ਹਾਂ ਤੋਂ ਕੰਨੀਂ ਕਤਰਾਉਂਦੇ, ਪਰੇ ਤੁਰ ਗਏ।

12-13 ਸਾਲ ਦਾ ਮੁੰਡਾ ਨੇੜੇ ਆ ਕੇ ਇੱਕ ਨਾਂ ਲੈਣ ਲੱਗਾ ਕਿ ਉਸ ਏਜੰਟ ਦੇ ਕਿਹੜੇ ਬੰਦੇ ਨੇ। ਬੰਗਲਾਦੇਸ਼ੀ ਉਨ੍ਹਾਂ ਨਾਲ ਤੁਰ ਪਏ। ਅਸੀਂ ਬੌਂਦਲੇ ਹੋਏ ਹੋਰ ਪਾਸੇ ਚੱਲ ਪਏ। ਇੱਕ ਮੋਰੱਕੀ ਸਾਡੇ ਵੱਲ ਤੇਜ਼-ਪੈਰੀਂ ਆਇਆ। ਉਸ ਦੀ ਪਛਾਣ ਪਹਿਲੀ ਵਾਰ ਵਾਲੇ ਡੌਂਕਰ ਦੇ ਰੂਪ 'ਚ ਕਰ ਕੇ ਅਸੀਂ ਰਾਹਤ ਦਾ ਸਾਹ ਲਿਆ। ਸਾਨੂੰ ਇੱਕ ਬਾਗ 'ਚ ਬਿਠਾ ਕੇ ਉਹ ਤੁਰ ਗਿਆ। ਅਸੀਂ ਬੂਟਿਆਂ ਤੋਂ ਤੋੜ ਕੇ ਕੱਚੇ ਸੇਬ ਖਾਂਦੇ ਰਹੇ। ਫਿਰ ਡੌਂਕਰਾਂ ਨੇ ਬੰਗਲਾਦੇਸ਼ੀ ਵੀ ਉਥੇ ਲਿਆ ਬਿਠਾਏ। ਜੇਲ੍ਹ ਵਿਚ ਸਤਾਸੀ ਨਾਲ ਹੋਈ ਤਕਰਾਰ ਕਾਰਨ ਉਹ ਸਾਨੂੰ ਅੱਖੀਂ ਨਹੀਂ ਸੀ ਸੁਹਾਂਦੇ।

ਅਰਬੀ ਬੰਟੀ ਦੀ ਫਾਲਤੂ ਬਕਵਾਸ ਝੜਪ ਤਕ ਜਾ ਪਹੁੰਚੀ ਤਾਂ ਮੈਂ ਗੁੱਸੇ ਦੇ ਰੌਅ 'ਚ ਇੱਕ ਜ਼ੋਰਦਾਰ ਚਪੇੜ ਕੱਢ ਮਾਰੀ ਸੀ। ਬਦਲੇ ਵਿਚ ਉਸ ਨੇ ਮੇਰੇ ਤੇ ਛਿਆਸੀ ਲਈ ਬਦਦੁਆਵਾਂ ਦੀ ਰੇਲ ਬਣਾ'ਤੀ, "ਰੋਂਦੇ-ਪਿਟਦੇ ਰਹੋ, ਸਾਰੇ ਮੋਰੱਕੋ ਵਿਚ ਭੀਖ ਮੰਗਦੇ ਫਿਰੋ...।" ਉਸ ਦੀਆਂ ਹਰਕਤਾਂ ਇੰਨੀਆਂ ਭੜਕਾਊ ਸਨ ਕਿ ਹੱਕ ਤਾਂ ਚਪੇੜ ਤੋਂ ਵੱਧ ਬਣਦਾ ਸੀ, ਪਰ ਮੈਂ ਇੰਨੇ ਨਾਲ ਹੀ ਸਾਰ ਲਿਆ।

ਸਾਡੀ ਤ੍ਰਾਸਦੀ ਹੀ ਸੀ ਕਿ ਪਹਿਲਾਂ ਸਾਡੇ 39 ਬਦਵਖ਼ਤਾਂ ਦੇ ਗਰੁੱਪ ਵਿਚ ਬੰਟੀ ਅਰਬੀ ਸ਼ਾਮਿਲ ਸੀ, ਫਿਰ ਅਸੀਂ 13 ਵਿਛੜੇ ਤਾਂ ਉਹ ਸਾਡੇ ਨਾਲ ਸੀ। ਫਿਰ ਅਸੀਂ ਚਾਰ ਅਲੱਗ ਹੋਏ ਤਾਂ ਉਹ ਫਿਰ ਸਾਡੇ ਨਾਲ ਸੀ। ਮੈਨੂੰ ਭਾਰੀ ਅੰਦੇਸ਼ਾ ਸੀ, ਜੇ ਮੈਂ ਹੁਣ ਅਗਾਂਹ ਕਿਤੇ ਇਕੱਲਾ ਅਲੱਗ ਹੋਇਆ ਤਾਂ ਉਹ ਨੀਮ-ਪਾਗਲ, ਸਨਕੀ ਜ਼ਰੂਰ ਮੇਰੇ ਨਾਲ ਹੋਵੇਗਾ। ਉਸ ਨੂੰ ਝੱਲਣਾ ਬੜੇ ਸਬਰ ਦਾ ਕੰਮ ਸੀ। ਮਾੜੀ-ਮੋਟੀ ਡਾਂਟ-ਲਤਾੜ ਉਸ ਦੇ ਖੁਰਕ ਵੀ ਨਹੀਂ ਸੀ ਕਰਦੀ। ਉਹ ਮਾੜੀ ਨੀਤ ਵਾਲਾ ਸਾਨੂੰ ਤਿੰਨਾਂ ਉਪਰ ਬੋਝ ਵਾਂਗ ਸੀ ਤੇ ਸਖਤ ਨਾਪਸੰਦ ਸੀ, ਪਰ ਮਾੜੇ ਵਕਤ ਦੇ ਜ਼ੁਲਮਾਂ ਤੇ ਆਫਤਾਂ ਵਾਂਗ ਉਹ ਵਾਧੂ ਸਿਰਦਰਦੀ ਦੇ ਰੂਪ ਵਿਚ ਸਾਡੇ ਨਾਲ ਚਿੰਬੜਿਆ ਹੋਇਆ ਸੀ।

ਬਾਗ ਦੇ ਮਾਲਕ ਦੇ ਇਤਰਾਜ਼ ਕਾਰਨ ਸਾਨੂੰ ਥੋੜ੍ਹੀ ਦੂਰ ਉਜਾੜ ਪਏ ਕੱਚੇ ਕਮਰਿਆਂ 'ਚ ਪਨਾਹ ਲੈਣੀ ਪਈ। ਉਮਰ ਖਾਨ ਨੂੰ ਡੌਂਕਰ ਕਾਫੀ ਵਾਰ ਫੋਨ ਲਾ ਚੁੱਕੇ, ਪਰ ਉਸ ਨੇ ਫੋਨ ਨਾ ਚੁੱਕਿਆ। ਬੰਗਲਾਦੇਸ਼ੀਆਂ ਤੇ ਦੋ ਪੰਜਾਬੀਆਂ ਦੇ ਡੌਂਕਰ ਉਨ੍ਹਾਂ ਨੂੰ ਲਿਜਾ ਚੁੱਕੇ ਸਨ। ਅਸੀਂ ਚਾਰੇ ਡੌਰ-ਭੌਰ ਹੋਏ ਆਲਾ-ਦੁਆਲਾ ਝਾਕ ਰਹੇ ਸਾਂ ਕਿ ਹੁਣ ਕੀ ਕੀਤਾ ਜਾਵੇ। ਕੁਦਰਤੀ ਮੇਰੇ ਕੋਲ ਅਲਜੀਰੀਆਈ ਡੌਂਕਰ ਮੁਨੀਰ ਦਾ ਫੋਨ ਨੰਬਰ ਸੀ। ਉਸ ਨੇ ਅੰਗਰੇਜ਼ੀ 'ਚ ਕਿਹਾ ਕਿ ਉਹ ਫੋਨ ਕਰ ਦੇਵੇਗਾ, ਰਾਤ ਨੂੰ ਰਸ਼ੀਦ ਆ ਕੇ ਲੈ ਜਾਵੇਗਾ। ਫਿਰ ਖਾਨ ਦੇ ਫੋਨ ਤੋਂ ਬਾਅਦ ਸਾਡਾ ਫਿਕਰ ਮੁੱਕ ਗਿਆ।

ਇਸ ਤੋਂ ਪਹਿਲਾਂ ਬੰਟੀ ਅਰਬੀ ਨਾਲ ਸਾਡੀ ਬਹਿਸ ਦੀ ਇੱਕ ਝੁੱਟੀ ਹੋਰ ਲੱਗ ਚੁੱਕੀ ਸੀ। ਖਾਨ ਦਾ ਫੋਨ ਨਹੀਂ ਸੀ ਆਉਂਦਾ, ਡੌਂਕਰ ਕਹਿਣ, ਅਸੀਂ ਇਥੇ ਛੱਡ ਜਾਵਾਂਗੇ। ਮੈਂ ਬੰਟੀ ਨੂੰ ਕਿਹਾ, ਅਰਬੀ ਵਿਚ ਉਨ੍ਹਾਂ ਨੂੰ ਸਮਝਾ ਕੁਝ। ਬੰਟੀ ਅੱਗਿਓਂ 'ਅਕਿਲ, ਮੌਂਜੇ' (ਖਾਣਾ) ਦਾ ਰਾਗ ਅਲਾਪੀ ਜਾਵੇ। ਦੁਪਹਿਰ ਪਿਛੋਂ ਬਰੈਡ ਵਗੈਰਾ ਖਾਧੇ ਸੀ, ਉਸ ਨੂੰ ਫਿਰ ਭੁੱਖ ਲੱਗ ਗਈ ਸੀ। ਮੈਂ ਕਲਪਿਆ, "ਤੈਨੂੰ ਹਰ ਵੇਲੇ ਖਾਣ ਦੀ ਪਈ ਰਹਿੰਦੀ ਆ, ਮੌਕਾ ਤਾਂ ਦੇਖ। ਜੇ ਉਹ ਇਥੇ ਛੱਡ ਕੇ ਤੁਰ ਗਏ ਤਾਂ ਕੀ ਕਰਾਂਗੇ, ਪੁਲਿਸ ਦੇ ਹੱਥ ਪੈ ਗਏ ਤਾਂ ਅਲਜੀਰੀਆ ਧੱਕ ਦੇਣਗੇ। ਕਾਲਿਆਂ ਨੇ ਫੜ ਲਿਆ ਤਾਂ ਹੋਰ ਮੁਸੀਬਤ ਹੋ ਜਾਵੇਗੀ।" ਮੇਰੀ ਗੱਲ ਉਹ ਸਮਝਿਆ ਕਿ ਨਹੀਂ, ਪਰ ਡੌਂਕਰ ਸਮਝ ਗਏ। ਇੱਕ ਵਾਰ ਤਾਂ ਇੱਕ ਡੌਂਕਰ ਨੇ ਖਿਝ ਕੇ ਬੰਟੀ ਨੂੰ ਗਲੋਂ ਫੜ ਕੇ ਅਰਬੀ ਵਿਚ ਗਾਲ੍ਹਾਂ ਕੱਢੀਆਂ। 11-12 ਵਜੇ ਰਸ਼ੀਦ ਆਇਆ। ਉਹ ਮੁਖੀ ਡੌਂਕਰ ਮੁਹੰਮਦ ਵਾਂਗ ਹੀ ਹੈਰਾਨ ਹੋਇਆ ਕਿ ਅਸੀਂ ਇੰਨੀ ਛੇਤੀ ਫਿਰ ਫੜੇ ਗਏ ਸਾਂ। ਰਸ਼ੀਦ ਨੇ ਸਾਡੀ ਕੀਮਤ ਚੁਕਾਈ ਤੇ ਨਾਲ ਲੈ ਤੁਰਿਆ। ਪਹਿਲਾਂ ਵਾਂਗ ਹੀ ਖੇਤ, ਨਾਲਾ, ਟਿੱਬੇ-ਧੋੜ੍ਹੇ ਪਾਰ ਕਰ ਕੇ ਘੰਟੇ ਕੁ ਬਾਅਦ ਉਸ ਦੇ ਘਰ ਪਹੁੰਚੇ। ਇਸ ਵਾਰ ਉਸ ਦੇ ਘਰ ਮਹਿਮਾਨ ਆਏ ਹੋਣ ਕਰ ਕੇ ਘਰ ਤੋਂ 100 ਕੁ ਮੀਟਰ ਪਰ੍ਹੇ ਟਿਊਬਵੈਲ ਨਾਲ ਬਣੇ ਛੋਟੇ ਜਿਹੇ ਕਮਰੇ 'ਚ ਰਹਿਣਾ ਪੈਣਾ ਸੀ। ਦਰਵਾਜੇ ਨੂੰ ਨਾ ਅੰਦਰੋਂ ਕੁੰਡੀ ਸੀ, ਨਾ ਅੰਦਰ ਬਹੁਤੀ ਜਗ੍ਹਾ ਸੀ। ਕਣਕ ਦੀਆਂ ਬੋਰੀਆਂ ਤੇ ਕਬਾੜ ਨੇ ਜ਼ਿਆਦਾ ਥਾਂ ਘੇਰੀ ਹੋਈ ਸੀ। ਅਸੀਂ ਜਗ੍ਹਾ ਬਣਾਈ ਤੇ ਕੰਬਲ ਵਿਛਾ ਕੇ ਲਿਟ ਗਏ।

ਫਿਰ ਇੰਤਜ਼ਾਰ ਸ਼ੁਰੂ ਹੋ ਗਿਆ, ਕਦੋਂ ਖਾਨ ਦੇ ਮਨ ਮਿਹਰ ਪੈਂਦੀ ਤੇ ਕਦੋਂ ਸਾਨੂੰ ਲਿਜਾਣ ਲਈ ਨਵੇਂ ਡੌਂਕਰ ਭੇਜਦਾ। ਪਿਛਲੇ ਡੌਂਕਰਾਂ ਕੋਲੋਂ ਤਾਂ ਅਹਿਮਦ ਟੁੰਡਾ ਦੌੜਾ ਕੇ ਲੈ ਗਿਆ ਸੀ। ਫਿਰ ਅਹਿਮਦ ਅਨੁਸਾਰ, ਖਾਨ ਨੇ ਉਸ ਕੋਲੋਂ ਵੀ ਮੁੰਡੇ ਚੋਰੀ ਭਜਾ ਲਏ ਸੀ ਤਾਂ ਕਿ ਪੈਸੇ ਦੇ ਭੁਗਤਾਨ ਤੋਂ ਬਚਿਆ ਜਾ ਸਕੇ।

ਖਾਨ ਰੋਟੀ ਲਈ ਵੀ ਪੈਸੇ ਛੇਤੀ ਨਹੀਂ ਸੀ ਭੇਜਦਾ। ਉਹ ਖੁਦ ਲੱਖਾਂ ਕਮਾਉਂਦਾ ਸੀ, ਪਰ ਜਿਨ੍ਹਾਂ ਕੋਲੋਂ ਕਮਾਉਂਦਾ ਸੀ, ਉਨ੍ਹਾਂ ਨੂੰ ਰੋਟੀ ਦੇ ਟੁਕੜਿਆਂ ਲਈ ਤਰਸਣਾ ਪੈਂਦਾ ਸੀ, ਇੱਕ-ਇੱਕ ਘੁੱਟ ਪਾਣੀ ਲਈ ਤਰਲੇ-ਮਿੰਨਤਾਂ ਕਰਨੀਆਂ ਪੈਂਦੀਆਂ ਸਨ। ਉਸ ਨੇ ਬੇਥਾਹ ਦੌਲਤ ਦੇ ਨਾਲ-ਨਾਲ ਬਦ-ਦੁਆਵਾਂ, ਬਦ-ਅਸੀਸਾਂ ਵੀ ਬਹੁਤ ਕਮਾਈਆਂ ਸਨ, ਜੋ ਹਜ਼ਾਰਾਂ ਮਾਸੂਮ, ਬੇਦੋਸ਼ਿਆਂ ਦੇ ਦਿਲਾਂ ਅਤੇ ਭੁੱਖੇ-ਪਿਆਸੇ ਢਿੱਡਾਂ 'ਚੋਂ ਨਿਕਲਦੀਆਂ ਸਨ। ਜੋ ਨਿਰ-ਅਪਰਾਧ ਉਸ ਅਤੇ ਡੌਂਕਰਾਂ ਦੇ ਲਾਲਚ ਦੀ ਸੂਲੀ ਚੜ੍ਹ ਕੇ ਜਾਨਾਂ ਗੁਆ ਜਾਂਦੇ ਸੀ, ਉਨ੍ਹਾਂ ਦੇ ਕਤਲਾਂ ਦਾ ਵੀ ਉਹ ਸਾਂਝੀਦਾਰ ਸੀ।

ਖੈਰ, ਇਥੇ ਰਸ਼ੀਦ ਕੋਲ ਖਾਣੇ-ਪਾਣੀ ਦੀ ਸਮੱਸਿਆ ਨਹੀਂ ਸੀ। ਮੈਂ ਹੁਣ ਤੇ ਪਹਿਲਾਂ ਵੀ ਰਸ਼ੀਦ ਦੇ ਜ਼ਰੀਏ ਕਿਸੇ ਰਿਸ਼ਤੇਦਾਰ ਕੋਲੋਂ ਪੈਸੇ ਮੰਗਾਉਣੇ ਚਾਹੇ, ਪਰ ਛੁੱਟੀਆਂ ਕਾਰਨ ਜਾਂ ਉਸ ਦੀ ਗ਼ੈਰ-ਹਾਜ਼ਰੀ ਕਰ ਕੇ ਸੰਭਵ ਨਾ ਹੋ ਸਕਿਆ। ਪੈਸੇ ਨਾਲ ਅੱਗੇ ਮਿਲਦੀ ਭੁੱਖਮਰੀ ਤੋਂ ਬਚਿਆ ਜਾ ਸਕਦਾ ਸੀ।

ਸਾਰੇ ਦਿਨ ਦੀ ਤਿੱਖੀ ਧੁੱਪ ਉਸ ਛੋਟੇ ਕਮਰੇ ਨੂੰ ਹੁੰਮਸ ਤੇ ਭੜ੍ਹਾਸ ਨਾਲ ਭਰ ਦਿੰਦੀ ਸੀ। ਛੋਟੀ ਤਾਕੀ ਸਾਡੇ ਲਈ ਵਰਦਾਨ ਵਾਂਗ ਸੀ, ਥੋੜ੍ਹੀ ਬਹੁਤ ਹਵਾ ਗੁਜ਼ਰਦੀ ਰਹਿੰਦੀ ਸੀ। ਸਾਧਾਰਨਤਾ ਮੈਂ ਉਸ ਵਿਚੋਂ ਬਾਹਰ ਦਿਸਹੱਦੇ ਤਾਈਂ ਤੱਕਦਾ ਰਹਿੰਦਾ, ਸੋਚਦਾ ਰਹਿੰਦਾ, ਮਨ ਦੀਆਂ ਗੁੰਝਲਾਂ ਵਿਚ ਉਲਝਿਆ ਰਹਿੰਦਾ। ਫਿਰ ਜਦ ਬੈਠਿਆਂ ਥੱਕ ਜਾਂਦਾ ਜਾਂ ਉਹੀ ਖ਼ੇਤ, ਉਹੀ ਰੁੱਖ-ਝਾੜੀਆਂ ਉਬਾਊ ਲੱਗਣ ਲੱਗ ਪੈਂਦੇ ਤਾਂ ਲੰਮਾ ਪੈ ਜਾਂਦਾ। ਦਿਮਾਗ ਵੀ ਕੁੰਦ ਹੁੰਦਾ ਗਿਆ ਸੀ। ਸੋਚਾਂ ਬਿਖਰੀਆਂ-ਉਲਝੀਆਂ ਰਹਿੰਦੀਆਂ। ਭਾਵਨਾਵਾਂ ਸੱਖਣੀਆਂ-ਸੱਖਣੀਆਂ ਲੱਗਦੀਆਂ, ਆਸਾਂ ਟੁੱਟੀਆਂ ਹੋਈਆਂ ਜਾਪਦੀਆਂ, ਸੁਫਨੇ ਤਿੜਕਦੇ ਜਾਂਦੇ ਲੱਗਦੇ। ਪਰਿਵਾਰ-ਰਿਸ਼ਤਿਆਂ ਦੀਆਂ ਯਾਦਾਂ ਕਾਲਜੇ ਦਾ ਰੁਗ ਕੱਢ ਕੇ ਲੈ ਜਾਂਦੀਆਂ। ਬੇਵਸੀ ਦੀ ਹਾਲਤ ਬਦੋਬਦੀ ਰੋਣ 'ਤੇ ਮਜਬੂਰ ਕਰ ਜਾਂਦੀ।

ਚੌਲ ਵਗੈਰਾ ਬਣਾਉਣ ਅਤੇ ਖਾਣ ਵਿਚ ਕਾਫੀ ਵਕਤ-ਗੁਜ਼ਾਰੀ ਹੋ ਜਾਂਦੀ ਸੀ। ਰਾਤ ਨੂੰ ਜੰਗਲ-ਪਾਣੀ ਜਾਂ ਹਵਾਖ਼ੋਰੀ ਲਈ ਬਾਹਰ ਨਿਕਲ ਕੇ ਬੈਠੇ ਰਹਿੰਦੇ। ਕਮਰੇ ਸਾਹਮਣੇ ਖ਼ੇਤ ਸਨ ਤੇ ਖ਼ੇਤੋਂ ਪਾਰ ਕੁਝ ਘਰ ਸਨ, ਸੋ ਉਸ ਪਾਸਿਓਂ ਹਮੇਸ਼ਾ ਸਾਵਧਾਨੀ ਵਰਤਣੀ ਪੈਂਦੀ ਸੀ। ਪਿਛਲੇ ਪਾਸੇ ਡੂੰਘੀ ਖਾਈ ਸੀ, ਜੋ ਦੋਹੇਂ ਪਾਸੇ ਦੂਰ ਤਕ ਜਾਂਦੀ ਸੀ। ਜਦੋਂ ਅਸੀਂ ਦੇਖਿਆ ਖ਼ਾਈ ਦੇ ਆਸ-ਪਾਸ ਕਾਲੇ ਲੁਕ-ਛਿਪ ਕੇ ਰਹਿੰਦੇ ਨੇ ਤਾਂ ਘਬਰਾਹਟ ਹੋਈ ਕਿ ਉਨ੍ਹਾਂ ਨੂੰ ਸਾਡੀ ਮੌਜੂਦਗੀ ਦੀ ਖ਼ਬਰ ਨਾ ਹੋ ਜਾਵੇ। ਆਖ਼ਰ ਸਾਡਾ ਡਰ ਸਹੀ ਸਾਬਿਤ ਹੋਇਆ।

ਇੱਕ ਰੋਜ਼ ਦੋ ਹਬਸ਼ੀ ਸਾਡੀ ਖ਼ੁਸਰ-ਫੁਸਰ ਸੁਣ ਕੇ ਅੰਦਰ ਆ ਵੜੇ। ਉਹ ਅਰਬੀ ਵਿਚ ਸਵਾਲ ਕਰਦੇ ਰਹੇ, ਅਸੀਂ ਰਸ਼ੀਦ ਦਾ ਨਾਂ ਲਈ ਗਏ। ਫਿਰ ਉਹ ਮੁੜ ਗਏ। ਕੁਝ ਪਲਾਂ ਬਾਅਦ ਹੋਰ ਹਬਸ਼ੀ ਆ ਪਹੁੰਚੇ। ਜਿਵੇਂ ਚਿੜੀਆਘਰ ਦੇ ਕਿਸੇ ਨਵੇਂ ਜਾਨਵਰ ਨੂੰ ਦੇਖਣ ਲੋਕ ਆਉਂਦੇ ਹੋਣ। ਤਾਕੀ ਵਿਚੋਂ ਦੇਖਿਆ ਪਹਿਲਾਂ ਆਏ ਕਾਲਿਆਂ 'ਚੋਂ ਇੱਕ ਜਣਾ ਪਰੇ ਨੂੰ ਦੌੜਿਆ ਜਾ ਰਿਹਾ ਸੀ। ਸਾਡੀ ਜਿਵੇਂ ਜਾਨ 'ਤੇ ਬਣ ਆਈ ਸੀ ਕਿ ਕੀ ਕਰੀਏ ਤੇ ਕੀ ਨਾ। ਇਹ ਯਕੀਨਨ ਬੰਧਕ ਬਣਾ ਕੇ ਫਿਰੌਤੀ ਹਾਸਲ ਕਰਣ ਦੀ ਕੋਸ਼ਿਸ਼ ਕਰਨਗੇ।

ਇਤਫਾਕ, ਇੰਨੇ ਨੂੰ ਰਸ਼ੀਦ ਦਾ ਭਰਾ ਉਧਰ ਆ ਗਿਆ। ਬੜੀ ਦੇਰ ਉਹ ਗੱਲੀਂ ਜੁਟੇ ਰਹੇ, ਫਿਰ ਕਾਲੇ ਤੁਰ ਗਏ। ਰਸ਼ੀਦ ਦੇ ਭਰਾ ਨੇ 'ਡੋਂਟ ਵਰੀ' ਕਹਿ ਕੇ ਇਸ਼ਾਰੇ ਨਾਲ ਸਮਝਾਇਆ ਕਿ ਕਿਵਾੜ ਅੱਗੇ ਕਣਕ ਦੀ ਬੋਰੀ ਰੱਖ ਲਿਆ ਕਰੋ। ਅਸੀਂ ਇੱਕ ਦੀ ਥਾਂ ਤਿੰਨ ਬੋਰੀਆਂ ਰੱਖ ਦਿੱਤੀਆਂ, ਨਾਲ ਹੀ ਸੋਟੇ ਡਾਂਗਾਂ ਦੀਆਂ ਰੋਕਾਂ ਲਾ ਕੇ ਤਸੱਲੀਬਖਸ਼ ਇੰਤਜ਼ਾਮ ਕਰ ਲਿਆ, ਪਰ ਨੀਗਰੋ ਦੁਬਾਰਾ ਇਧਰ ਨਹੀਂ ਆਏ।

ਖਾਣਾ ਕਦੀ ਰਸ਼ੀਦ ਦੀ ਮਾਂ ਦੇ ਜਾਂਦੀ, ਕਦੇ ਉਸ ਦੇ ਭਰਾ। ਅਸੀਂ ਜਾਣ ਬਾਰੇ ਸਵਾਲ ਕਰਦੇ ਰਹਿੰਦੇ, ਪਰ 'ਖ਼ਾਨ ਦਾ ਫੋਨ ਨਹੀਂ ਆਇਆ' ਕਹਿ ਕੇ ਉਹ ਤੁਰ ਜਾਂਦੇ। ਇੱਕ ਦਿਨ ਖਾਣੇ ਨੂੰ ਕਾਫੀ ਦੇਰ ਹੋ ਗਈ। ਬੰਟੀ ਅਰਬੀ ਤਾਂ ਖਾ-ਪੀ ਕੇ ਵੀ ਭੁੱਖਾ ਰਹਿੰਦਾ ਸੀ, ਬਿਨਾਂ ਖਾਣੇ ਤੋਂ ਉਸ ਦੀ ਮੱਤ ਹੀ ਮਾਰੀ ਜਾਂਦੀ ਸੀ। ਅਸੀਂ ਚੱਕ-ਥੱਲ ਕੇ ਰਸ਼ੀਦ ਦੇ ਘਰ ਵੱਲ ਤੋਰ ਦਿੱਤਾ। ਪਹਿਲਾਂ ਤਾਂ ਉਸ ਨੂੰ ਤਿੰਨ-ਚਾਰ ਕੁੱਤੇ ਪੈ ਗਏ, ਉਹ ਚੀਕਾਂ ਮਾਰਦਾ ਘਰ ਨੇੜੇ ਪਹੁੰਚਿਆ ਤਾਂ ਅੱਗਿਓਂ ਰਸ਼ੀਦ ਦੀ ਮਾਂ ਪੈ ਗਈ, ਕਿ ਇਥੇ ਕਿਉਂ ਆਇਆ, ਪੁਲਿਸ ਨੇ ਸਭ ਨੂੰ ਫੜ ਲੈ ਜਾਣਾ ਏ।

ਹਫਤਾ ਕੁ ਖਿੱਚ-ਧੂਹ ਕੇ ਕੱਢਿਆ। ਇੱਕ ਰਾਤ ਨਵੇਂ ਡੌਂਕਰ ਆ ਪਹੁੰਚੇ। ਦੋ ਜਵਾਨ ਮੁੰਡੇ ਤੇ ਨਾਲ ਸੋਹਣੀ-ਸੁਨੱਖੀ ਕੁੜੀ। ਛਿਆਸੀ, ਸਤਾਸੀ ਤੇ ਬੰਟੀ ਨੂੰ ਪਿੱਛੇ ਡਿੱਕੀ ਵਿਚ ਵਾੜ ਦਿੱਤਾ। ਮੈਂ ਪਿਛਲੀ ਸੀਟ 'ਤੇ ਡੌਂਕਰ ਨਾਲ ਨੀਵਾਂ ਜਿਹਾ ਹੋ ਕੇ ਬਹਿ ਗਿਆ। ਕਾਰ ਕੱਚੇ ਰਾਹਾਂ ਤੋਂ ਹੋ ਕੇ, ਸ਼ਹਿਰ ਦੀਆਂ ਸੜਕਾਂ ਤੋਂ ਹੁੰਦੀ ਹੋਈ ਫਿਰ ਉਜਾੜ ਰਸਤਿਆਂ 'ਤੇ ਚੱਲਦੀ ਗਈ। ਰਾਤ ਵੇਲੇ ਆਵਾਜਾਈ ਨਾਂ-ਮਾਤਰ ਸੀ। ਟੁੱਟੀ-ਫੁੱਟੀ ਅਰਬੀ ਤੇ ਅੰਗਰੇਜ਼ੀ ਸ਼ਬਦਾਂ ਜ਼ਰੀਏ ਅਸੀਂ ਗੱਲਾਂ ਕਰਦੇ ਰਹੇ। ਸ਼ਾਹਰੁਖ ਖਾਨ ਮੋਰੱਕੋ ਵਿਚ ਕਾਫੀ ਮਕਬੂਲ ਸੀ। ਮੈਨੂੰ ਉਸ ਦਾ ਗਾਣਾ ਸੁਣਾਉਣ ਦੀ ਫਰਮਾਇਸ਼ ਕੀਤੀ ਤਾਂ ਮੈਂ ਸੰਗਦੇ-ਝਿਜਕਦੇ ਨੇ ਨਾਂਹ ਕੀਤੀ। ਫਿਰ ਥੱਲੇ ਉਤਾਰ ਦੇਣ ਦੀ ਧਮਕੀ ਦੇ ਜਵਾਬ ਵਿਚ ਮੈਂ ਬੇਸ਼ਰਮ ਜਿਹਾ ਹੋ ਕੇ 'ਯੇ ਕਾਲੀ-ਕਾਲੀ ਆਂਖੇਂ...' ਜਿੰਨਾ ਕੁ ਆਇਆ, ਸੁਣਾ ਦਿੱਤਾ। ਉਹ ਵੀ ਨਾਲ ਤਾੜੀ ਮਾਰ ਕੇ ਤਾਲ ਦਿੰਦੇ ਰਹੇ ਤੇ ਖੁਸ਼ ਹੁੰਦੇ ਰਹੇ। ਮੈਨੂੰ ਲੱਗਾ, ਮੈਂ ਜਿਵੇਂ ਤਮਾਸ਼ਾ ਬਣ ਗਿਆ ਸਾਂ।

ਆਖਰ ਡੌਂਕਰ ਆਪਣੀ ਔਕਾਤ 'ਤੇ ਆ ਗਿਆ। ਉਹ ਮੈਨੂੰ ਆਪਣੇ ਮਗਰ ਕੋਈ ਮੁਸਲਮਾਨੀ ਕਲਮਾ ਪੜ੍ਹਾਉਣ ਲੱਗਿਆ ਤੇ ਹੱਸ ਪਿਆ, ਜਿਵੇਂ ਕੋਈ ਅਤਿ-ਮਹੱਤਵਪੂਰਨ ਕਾਰਜ ਕਰ ਗੁਜ਼ਰਿਆ ਹੋਵੇ।

ਕਾਰ ਕਿਸੇ ਸ਼ਹਿਰ ਦੀਆਂ ਗਲੀਆਂ 'ਚੋਂ ਗੁਜ਼ਰ ਕੇ ਬੰਦ ਗਲੀ 'ਚ ਓਹਲੇ ਜਿਹੇ ਉਸਰੇ, ਵੱਡੇ ਮਕਾਨ ਅੱਗੇ ਰੁਕੀ। ਸਾਨੂੰ ਹਨੇਰੇ 'ਚ ਇੱਕ ਕਮਰੇ ਵੱਲ ਤੋਰ ਕੇ ਖ਼ੁਦ ਬਾਹਰੋਂ ਜਿੰਦਾ ਲਾ ਕੇ ਚਲੇ ਗਏ। ਅੰਦਰ ਹੋਰ ਮੁੰਡੇ ਵੀ ਸਨ, ਮੋਮਬੱਤੀ ਜਗ ਪਈ, ਸੁੱਤੇ ਪਏ ਮੁੰਡੇ ਵੀ ਉਠ ਕੇ ਬਹਿ ਗਏ। ਉਹ 10 ਜਣੇ, ਇੰਡੀਅਨ ਹੀ ਸਨ।

ਉਹ ਮਹੀਨੇ ਭਰ ਤੋਂ ਇਥੇ ਸਨ ਅਤੇ 6 ਸਾਥੀ ਉਥੋਂ ਮਲੀਲੀਆ ਐਂਟਰ ਕਰਵਾ ਦਿੱਤੇ ਸਨ, ਪਰ ਦੋ ਹਫਤਿਆਂ ਤੋਂ ਕੋਈ ਹਿਲ-ਜੁਲ ਨਹੀਂ ਸੀ ਹੋਈ, ਸ਼ਾਇਦ ਸਖ਼ਤੀ ਹੋ ਗਈ ਸੀ। ਮੈਂ ਸੋਚਿਆ ਚਲੋ ਨੇੜਲੇ ਟਿਕਾਣੇ 'ਤੇ ਆ ਗਏ ਹਾਂ। ਦੋ ਕਮਰਿਆਂ ਵਿਚ ਸਭ ਖੁਲ੍ਹੇ-ਡੁਲ੍ਹੇ ਪੈਂਦੇ ਸੀ। ਅਸੀਂ ਵੀ ਥਾਂ ਬਣਾ ਕੇ ਲੰਮੇ ਪੈ ਗਏ। ਸਵੇਰੇ ਚਾਹ ਦੀਆਂ ਘੁੱਟਾਂ ਨਾਲ ਗੱਲਾਂ ਦਾ ਦੌਰ ਜਾਰੀ ਰਿਹਾ। ਇਹ ਮਲੀਲੀਆ (ਸਪੇਨ) ਬਾਰਡਰ ਦੇ ਨੇੜਲਾ ਸ਼ਹਿਰ ਨਾਦੌਰ ਸੀ। ਹੁਣ ਤਕ ਡੌਂਕਰਾਂ ਵੱਲੋਂ ਹੈਰਾਨਕੁਨ ਤਰੀਕੇ ਨਾਲ ਕਾਰ ਦੇ ਪਿਛਲੀ ਸੀਟ ਤੇ ਡਿੱਕੀ ਦਰਮਿਆਨ ਬਣਾਏ ਖ਼ਾਨੇ ਵਿਚ ਲੁਕੋ ਕੇ 6 ਮੁੰਡੇ ਮਲੀਲੀਆ ਭੇਜ ਦਿੱਤੇ ਸਨ। ਜਾਣ-ਆਉਣ ਦੇ 25 ਮਿੰਟਾਂ ਦੇ ਹਿਸਾਬ ਨਾਲ ਲੱਗਦਾ ਸੀ, ਅਸੀਂ ਮੰਜ਼ਿਲ ਦੇ ਕਾਫੀ ਕਰੀਬ ਬੈਠੇ ਸਾਂ। ਚਾਰ ਮੁੰਡੇ ਮੁਹੰਮਦ ਨਾਮੀ ਡੌਂਕਰ 'ਕਸਤਿਕੋ' (ਕਾਫੀ ਦੂਰ 'ਸਿਬਤਾ', ਸਪੇਨ ਨੇੜੇ) ਤੋਂ ਆ ਕੇ ਲੈ ਗਿਆ ਸੀ, 'ਸਿਬਤਾ' ਵਿਚ ਐਂਟਰ ਕਰਾਉਣ ਲਈ।

ਥੋੜ੍ਹੇ ਦਿਨਾਂ ਤੋਂ ਦੋਨੋਂ ਪਾਸੇ ਚੁੱਪ ਸੀ। ਸਿਰਫ ਚਾਹਲ ਨੂੰ ਡੌਂਕਰ ਆਖਰੀ ਵਾਰ ਲੈ ਗਏ ਸੀ, ਪਰ ਢੁਕਵੇਂ ਪ੍ਰਬੰਧਾਂ ਦੀ ਕਮੀ ਜਾਂ ਸਖਤੀ ਹੋਣ ਕਾਰਨ ਵਾਪਿਸ ਮੋੜ ਲਿਆਏ ਸਨ। ਫਿਰ ਵੀ ਪੂਰੀ ਉਮੀਦ ਸੀ, ਜਦੋਂ ਫਿਰ ਗੇਮ ਚੱਲੇਗੀ, ਸਭ ਜਲਦੀ ਹੀ ਪਾਰ ਪਹੁੰਚ ਜਾਣਗੇ। 14 ਜਣਿਆਂ ਦਾ ਹਿਸਾਬ ਲਾਇਆ ਜਾਵੇ ਤਾਂ ਅਸੀਂ ਦੋ ਹਫਤਿਆਂ ਦੀ ਮਾਰ ਸਾਂ। ਜੇ ਮੁਹੰਮਦ 4 ਬੰਦੇ ਹੋਰ ਲੈ ਗਿਆ ਤਾਂ ਹੋਰ ਵੀ ਜਲਦੀ। ਫਿਰ ਕਿਸੇ-ਕਿਸੇ ਦਿਨ ਤਾਂ 2-2 ਮੁੰਡੇ ਵੀ ਗਏ ਸਨ; ਯਾਨੀ ਆਸਾਰ ਸਾਜ਼ਗਾਰ ਤੇ ਉਮੀਦਾਂ ਭਰੇ ਸਨ।

ਇੱਕ ਹੋਰ ਨਵੀਂ ਗੱਲ ਇਹ ਸੀ ਕਿ ਖਾਨ ਇਥੋਂ ਜਲਦੀ ਤੇ ਸੁਰੱਖਿਅਤ ਡੌਂਕੀ ਦੇ ਨਾਂ 'ਤੇ 700 ਯੂਰੋ ਹਰ ਇਕ ਤੋਂ ਵਾਧੂ ਵਸੂਲਦਾ ਸੀ। ਟੀਟੂ (ਦਿੱਲੀ ਦਾ ਖ਼ਾਸ, ਮਹੱਤਵਪੂਰਨ ਏਜੰਟ) ਏਜੰਟ ਦੇ ਕਲਾਇੰਟਾਂ ਤੋਂ ਇਲਾਵਾ ਬਾਕੀਆਂ ਨੂੰ ਇਹ ਵਾਧੂ ਫੀਸ ਭਰਨੀ ਲਾਜ਼ਮੀ ਸੀ। ਜੋ ਰਿਸ਼ਤੇਦਾਰਾਂ ਦੇ ਜ਼ਰੀਏ, ਖਾਨ ਦੇ ਸਪੈਨਿਸ਼ ਬੈਂਕ ਖਾਤਿਆਂ ਵਿਚ 700 ਯੂਰੋ ਜਮ੍ਹਾਂ ਕਰਵਾਉਂਦਾ, ਉਸ ਦਾ ਨੰਬਰ ਪਹਿਲਾਂ ਲੱਗਣਾ ਸੀ। ਕਈਆਂ ਨੇ ਇਹ ਕੰਮ ਕਰ ਛੱਡਿਆ ਸੀ ਤੇ ਨੰਬਰੀ ਫਹਿਰਿਸਤ ਵਿਚ ਉਪਰ ਪਹੁੰਚ ਚੁੱਕੇ ਸਨ। ਬਾਕੀ ਵੀ ਮਜਬੂਰੀਵਸ ਹੀ ਸਹੀ, ਪਰ ਬੜੇ ਯਤਨਾਂ ਨਾਲ ਇਹ ਸ਼ਰਤ ਪੂਰੀ ਕਰਨ ਲਈ ਫੋਨ 'ਤੇ ਘਰਦਿਆਂ ਨੂੰ ਮੁਸਤੈਦ ਕਰ ਰਹੇ ਸਨ।

ਮੈਂ ਸਸ਼ੋਪੰਜ ਵਿਚ ਪੈ ਗਿਆ ਕਿ ਪਹਿਲੇ ਪੈਸੇ ਵੀ ਰਿਸ਼ਤੇਦਾਰਾਂ ਤੋਂ ਉਧਾਰ ਲਏ ਸਨ, ਜਾਂ ਕਿਤਿਓਂ ਕਰਜ਼ਾ। ਹੁਣ ਹੋਰ ਰੁਪਏ ਕਿਥੋਂ ਆਉਣਗੇ? ਮੈਂ ਧਾਰ ਲਿਆ, ਹੋਰ ਰੁਪਏ ਨਹੀਂ ਭਰਨੇ; ਨੰਬਰ ਭਾਵੇਂ ਆਖ਼ਿਰ 'ਤੇ ਲੱਗੇ। ਮੈਨੂੰ ਇਕੱਲੇ ਨੂੰ ਕਦੋਂ ਤੀਕ ਬਿਠਾਈ ਰੱਖਣਗੇ। ਫਿਰ

***(ਬਾਕੀ ਅਗਲੇ ਸਫੇ 'ਤੇ)***



***ਮੋਰੱਕੋ ਦੀ ਰਾਜਧਾਨੀ ਉਜਦਾ ਦੀ ਇਕ ਝਲਕ, ਜਿਥੋਂ ਦੀ ਜੇਲ੍ਹ ਅੰਦਰ ਲੇਖਕ ਅਤੇ ਉਸ ਦੇ ਸਾਥੀਆਂ ਨੂੰ ਰੱਖਿਆ ਗਿਆ।***

# ਖੁਦਕੁਸ਼ੀ ਕਿਉਂ?

***ਪਿਛਲੇ ਦੋ ਹਫਤਿਆਂ ਵਿਚ ਹੋਈਆਂ ਡੇਢ ਦਰਜਨ ਕਿਸਾਨ ਖੁਦਕੁਸ਼ੀਆਂ ਨੇ ਦਰਦਮੰਦਾਂ ਦਾ ਧਿਆਨ ਇਸ ਵਹਿਸ਼ਤ ਵੱਲ ਖਿਚਿਆ ਹੈ। ਬੇਸ਼ੱਕ ਕਿਸਾਨ ਕਰਜਿਆਂ ਦੀ ਬਿਪਤਾ ਤੋਂ ਅੱਕ ਕੇ ਖੁਦਕੁਸ਼ੀਆਂ ਦੇ ਰਾਹ ਪੈਂਦੇ ਹਨ ਪਰ ਇਸ ਦਾ ਨਤੀਜਾ ਉਨ੍ਹਾਂ ਦੇ ਪਰਿਵਾਰ ਦੇ ਰੁਲ ਜਾਣ ਵਿਚ ਨਿਕਲਦਾ ਹੈ। ਉਹ ਕਿਸਾਨ ਜੋ ਹਰ ਮੁਸੀਬਤ ਦਾ ਸਾਹਮਣਾ ਪੂਰੇ ਦਿਲ ਗੁਰਦੇ ਨਾਲ ਕਰਦਾ ਆਇਆ ਹੈ, ਉਸ ਦੇ ਇਸ ਤਰ੍ਹਾਂ ਹਾਰ ਮੰਨ ਜਾਣ 'ਤੇ ਲੇਖਕ ਮਝੈਲ ਸਿੰਘ ਸਰਾਂ ਦੀ ਵੀ ਰੂਹ ਕੰਬ ਜਾਂਦੀ ਹੈ ਤੇ ਫਿਰ ਉਹ ਹੋਕਾ ਦਿੰਦਾ ਹੈ, "ਕਿਸਾਨ ਵੀਰੋ ਕਿਸੇ ਨੇ ਨਹੀਂ ਰੋਕਣਾ ਤੁਹਾਨੂੰ ਇਸ ਖੁਦਕੁਸ਼ੀ ਵਾਲੇ ਰਾਹ ਤੋਂ, ਖੁਦ ਹੀ ਇਸ ਰਾਹ ਤੋਂ ਪਾਸਾ ਵੱਟਣਾ ਪੈਣਾ। ਜਿਨ੍ਹਾਂ ਦਾ ਹੱਕ ਬਣਦਾ, ਉਨ੍ਹਾਂ ਨੇ ਹੋਰ ਬਥੇਰੇ ਮਸਲੇ ਖੜ੍ਹੇ ਕੀਤੇ ਹੋਏ ਆ, ਉਨ੍ਹਾਂ ਦਾ ਕਿੱਥੇ ਵਿਹਲ ਆ?" -ਸੰਪਾਦਕ***

**ਮਝੈਲ ਸਿੰਘ ਸਰਾਂ**
singh.majhail@gmail.com

ਸਮਝ ਤੋਂ ਬਾਹਰ ਹੋਈ ਜਾਂਦਾ ਕਿ ਪੰਜਾਬ ਦਾ ਕਿਸਾਨ ਕਿਉਂ ਦਿਨ ਬ-ਦਿਨ ਖੁਦਕੁਸ਼ੀਆਂ ਦੇ ਰਾਹ ਪਈ ਜਾਂਦਾ! ਇੱਕ ਤਰ੍ਹਾਂ ਰੇਸ ਹੀ ਲਾ ਲਈ ਲਗਦੀ ਆ ਕਿ ਕਿਤੇ ਮੈਂ ਦੂਜੇ ਤੋਂ ਪਿੱਛੇ ਨਾ ਰਹਿ ਜਾਵਾਂ, ਪਤਾ ਨਹੀਂ ਕਿਹੜਾ ਗੋਲਡ ਕੱਪ ਜਿੱਤਣ ਨੂੰ ਪਏ ਹੋਏ ਆ! ਕਿਹੜਾ ਕੰਮ ਫੜ੍ਹ ਲਿਆ! ਭਲਾ-ਮਰ ਜਾਣਾ ਕੋਈ ਹੱਲ ਹੁੰਦਾ ਕਿਸੇ ਮੁਸੀਬਤ ਦਾ? ਕਿਸ ਹਿਰਖ ਦਾ ਮਾਰਿਆ ਭਲਾ ਤੁਰਿਓਂ ਆ ਇਸ ਰਾਹ 'ਤੇ! ਆਪ ਤਾਂ ਅੱਖਾਂ ਮੀਟ ਜਾਂਦੇ ਆ, ਟੱਬਰ ਦੇ ਜੀਆਂ ਨੂੰ ਕਿਹਦੇ ਸਹਾਰੇ ਛੱਡ ਕੇ?

ਇਹੋ ਕਬੀਲਦਾਰੀ ਸਿੱਖੀ ਆ ਆਪਣੇ ਪੁਰਖਿਆਂ ਤੋਂ! ਕੀ ਮੁਟਿਆਰ ਧੀ ਦਾ ਵਿਆਹ ਹੋ ਜਾਊ ਤੇਰੇ ਰੱਸਾ ਗਲ 'ਚ ਪਾਉਣ ਨਾਲ? ਤੈਨੂੰ ਨਹੀਂ ਪਤਾ ਪਿਓ ਬਾਹਰੀ ਧੀ ਦਾ ਕੀ ਹਸ਼ਰ ਹੁੰਦਾ ਇਸ ਸਮਾਜ ਵਿਚ? ਕੌਣ ਸਾਂਭੂ ਬੁੱਢੇ ਮਾਂ-ਬਾਪ ਨੂੰ, ਤੇਰੇ ਸਲਫਾਸ ਖਾ ਕੇ ਅਰਥੀ 'ਤੇ ਪੈ ਕੇ ਘਰੋਂ ਨਿਕਲ ਜਾਣ ਪਿਛੋਂ? ਕੀ ਸਿਵਿਆਂ ਦਾ ਰਾਹ ਹੀ ਬਚਿਆ ਤੁਹਾਡੀਆਂ ਮੁਸੀਬਤਾਂ ਦਾ ਇੱਕੋ ਇੱਕ ਹੱਲ? ਕਿਹਦੇ ਸਿਰ ਚੜ੍ਹ ਕੇ ਖੇਤ 'ਚ ਜਾ ਕੇ ਕੀਟਨਾਸ਼ਕ ਦੁਆਈ ਪੀ ਬੰਨੇ 'ਤੇ ਲਾਸ਼ ਬਣ ਕੇ ਡਿੱਗ ਜਾਂਦੇ ਹੋ? ਲੀਡਰਾਂ ਦੇ ਸਿਰ ਚੜ੍ਹ ਕੇ ਕਰਦੇ ਹੋ ਖੁਦਕੁਸ਼ੀ ਕਿ ਇਨ੍ਹਾਂ ਨੇ ਸਾਡੇ ਨਾਲ ਵਾਅਦਾ ਕੀਤਾ ਸੀ, ਰਾਜ ਤਖਤ 'ਤੇ ਬੈਠ ਕੇ ਤੁਹਾਡਾ ਕਰਜ਼ਾ ਮੁਆਫ ਕਰ ਦਿਆਂਗੇ ਤੇ ਹੁਣ ਇਹਤੋਂ ਕੰਨੀ ਖਿਸਕਾਈ ਜਾਂਦੇ ਆ! ਜ਼ਰਾ ਠੰਡੇ ਦਿਮਾਗ ਨਾਲ ਵਿਚਾਰਿਓ ਕਿ ਸਿਆਸੀ ਲੀਡਰਾਂ ਦੇ ਅੱਜ ਤੱਕ ਕੀਤੇ ਸਾਰੇ ਵਾਅਦੇ ਤੁਹਾਡੇ ਨਾਲ ਪੂਰੇ ਹੋਏ ਆ? ਜੇ ਤਾਂ ਪਹਿਲੇ ਵਾਅਦੇ ਪੂਰੇ ਹੋ ਗਏ ਤੇ ਤੁਸੀਂ ਸੰਤੁਸ਼ਟ ਹੋ ਉਨ੍ਹਾਂ ਤੋਂ, ਬੱਸ ਕਰਜ਼ਾ ਮੁਆਫੀ ਵਾਲਾ ਵਾਅਦਾ ਹੀ ਬਰਦਾਸ਼ਤ ਨਹੀਂ ਹੋਇਆ ਤਾਂ ਫਿਰ ਕਰੀ ਜਾਓ ਜੋ ਕੁਝ ਕਰਨਾ, ਇਸ ਹਿਰਖ ਦੇ ਮਾਰਿਓ। ਚੇਤੇ ਰੱਖਿਓ, ਸਿਵਿਆਂ ਦੀ ਅੱਗ ਇਸ ਲਈ ਲਟ ਲਟ ਬਲਦੀ ਆ ਕਿ ਉਹਨੇ ਇਸ ਪਿਛੋਂ ਤੁਹਾਡੇ ਚੁੱਲ੍ਹੇ ਨੂੰ ਠੰਡਾ ਕਰ ਜਾਣਾ ਹੁੰਦਾ ਆ।

ਤੁਹਾਨੂੰ ਪਤਾ ਹੋਣਾ, ਤੁਹਾਡੇ ਪੁਰਖਿਆਂ ਨੇ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਕਿਹੜੀ ਕਿਹੜੀ ਕੁਰਬਾਨੀ ਨਹੀਂ ਕੀਤੀ ਤੇ ਇਸ ਮੁਲਕ ਦੇ ਦੇਸੀ ਲੀਡਰਾਂ ਨੇ ਉਸ ਵਕਤ ਉਨ੍ਹਾਂ ਨਾਲ ਵੀ ਇਹ ਵਾਅਦਾ ਨਹੀਂ ਸੀ ਕੀਤਾ ਕਿ ਤੁਹਾਡਾ ਆਜ਼ਾਦੀ ਦਾ ਹੱਕ ਤੁਹਾਨੂੰ ਦਿੱਤਾ ਜਾਵੇਗਾ ਤੇ ਤੁਸੀਂ ਉਸ ਖਿੱਤੇ ਵਿਚ ਆਜ਼ਾਦੀ ਦਾ ਨਿੱਘ ਮਾਣੋਗੇ। ਤੁਹਾਡੇ ਪੁਰਖਿਆਂ ਨੇ ਉਨ੍ਹਾਂ 'ਤੇ ਯਕੀਨ ਕਰਕੇ ਸ਼ਹਾਦਤਾਂ ਦੇ ਕੇ ਮੁਲਕ ਨੂੰ ਆਜ਼ਾਦ ਕਰਵਾ ਦਿੱਤਾ ਤੇ ਉਹੀ ਲੀਡਰ ਜਦੋਂ ਤੁਹਾਡੇ ਪੁਰਖਿਆਂ ਵਲੋਂ ਦਿਵਾਈ ਆਜ਼ਾਦੀ ਤੋਂ ਬਾਅਦ ਰਾਜ ਤਖਤ 'ਤੇ ਬੈਠੇ ਤਾਂ ਨਾਲ ਹੀ ਕੀਤੇ ਵਾਅਦੇ ਵੀ ਛੂ ਮੰਤਰ ਹੋ ਗਏ। ਉਹੀ ਲੀਡਰ ਪੈਰ 'ਤੇ ਹੀ ਮੁੱਕਰ ਗਏ ਕਿ ਹੁਣ ਹਾਲਾਤ ਬਦਲ ਗਏ ਆ। ਦੱਸੋ ਤੁਸੀਂ! ਕੀ ਤੁਹਾਡੇ ਪੁਰਖੇ ਇਸ ਵਾਅਦਾ-ਖਿਲਾਫੀ ਦੇ ਰੋਸ ਵਜੋਂ ਖੁਦਕੁਸ਼ੀਆਂ ਦੇ ਰਾਹ ਪੈ ਗਏ ਸਨ ਭਲਾ? ਉਨ੍ਹਾਂ ਨੂੰ ਤਾਂ ਬਣਦੇ ਹੱਕ ਵੀ ਨਾ ਮਿਲੇ, ਉਹ ਫਿਰ ਵੀ ਡਟੇ ਰਹੇ, ਉਜੜ-ਪੁੱਜੜ ਕੇ ਵੀ ਮੁੜ ਨਵੇਂ ਸਿਰਿਓਂ ਜ਼ਿੰਦਗੀ ਰਵਾਂ ਕੀਤੀ, ਤੇ ਤੁਹਾਨੂੰ ਨਿੱਤ ਦਿਨ ਮਰਨ ਚੜ੍ਹਿਆ ਹੋਇਆ ਕਿ ਸਾਨੂੰ ਕਰਜ਼ੇ ਦੀ ਮੁਆਫੀ ਨਹੀਂ ਦਿੰਦੇ ਹਾਕਮ।

ਇੱਕ ਗੱਲ ਨੂੰ ਪੱਕਾ ਮਨ 'ਚ ਵਸਾਓ ਕਿ ਮੁਆਫੀ ਕਿਸੇ ਕੀਤੇ ਜ਼ੁਰਮ ਦੀ ਮਿਲਦੀ ਆ, ਤੇ ਤੁਸੀਂ 'ਮੁਆਫੀ ਮੁਆਫੀ' ਦਾ ਰਾਗ ਅਲਾਪ ਕੇ ਇਹ ਖੁਦ ਕਬੂਲ ਕਰਦੇ ਹੋ ਕਿ ਤੁਹਾਡਾ ਚੁੱਕਿਆ ਕਰਜ਼ਾ, ਤੁਹਾਡਾ ਕੀਤਾ ਹੋਇਆ ਜ਼ੁਰਮ ਆ। ਤੁਸੀਂ ਖੁਦਕੁਸ਼ੀ ਕਰਕੇ ਆਪਣੇ ਪਰਿਵਾਰ ਨੂੰ ਬੇਸਹਾਰਾ ਛੱਡ ਕੇ ਉਹ ਸਜ਼ਾ ਦਿੰਦੇ ਹੋ, ਜੋ ਜ਼ੁਰਮ ਉਨ੍ਹਾਂ ਨੇ ਕੀਤਾ ਹੀ ਨਹੀਂ ਹੁੰਦਾ। ਜੇ ਮਾਲਿਆ ਵਰਗੇ ਧਨਾਢ ਦਾ ਅਰਬਾਂ ਦਾ ਕਰਜ਼ਾ ਵੱਟੇ ਖਾਤੇ ਵਿਚ ਇਹ ਹਾਕਮ ਪਾ ਸਕਦੇ ਆ, ਫਿਰ ਤੁਹਾਡਾ ਕਿਉਂ ਨਹੀਂ? ਤੁਸੀਂ ਕਿਉਂ ਮੁਆਫ ਕਰਾਉਣ ਦੀ ਰਟ ਲਾਈ ਹੋਈ ਆ।

ਇੱਕ ਕਰਜ਼ੇ ਕਰਕੇ ਤੁਰਿਓਂ ਆ ਸਿਵਿਆਂ ਦੇ ਰਾਹ ਤੁਸੀਂ, ਕਿਹਦੇ ਸਿਰ ਕਰਜ਼ਾ ਨਹੀਂ ਹੈਗਾ, ਤੁਹਾਨੂੰ ਲਗਦਾ ਹੋਣਾ ਬਾਹਰਲੇ ਮੁਲਕਾਂ 'ਚ ਗਏ ਤੁਹਾਡੇ ਪੇਂਡੂ ਖੌਰੇ ਸਵਰਗਾਂ 'ਚ ਰਹਿੰਦੇ ਹੋਣੇ ਆ, ਬਿਨਾ ਕਿਸੇ ਫਿਕਰ ਫਾਕੇ ਤੋਂ! ਅਸਲੀਅਤ ਇਹ ਆ, ਹਰੇਕ ਸਿਰ ਕਰਜ਼ੇ ਦੀ ਪੰਡ ਆ, ਤੁਸੀਂ ਤਾਂ ਫਿਰ ਵੀ ਆਪਣੇ ਘਰ ਵਿਚ ਬੈਠੇ ਹੋਣੇ ਆ, ਇਥੇ ਆਲੇ ਉਹ ਵੀ ਕਰਜ਼ੇ ਵਾਲੇ ਘਰ ਵਿਚ ਰਹਿੰਦੇ ਆ, ਕੰਮਾਂ 'ਤੇ ਜਾਣ ਵਾਲੀਆਂ ਕਾਰਾਂ ਕਰਜ਼ੇ 'ਤੇ ਹਨ, ਘਰ ਦਾ ਬਹੁਤਾ ਸਾਮਾਨ ਕਰਜ਼ਾ ਚੁੱਕ ਕੇ ਲਿਆ ਹੋਇਆ, ਨਿਆਣੇ ਆਪਣੀਆਂ ਪੜ੍ਹਾਈਆਂ ਕਰਜ਼ਾ ਚੁੱਕ ਕੇ ਕਰਦੇ ਆ ਤੇ ਫਿਰ ਨੌਕਰੀ ਕਰਕੇ ਅੱਧੀ ਉਮਰ ਉਹ ਕਰਜ਼ਾ ਲਾਹੁਣ 'ਤੇ ਲਾ ਦਿੰਦੇ ਆ। ਦਿਨ ਰਾਤ ਕੰਮ ਲਈ ਇੱਕ ਕਰੀ ਰੱਖਦੇ ਆ ਸਾਰੇ। ਜ਼ਰੂਰਤ ਪੈਣ 'ਤੇ ਜਿੰਨਾ ਕੁ ਹੋ ਸਕਦਾ, ਤੁਹਾਡੇ ਨਾਲ ਖੜ੍ਹਨ ਦੀ ਵੀ ਕੋਸ਼ਿਸ਼ ਕਰਦੇ ਆ।

ਇਥੇ ਕਰਜ਼ਾ ਚੁੱਕਣ ਨੂੰ ਕੋਈ ਗੁਨਾਹ ਨਹੀਂ ਮੰਨਿਆ ਜਾਂਦਾ ਕਿਉਂਕਿ ਪਤਾ ਹੁੰਦਾ ਜੋ ਚੁੱਕਿਆ, ਉਹ ਲਾਹੁਣਾ ਵੀ ਖੁਦ ਹੀ ਆ। ਕੋਈ ਕਿਸੇ ਕੋਲ ਫਰਿਆਦ ਨਹੀਂ ਕਰਦਾ ਕਿ ਮੁਆਫ ਕਰ ਦਿਓ, ਨਾ ਹੀ ਫਾਹਾ ਲੈਣ ਦੀ ਸੋਚਦੇ ਆ ਕਦੇ। ਫਿਰ ਭਰਾਵੋ ਤੁਸੀਂ ਕਿਉਂ ਇਸ ਰਾਹ ਜਾਈ ਜਾਂਦੇ ਹੋ? ਤੁਹਾਡੇ ਹੈਥੇ ਵਾਲਿਆਂ ਬਾਰੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ ਪਰ ਇਥੇ ਵਾਲਿਆਂ ਬਾਰੇ ਤੁਹਾਨੂੰ ਸੱਚ ਦੱਸਾਂ, ਸਾਰਾ ਦਿਨ ਦਸ-ਬਾਰਾਂ ਘੰਟੇ ਕੰਮ ਕਰਕੇ ਤ੍ਰਿਕਾਲਾਂ ਨੂੰ ਘਰ ਆ ਕੇ ਰੋਟੀ ਖਾਣ ਵੇਲੇ ਜਦੋਂ ਟੈਲੀਵਿਜ਼ਨ 'ਤੇ ਤੁਹਾਡੀਆਂ ਖੁਦਕੁਸ਼ੀ ਦੀਆਂ ਖਬਰਾਂ ਦੇਖਦੇ ਹਾਂ ਤਾਂ ਵਿਰਲਾਪ ਕਰਦੇ ਤੁਹਾਡੇ ਮਾਪੇ ਤੇ ਬੱਚੇ ਅਤੇ ਤੁਹਾਡੀ ਘਰ ਵਾਲੀ ਦੇ ਕੀਰਨੇ ਦੇਖ-ਸੁਣ ਕੇ ਰੋਟੀ ਦੀ ਬੁਰਕੀ ਸੰਘੋਂ ਥੱਲੇ ਨਹੀਂ ਲੰਘਦੀ।

ਕਿਉਂ ਭਰਾਵੋ ਅਨਰਥ ਕਰ ਰਹੇ ਹੋ! ਮੁੜ ਆਓ ਇਸ ਰਾਹ ਤੋਂ, ਵਾਸਤਾ ਆ ਰੱਬ ਦਾ। ਤੁਸੀਂ ਰੱਬ ਨੂੰ ਮੰਨਣ ਵਾਲੇ ਹੋ, ਸਾਡਾ ਜਨਮ ਰੱਬ ਦੀ ਰਜ਼ਾ ਨਾਲ ਹੋਇਆ, ਫਿਰ ਕਿਉਂ ਉਸ ਦੀ ਰਜ਼ਾ ਨੂੰ ਉਲਟਾ ਗੇੜ ਦੇਣ 'ਤੇ ਬਜ਼ਿਦ ਹੋ, ਤੁਸੀਂ ਜਿਉਂਦੇ ਜੀਅ ਜਿਸ ਕਰਜ਼ੇ ਦੀ ਮੁਆਫੀ ਨਾ ਮਿਲਣ 'ਤੇ ਮੌਤ ਨੂੰ ਗਲੇ ਲਾਉਂਦੇ ਹੋ, ਕੀ ਰੱਬ ਤੁਹਾਨੂੰ ਉਹਦੀ ਹੁਕਮ ਅਦੂਲੀ ਕਰਨ 'ਤੇ ਮੁਆਫੀ ਦੇ ਦੇਊ। ਨਾ ਜਿਉਂਦੇ ਜੀਅ ਤੇ ਨਾ ਮਰ ਕੇ ਹੀ ਮੁਆਫੀ, ਫਿਰ ਮਰਨਾ ਕਿਉਂ! ਕਿਉਂ ਦੋ ਗੁਨਾਹਾਂ ਦੇ ਭਾਗੀਦਾਰ ਬਣਦੇ ਹੋ? ਕਰਜ਼ਾ ਜ਼ਿੰਦਗੀ ਨੂੰ ਸੁਖਾਲਾ ਕਰਨ ਲਈ ਲਿਆ, ਕੋਈ ਐਸ਼ ਕਰਨ ਲਈ ਤਾਂ ਨਹੀਂ ਨਾ! ਜੇ ਵਕਤ ਮਾੜਾ ਆਉਣ ਕਰਕੇ ਕਰਜ਼ਾ ਨਹੀਂ ਉਤਾਰ ਹੋਇਆ ਤਾਂ ਚੰਗਾ ਵੀ ਆ ਜਾਊ ਵਕਤ, ਉਤਰ ਜਾਊ ਇਹ ਕਰਜ਼ਾ ਵੀ ਪਰ ਕੀ ਇੱਕ ਵਾਰ ਕੀਤੀ ਖੁਦਕੁਸ਼ੀ ਮੁੜ ਕੇ ਜ਼ਿੰਦਗੀ ਲਿਆ ਦੇਊ? ਕੀ ਘਰ ਵਾਲੀ 'ਤੇ ਦਿੱਤੀ ਚਿੱਟੀ ਚੁੰਨੀ ਮੁੜ ਕੇ ਉਹਨੂੰ ਸੁਹਾਗਣ ਬਣਾ ਦੇਊ? ਕੀ ਸਿਵਿਆਂ ਦੇ ਰਾਹ ਪਿਆ ਪੁੱਤ ਬਜ਼ੁਰਗ ਮਾਪਿਆਂ ਨੂੰ ਮੁੜ ਮਿਲ ਜਾਊ? ਕੀ ਇੱਕ ਵਾਰ ਲਾਸ਼ ਬਣਿਆ ਪਿਓ ਮੁੜ ਆਪਣੇ ਨਿਆਣਿਆਂ ਨੂੰ ਮੋਢਿਆਂ 'ਤੇ ਚੁੱਕ ਕੇ ਖਿਡਾ ਸਕੇਗਾ? ਕਿਹਨੂੰ ਬਾਪ ਕਹਿ ਕੇ ਹਾਕ ਮਾਰੂ ਤੇਰਾ ਪੁੱਤ? ਕਦੇ ਸੋਚਿਆ, ਰੱਸਾ ਗਲ ਪਾਉਣ ਤੋਂ ਪਹਿਲਾਂ! ਕੌਣ ਧਰਮੀ ਬਾਪ ਬਣ ਕੇ ਲਾਡਲੀ ਧੀ ਨੂੰ ਡੋਲੀ 'ਚ ਉਹਦੇ ਸਹੁਰੇ ਘਰ ਭੇਜੂ?

ਓ ਭਰਾਵੋ! ਤੁਸੀਂ ਪੁਸ਼ਤ-ਦਰ-ਪੁਸ਼ਤ ਬੜੇ ਗੈਰਤਮੰਦ ਚਲੇ ਆ ਰਹੇ ਹੋ, ਖੁਦਕੁਸ਼ੀ ਗੈਰਤਮੰਦਾਂ ਦਾ ਕੰਮ ਥੋੜ੍ਹਾ ਆ ਯਾਰੋ! ਤੁਹਾਡੇ ਇਸ ਖੁਦਕੁਸ਼ੀ ਵਾਲੇ ਫੈਸਲੇ ਨੇ ਸਮੁਚੇ ਸੂਰਬੀਰਾਂ ਦੇ ਪੰਜਾਬ ਨੂੰ ਡਰਪੋਕਾਂ ਦੀ ਕਤਾਰ ਵਿਚ ਲਿਆ ਖੜ੍ਹਾ ਕਰ ਦੇਣਾ, ਇਹ ਕਲੰਕ ਨਹੀਂ ਲੱਗਣ ਦੇਣਾ ਆਪਣੇ ਮੱਥੇ 'ਤੇ ਵੀਰੋ, ਦੁਨੀਆਂ ਭਾਵੇਂ ਏਧਰ ਦੀ ਓਧਰ ਹੋ ਜਾਵੇ! ਬੱਸ ਜੀਣਾ ਹੈ ਜੀਣਾ! ਜੇ ਪਹਿਲਾਂ ਹਾਕਮਾਂ ਦੀ ਅਣਦੇਖੀ ਦੇ ਹਿਰਖ ਮਾਰਿਆ ਫਾਹਾ ਲੈਂਦਾ ਤਾਂ ਹੁਣ ਇਨ੍ਹਾਂ ਦੇ ਸਿਰ ਚੜ੍ਹ ਕੇ ਜਿਉਣਾ ਹੈ, ਇਨ੍ਹਾਂ ਨੂੰ ਇਹ ਚਿਤਾਰਨਾ ਕਿ ਤੁਸੀਂ ਤਾਂ ਰਲ-ਮਿਲ ਕੇ ਕੋਈ ਕਸਰ ਛੱਡੀ ਨਹੀਂ ਸਾਨੂੰ ਮਾਰਨ ਦੀ, ਪਰ ਦੇਖ ਲਓ ਆਹ! ਅਸੀਂ ਫਿਰ ਵੀ ਜਿਉਂਦੇ ਹਾਂ ਤੇ ਐਦਾਂ ਹੀ ਜੀਆਂਗੇ ਵੀ!

ਸਰਕਾਰੇ ਤੂੰ ਵੀ ਕਦੇ ਸੁਹਿਰਦ ਹੋ ਜਾਹ! ਜੇ ਵਾਅਦੇ ਕਰਦੀ ਆ ਤਾਂ ਨਿਭਾਉਣੇ ਵੀ ਤਾਂ ਸਿੱਖ! ਫੋਕੀਆਂ ਮੱਤਾਂ ਹੀ ਨਾ ਦੇਈ ਜਾਹ ਕਿ ਚਾਦਰ ਦੇਖ ਕੇ ਪੈਰ ਪਸਾਰੋ, ਇਹ ਸਭ ਨੂੰ ਪਤਾ ਹੈਗਾ, ਕੋਈ ਨਵੀਂ ਗੱਲ ਨਹੀਂ ਪਰ ਚਾਦਰ ਤੁਸੀਂ ਰਹਿਣ ਕਿੱਥੇ ਦਿੱਤੀ ਗਰੀਬ ਕਿਸਾਨ ਕੋਲ? ਇੱਕ ਲੀਰ ਬਣਾ ਕੇ ਰੱਖ ਦਿਤੀ ਆ ਤੇਰੀਆਂ ਕੁਚਾਲਾਂ ਨੇ। ਅੱਜ ਜਿਹਨੂੰ ਤੁਸੀਂ ਚਾਦਰ ਕਹਿੰਦੇ ਹੋ, ਠੋਕਰ ਲੱਗੀ 'ਤੇ ਪੈਰ ਦੇ ਅੰਗੂਠੇ 'ਤੇ ਬੰਨ੍ਹਣ ਜੋਗੀ ਵੀ ਨਹੀਂ ਰਹੀ ਤੇ ਤੁਸੀਂ ਲੀਡਰੋ ਪੈਰ ਪਸਾਰਨ ਦੀਆਂ ਗੱਲਾਂ ਕਰਦੇ ਹੋ। ਦਿਨ ਰਾਤ ਮਿੱਟੀ ਨਾਲ ਮਿੱਟੀ ਹੋਣ ਵਾਲੇ ਦੀਆਂ ਵੀ ਕੋਈ ਹਸਰਤਾਂ ਹਨ, ਕਿਥੋਂ ਪੂਰੀਆਂ ਕਰੇ? ਧੀ ਦੇ ਵਿਆਹ ਦੀ ਕਿਹਨੂੰ ਖੁਸ਼ੀ ਨਹੀਂ ਹੁੰਦੀ, ਕਿੱਦਾਂ ਕਰੇ ਖਾਲੀ ਜੇਬ ਨਾਲ? ਜੇ ਆੜਤੀਆਂ ਤੋਂ ਫੜ੍ਹ ਕੇ ਨਾ ਕਰੇ ਤਾਂ ਦੱਸੋ ਹੋਰ ਕੋਈ ਤਰੀਕਾ, ਉਵੇਂ ਕਰ ਲਊ।

ਆੜਤੀਏ ਤੋਂ ਲਿਆ ਕਰਜ਼ਾ ਉਦੋਂ ਹੀ ਸਿਰੋਂ ਨਹੀਂ ਲਹਿੰਦਾ ਜਦੋਂ ਫਸਲ ਮਾਰੀ ਜਾਂਦੀ ਜਾਂ ਸਰਕਾਰੇ ਤੇਰੇ ਕੁਪ੍ਰਬੰਧ ਕਰਕੇ ਮੰਡੀਆਂ 'ਚ ਰੁਲਦੀ ਆ ਜਾਂ ਤੂੰ ਆਪਣੇ ਆਕਿਆਂ ਨੂੰ ਉਨ੍ਹਾਂ ਦੇ ਤੇਰੇ 'ਤੇ ਕੀਤੇ ਉਪਕਾਰ ਬਦਲੇ ਜਿਣਸਾਂ ਦੇ ਭਾਅ ਕੌਡੀਆਂ ਦੇ ਕਰਕੇ ਕਿਸਾਨਾਂ ਦੀ ਲੁੱਟ ਕਰਕੇ ਉਨ੍ਹਾਂ ਦੇ ਗੋਦਾਮ ਭਰ ਦਿੰਦੀ ਆਂ, ਜਿਹੜੇ ਵਕਤ ਲੰਘਣ 'ਤੇ ਉਹੀ ਸੋਨੇ ਦੇ ਭਾਅ ਵੇਚਦੇ ਆ। ਆੜਤੀਆ ਵੀ ਕਿਸਾਨ ਦੇ ਨਾਲ ਹੀ ਮਾਰਿਆ ਜਾ ਰਿਹਾ ਕਿਉਂਕਿ ਉਹਦਾ ਦਿੱਤਾ ਕਿਸਾਨ ਨੂੰ ਕਰਜ਼ਾ ਮਰਦਾ ਜਾਂਦਾ। ਇਹ ਆਪਾਂ ਸਾਰੇ ਜਾਣਦੇ ਹਾਂ ਕਿ ਪੰਜਾਬ ਦੇ ਜ਼ਿਆਦਾਤਰ ਆੜਤੀਏ ਪੇਂਡੂ ਪਿਛੋਕੜ ਵਾਲੇ ਖੁਦ ਵੀ ਕਿਸਾਨ ਹਨ ਤੇ ਸਰਕਾਰ ਦੀ ਨਜ਼ਰ ਵਿਚ ਆੜਤੀਏ ਦਾ ਕਰਜ਼ਾ ਉਹਦੀ ਪਰਿਭਾਸ਼ਾ ਵਿਚ ਹੀ ਨਹੀਂ ਆਉਂਦਾ ਜਦਕਿ ਅਸਲੀਅਤ ਇਹ ਹੈ ਕਿ ਕਿਸਾਨ ਦੁਖੀ ਹੀ ਆੜਤੀਏ ਦੇ ਕਰਜ਼ੇ ਤੋਂ ਹੈ ਤੇ ਆੜਤੀਆ ਮਰਦਾ ਹੀ ਅੱਕ ਚੱਬਦਾ ਜਦੋਂ ਉਹਨੂੰ ਦਿਸਣ ਲਗਦਾ ਕਿ ਉਹਦਾ ਦਿੱਤਾ ਕਰਜ਼ਾ ਨਾ ਕਿਸਾਨ ਮੋੜਨ ਦੇ ਸਮਰਥ ਰਿਹਾ ਤੇ ਨਾ ਹੀ ਸਰਕਾਰ ਇਸ ਬਾਰੇ ਸੁਹਿਰਦ ਹੈ। ਫਿਰ ਉਹ ਕਰਦਾ ਕਿਸਾਨ 'ਤੇ ਕੇਸ, ਤਾਂ ਹੁੰਦੇ ਕੁਰਕੀ ਦੇ ਅਦਾਲਤੀ ਫੈਸਲੇ ਤੇ ਜੱਟ ਮਜਬੂਰ ਹੁੰਦਾ ਖੁਦਕੁਸ਼ੀ ਕਰਨ ਨੂੰ।

ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਕੋ-ਆਪਰੇਟਿਵ ਸੁਸਾਇਟੀ ਦੇ ਕਰਜ਼ੇ ਦੀ ਥਾਂ ਆੜਤੀਏ ਦੇ ਕਰਜ਼ੇ ਬਾਰੇ ਸੋਚਦੀ ਜੋ ਵੱਡਾ ਕਾਰਨ ਬਣਦਾ ਜਾ ਰਿਹਾ ਖੁਦਕੁਸ਼ੀਆਂ ਦਾ। ਕੋ-ਆਪਰੇਟਿਵ ਸੁਸਾਇਟੀਆਂ ਦੇ ਕਰਜ਼ੇ ਫਸਲੀ ਕਰਜ਼ੇ ਹੁੰਦੇ ਹਨ ਤੇ ਜੋ ਕਿਸਾਨ ਨੇ ਮੋੜਨੇ ਹੀ ਹੁੰਦੇ ਹਨ ਪਰ ਕੀਤਾ ਕੀ ਜਾਂਦਾ, ਪੁਰਾਣੇ ਕਰਜ਼ੇ ਕਾਗਜ਼ਾਂ ਵਿਚ ਹੀ ਨਵੇਂ ਕਰ ਦਿੱਤੇ ਜਾਂਦੇ ਹਨ, ਸਿਰਫ ਪਿਛਲੇ ਛੇ ਮਹੀਨਿਆਂ ਦਾ ਵਿਆਜ ਜਮ੍ਹਾਂ ਕਰਵਾਇਆ ਜਾਂਦਾ। ਕਿਸੇ ਸਹਿਕਾਰੀ ਸੁਸਾਇਟੀ ਦੇ ਕਰਜ਼ੇ 'ਚ ਫਸਿਆ ਸ਼ਾਇਦ ਹੀ ਕੋਈ ਕਿਸਾਨ ਖੁਦਕੁਸ਼ੀ ਕਰਕੇ ਮਰਿਆ ਹੋਵੇ। ਜੇ ਕਿਸਾਨ ਸਿਰ ਚੜ੍ਹੇ ਕਰਜ਼ੇ ਨੂੰ ਖੇਤੀ ਤੇ ਗੈਰ ਖੇਤੀ 'ਚ ਵੰਡ ਕੇ ਸਿਰਫ ਖੇਤੀ ਨਾਲ ਸਬੰਧਤ ਕਰਜ਼ੇ ਦੀ ਮੁਕਤੀ ਦੀ ਗੱਲ ਕਰਨੀ ਹੈ ਤਾਂ ਖੁਦਕੁਸ਼ੀ ਰੁਕਣੀ ਨਹੀਂ। ਗੈਰ ਖੇਤੀ ਕਰਜ਼ਾ ਦਰਅਸਲ ਸਮਾਜੀ ਕਰਜ਼ਾ ਹੈ ਜੋ ਕਿਸਾਨ ਨੂੰ ਮਜਬੂਰਨ ਲੈਣਾ ਪੈਂਦਾ, ਨਾ ਸਰਦੇ ਨੂੰ। ਜ਼ਿਆਦਾ ਨਮੋਸ਼ੀ ਹੀ ਇਸ ਕਰਜ਼ੇ ਦੀ ਮਾਰਦੀ ਆ ਕਿਉਂਕਿ ਕਰਜ਼ਾ ਲੈਣ ਵਕਤ ਉਹ ਮੋੜਨ ਦਾ ਵਾਅਦਾ ਵੀ ਛੇਤੀ ਕਰ ਲੈਂਦਾ ਪਰ ਹਾਲਾਤ ਮਾੜੇ ਹੋਣ ਕਾਰਨ ਮੁੜਦਾ ਨਹੀਂ ਤੇ ਕਰਜ਼ਾ ਦੇਣ ਵਾਲੇ ਨਾਲ ਅੱਖ ਮਿਲਾਉਣ ਤੋਂ ਕੰਨੀ ਕਤਰਾਉਣ ਲੱਗ ਜਾਂਦਾ। ਬੱਸ ਇੱਥੇ ਹੀ ਖੁਦਕੁਸ਼ੀ ਦੀ ਨੀਂਹ ਰੱਖ ਹੋ ਜਾਂਦੀ ਆ।

ਸਮੇਂ ਦੇ ਚਲਣ ਨਾਲ ਤੇ ਬੇਆਸੀ ਦੇ ਆਲਮ ਵਿਚ ਅੱਖ ਮਿਲਾਉਣ ਤੋਂ ਕੰਨੀ ਕਤਰਾਉਣ ਵਾਲਾ ਜ਼ਿੰਦਗੀ ਤੋਂ ਹੀ ਕੰਨੀ ਕਤਰਾ ਜਾਂਦਾ ਇੱਕ ਦਿਨ। ਕਾਰਪੋਰੇਟ ਬੈਂਕਾਂ ਦਾ ਨਾ ਮੁੜਿਆ ਕਿਸਾਨੀ ਕਰਜ਼ਾ ਵੱਟੇ ਖਾਤੇ ਪਾਉਣਾ ਚਾਹੀਦਾ ਜਿਵੇਂ ਮਾਲਿਆ ਵਰਗੇ ਧਨਾਢ ਦਾ ਪਾਇਆ ਸਰਕਾਰ ਨੂੰ ਵੀ ਨਹੀਂ ਦੇਣਾ ਬਣਦਾ।

ਪੰਜਾਬ ਦੇ ਸਾਰੇ ਸਿਆਸੀ ਲੀਡਰ ਕਿਸਾਨ ਖੁਦਕੁਸ਼ੀਆਂ ਵਿਚੋਂ ਆਪਣਾ ਭਵਿੱਖ ਦੇਖ ਰਹੇ ਹਨ-ਸਿਰਫ ਭਵਿੱਖ ਹੀ ਨਹੀਂ ਸਗੋਂ ਉਜਲਾ ਭਵਿੱਖ। ਨਿੱਕੀ ਜਿਹੀ ਵੀ ਦਰਦ ਦੀ ਕਣੀ ਨਹੀਂ ਇਨ੍ਹਾਂ ਬੇਗੈਰਤ ਲੀਡਰਾਂ ਵਿਚ ਗਰੀਬ ਕਿਸਾਨ ਲਈ! ਇਹ ਤਾਂ ਉਹਦੀ ਖੁਦਕੁਸ਼ੀ ਨੂੰ ਵੀ ਤਖਤ 'ਤੇ ਬੈਠਣ ਲਈ ਪੌੜੀ ਬਣਾਉਂਦੇ ਆ। ਹੋਰ ਤਾਂ ਕੋਈ ਕਹੇ ਭਾਵੇਂ ਕਹੇ ਪਰ ਜਦੋਂ ਆਹ ਬਾਦਲ ਮੰਡਲੀ, ਜਿਹਨੇ ਉਹਦੇ ਖੁਦਕੁਸ਼ੀਆਂ ਕਰਨ ਦੇ ਪਿਛਲੇ ਦਸਾਂ ਸਾਲਾਂ ਵਿਚ ਪੂਰੇ ਬਾਨ੍ਹਣੂੰ ਬੰਨੇ, ਉਹ ਕਰਜ਼ਾ ਮੁਕਤੀ ਦੀ ਗੱਲ ਕਰੇ ਤਾਂ ਇਨ੍ਹਾਂ ਨੂੰ ਫਿਰ ਅਕ੍ਰਿਤਘਣਾਂ ਦੀ ਲਿਸਟ ਵਿਚ ਸਭ ਤੋਂ ਉਪਰ ਰਖਿਆ ਜਾਣਾ ਬਣਦਾ। ਦਸ ਸਾਲ ਤੱਕ ਧਾਰੀ ਬੇਸ਼ਰਮੀ ਵਾਲੀ ਚੁੱਪ ਹੁਣ ਰੋਜ਼ ਖੁਦਕੁਸ਼ੀਆਂ ਦੀਆਂ ਬਾਤਾਂ ਪਾਉਣ ਲੱਗੀ ਆ। ਜਾਣ-ਬੁੱਝ ਕੇ ਚੇਤੇ ਕਰਵਾਉਂਦੇ ਆ ਮਜਬੂਰ ਕਿਸਾਨਾਂ ਨੂੰ ਕਿ ਤੁਸੀਂ ਚੁੱਪ ਕਿਉਂ ਹੋ ਗਏ, ਤੁਸੀਂ ਤਾਂ ਖੁਦਕੁਸ਼ੀ ਕਰਨੀ ਸੀ, ਤੁਹਾਡੇ ਸਿਰ ਤਾਂ ਕਰਜ਼ੇ ਦੀ ਪੰਡ ਆ, ਇਹ ਤੁਹਾਥੋਂ ਕਿੱਥੇ ਲਾਹ ਹੋਣੀ! ਨਾਲੇ ਤੁਹਾਡੇ ਨਾਲ ਕੀਤਾ ਵਾਅਦਾ ਜੁ ਪੂਰਾ ਨਹੀਂ ਕੀਤਾ ਨਵੇਂ ਹਾਕਮਾਂ ਨੇ। ਸੱਚ ਹੋਣਾ, ਜਿਸ ਦਿਨ ਕਿਸੇ ਕਿਸਾਨ ਦਾ ਸਿਵਾ ਬਲਦਾ, ਉਦਣ ਇਨ੍ਹਾਂ ਦੀ ਦੀਵਾਲੀ ਹੁੰਦੀ ਹੋਣੀ। ਬੁੱਚੜਾਂ ਨੂੰ ਵੀ ਮਾਤ ਕਰੀ ਜਾਂਦੇ ਆ!

ਪੰਜਾਬ ਦੇ ਕਿਸਾਨ ਕਰਜ਼ੇ ਦੀ ਮੁਕਤੀ ਵਿਚ ਮੁੱਖ ਅੜਿੱਕਾ ਹੀ ਬਾਦਲ ਟੱਬਰ ਬਣਿਆ ਬੈਠਾ। ਦਿੱਲੀ ਆਲੇ ਧੋਤੀ ਵਾਲਿਆਂ ਦੀ ਸਰਕਾਰ ਵਿਚ ਇਹ ਹਿੱਸੇਦਾਰ ਹਨ, ਕਿਉਂ ਨਹੀਂ ਉਥੋਂ ਕੁਝ ਰਾਹਤ ਲੈਂਦੇ? ਗਰੀਬ ਕਿਸਾਨ ਧਰਨਿਆਂ 'ਤੇ ਬਿਠਾਲ ਆਪਣੀਆਂ ਸਿਆਸੀ ਰੋਟੀਆਂ ਸੇਕਣ ਲੱਗੇ ਹੋਏ ਆ। ਪਹਿਲਾਂ ਉਂ ਪੰਜਾਬ ਕੰਗਾਲ ਕਰ ਮਾਰਿਆ, ਲੁੱਟ ਕੇ ਭਰ ਲਏ ਆਪਣੇ ਘਰ। ਅੱਜ ਕਲ ਸਭ ਤੋਂ ਵੱਡੇ ਭਾਨੀ ਮਾਰ ਬਣੇ ਬਾਦਲ ਟੱਬਰ ਦਾ ਇੱਕ ਨੁਕਾਤੀ ਪ੍ਰੋਗਰਾਮ ਹੈ ਕਿ ਕੇਂਦਰ ਤੋਂ ਪੰਜਾਬ ਲਈ ਕੋਈ ਰਾਹਤ ਨਾ ਮਿਲ ਜਾਵੇ। ਕਿਸਾਨ ਭਰਾਓ, ਇਹ ਤੁਹਾਡੇ ਦੁਸ਼ਮਣ ਹਨ, ਹਾਲ ਦੀ ਘੜੀ।

ਕਿਸਾਨ ਲੀਡਰ ਸਿਰਫ ਹੁਣ ਲੀਡਰੀ ਚਮਕਾਉਣ 'ਤੇ ਹੋਇਓ ਹਨ, ਇੱਕੋ ਇੱਕ ਰਟ ਲਾ ਕੇ ਬੈਠੇ ਆ ਪਈ ਸਮੁੱਚੇ ਕਰਜ਼ੇ 'ਤੇ ਇੱਕ ਵਾਢਿਓਂ ਸਾਰੇ ਕਿਸਾਨਾਂ ਦੇ, ਜੋ ਪੂਰੇ ਧਨਾਢ ਵੀ ਹਨ, ਲੀਕ ਵੱਜਣੀ ਚਾਹੀਦੀ ਹੈ। ਭਲਾ ਦੱਸੋ ਬਣਦੀ ਇਹ ਗੱਲ! ਕਿੱਥੇ ਇੱਕ ਗਰੀਬ ਕਿਸਾਨ ਜੋ ਧੀ ਦੇ ਹੱਥ ਪੀਲੇ ਕਰਨ ਤੋਂ ਵੀ ਆਤੁਰ ਹੈ ਤੇ ਕਿੱਥੇ ਇੱਕ ਤਕੜਾ ਜਿਮੀਂਦਾਰ ਜੋ ਸੁੱਖਣਾ ਦੇ ਅਖੰਡ ਪਾਠ 'ਤੇ ਹੀ ਲੱਖਾਂ ਦੀ ਰਕਮ ਖਰਚ ਦਿੰਦਾ, ਉਤੋਂ ਸਿਤਮ ਦੀ ਗੱਲ ਕਿ ਸਾਰੇ ਸਿਆਸੀ, ਧਾਰਮਿਕ, ਕਿਸਾਨ ਤੇ ਹੋਰ ਸਰਦੇ-ਪੁੱਜਦੇ ਲੀਡਰ ਹਾਜ਼ਰੀ ਲਾਉਣ ਆਉਂਦੇ ਇਨ੍ਹਾਂ ਦੀਆਂ ਦਾਅਵਤਾਂ ਵਿਚ। ਇਨ੍ਹਾਂ ਤਕੜੇ ਜਿਮੀਂਦਾਰਾਂ ਸਿਰ ਸ਼ਾਇਦ ਹੀ ਕਿਸੇ ਆੜਤੀਏ ਦਾ ਕਰਜ਼ਾ ਹੋਵੇ ਪਰ ਬੈਂਕਾਂ ਤੋਂ ਇਨ੍ਹਾਂ ਨੇ ਠੋਕ ਕੇ ਲਿਆ ਹੋਇਆ ਤੇ ਲੱਖੋਵਾਲ ਵਰਗੇ ਕਿਸਾਨ ਲੀਡਰ ਨੂੰ ਫਿਕਰ ਅਸਲ 'ਚ ਇਨ੍ਹਾਂ ਦੇ ਕਰਜ਼ੇ ਦੀ ਮੁਕਤੀ ਦਾ, ਨਾ ਕਿ ਖੁਦਕੁਸ਼ੀ ਦੇ ਕਗਾਰ 'ਤੇ ਖੜ੍ਹੇ ਕਿਸਾਨ ਦਾ। ਆਹ ਧਰਨੇ ਲੁਆ ਕੇ ਤੇ ਆਲੂਆਂ ਦੇ ਹਾਰ ਆਪਣੇ ਗਲ 'ਚ ਪਾ ਕੇ ਡਰਾਮੇ ਕਰ ਰਿਹਾ। ਦਰਅਸਲ ਬਾਦਲਾਂ ਨੂੰ ਖੁਸ਼ ਕਰ ਰਿਹਾ, ਉਨ੍ਹਾਂ ਵਲੋਂ ਉਸ 'ਤੇ ਕੀਤੇ ਮੰਡੀ ਬੋਰਡ ਦੇ ਚੇਅਰਮੈਨ ਬਣਾਏ ਜਾਣ ਦੇ ਉਪਕਾਰ ਦੇ ਇਵਜ਼ਾਨੇ ਵਜੋਂ। ਕਿਸਾਨ ਵਲੋਂ ਕੀਤੀ ਖੁਦਕੁਸ਼ੀ ਤਾਂ ਇਹਦੇ ਲਈ ਟੌਨਿਕ ਦਾ ਕੰਮ ਕਰਦੀ ਆ। ਭਰਾਵੋ ਇਹਦੇ ਝਾਂਸੇ ਵਿਚ ਨਹੀਂ ਆਉਣਾ ਤੇ ਐਵੇਂ ਨਾ ਇਹਦੇ ਲਈ ਟੌਨਿਕ ਬਣੀ ਜਾਓ ਖੁਦਕੁਸ਼ੀ ਕਰਕੇ, ਸਗੋਂ ਹਿੱਕ ਤਾਣ ਕੇ ਪੁਛੋ ਕਿ ਤੂੰ ਪਿਛਲੇ ਦਸਾਂ ਸਾਲਾਂ 'ਚ ਸਾਡੇ ਲਈ ਕੀ ਕੀਤਾ? ਉਲਟਾ ਸਾਨੂੰ ਰੱਜ ਕੇ ਮੰਡੀਆਂ 'ਚ ਰੋਲਿਆ।

ਕਿਸਾਨ ਵੀਰੋ ਕਿਸੇ ਨੇ ਨਹੀਂ ਰੋਕਣਾ ਤੁਹਾਨੂੰ ਇਸ ਖੁਦਕੁਸ਼ੀ ਵਾਲੇ ਰਾਹ ਤੋਂ, ਖੁਦ ਹੀ ਇਸ ਰਾਹ ਤੋਂ ਪਾਸਾ ਵੱਟਣਾ ਪੈਣਾ। ਜਿਨ੍ਹਾਂ ਦਾ ਹੱਕ ਬਣਦਾ, ਉਨ੍ਹਾਂ ਨੇ ਹੋਰ ਬਥੇਰੇ ਮਸਲੇ ਖੜ੍ਹੇ ਕੀਤੇ ਹੋਏ ਆ, ਉਨ੍ਹਾਂ ਦਾ ਕਿੱਥੇ ਵਿਹਲ ਆ? ਬਾਹਰਲੇ ਮੁਲਕਾਂ 'ਚ ਹੀ ਨਹੀਂ ਮੁੱਕਦਾ ਉਨ੍ਹਾਂ ਦਾ ਧਰਮ ਪ੍ਰਚਾਰ, ਖਸਮਾਂ ਨੂੰ ਖਾਵੇ ਤੁਹਾਡੀ ਖੁਦਕੁਸ਼ੀ। ਲਾਲ ਝੰਡੇ ਵਾਲਿਆਂ ਦੇ ਨੁੱਕੜ ਨਾਟਕਾਂ ਤੋਂ ਕਿਸੇ ਵਕਤ ਤੁਸੀਂ ਐਨੇ ਉਤਸ਼ਾਹਿਤ ਹੁੰਦੇ ਸੀ ਕਿ ਇਨਕਲਾਬ ਜ਼ਿੰਦਾਬਾਦ ਨਾਲ ਅਸਮਾਨ ਗੁੰਜਾ ਦਿੰਦੇ ਸੀ ਪਰ ਅੱਜ ਕਲ ਇਨ੍ਹਾਂ ਲਾਲ ਝੰਡੇ ਵਾਲਿਆਂ ਨੂੰ ਤੁਹਾਥੋਂ ਨਫਰਤ ਹੋ ਗਈ ਲਗਦੀ ਆ ਕਿਉਂਕਿ ਤੁਸੀਂ ਗੁਰਦੁਆਰੇ ਜੁ ਮੱਥਾ ਟੇਕਣ ਚਲੇ ਜਾਂਦੇ ਹੋ। ਮਜਾਲ ਆ ਹੁਣ ਨਿੱਤ ਹੁੰਦੀਆਂ ਤੁਹਾਡੀਆਂ ਖੁਦਕੁਸ਼ੀਆਂ ਇਨ੍ਹਾਂ ਨੂੰ ਥੋੜ੍ਹਾ ਜਿਹਾ ਵੀ ਗਮਗੀਨ ਕਰਨ। ਦੁਨੀਆਂ ਦੇ ਵੱਡੇ ਫਿਲਾਸਫਰਾਂ ਦੀਆਂ ਸੌ ਮਿਸਾਲਾਂ ਇਨ੍ਹਾਂ ਖੁਦਕੁਸ਼ੀਆਂ ਦੇ ਸਬੰਧ ਵਿਚ ਲਿਖੀਆਂ ਜਾ ਸਕਦੀਆਂ ਪਰ ਆਪਣੇ ਕੋਲ ਤਾਂ ਰੱਬੀ ਬਾਣੀ ਹੈ ਜਿਹਨੂੰ ਰੋਜ਼ ਮੱਥਾ ਟੇਕਦੇ ਹਾਂ, ਉਨ੍ਹਾਂ ਬੋਲਾਂ ਵੱਲ ਧਿਆਨ ਦੇਈਏ ਫਿਰ ਕਦੇ ਖੁਦਕੁਸ਼ੀ ਸੋਚ ਵਿਚ ਵੀ ਨਹੀਂ ਆਵੇਗੀ! 'ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥'

# ਮੰਜ਼ਿਲ, ਰਸਤੇ ਤੇ ਸਫਰ

***(ਪਿਛਲੇ ਸਫੇ ਦੀ ਬਾਕੀ)***

ਆਪਣੇ ਏਜੰਟਾਂ ਨਾਲ ਵੀ ਗੱਲ ਕਰਾਂਗਾ।

ਉਹ 10 ਜਣੇ ਬੁਧੂ, ਜੋਗਿੰਦਰ, ਹੈਪੀ, ਨਿੰਦਾ, ਨਿੱਕਾ, ਜੱਗੀ, ਚਾਹਲ, ਰਾਜਵੀਰ, ਗਿਆਨੀ ਅਤੇ ਮੰਗਾ ਦੋ-ਤਿੰਨ ਗਰੁਪਾਂ ਦੀ ਘਰੋੜੀ ਸੀ, ਯਾਨੀ ਬਚੇ-ਖੁਚੇ ਹਿੱਸੇ ਸਨ, ਜੋ ਕਈ ਮਹੀਨਿਆਂ ਤੋਂ ਮੋਰੱਕੋ ਵਿਚ ਦਰ-ਦਰ ਦੀਆਂ ਠੋਕਰਾਂ ਖਾ ਰਹੇ ਸਨ। ਬਾਕੀ ਜਿਹੜੇ ਸਾਥੀ ਖੁਸ਼ਨਸੀਬ ਸੀ, ਉਹ ਪਾਰ ਲੰਘ ਗਏ। ਫਿਲਹਾਲ ਥੋੜ੍ਹੇ-ਬਹੁਤ ਹੋਰ ਮੁੰਡੇ, ਹੋਰ ਥਾਂਵਾਂ 'ਤੇ ਰੁਲ ਰਹੇ ਸਨ।

ਉਸ ਘਰ ਵਿਚ 12-13 ਦਿਨ ਗੁਜ਼ਰ ਗਏ ਸਨ, ਪਰ ਡੌਂਕੀ ਲੱਗਣ ਦੀ ਸੂਰਤ ਫਿਲਹਾਲ ਕੋਈ ਨਜ਼ਰ ਨਹੀਂ ਸੀ ਆ ਰਹੀ। ਇੱਕ ਰਾਤ ਖਾਨ ਦਾ ਫੋਨ ਆਇਆ, 'ਕੱਲ੍ਹ ਰਾਤ 2 ਵਜੇ ਮੁਹੰਮਦ 4 ਆਦਮੀ ਲੇ ਕਰ ਜਾਏਗਾ'। ਸਭ ਦੇ ਚਿਹਰਿਆਂ 'ਤੇ ਰੌਣਕ ਪਰਤੀ, ਚਲੋ ਕੋਈ ਤਾਂ ਜਾਣਗੇ, ਬਾਕੀ ਵੀ ਕਿਸੇ ਪਾਸੇ ਲੱਗਣ ਵਾਲੇ ਹੋਣਗੇ। ਇਸ ਰਾਤ ਨਾ ਡੌਂਕਰ ਆਏ, ਨਾ ਖਾਣਾ-ਪਾਣੀ ਆਇਆ। ਕੋਈ ਅਜਨਬੀ ਬੰਦਾ ਸਾਡੇ ਤਾਕੀਆਂ-ਬੂਹੇ ਖੜਕਾਂਦਾ ਰਿਹਾ, ਆਵਾਜ਼ਾਂ ਦਿੰਦਾ ਰਿਹਾ। ਇਹ ਸਭ ਉਚੀ ਬੋਲਣ ਅਤੇ ਗਾਣੇ ਗਾਉਣ ਕਰ ਕੇ ਹੋਇਆ ਸੀ। ਸਾਰੀ ਰਾਤ ਡਰ ਨਾਲ ਖੂੰਜਿਆਂ ਵਿਚ ਲੱਗ ਕੇ, ਗੂੰਗੇ-ਬੋਲੇ ਹੋ ਕੇ ਕੱਟੀ।

ਅਗਲੇ ਦਿਨ ਵੀ ਕੋਈ ਉਚੀ ਨਾ ਬੋਲਿਆ, ਨਾ ਗਾਣੇ ਗਾਏ। ਰਾਸ਼ਨ-ਪਾਣੀ ਖ਼ਤਮ ਸੀ। ਸਵੇਰ ਦੇ ਪੀਤੇ ਪਾਣੀ ਨੇ ਸਾਰਾ ਦਿਨ ਲੰਘਾਇਆ, ਭੁੱਖ ਨਾਲ ਢਿੱਡ ਕੁਰਲਾ ਰਹੇ ਸਨ। ਰੋਣਹਾਕੇ ਹੋਏ, ਕਦੇ ਕਿਸੇ ਕੰਧ ਨਾਲ ਲੱਗੀਏ, ਕਦੇ ਕਿਤੇ ਪਏ ਉਸਲਵੱਟੇ ਲਈਏ। ਬਾਹਰੋਂ ਜਿੰਦਾ ਲੱਗਾ ਹੋਣ ਕਰ ਕੇ ਬਾਹਰ ਵੀ ਨਹੀਂ ਸੀ ਜਾ ਸਕਦੇ। ਰੋ-ਕਲਪ ਕੇ ਪਹਾੜ ਜਿੱਡਾ ਦਿਨ ਗੁਜ਼ਾਰਿਆ।

ਉਸ ਵੇਲੇ ਰਾਤ ਦੇ ਦਸ ਵੱਜੇ ਸਨ। ਨਿੱਕਾ, ਚਾਹਲ, ਛਿਆਸੀ, ਸਤਾਸੀ ਸਲਾਹਾਂ ਕਰ ਰਹੇ ਸਨ, ਕੋਠੇ ਤੋਂ ਉਤਰ ਕੇ ਪਾਣੀ ਭਰ ਲਿਆਂਦਾ ਜਾਵੇ। ਦੋ-ਚਹੁੰ ਨੇ ਸਮਝਾਇਆ- "ਥੋੜ੍ਹਾ ਉਡੀਕੋ, ਅੱਜ ਤਾਂ ਡੌਂਕਰ ਜ਼ਰੂਰ ਆਉਣਗੇ। ਉਨ੍ਹਾਂ ਨੂੰ ਵੀ ਪਤੈ, ਅਸੀਂ ਭੁੱਖੇ-ਤਿਹਾਏ ਇਥੇ ਕੈਦ ਬੈਠੇ ਆਂ", ਪਰ ਸਭ ਦੀ ਅਣਸੁਣੀ ਕਰ ਕੇ ਉਹ ਉਪਰ ਚੜ੍ਹ ਗਏ ਤੇ ਥੱਲੇ ਉਤਰਨ ਲਈ ਇਧਰ-ਉਧਰ ਝਾਤੀਆਂ ਮਾਰਦੇ ਰਹੇ। ਪਿਛਲੇ ਉਚੇ ਚੁਬਾਰੇ ਤੋਂ ਉਹੀ ਬੰਦਾ ਉਨ੍ਹਾਂ ਨੂੰ ਦੇਖ ਰਿਹਾ ਸੀ, ਜਿਹੜਾ ਪਿਛਲੀ ਰਾਤ ਆਵਾਜ਼ਾਂ ਲਾਉਂਦਾ, ਦਰਵਾਜ਼ੇ ਖੜਕਾਉਂਦਾ ਰਿਹਾ ਸੀ। ਉਹ ਚਾਰੇ ਘਬਰਾ ਕੇ ਥੱਲੇ ਉਤਰ ਆਏ। ਉਹ ਅਜਨਬੀ ਕੱਲ੍ਹ ਤੋਂ ਹੀ ਤਾਕ ਵਿਚ ਸੀ ਕਿ ਇਸ ਬੰਦ ਪਏ ਘਰ ਅੰਦਰ ਹੋ ਰਹੀ ਹਲਚਲ ਅਸਾਧਾਰਨ ਸੀ। ਉਹ ਕੱਲ੍ਹ ਵੀ ਸੂਹਾਂ ਲੈਂਦਾ ਰਿਹਾ ਤੇ ਅੱਜ ਵੀ ਬਿੜਕਾਂ ਲੈ ਰਿਹਾ ਸੀ।


ਅਸੀ ਡਰੇ-ਸਹਿਮੇ ਫਿਕਰਾਂ ਨਾਲ ਘੁਲਣ ਲੱਗੇ, ਉਹ ਕਿਤੇ ਪੁਲਿਸ ਨਾ ਲੈ ਆਵੇ! ਖ਼ੌਫ ਦਾ ਬਿਸਤਰਾ ਵਿਛਾਈ ਉਪਰ ਚੁੱਪ ਦੀ ਚਾਦਰ ਤਾਣ ਕੇ ਸਭ ਲੰਮੇ ਪੈ ਗਏ। ਦੋ ਵਜੇ ਮੁਹੰਮਦ ਚਾਰ ਜਣੇ ਲੈ ਜਾਵੇਗਾ, ਫਿਰ ਬਾਕੀਆਂ ਦਾ ਕੀ ਬਣੇਗਾ? ਦੋ ਦੇ ਢਾਈ ਵਜ ਗਏ, ਕੋਈ ਨਹੀਂ ਆਇਆ। ਸਭ ਖਮੋਸ਼, ਕੰਨ ਖੜ੍ਹੇ ਕਰੀ, ਤੇਜ਼ ਸਾਹਾਂ ਦੀ ਆਵਾਜ਼ ਮਹਿਸੂਸ ਕਰਦੇ, ਕਿਸੇ ਨਾਗਵਾਰ ਅੰਦੇਸ਼ੇ ਨਾਲ ਘੁਲਦਿਆਂ, ਕਿਸੇ ਹਾਦਸੇ ਦੇ ਇੰਤਜ਼ਾਰ ਵਿਚ ਬੈਠੇ ਸਨ...।

***(ਚਲਦਾ)***

**ਕੋਲੰਬਸ ਡੇਅ 'ਤੇ**

# ਇੰਡੀਅਨ ਲੋਕਾਂ ਉਤੇ ਕੋਲੰਬਸ ਦੇ ਅੱਤਿਆਚਾਰ

**ਹਰਮੋਹਿੰਦਰ ਚਹਿਲ**
chahals57@yahoo.com



ਪੰਦਰਵੀਂ ਸਦੀ ਦੇ ਅਖੀਰ ਵਿਚ ਸਪੇਨ, ਫਰਾਂਸ, ਪੁਰਤਗਾਲ ਅਤੇ ਇੰਗਲੈਂਡ ਵਰਗੇ ਹੋਰਨਾਂ ਯੂਰਪੀਅਨ ਦੇਸ਼ਾਂ ਦੀ ਤਰ੍ਹਾਂ ਇਕਮੁੱਠ ਹੋ ਕੇ ਮਜ਼ਬੂਤ ਮੁਲਕ ਬਣ ਚੁਕਾ ਸੀ। ਇੱਥੇ ਕਿੰਗ ਫਰਦੀਨੈਂਦ ਅਤੇ ਕੁਈਨ ਇਸਾਬੈਲਾ ਦੀ ਸਰਦਾਰੀ ਹੇਠ ਰਾਜਾਸ਼ਾਹੀ ਕਾਇਮ ਸੀ। ਇਥੋਂ ਦੀ ਬਹੁਤੀ ਆਬਾਦੀ ਗਰੀਬ ਕਿਸਾਨਾਂ ਦੀ ਸੀ ਅਤੇ ਦੋ ਕੁ ਫੀਸਦੀ ਹੀ ਅਮੀਰ ਲੋਕ ਸਨ। ਸਪੇਨ ਉਸ ਵੇਲੇ ਦੂਜੇ ਗੁਆਂਢੀ ਮੁਲਕਾਂ ਦੀ ਤਰ੍ਹਾਂ ਅਮੀਰ ਹੋਣ ਦੀ ਦੌੜ ਵਿਚ ਸੀ। ਉਦੋਂ ਵਿਦੇਸ਼ਾਂ ਨਾਲ ਵਪਾਰ ਕਰਨ ਲਈ ਸਭ ਤੋਂ ਵੱਡੀ ਕਰੰਸੀ ਸੋਨਾ ਹੀ ਸੀ। ਸੋ ਹਰ ਮੁਲਕ ਸੋਨਾ ਇਕੱਠਾ ਕਰਨ ਦੀ ਹੋੜ ਵਿਚ ਸੀ।

ਯੂਰਪੀਅਨ ਲੋਕ ਏਸ਼ੀਆ ਵੱਲ ਜਾਂਦੇ, ਜਿੱਥੇ ਕਿ ਸੋਨਾ ਵਾਧੂ ਸੀ ਤੇ ਉਹ ਲੁੱਟ ਮਾਰ ਕਰਕੇ ਲਿਆਉਂਦੇ ਸਨ। ਇਸ ਤੋਂ ਬਿਨਾ ਉਹ ਉਧਰੋਂ ਮਸਾਲੇ ਅਤੇ ਰੇਸ਼ਮ ਆਦਿ ਵੀ ਲਿਆਉਂਦੇ। ਪਰ ਪੰਦਰਵੀਂ ਸਦੀ ਦੇ ਅਖੀਰ ਤੱਕ ਏਸ਼ੀਆ ਵੱਲ ਜਾਣ ਵਾਲੇ ਜਮੀਨੀ ਰਸਤਿਆਂ 'ਤੇ ਤੁਰਕ ਸਲਤਨਤ ਦਾ ਕਬਜ਼ਾ ਹੋ ਚੁਕਾ ਸੀ। ਇਸ ਦੇ ਨਾਲ ਹੀ ਪੂਰਬੀ ਮੈਡੀਟੇਰੀਅਨ ਸਮੁੰਦਰ ਉਪਰ ਵੀ ਤੁਰਕਾਂ ਦਾ ਕਬਜਾ ਸੀ। ਜਦੋਂ ਇੱਧਰ ਵੱਲ ਦੀ ਜਾਣ ਦੇ ਸਾਰੇ ਰਸਤੇ ਬੰਦ ਹੋ ਗਏ ਤਾਂ ਕਿਸੇ ਵੱਖਰੇ ਸਮੁੰਦਰੀ ਰਾਹ ਦੀ ਲੋੜ ਮਹਿਸੂਸ ਹੋਈ। ਉਸ ਵੇਲੇ ਦੇ ਬੁੱਧੀਮਾਨ ਲੋਕ ਜਾਣਦੇ ਸਨ ਕਿ ਧਰਤੀ ਗੋਲ ਹੈ ਅਤੇ ਜੇ ਇਕ ਪਾਸਿਉਂ ਤੁਰੀਏ ਤਾਂ ਧਰਤੀ ਦਾ ਗੇੜਾ ਕੱਢ ਕੇ ਦੂਸਰੇ ਪਾਸੇ ਦੀ ਉਥੇ ਹੀ ਵਾਪਸ ਆ ਜਾਵਾਂਗੇ। ਸਪੇਨ ਨੇ ਇਕ ਲੰਬੀ ਸਕੀਮ ਬਣਾਈ ਕਿ ਕਿਉਂ ਨਾ ਪੈਸੇਫਿਕ ਸਮੁੰਦਰ ਵਾਲੇ ਪਾਸਿਉਂ ਧਰਤੀ ਦੇ ਉਪਰ ਦੀ ਘੁੰਮ ਕੇ ਏਸ਼ੀਆ ਵੱਲ ਪਹੁੰਚਿਆ ਜਾਵੇ। ਰਸਤਾ ਭਾਵੇਂ ਲੰਬਾ ਹੋਵੇਗਾ ਪਰ ਇਸ ਰਸਤੇ ਕਿਸੇ ਵਿਰੋਧੀ ਦੀ ਰੁਕਾਵਟ ਨਹੀਂ ਹੋਵੇਗੀ।

ਸਪੇਨ ਦੀ ਰਾਜਾਸ਼ਾਹੀ ਨੇ ਇਸ ਸਕੀਮ ਨੂੰ ਅਮਲ ਵਿਚ ਲਿਆਉਂਦਿਆਂ ਆਪਣਾ ਅਮਲਾ-ਫੈਲਾ ਇਸ ਕੰਮ 'ਤੇ ਲਾ ਦਿੱਤਾ। ਅਮਲੇ ਦੀ ਨਜ਼ਰ ਇਕ ਚੁਸਤ-ਦਰੁਸਤ ਅਤੇ ਪੜ੍ਹੇ ਲਿਖੇ ਬੁੱਧੀਮਾਨ ਇਸਨਾਨ ਉਪਰ ਗਈ, ਉਹ ਸੀ-ਕੋਲੰਬਸ ਕ੍ਰਿਸਟੋਫਰ। ਕੋਲੰਬਸ ਉਸ ਵੇਲੇ ਕਿਸੇ ਸਮੁੰਦਰੀ ਵਪਾਰਕ ਕੰਪਨੀ ਦਾ ਮੈਨੇਜਰ ਸੀ ਅਤੇ ਸਮੁੰਦਰੀ ਬੇੜਿਆਂ ਦਾ ਸੰਚਾਲਨ ਕਰਨ ਵਾਲਾ ਬਹੁਤ ਹੀ ਮਸ਼ਹੂਰ ਮਾਹਰ ਕਾਮਾ ਸੀ। ਇਸ ਤਰ੍ਹਾਂ ਦੇ ਸਮੁੰਦਰੀ ਸਫਰਾਂ 'ਤੇ ਜਾਣਾ ਉਸ ਦਾ ਜਨੂੰਨ ਸੀ। ਕੋਲੰਬਸ ਨੂੰ ਬੁਲਾ ਕੇ ਉਸ ਨਾਲ ਗੱਲਬਾਤ ਕੀਤੀ ਗਈ ਤੇ ਦੱਸਿਆ ਗਿਆ ਕਿ ਇਸ ਸਫਰ ਉਪਰ ਸਾਰਾ ਖਰਚ ਰਾਜ ਦਾ ਹੋਵੇਗਾ ਅਤੇ ਜੋ ਵੀ ਮਾਲ ਉਹ ਲੈ ਕੇ ਆਵੇਗਾ ਉਸ ਦਾ ਦਸ ਪ੍ਰਤੀਸ਼ਤ ਉਸ ਨੂੰ ਮਿਲੇਗਾ। ਇਸ ਤੋਂ ਬਿਨਾ ਰਾਜ ਪ੍ਰਬੰਧ ਵਿਚ ਉਸ ਨੂੰ ਉਚ ਉਪਾਧੀ ਵੀ ਦਿੱਤੀ ਜਾਵੇਗੀ।

ਕੁਝ ਸੋਚ ਵਿਚਾਰ ਤੋਂ ਬਾਅਦ ਕੋਲੰਬਸ ਨੇ ਸਹਿਮਤੀ ਦੇ ਦਿੱਤੀ। ਅਸਲ ਵਿਚ ਕੋਲੰਬਸ ਤਾਂ ਪਹਿਲਾਂ ਹੀ ਇਸ ਤਰ੍ਹਾਂ ਦਾ ਸਫਰ ਕਰਨ ਲਈ ਉਤਾਵਲਾ ਸੀ। ਉਸ ਨੇ ਦੁਨੀਆਂ ਦੇ ਉਸ ਸਮੁੰਦਰੀ ਰਸਤੇ ਪੂਰੀ ਧਰਤੀ ਘੁੰਮ ਕੇ ਏਸ਼ੀਆ ਵੱਲ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਜਿਸ ਬਾਰੇ ਕਿਸੇ ਨੂੰ ਕੋਈ ਗਿਆਨ ਨਹੀਂ ਸੀ। ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਉਧਰ ਦਾ ਸਮੁੰਦਰੀ ਰਾਹ ਕਿਸ ਪ੍ਰਕਾਰ ਦਾ ਹੋਵੇਗਾ ਜਾਂ ਉਧਰ ਕੀ ਕੀ ਔਕੜਾਂ ਹੋਣਗੀਆਂ।

ਖੈਰ! ਕੋਲੰਬਸ ਨੇ ਇਸ ਨਵੇਂ ਅਤੇ ਅਣਜਾਣ ਸਫਰ 'ਤੇ ਜਾਣ ਦੀ ਤਿਆਰੀ ਅਰੰਭ ਦਿੱਤੀ। ਉਸ ਨੇ ਤਿੰਨ ਸਮੁੰਦਰੀ ਬੇੜੇ-ਨੀਨਾ, ਪਿੰਟਾ ਅਤੇ ਸਾਂਤਾ ਮਾਰੀਆ ਤਿਆਰ ਕਰਵਾਏ। ਸਾਂਤਾ ਮਾਰੀਆ ਸਭ ਤੋਂ ਵੱਡਾ ਸੀ, ਜਿਸ ਦੀ ਲੰਬਾਈ ਸੌ ਫੁੱਟ ਦੇ ਕਰੀਬ ਸੀ। ਅਖੀਰ 1492 ਦੇ ਅਗਸਤ ਮਹੀਨੇ ਕੋਲੰਬਸ ਆਪਣੇ ਸਾਥੀਆਂ ਸਮੇਤ ਐਟਲਾਂਟਿਕ ਸਾਗਰ ਦੇ ਅਫਰੀਕੀ ਤੱਟ ਲਾਗਲੇ ਕੇਨਰੀ ਆਈਲੈਂਡ ਤੋਂ ਦੁਨੀਆਂ ਦੇ ਇਸ ਅਣਜਾਣ ਰਾਹ 'ਤੇ ਰਵਾਨਾ ਹੋ ਗਿਆ। ਉਸ ਦਾ ਬੇੜਾ ਹਰ ਰੋਜ਼ ਕੋਈ ਸੌ ਮੀਲ ਪੈਂਡਾ ਨਿਬੇੜ ਲੈਂਦਾ।

ਕੋਲੰਬਸ ਨੂੰ ਚੱਲਿਆਂ ਤਕਰੀਬਨ ਚਾਰ ਹਫਤੇ ਹੋ ਚੱਲੇ ਸਨ ਪਰ ਏਸ਼ੀਆ ਦੀ ਧਰਤੀ ਦਾ ਕਿਧਰੇ ਨਾਮੋ ਨਿਸ਼ਾਨ ਨਹੀਂ ਸੀ। ਉਸ ਦੇ ਸਾਰੇ ਸਾਥੀ ਹਰ ਵਕਤ ਅੱਖਾਂ ਪਾੜ ਪਾੜ ਕੇ ਆਲੇ ਦੁਆਲੇ ਵੇਖਦੇ ਰਹਿੰਦੇ। ਕੋਲੰਬਸ ਨੇ ਇਹ ਵੀ ਐਲਾਨ ਕਰ ਰੱਖਿਆ ਸੀ ਕਿ ਜੋ ਵੀ ਕਿਧਰੇ ਨਵੀਂ ਧਰਤੀ ਬਾਰੇ ਪਹਿਲਾਂ ਦੱਸੂ, ਉਸ ਨੂੰ ਭਾਰੀ ਇਨਾਮ ਮਿਲੂ। ਮਹੀਨਾ ਭਰ ਗੁਜ਼ਰਨ ਬਾਅਦ ਉਨ੍ਹਾਂ ਨੂੰ ਅਚਾਨਕ ਸਮੁੰਦਰ ਵਿਚ ਪੱਤੇ, ਝਾੜੀਆਂ ਅਤੇ ਹੋਰ ਨਿਤ ਵਰਤਾ ਦੀਆਂ ਚੀਜ਼ਾਂ ਤਰਦੀਆਂ ਦਿਸਣ ਲੱਗੀਆਂ। ਸਭਨਾਂ ਨੇ ਸੋਚਿਆ ਕਿ ਇਹ ਕਿਸੇ ਨੇੜਲੀ ਧਰਤੀ ਦੀਆਂ ਨਿਸ਼ਾਨੀਆਂ ਹਨ। ਸਭ ਉਤਸ਼ਾਹਿਤ ਸਨ। ਫਿਰ ਇਕ ਅੱਧੀ ਰਾਤ ਪਿੱਛੋਂ ਰੋਡਰੀਗੋ ਨਾਂ ਦੇ ਇਕ ਕਾਮੇ ਨੇ ਚੰਦ ਦੀ ਰੋਸ਼ਨੀ ਵਿਚ ਦੂਰ ਕਿਤੇ ਧਰਤੀ ਚਮਕਦੀ ਵੇਖੀ। ਉਸ ਨੇ ਉਸੇ ਵੇਲੇ ਰੌਲਾ ਪਾ ਦਿੱਤਾ ਕਿ ਉਸ ਨੇ ਧਰਤੀ ਵੇਖ ਲਈ ਹੈ। ਸਭ ਉਤਸ਼ਾਹਿਤ ਹੋ ਕੇ ਉਸ ਵੱਲ ਨੂੰ ਭੱਜੇ। ਸਭ ਉਧਰ ਵੇਖਣ ਲੱਗੇ। ਦਿਨ ਚੜ੍ਹਦਾ ਗਿਆ ਤੇ ਧਰਤੀ ਸਾਫ ਦਿਸਣ ਲੱਗੀ। ਆਖਰ ਥੋੜ੍ਹੀ ਹੀ ਦੇਰ ਬਾਅਦ ਸਭਨਾਂ ਨੇ ਸਾਹਮਣੇ ਉਸ ਛੋਟੇ ਜਿਹੇ ਟਾਪੂ ਦੇ ਦਰਸ਼ਨ ਕੀਤੇ। ਬੇੜੇ ਉਧਰ ਨੂੰ ਮੋੜ ਦਿੱਤੇ ਗਏ। ਅੰਤ ਬੇੜੇ ਕੰਢੇ 'ਤੇ ਜਾ ਲੱਗੇ।

ਇਹ ਟਾਪੂ ਅੱਜ ਦਾ ਬਹਾਮਾਸ ਆਈਲੈਂਡ ਸੀ। ਉਂਜ ਇਹ ਇਨਾਮ ਰੋਡਰੀਗੋ ਨੂੰ ਨਹੀਂ ਸੀ ਮਿਲਿਆ ਕਿਉਂਕਿ ਕੋਲੰਬਸ ਨੇ ਕਿਹਾ ਕਿ ਇਹ ਧਰਤੀ ਉਸ ਨੇ ਪਿਛਲੇ ਦਿਨ ਹੀ ਵੇਖ ਲਈ ਸੀ। ਰੋਡਰੀਗੋ ਭਾਵੇਂ ਇਨਾਮ ਤੋਂ ਵਾਂਝਾ ਰਹਿ ਗਿਆ ਪਰ ਇਕ ਨਵੀਂ ਧਰਤੀ ਲੱਭ ਗਈ ਸੀ। ਵੈਸੇ ਕੋਲੰਬਸ ਨੇ ਆਪਣੇ ਹਿਸਾਬ ਜੋ ਦੂਰੀ ਇਸ ਸਫਰ ਦੀ ਕਿਆਸੀ ਸੀ, ਅਸਲ ਫਾਸਲਾ ਉਸ ਨਾਲੋਂ ਕਿਧਰੇ ਵਧੇਰੇ ਸੀ। ਬਹਾਮਾਸ ਤੱਕ ਪਹੁੰਚਣ ਤੀਕ ਉਸ ਨੇ ਸਾਰੇ ਸਫਰ ਦਾ ਅਜੇ ਮਸਾਂ ਚੌਥਾ ਹਿੱਸਾ ਹੀ ਪੂਰਾ ਕੀਤਾ ਸੀ। ਉਸ ਨੇ ਤਾਂ ਰਾਹ ਵਿਚ ਹੀ ਕਿਧਰੇ ਸਮੁੰਦਰ ਦੀ ਭੇਟ ਚੜ੍ਹ ਜਾਣਾ ਸੀ ਜੇ ਰਸਤੇ ਵਿਚ ਉਸ ਨੂੰ ਇਹ ਅਣਜਾਣ ਅਤੇ ਅਸਲੋਂ ਨਵੀਂ ਧਰਤੀ ਨਾ ਮਿਲਦੀ। ਆਖਰ ਬਾਰਾਂ ਅਕਤੂਬਰ 1492 ਦੇ ਦਿਨ ਕੋਲੰਬਸ ਨੇ ਬਹਾਮਾਸ ਟਾਪੂ 'ਤੇ ਸਪੇਨੀ ਝੰਡਾ ਗੱਡ ਦਿੱਤਾ।

ਜਿਉਂ ਹੀ ਇਹ ਲੋਕ ਬੇੜਿਆਂ ਤੋਂ ਉਤਰ ਕੇ ਬਾਹਰ ਆਏ ਤਾਂ ਮੁਕਾਮੀ ਲੋਕ ਹੈਰਾਨੀ ਭਰੀ ਖੁਸ਼ੀ ਨਾਲ ਇਨ੍ਹਾਂ ਨੂੰ ਮਿਲਣ ਭੱਜੇ। ਇਹ ਲੋਕ ਉਹ ਸਨ ਜਿਨ੍ਹਾਂ ਨੂੰ ਪਿੱਛੋਂ 'ਨੇਟਿਵਜ਼ ਦਾ ਇੰਡੀਅਨਜ਼' ਕਿਹਾ ਗਿਆ। ਇਹ ਲੋਕ ਕੋਲੰਬਸ ਦੇ ਗਰੁਪ ਲਈ ਖਾਣ ਪੀਣ ਦਾ ਸਾਮਾਨ ਅਤੇ ਹੋਰ ਚੀਜ਼ਾਂ ਵਸਤਾਂ ਲੈ ਕੇ ਆਏ। ਹੱਦੋਂ ਵੱਧ ਟਹਿਲ ਸੇਵਾ ਕੀਤੀ, ਕਿਉਂਕਿ ਕੋਲੰਬਸ ਦਾ ਗਰੁਪ ਉਨ੍ਹਾਂ ਲਈ ਇਕ ਅਜੂਬਾ ਹੀ ਸੀ। ਕੋਲੰਬਸ ਨੇ ਪਿੱਛੋਂ ਆਪਣੀ ਡਾਇਰੀ ਵਿਚ ਵੀ ਲਿਖਿਆ ਕਿ ਇਤਨੇ ਮਿਲਣਸਾਰ ਅਤੇ ਭਲੇ ਲੋਕ ਉਸ ਨੇ ਧਰਤੀ ਦੇ ਹੋਰ ਕਿਸੇ ਹਿੱਸੇ ਉਪਰ ਨਹੀਂ ਵੇਖੇ। ਜਦੋਂ ਕੋਲੰਬਸ ਨੇ ਉਨ੍ਹਾਂ ਦੇ ਕੰਨਾਂ ਵਿਚ ਸੋਨੇ ਦੀਆਂ ਛੋਟੀਆਂ ਛੋਟੀਆਂ ਮੁਰਕੀਆਂ ਪਾਈਆਂ ਵੇਖੀਆਂ ਤਾਂ ਉਹ ਮਨ ਹੀ ਮਨ ਬੜਾ ਖੁਸ਼ ਹੋਇਆ। ਉਸ ਨੇ ਸੋਚਿਆ ਕਿ ਹੋਰ ਭਾਵੇਂ ਕੁਝ ਵੀ ਨਾ ਹੋਵੇ ਪਰ ਉਸ ਨੂੰ ਇੱਥੇ ਸੋਨਾ ਜ਼ਰੂਰ ਮਿਲੇਗਾ। ਸੋ ਥੋੜ੍ਹਾ ਵਿਸ਼ਰਾਮ ਕਰਨ ਤੋਂ ਬਾਅਦ ਹੀ ਉਹ ਆਪਣੇ ਕੰਮ ਉਪਰ ਲੱਗ ਗਿਆ-ਕੰਮ ਸੀ ਸੋਨਾ ਇਕੱਠਾ ਕਰਨਾ।

ਉਸ ਵੇਲੇ ਤੱਕ ਇਨ੍ਹਾਂ ਮੁਕਾਮੀ ਇੰਡੀਅਨ ਲੋਕਾਂ ਨੇ ਅਜੇ ਤੱਕ ਲੋਹਾ ਵਰਤੋਂ ਵਿਚ ਲਿਆਉਣਾ ਵੀ ਸ਼ੁਰੂ ਨਹੀਂ ਸੀ ਕੀਤਾ ਅਤੇ ਕਿਸੇ ਖਾਣ 'ਚੋਂ ਸੋਨਾ ਕੱਢਣਾ ਤਾਂ ਦੂਰ ਦੀ ਗੱਲ ਸੀ। ਉਨ੍ਹਾਂ ਨੇ ਜੋ ਛੋਟੇ ਛੋਟੇ ਗਹਿਣੇ ਪਹਿਨ ਰੱਖੇ ਸਨ, ਉਹ ਸੋਨਾ ਉਨ੍ਹਾਂ ਸਮੁੰਦਰੀ ਤੱਟ 'ਤੋਂ ਕਿਣਕਿਆਂ ਦੇ ਰੂਪ ਵਿਚ ਇਕੱਠਾ ਕੀਤਾ ਹੋਇਆ ਸੀ। ਉਨ੍ਹਾਂ ਨੂੰ ਸੋਨੇ ਬਾਰੇ ਹੋਰ ਕੁਝ ਨਹੀਂ ਸੀ ਪਤਾ। ਕੋਲੰਬਸ ਨੇ ਉਨ੍ਹਾਂ ਤੋਂ ਬੜੀ ਡੂੰਘੀ ਪੁੱਛ ਪੜਤਾਲ ਕੀਤੀ ਕਿ ਉਹ ਉਸ ਨੂੰ ਸੋਨਾ ਮੁਹੱਈਆ ਕਰਵਾਉਣ। ਪਰ ਉਹ ਭੋਲੇ ਲੋਕ ਕੋਈ ਜਾਣਕਾਰੀ ਨਾ ਦੇ ਸਕੇ। ਅਖੀਰ ਕੋਲੰਬਸ ਸਖਤੀ 'ਤੇ ਆ ਗਿਆ। ਉਸ ਨੇ ਉਨ੍ਹਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਪਰ ਨਤੀਜਾ ਕੋਈ ਨਾ ਨਿਕਲਿਆ।

ਕੋਲੰਬਸ ਆਪਣੀ ਡਾਇਰੀ ਵਿਚ ਲਿਖਦਾ ਹੈ ਕਿ ਅਸੀਂ ਸਿਰਫ ਚਾਲੀ ਜਣਿਆਂ ਨੇ ਸਾਰੇ ਟਾਪੂ ਦੇ ਲੋਕਾਂ ਨੂੰ ਕੈਦੀ ਬਣਾ ਲਿਆ। ਇਹ ਇਸ ਕਰਕੇ ਵੀ ਹੋਇਆ ਕਿ ਉਦੋਂ ਤੱਕ ਮੁਕਾਮੀ ਲੋਕ ਸਿਰਫ ਲੱਕੜ ਦੇ ਹਥਿਆਰ ਵਰਤਦੇ ਸਨ। ਜਦੋਂ ਕਿ ਕੋਲੰਬਸ ਦੇ ਬੰਦਿਆਂ ਕੋਲ ਤਲਵਾਰਾਂ, ਭਾਲੇ ਵਗੈਰਾ ਸਨ। ਆਖਰ ਕੋਲੰਬਸ ਨੇ ਉਨ੍ਹਾਂ ਦੇ ਕੁਝ ਲੋਕ ਬੰਦੀ ਬਣਾ ਲਏ ਤੇ ਨਾਲ ਲੈ ਤੁਰਿਆ ਕਿ ਤੁਸੀਂ ਮੈਨੂੰ ਸੋਨੇ ਦੀਆਂ ਖਾਣਾ ਦੱਸੋ। ਇੱਥੋਂ ਚੱਲ ਕੇ ਉਹ ਅਗਲੇ ਟਾਪੂ (ਅੱਜ ਦਾ ਕਿਊਬਾ) 'ਤੇ ਪਹੁੰਚੇ। ਇਸ ਤੋਂ ਅਗਾਂਹ ਹਿਸਪੈਨਿਉਲਾ (ਅੱਜ ਦਾ ਹੇਸ਼ੀ ਅਤੇ ਡੋਮਿਨੀਕਨ ਰੀਪਬਲਿਕ) ਟਾਪੂ ਜਾ ਅੱਪੜੇ। ਇੱਥੋਂ ਦੇ ਲੋਕਾਂ ਦੇ ਕੰਨੀਂ ਵੀ ਉਸ ਨੇ ਸੋਨੇ ਦੀਆਂ ਮੁਰਕੀਆਂ ਪਾਈਆਂ ਵੇਖੀਆਂ ਤਾਂ ਉਸ ਨੂੰ ਹੋਰ ਯਕੀਨ ਹੋ ਗਿਆ ਕਿ ਇੱਥੇ ਬਹੁਤ ਵੱਡੇ ਸੋਨੇ ਦੇ ਭੰਡਾਰ ਹਨ। ਹਿਸਪੈਨਿਉਲਾ ਵਿਚ ਹੀ ਕੋਲੰਬਸ ਨੇ ਲੱਕੜੀ ਦਾ ਕਿਲਾ ਬਣਵਾਇਆ ਜਿਸ ਨੂੰ ਅਮਰੀਕਾ ਵਿਚ ਪਹਿਲਾ ਆਰਮੀ ਬੇਸ ਕਹਿ ਸਕਦੇ ਹਾਂ। ਇਸ ਦਾ ਨਾਂ ਉਸ ਨੇ ਨੈਵੀਦਾਦ ਯਾਨਿ ਕ੍ਰਿਸਮਸ ਰੱਖਿਆ। ਕਿਲੇ ਵਿਚ ਉਸ ਨੇ ਆਪਣੇ ਕਾਫੀ ਸਾਥੀ ਛੱਡ ਕੇ ਹੁਕਮ ਦਿੱਤਾ ਕਿ ਉਸ ਦੇ ਮੁੜਨ ਤੱਕ ਉਹ ਸੋਨਾ ਇਕੱਠਾ ਕਰਕੇ ਰੱਖਣ।

ਇੱਥੋਂ ਕੋਲੰਬਸ ਵਾਪਸ ਮੁੜਨ ਲਈ ਤਿਆਰ ਹੋ ਗਿਆ। ਉਸ ਨੇ ਆਪਣੇ ਬੇੜੇ, ਬੰਦੀ ਬਣਾਏ ਇੰਡੀਅਨ ਲੋਕਾਂ ਨਾਲ ਭਰ ਲਏ। ਉਸ ਨੇ ਇਨ੍ਹਾਂ ਨੂੰ ਨਾਲ ਇਸ ਕਰਕੇ ਲਿਆ ਸੀ ਕਿ ਵਾਪਸ ਸਪੇਨ ਜਾ ਕੇ ਇਨ੍ਹਾਂ ਨੂੰ ਗੁਲਾਮਾਂ ਦੀ ਮੰਡੀ ਵਿਚ ਵੇਚ ਕੇ ਪੈਸੇ ਕਮਾਏਗਾ ਪਰ ਜਦੋਂ ਤੱਕ ਉਹ ਸਪੇਨ ਪਹੁੰਚਿਆ, ਇਨ੍ਹਾਂ 'ਚੋਂ ਬਹੁਤੇ ਬਦਲੇ ਮੌਸਮ ਅਤੇ ਜ਼ਿਆਦਾ ਠੰਡ ਕਰਕੇ ਮਰ ਗਏ।

> ***ਕੋਲੰਬਸ ਆਪਣੀ ਡਾਇਰੀ ਵਿਚ ਲਿਖਦਾ ਹੈ ਕਿ ਅਸੀਂ ਸਿਰਫ ਚਾਲੀ ਜਣਿਆਂ ਨੇ ਸਾਰੇ ਟਾਪੂ ਦੇ ਲੋਕਾਂ ਨੂੰ ਕੈਦੀ ਬਣਾ ਲਿਆ। ਇਹ ਇਸ ਕਰਕੇ ਵੀ ਹੋਇਆ ਕਿ ਉਦੋਂ ਤੱਕ ਮੁਕਾਮੀ ਲੋਕ ਸਿਰਫ ਲੱਕੜ ਦੇ ਹਥਿਆਰ ਵਰਤਦੇ ਸਨ। ਜਦੋਂ ਕਿ ਕੋਲੰਬਸ ਦੇ ਬੰਦਿਆਂ ਕੋਲ ਤਲਵਾਰਾਂ, ਭਾਲੇ ਵਗੈਰਾ ਸਨ। ਆਖਰ ਕੋਲੰਬਸ ਨੇ ਉਨ੍ਹਾਂ ਦੇ ਕੁਝ ਲੋਕ ਬੰਦੀ ਬਣਾ ਲਏ ਤੇ ਨਾਲ ਲੈ ਤੁਰਿਆ ਕਿ ਤੁਸੀਂ ਮੈਨੂੰ ਸੋਨੇ ਦੀਆਂ ਖਾਣਾ ਦੱਸੋ। ਇੱਥੋਂ ਚੱਲ ਕੇ ਉਹ ਅਗਲੇ ਟਾਪੂ (ਅੱਜ ਦਾ ਕਿਊਬਾ) 'ਤੇ ਪਹੁੰਚੇ।***

ਸਪੇਨ ਪਹੁੰਚ ਕੇ ਕੋਲੰਬਸ ਨੇ ਰਾਜੇ ਸਾਹਮਣੇ ਆਪਣਾ ਸਫਰ ਬਿਆਨ ਕੀਤਾ। ਉਸ ਨੇ ਕਿਹਾ ਕਿ ਉਹ ਇਸ ਰਸਤੇ ਏਸ਼ੀਆ ਪਹੁੰਚ ਗਿਆ ਸੀ। ਉਂਜ ਉਹ ਜਾਣਦਾ ਸੀ ਕਿ ਇਹ ਸੱਚ ਨਹੀਂ। ਉਸ ਨੇ ਕਿਊਬਾ ਨੂੰ ਏਸ਼ੀਆ ਦੱਸਿਆ ਅਤੇ ਹਿਸਪੈਨਿਉਲਾ ਨੂੰ ਚੀਨ ਦਰਸਾਇਆ। ਉਸ ਨੇ ਇਨ੍ਹਾਂ ਦੋਨਾਂ ਬਾਰੇ ਬੜਾ ਵਧਾ ਚੜ੍ਹਾ ਕੇ ਬਿਆਨਬਾਜ਼ੀ ਕੀਤੀ। ਉਸ ਦੇ ਦੱਸਣ ਅਨੁਸਾਰ ਇੱਥੇ ਸੋਨੇ ਦੀਆਂ ਬਹੁਤ ਵੱਡੀਆਂ ਖਾਣਾਂ ਅਤੇ ਮਸਾਲਿਆਂ ਦੇ ਭੰਡਾਰ ਹਨ। ਇਸ ਤਰ੍ਹਾਂ ਦੀ ਵਧਾ ਚੜ੍ਹਾ ਕੇ ਬਿਆਨਬਾਜੀ ਕਰਨ ਦਾ ਉਸ ਦਾ ਮੰਤਵ ਅਗਲੇ ਸਫਰ ਲਈ ਸਰਕਾਰੀ ਸਹਾਇਤਾ ਪ੍ਰਾਪਤ ਕਰਨਾ ਸੀ। ਉਸ ਨੇ ਕਿਹਾ ਕਿ ਜੇ ਉਸ ਦੇ ਅਗਲੇ ਸਫਰ ਦਾ ਪ੍ਰਬੰਧ ਕੀਤਾ ਜਾਵੇ ਤਾਂ ਉਹ ਅਗਲੀ ਵਾਰ ਸੋਨੇ ਦੇ ਭੰਡਾਰ ਲੱਦ ਕੇ ਲਿਆਵੇਗਾ। ਇੰਨਾ ਹੀ ਨਹੀਂ ਸਗੋਂ ਉਹ ਹਜ਼ਾਰਾਂ ਦੀ ਗਿਣਤੀ ਵਿਚ ਗੁਲਾਮ ਵੀ ਲਿਆਵੇਗਾ।



ਆਖਰ ਰਾਜਾ ਤੇ ਰਾਣੀ ਉਸ ਦੀਆਂ ਗੱਲਾਂ ਨਾਲ ਸਹਿਮਤ ਹੋ ਗਏ ਅਤੇ ਉਸ ਦੇ ਦੂਜੇ ਸਫਰ ਦੀ ਮਨਜ਼ੂਰੀ ਦੇ ਦਿੱਤੀ। ਇਸ ਵਾਰ ਉਸ ਨੂੰ ਸਤਾਰਾਂ ਵੱਡੇ ਬੇੜੇ ਅਤੇ ਕਰੀਬ ਬਾਰਾਂ ਸੌ ਬੰਦੇ ਦਿੱਤੇ ਗਏ। ਇਹ ਸਭ ਕੁਝ ਮਿਲਣ ਪਿਛੋਂ ਕੋਲੰਬਸ ਵਾਪਸ ਹਿਸਪੈਨਿਉਲਾ ਪਹੁੰਚ ਗਿਆ। ਇਸ ਵਾਰ ਉਨ੍ਹਾਂ ਆਉਂਦਿਆਂ ਹੀ ਤਬਾਹੀ ਮਚਾ ਦਿੱਤੀ। ਮੁੱਖ ਮੰਤਵ ਸੀ ਕਿ ਜਿੰਨੀ ਜ਼ਿਆਦਾ ਇਨ੍ਹਾਂ ਲੋਕਾਂ ਦੀ ਕੁੱਟਮਾਰ ਹੋਵੇਗੀ, ਉਨੇ ਹੀ ਵੱਧ ਸੋਨੇ ਬਾਰੇ ਪਤਾ ਲੱਗਣ ਦੇ ਮੌਕੇ ਬਣਨਗੇ। ਉਹ ਜਦੋਂ ਇਕ ਟਾਪੂ ਤੋਂ ਦੂਜੇ ਟਾਪੂ ਘੁੰਮਣ ਲੱਗੇ ਤਾਂ ਉਨ੍ਹਾਂ ਨੂੰ ਪਿੰਡਾਂ ਦੇ ਪਿੰਡ ਖਾਲੀ ਮਿਲੇ। ਕਿਉਂਕਿ ਉਨ੍ਹਾਂ ਦਾ ਮੰਤਵ ਸਮਝਦਿਆਂ ਮੁਕਾਮੀ ਇੰਡੀਅਨ ਲੋਕ ਜੰਗਲਾਂ ਵਿਚ ਜਾ ਲੁਕੇ ਸਨ। ਕੋਲੰਬਸ ਪਿਛਲੀ ਵਾਰ ਬਣਾਏ ਕਿਲੇ ਵਿਚ ਗਿਆ ਤਾਂ ਉਸ ਨੇ ਵੇਖਿਆ ਕਿ ਕਿਲਾ ਖਾਲੀ ਸੀ ਤੇ ਉਸ ਦੇ ਸਾਰੇ ਬੰਦੇ ਇੰਡੀਅਨਾਂ ਨੇ ਮਾਰ ਮੁਕਾਏ ਸਨ। ਕਿਉਂਕਿ ਉਸ ਦੇ ਬੰਦਿਆਂ ਨੇ ਇੰਡੀਅਨਾਂ ਉਪਰ ਹੱਦੋਂ ਵੱਧ ਜ਼ੁਲਮ ਕੀਤੇ ਸਨ। ਇਸ ਵਾਰ ਉਸ ਨੇ ਹੇਸ਼ੀ ਨੂੰ ਆਪਣਾ ਅੱਡਾ ਬਣਾਇਆ ਅਤੇ ਉਥੋਂ ਵੱਖੋ ਵੱਖਰੇ ਟਾਪੂਆਂ 'ਤੇ ਸੋਨੇ ਦੀ ਭਾਲ 'ਚ ਗਿਆ। ਪਰ ਉਸ ਨੂੰ ਕਿਧਰੇ ਵੀ ਸੋਨਾ ਨਾ ਮਿਲਿਆ। ਉਹ ਪਰੇਸ਼ਾਨ ਹੋ ਉਠਿਆ ਕਿ ਬਿਨਾ ਸੋਨੇ ਦੇ ਭੰਡਾਰ ਲਿਜਾਇਆਂ, ਉਹ ਰਾਜੇ ਸਾਹਮਣੇ ਜਾ ਕੇ ਕੀ ਜੁਆਬ ਦੇਵੇਗਾ।

ਸੋ ਉਸ ਨੇ ਸੋਚਿਆ ਕਿ ਹੋਰ ਨਾ ਸਹੀ ਪਰ ਗੁਲਾਮ ਤਾਂ ਵੱਧ ਤੋਂ ਵੱਧ ਲੈ ਜਾਵਾਂ। ਇਸ ਮੰਤਵ ਨਾਲ ਉਸ ਨੇ ਇਕ ਵੱਡਾ ਹਮਲਾ ਬੋਲ ਕੇ ਦੋ ਹਜ਼ਾਰ ਦੇ ਲੱਗਭੱਗ ਬੱਚੇ, ਔਰਤਾਂ ਤੇ ਮਰਦ ਫੜ੍ਹ ਲਏ। ਫਿਰ ਇਨ੍ਹਾਂ 'ਚੋਂ ਛਾਂਟ ਕੇ ਪੰਜ ਸੌ ਦਾ ਗਰੁਪ ਤਿਆਰ ਕੀਤਾ ਤੇ ਇਨ੍ਹਾਂ ਨੂੰ ਬੰਦੀ ਬਣਾ ਕੇ ਜਹਾਜਾਂ ਵਿਚ ਚੜ੍ਹਾ ਗੁਲਾਮਾਂ ਵਜੋਂ ਸਪੇਨ ਤੋਰ ਦਿੱਤਾ। ਆਪ ਪਿੱਛੇ ਰਹਿੰਦਿਆਂ ਹੋਰ ਗੁਲਾਮ ਇਕੱਠੇ ਕਰਨ ਅਤੇ ਸੋਨਾ ਲੱਭਣ ਦਾ ਕੰਮ ਕਰਦਾ ਰਿਹਾ। ਜਿਹੜੇ ਲੋਕਾਂ ਨੂੰ ਉਹ ਗੁਲਾਮਾਂ ਦੇ ਤੌਰ 'ਤੇ ਕੈਦ ਕਰਦਾ ਸੀ, ਉਨ੍ਹਾਂ 'ਚੋਂ ਬਹੁਤੇ ਤਸ਼ੱਦਦ ਨਾ ਸਹਾਰਦਿਆਂ ਮਰ ਜਾਂਦੇ ਤੇ ਸੋਨਾ ਲੱਭਦਾ ਕੋਈ ਨਹੀਂ ਸੀ।

ਉਧਰ ਸਪੇਨ ਵੱਲ ਤੋਰੇ ਗੁਲਾਮਾਂ 'ਚੋਂ ਅੱਧਿਓਂ ਵੱਧ ਤਾਂ ਰਾਹ ਵਿਚ ਹੀ ਮਰ ਖਪ ਗਏ। ਬਾਕੀ ਬਚਦੇ ਸਪੇਨ ਵਿਚ ਵੇਚ ਦਿੱਤੇ ਗਏ। ਉਂਜ ਆਪਣੇ ਸਾਰੇ ਕੰਮ ਨੂੰ ਕੋਲੰਬਸ ਬੜੇ ਵਾਜਬ ਢੰਗ ਨਾਲ ਸਹੀ ਠਹਿਰਾਉਂਦਿਆਂ ਕਹਿੰਦਾ ਕਿ ਮੈਂ ਜੋ ਵੀ ਕਰ ਰਿਹਾ ਹਾਂ ਇਹ ਸਭ ਰੱਬ ਦੀ ਖਿਦਮਤ ਲਈ ਕਰ ਰਿਹਾ ਹਾਂ। ਕੋਲੰਬਸ ਨੂੰ ਸੋਨੇ ਦਾ ਨਾ ਮਿਲਣਾ ਪ੍ਰੇਸ਼ਾਨ ਕਰ ਰਿਹਾ ਸੀ। ਅਜੇ ਵੀ ਉਸ ਨੂੰ ਪੂਰਾ ਯਕੀਨ ਸੀ ਕਿ ਹੇਸ਼ੀ ਵਿਚ ਜ਼ਰੂਰ ਸੋਨੇ ਦੇ ਭੰਡਾਰ ਹਨ। ਹੁਣ ਤੱਕ ਇੱਥੇ ਉਸ ਦਾ ਦਬਦਬਾ ਜਾਂ ਕਹਿ ਲਉ ਰਾਜ ਕਾਇਮ ਹੋ ਚੁਕਾ ਸੀ।

ਆਖਰ ਉਸ ਨੇ ਚੌਦਾਂ ਸਾਲ ਤੋਂ ਉਪਰ ਦੀ ਉਮਰ ਦੇ ਸਭ ਲੋਕਾਂ ਨੂੰ ਇਕੱਠੇ ਕਰਕੇ ਸੋਨਾ ਲੱਭਣ ਦਾ ਕੰਮ ਸੌਂਪ ਦਿੱਤਾ। ਪਹਾੜ ਖੋਦ ਕੇ ਵੱਡੇ ਪੱਧਰ 'ਤੇ ਸੋਨੇ ਦੀ ਭਾਲ ਸ਼ੁਰੂ ਹੋ ਗਈ। ਉਸ ਨੇ ਸਭ ਇੰਡੀਅਨ ਲੋਕਾਂ ਦੇ ਗਲਾਂ ਵਿਚ ਟੈਗ ਪਾ ਦਿੱਤੇ ਤਾਂ ਕਿ ਕੋਈ ਬਿਨਾ ਕੰਮ ਤੋਂ ਨਾ ਰਹੇ। ਨਾਲ ਹੀ ਇਹ ਵੀ ਕਿ ਜੇ ਕੋਈ ਬਿਨਾ ਟੈਗ ਤੋਂ ਮਿਲਦਾ ਤਾਂ ਉਸ ਨੂੰ ਥਾਂ 'ਤੇ ਹੀ ਮਾਰ ਮੁਕਾ ਦਿੱਤਾ ਜਾਂਦਾ। ਜੋ ਘੱਟ ਕੰਮ ਕਰਦਾ, ਉਸ ਦੇ ਹੱਥ ਕੱਟ ਦਿੱਤੇ ਜਾਂਦੇ। ਖਾਣਾਂ ਵਿਚ ਕੰਮ ਕਰਦੇ ਭੁੱਖੇ ਤਿਹਾਏ ਲੋਕ ਵੱਡੀ ਗਿਣਤੀ ਵਿਚ ਮਰ ਰਹੇ ਸਨ। ਇਸ ਤੋਂ ਬਿਨਾ ਹੋਰਨਾਂ ਕੰਮਾਂ ਲਈ ਇੰਡੀਅਨ ਲੋਕਾਂ ਨੂੰ ਬੰਦੀ ਬਣਾਇਆ ਹੋਇਆ ਸੀ। ਉਨ੍ਹਾਂ ਨੂੰ ਪਸ਼ੂਆਂ ਦੀ ਤਰ੍ਹਾਂ ਸੰਗਲ ਪਾ ਕੇ ਰੱਖਿਆ ਜਾਂਦਾ। ਉਨ੍ਹਾਂ ਨੂੰ ਗੱਡਿਆਂ ਅੱਗੇ ਜੋਤਿਆ ਜਾਂਦਾ। ਢੋਅ-ਢੁਆਈ ਲਈ ਉਨ੍ਹਾਂ ਨੂੰ ਗਧਿਆਂ ਵਾਂਗ ਵਰਤਿਆ ਜਾਂਦਾ। ਜ਼ੁਲਮਾਂ ਦੀ ਹੱਦ ਹੋ ਚੁਕੀ ਸੀ। ਇੰਡੀਅਨਾਂ ਦੀ ਆਬਾਦੀ ਲਗਾਤਾਰ ਘਟਦੀ ਜਾ ਰਹੀ ਸੀ।

ਵਿਚਾਰੇ ਇੰਡੀਅਨ ਲੋਕਾਂ ਨੂੰ ਬੜੇ ਔਖੇ ਕੰਮ 'ਤੇ ਲਾ ਦਿੱਤਾ ਗਿਆ। ਸੋਨਾ ਲੱਭਦਾ ਨਹੀਂ ਸੀ ਤੇ ਉਨ੍ਹਾਂ ਦੀ ਜਾਨ ਛੁੱਟਦੀ ਨਹੀਂ ਸੀ। ਜੇ ਕੋਈ ਭੱਜਣ ਦੀ ਕੋਸ਼ਿਸ਼ ਕਰਦਾ ਤਾਂ ਮਾਰ ਮੁਕਾ ਦਿੱਤਾ ਜਾਂਦਾ। ਜੇ ਕੋਈ ਸੁਆਲ ਕਰਦਾ ਤਾਂ ਖਤਮ ਕਰ ਦਿੱਤਾ ਜਾਂਦਾ। ਚੰਗੀ ਭਲੀ ਆਜ਼ਾਦ ਜ਼ਿੰਦਗੀ ਜਿਉਂ ਰਹੇ ਭਲੇ ਲੋਕਾਂ ਨੂੰ ਕੋਲੰਬਸ ਨੇ ਆ ਕੇ ਪਸ਼ੂਆਂ ਵਰਗੇ ਬਣਾ ਦਿੱਤਾ। ਇੰਡੀਅਨ ਲੋਕਾਂ ਨੇ ਇਕੱਠੇ ਹੋ ਕੇ ਲੜਨ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਪਰ ਉਨ੍ਹਾਂ ਦੇ ਮੁਕਾਬਲੇ ਸਪੇਨੀ ਸਿਪਾਹੀ ਮਜ਼ਬੂਤ ਹਥਿਆਰਾਂ ਨਾਲ ਲੈਸ ਸਨ। ਜਦੋਂ ਹੀ ਕਿਤੇ ਵਿਦਰੋਹ ਹੁੰਦਾ ਤਾਂ ਸਪੇਨੀ ਸਿਪਾਹੀ ਹਜ਼ਾਰਾਂ ਇੰਡੀਅਨ ਲੋਕਾਂ ਨੂੰ ਮਾਰ ਮੁਕਾਉਂਦੇ। ਕੋਈ ਵਾਹ ਨਾ ਜਾਂਦੀ ਵੇਖ ਉਨ੍ਹਾਂ ਨੇ ਖੁਦਕੁਸ਼ੀਆਂ ਸ਼ੁਰੂ ਕਰ ਦਿੱਤੀਆਂ। ਇਕ ਵਾਰ ਇਹ ਕੰਮ ਸ਼ੁਰੂ ਹੋਇਆ ਤਾਂ ਇੰਡੀਅਨ ਲੋਕ ਵੱਡੀ ਗਿਣਤੀ ਵਿਚ ਮਰਨ ਲੱਗੇ।

ਹਾਲ ਇਹ ਹੋ ਗਿਆ ਕਿ ਕੁਝ ਕੁ ਸਾਲਾਂ ਵਿਚ ਹੀ ਕੋਲੰਬਸ ਦੇ ਸਪੇਨੀ ਸਿਪਾਹੀਆਂ ਦੇ ਜ਼ੁਲਮ, ਵਿਦਰੋਹ ਅਤੇ ਖੁਦਕੁਸ਼ੀਆਂ ਕਰਕੇ ਲੱਗਭੱਗ ਢਾਈ ਲੱਖ ਇੰਡੀਅਨ ਲੋਕ ਖਤਮ ਹੋ ਗਏ। ਇੰਡੀਅਨ ਲੋਕਾਂ ਦੀ ਆਬਾਦੀ ਦਿਨੋ ਦਿਨ ਘੱਟਦੀ ਗਈ ਕਿਉਂਕਿ ਬਹੁਤੇ ਅੱਤਿਆਚਾਰਾਂ ਵਿਚ ਮਾਰੇ ਜਾਂਦੇ ਸਨ ਅਤੇ ਹਜ਼ਾਰਾਂ ਨੂੰ ਬੇੜਿਆਂ ਵਿਚ ਭਰ ਕੇ ਗੁਲਾਮਾਂ ਦੀ ਮੰਡੀ ਵਿਚ ਲਿਜਾ ਕੇ ਵੇਚ ਦਿੱਤਾ ਜਾਂਦਾ ਸੀ।

ਕੋਲੰਬਸ ਤੋਂ ਬਾਅਦ ਜਿਹੜਾ ਸਪੇਨੀ ਰਾਜਾਸ਼ਾਹੀ ਦਾ ਬੰਦਾ ਇੱਧਰ ਆਇਆ, ਉਸ ਦਾ ਨਾਂ ਸੀ ਵਾਰਤੋਲੋਮੇ ਦਾ ਲਾਸ ਕਾਸਸ। ਉਹ ਇੱਕ ਧਾਰਮਿਕ ਵਿਅਕਤੀ ਸੀ ਅਤੇ ਉਸ ਨੇ ਸਪੇਨ ਦੀ ਹਕੂਮਤ ਇੱਧਰ ਅਮਰੀਕਾ ਵੱਲ ਵਧਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ। ਇਸੇ ਤੋਂ ਖੁਸ਼ ਹੋ ਕੇ ਸਪੇਨ ਸਰਕਾਰ ਨੇ ਉਸ ਨੂੰ ਕਿਊਬਾ ਟਾਪੂ ਉਪਰ ਹਜ਼ਾਰਾਂ ਏਕੜ ਜਮੀਨ ਦਿੱਤੀ। ਇੱਥੇ ਉਸ ਨੇ ਹਜ਼ਾਰਾਂ ਇੰਡੀਅਨ ਲੋਕਾਂ ਨੂੰ ਬੰਦੀ ਬਣਾ ਕੇ ਖੇਤੀ ਦੇ ਕੰਮ ਲਾਇਆ। ਪਰ ਕੁਝ ਹੀ ਦੇਰ ਪਿੱਛੋਂ ਉਸ ਅੰਦਰ ਮਨੁੱਖਤਾ ਜਾਗ ਉਠੀ ਤੇ ਉਹ ਇੰਡੀਅਨ ਲੋਕਾਂ ਦੇ ਹੱਕਾਂ ਲਈ ਲੜਨ ਲੱਗ ਪਿਆ। ਆਖਰ ਉਹ ਇਕ ਸਮਾਜ ਸੇਵੀ ਹੋ ਨਿਬੜਿਆ। ਉਸ ਨੇ ਵਾਪਸ ਜਾ ਕੇ ਜਿੰਨਾ ਕੁ ਹੋ ਸਕਦਾ ਸੀ, ਇੰਡੀਅਨ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ। ਕੋਲੰਬਸ ਨੇ ਜੋ ਸਾਲਾਂ ਤੱਕ ਇੰਡੀਅਨ ਲੋਕਾਂ ਉਪਰ ਜ਼ੁਲਮ ਕੀਤੇ, ਉਨ੍ਹਾਂ ਦੀ ਸਹੀ ਤਸਵੀਰ ਵਾਰਤੋਲੋਮੇ ਨੇ ਹੀ ਪੇਸ਼ ਕੀਤੀ। ਨਹੀਂ ਤਾਂ ਲੱਖਾਂ ਮਾਸੂਮ ਲੋਕਾਂ ਦੇ ਕਤਲ ਵਕਤ ਦੀ ਧੂੜ ਵਿਚ ਦੀ ਦਬ ਜਾਣੇ ਸਨ।

ਕੋਲੰਬਸ ਨੂੰ ਅੱਜ ਇੱਕ ਹੀਰੋ ਜਾ ਦਰਜਾ ਦਿੱਤਾ ਜਾਂਦਾ ਹੈ। ਉਸ ਦੇ ਨਾਂ 'ਤੇ ਛੁੱਟੀ ਹੁੰਦੀ ਹੈ ਅਤੇ ਕੋਲੰਬਸ ਡੇ ਦੁਨੀਆਂ ਦੇ ਬਹੁਤ ਸਾਰੇ ਹਿੱਸੇ ਵਿਚ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਪਰ ਸਾਨੂੰ ਉਨ੍ਹਾਂ ਲੋਕਾਂ ਨੂੰ ਵੀ ਯਾਦ ਕਰਨਾ ਚਾਹੀਦਾ ਹੈ ਜੋ ਇਸ 'ਮਹਾਨ ਹੀਰੋ' ਦੇ ਜ਼ੁਲਮਾਂ ਦਾ ਸ਼ਿਕਾਰ ਹੋਏ। ਜਿਨ੍ਹਾਂ ਦੀ ਇਹ ਧਰਤੀ ਸੀ, ਜਿਨ੍ਹਾਂ ਨੇ ਇਸ ਦੀ ਤਰੱਕੀ ਲਈ ਖੂਨ ਪਸੀਨਾ ਇਕ ਕੀਤਾ। ਜੇ ਉਨ੍ਹਾਂ ਇੰਡੀਅਨ ਲੋਕਾਂ ਦੀ ਹਿਸਟਰੀ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਉਹ ਬੜੇ ਭੋਲੇ ਭਾਲੇ, ਇਕ ਦੂਜੇ ਦੇ ਮਦਦਗਾਰ, ਸਾਂਝੇ ਭਾਈਚਾਰੇ ਵਿਚ ਰਹਿਣ ਵਾਲੇ ਅਤੇ ਮਹਾਨ ਪ੍ਰਾਹੁਣਚਾਰੀ ਵਾਲੇ ਲੋਕ ਸਨ। ਉਨ੍ਹਾਂ ਨੇ ਨਵੇਂ ਆਏ ਕੋਲੰਬਸ ਨੂੰ ਉਥੋਂ ਖਦੇੜਨ ਦੀ ਥਾਂ ਉਸ ਦਾ ਸੁਆਗਤ ਕੀਤਾ। ਉਸ ਨੂੰ ਭੋਜਨ ਤੇ ਰੈਣ ਬਸੇਰਾ ਦਿੱਤਾ। ਉਨ੍ਹਾਂ ਨੇ ਕੋਲੰਬਸ ਨੂੰ ਆਪਣੇ ਲਈ ਖਤਰਾ ਨਹੀਂ ਮੰਨਿਆ ਕਿਉਂਕਿ ਇਹ ਉਨ੍ਹਾਂ ਦਾ ਸੁਭਾਅ ਹੀ ਨਹੀਂ ਸੀ। ਸੋ ਜੇ ਕੋਲੰਬਸ ਚਾਹੁੰਦਾ ਤਾਂ ਉਨ੍ਹਾਂ ਦੇ ਨਾਲ ਮਿਲ ਕੇ ਜਾਂ ਉਨ੍ਹਾਂ ਦੇ ਸਹਿਯੋਗ ਨਾਲ ਉਹ ਇੱਥੇ ਕੁਝ ਵੀ ਕਰ ਸਕਦਾ ਸੀ। ਪਰ ਉਹ ਤਾਂ ਇਕ ਰਾਜਸ਼ਾਹੀ ਦਾ ਅਮੀਰ ਨੁਮਾਇੰਦਾ ਸੀ ਜਿਸ ਲਈ ਪਰਜਾ ਕੋਈ ਮਾਇਨੇ ਨਹੀਂ ਸੀ ਰੱਖਦੀ। ਉਸ ਦੁਆਰਾ ਇੰਡੀਅਨ ਲੋਕਾਂ 'ਤੇ ਕੀਤੇ ਜ਼ੁਲਮਾਂ ਨੂੰ ਮਹਾਨ ਨਸਲਕੁਸ਼ੀ ਮੰਨਿਆ ਜਾਂਦਾ ਹੈ। ਕੋਲੰਬਸ ਵਲੋਂ ਇੰਡੀਅਨ ਲੋਕਾਂ ਦਾ ਘਾਣ ਜਾਰੀ ਰਿਹਾ ਅਤੇ ਅਖੀਰ ਜੋ ਉਨ੍ਹਾਂ ਦਾ ਹਸ਼ਰ ਹੋਇਆ, ਉਹ ਸਾਡੇ ਸਾਹਮਣੇ ਹੈ। ਉਹ ਆਪਣੇ ਹੀ ਘਰ ਵਿਚ ਪਰਾਏ ਬਣ ਕੇ ਰਹਿ ਗਏ।




*ਕ੍ਰਿਸਟੋਫਰ ਕੋਲੰਬਸ*

**ਦੀਨਾ ਨਾਥ ਮਲਹੋਤਰਾ ਦਾ ਇਹ ਲੇਖ 1947 ਵਾਲੀ ਵੰਡ ਤੋਂ ਪਹਿਲਾਂ ਦਾ ਹਾਲ ਬਿਆਨ ਕਰਦਾ ਹੈ। ਲਿਖਾਰੀ ਨੇ ਬਾਅਦ ਵਿਚ ਭਾਰਤ ਵਿਚ ਕਿਤਾਬਾਂ ਦੇ ਪੇਪਰਬੈਕ ਐਡੀਸ਼ਨਾਂ ਦੇ ਖੇਤਰ ਵਿਚ ਬੜਾ ਵੱਡਾ ਯੋਗਦਾਨ ਪਾਇਆ। ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਭਾਰਤ ਵਿਚ ਪੇਪਰਬੈਕ ਕਿਤਾਬਾਂ ਦਾ ਮੋਢੀ ਹੀ ਮੰਨਿਆ ਜਾਂਦਾ ਹੈ। ਇਸ ਲੇਖ ਵਿਚ ਉਨ੍ਹਾਂ ਪਿੰਡ ਦੀਆਂ ਗੱਲਾਂ ਬੜੇ ਚਾਅ ਨਾਲ ਸੁਣਾਈਆਂ ਹਨ। ਇਸ ਦਾ ਅੰਗਰੇਜ਼ੀ ਤੋਂ ਅਨੁਵਾਦ ਐਸ. ਬਲਵੰਤ ਨੇ ਕੀਤਾ ਹੈ। -ਸੰਪਾਦਕ**

# ਸਤਘਰਾ

## ਪੰਜਾਬ ਦੇ ਪੇਂਡੂ ਖਿੱਤੇ ਦੀ ਪਛਾਣ





ਦੀਨਾ ਨਾਥ ਮਲਹੋਤਰਾ

ਲਾਹੌਰ ਤੋਂ ਬਾਹਰ ਮੈਂ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਆਪਣੇ ਨਾਨਕੇ ਪਿੰਡ ਜਾਂਦਾ ਸੀ। ਇਹ ਚੰਗਾ ਮੌਕਾ ਸੀ ਜਿਸ ਨਾਲ ਮੈਂ ਪੰਜਾਬ ਦੇ ਪੇਂਡੂ ਇਲਾਕਿਆਂ ਤੋਂ ਵੀ ਵਾਕਫ਼ ਹੋ ਸਕਿਆ ਜੋ ਹਾਲ ਤੱਕ ਮੇਰੀਆਂ ਯਾਦਾਂ ਵਿਚ ਦਰਜ ਹਨ। ਪਿੰਡਾਂ ਦੇ ਲੋਕਾਂ ਦਾ ਵਿਹਾਰ, ਮੇਲ-ਮਿਲਾਪ, ਅਪਣੱਤ, ਸ਼ਹਿਰ ਦੇ ਲੋਕਾਂ ਨਾਲੋਂ ਕਾਫੀ ਅਲੱਗ ਹੁੰਦੀ ਸੀ। ਉਨ੍ਹਾਂ ਦਾ ਆਪਣਾ ਹੀ ਸਭਿਆਚਾਰ ਸੀ। ਆਪਣੀ ਹੀ ਪਹੁੰਚ ਹੁੰਦੀ। ਸ਼ਹਿਰ ਤੋਂ ਬਹੁਤ ਅਲੱਗ। ਮੇਰਾ ਨਾਨਕਾ ਪਿੰਡ ਪੱਛਮੀ ਪੰਜਾਬ ਦੇ ਜ਼ਿਲ੍ਹਾ ਮਿੰਟਗੁਮਰੀ ਦੇ ਪਿੰਡ ਸਤਘਰਾ ਨਾਂ ਨਾਲ ਜਾਣਿਆ ਜਾਂਦਾ ਸੀ। ਉਥੇ ਜਾਣ ਲਈ ਸਾਨੂੰ ਰਿਨਾਲਾ ਖੁਰਦ ਦੇ ਛੋਟੇ ਜਿਹੇ ਰੇਲਵੇ ਸਟੇਸ਼ਨ 'ਤੇ ਉਤਰਨਾ ਪੈਂਦਾ, ਜਿਥੇ ਗੱਡੀ ਸਿਰਫ ਤਿੰਨ ਮਿੰਟ ਹੀ ਖੜ੍ਹਦੀ ਸੀ। ਤੇਜ਼ ਚੱਲਣ ਵਾਲੀ ਗੱਡੀ ਕਰਾਚੀ ਮੇਲ ਅੱਗੇ ਚੱਲ ਕੇ ਸਿੱਧੀ ਔਕਾੜਾ ਸਟੇਸ਼ਨ 'ਤੇ ਰੁਕਦੀ ਸੀ, ਜਿਥੋਂ ਸਤਘਰਾ ਦੂਰ ਪੈਂਦਾ ਸੀ। ਇਹ ਗੱਡੀ ਅੱਗੇ ਮਿੰਟਗੁਮਰੀ, ਮੁਲਤਾਨ, ਖਾਨੇਵਾਲ ਜਾਂਦੇ ਹੋਏ ਕਰਾਚੀ ਪਹੁੰਚਦੀ ਸੀ। ਇਹ ਪੰਜਾਬ ਦੀਆਂ ਮੁੱਖ ਗੱਡੀਆਂ ਵਿਚੋਂ ਸੀ।

ਅਸੀਂ ਉਥੋਂ ਹੀ ਯੱਕੇ ਜਾਂ ਟਮਟਮ ਉਪਰ ਬੈਠ ਪੌਣੇ ਘੰਟੇ ਵਿਚ ਸਤਘਰਾ ਪਹੁੰਚ ਜਾਂਦੇ ਸਾਂ। ਭਿਅੰਕਰ ਗਰਮੀ ਹੋਣ ਕਾਰਨ ਯੱਕੇ ਵਾਲਾ ਰਾਹ ਵਿਚ ਪੈਂਦੀ ਨਹਿਰ 'ਤੇ ਯੱਕਾ ਰੋਕਦਾ ਤੇ ਨਹਿਰ ਵਿਚੋਂ ਪਾਣੀ ਦੀ ਬਾਲਟੀ ਭਰ ਕੇ ਯੱਕੇ ਦੇ ਪਹੀਆਂ ਦੇ ਲੋਹੇ 'ਤੇ ਡੋਲ੍ਹਦਾ ਤਾਂ ਕਿ ਉਹ ਠੰਢੇ ਰਹਿਣ। ਨਹੀਂ ਤਾਂ ਚੱਕੇ ਦਾ ਐਨੀ ਗਰਮੀ ਹੋਣ ਕਾਰਨ ਖਿੱਲਰ ਜਾਣ ਦਾ ਡਰ ਹੁੰਦਾ। ਉਹ ਖਿੱਲਰ ਕੇ ਯੱਕੇ ਤੋਂ ਅਲੱਗ ਵੀ ਹੋ ਸਕਦਾ ਸੀ! ਇਸ ਨਹਿਰ 'ਤੇ ਇਹ ਅਮਲ ਰੀਤ ਬਣ ਚੁੱਕੀ ਸੀ। ਇਸ ਨਾਲ ਘੋੜੇ ਨੂੰ ਵੀ ਕੁਝ ਆਰਾਮ ਮਿਲ ਜਾਂਦਾ। ਇਹ ਨਹਿਰ ਰਿਨਾਲਾ ਸਟੇਸ਼ਨ ਅਤੇ ਸਤਘਰੇ ਦੇ ਕਰੀਬਨ ਅੱਧੇ ਰਾਹ 'ਤੇ ਪੈਂਦੀ ਸੀ।

ਛੁੱਟੀਆਂ ਦੇ ਚਾਅ ਕਾਰਨ ਸਾਨੂੰ ਬਹੁਤੀ ਗਰਮੀ ਮਹਿਸੂਸ ਨਹੀਂ ਹੁੰਦੀ ਸੀ। ਛੁੱਟੀਆਂ ਦੇ ਦਿਨ ਘਰੋਂ ਬਾਹਰ ਬਿਤਾਉਣ ਦੀ ਚਾਹ ਹੁੰਦੀ ਸੀ ਤੇ ਸਾਨੂੰ ਸ਼ਿਮਲਾ-ਮਸੂਰੀ ਜਾਂ ਸਵਿਟਜ਼ਰਲੈਂਡ ਨਾਲੋਂ ਵੱਧ ਆਨੰਦ ਸਤਘਰੇ ਵਿਚ ਆਉਂਦਾ। ਅਸੀਂ ਮਹੀਨਾ ਜਾਂ ਡੇਢ ਮਹੀਨਾ ਉਥੇ ਬਹੁਤ ਮਜ਼ੇ ਨਾਲ ਐਸ਼ ਕਰਦੇ।

ਜਿਉਂ ਹੀ ਸਤਘਰੇ ਪਹੁੰਚਣ ਲੱਗਦੇ, ਕੁਝ ਕੁ ਪਹਿਲਾਂ ਕੱਚੀ ਸੜਕ ਵਲ ਮੁੜਨਾ ਹੁੰਦਾ ਸੀ। ਸੜਕ ਦੇ ਦੋਵੇਂ ਪਾਸੇ ਕੂੜੇ ਦੇ ਢੇਰ ਪਏ ਹੁੰਦੇ ਤੇ ਵਿਚੋ-ਵਿਚ ਟੇਢੀ ਨਾਲੀ ਵਿਚੋਂ ਗੰਦੀ ਬਦਬੂ ਖਿਲਰੀ ਹੁੰਦੀ, ਪੂਰੀ ਹਵਾ ਵਿਚ ਉਹ ਬੋਅ ਫੈਲੀ ਹੁੰਦੀ, ਪਰ ਉਹ ਸਾਨੂੰ ਕੋਈ ਬੁਰੀ ਨਹੀਂ ਲਗਦੀ ਸੀ, ਸਗੋਂ ਸੁਨੇਹਾ ਦਿੰਦੀ ਕਿ ਸਾਡਾ ਨਾਨਕਾ ਨੇੜੇ ਆਉਣ ਵਾਲਾ ਹੈ। ਅਖੀਰਲੇ ਮੋੜ 'ਤੇ, ਜਿਥੇ ਸਤਘਰਾ ਦਿਸਦਾ ਸੀ, ਉਥੇ ਇਕ ਪਾਸੇ ਉਚਾਈ 'ਤੇ ਪੀਰਾਂ ਦੇ ਮਕਾਨ ਸਨ। ਆਮ ਤੌਰ 'ਤੇ ਉਥੇ ਹਰ ਸਮੇਂ ਤਿੰਨ-ਚਾਰ ਲੋਕ ਕਾਨਿਆਂ ਦੇ ਮੂੜ੍ਹਿਆਂ 'ਤੇ ਬੈਠੇ ਵਾਰੀ-ਵਾਰੀ ਹੁੱਕਾ ਪੀਂਦੇ ਦੇਖੇ ਜਾ ਸਕਦੇ ਸਨ ਤੇ ਉਹ ਲਗਾਤਾਰ ਹਮੇਸ਼ਾ ਕਿਸੇ ਨਾ ਕਿਸੇ ਗੱਲਬਾਤ ਵਿਚ ਮਸਰੂਫ਼ ਹੁੰਦੇ। ਇਨ੍ਹਾਂ ਪੀਰਾਂ ਦੀ ਆਪਣੀ ਇੱਜ਼ਤ ਤੇ ਸ਼ਾਨ ਸੀ ਅਤੇ ਸਤਘਰੇ ਤੋਂ ਬਾਹਰ ਇਨ੍ਹਾਂ ਦਾ ਹੀ ਸਿੱਕਾ ਚਲਦਾ ਸੀ। ਉਹ ਸ਼ਹਿਰ ਵਿਚ ਸਿਰਫ ਦਿਨ ਵੇਲੇ ਹੀ ਜਾਂਦੇ ਸਨ ਤੇ ਰਾਤ ਨੂੰ ਬਾਹਰ ਹੀ ਰਹਿਣਾ ਪੈਂਦਾ ਸੀ।

ਸਤਘਰਾ ਛੋਟੀਆਂ ਪੱਕੀਆਂ ਇੱਟਾਂ ਦੀ ਚਾਰਦੀਵਾਰੀ ਵਿਚ ਘਿਰਿਆ ਹੋਇਆ ਪਿੰਡ ਸੀ। ਇਸ ਦੇ ਕੇਵਲ ਦੋ ਦਰਵਾਜ਼ੇ ਸਨ ਜੋ ਰਾਤ ਵੇਲੇ ਬੰਦ ਕਰ ਦਿੱਤੇ ਜਾਂਦੇ ਸਨ। ਦਰਵਾਜ਼ੇ ਦੇ ਜਿੰਦਿਆਂ ਦੀਆਂ ਚਾਬੀਆਂ ਪਿੰਡ ਦੇ ਨੰਬਰਦਾਰ ਕੋਲ ਹੁੰਦੀਆਂ ਸਨ। ਰਾਤ ਨੂੰ ਕੋਈ ਆ-ਜਾ ਨਹੀਂ ਸੀ ਸਕਦਾ। ਸਤਘਰੇ ਦਾ ਪਹਿਲਾ ਨਾਂ ਗੋਬਿੰਦਗੜ੍ਹ ਵੀ ਸੀ, ਕਹਿੰਦੇ ਹਨ ਕਿ ਇਹਦੀ ਨੀਂਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਰੱਖੀ ਗਈ ਸੀ।

ਸਾਡਾ ਯੱਕਾ ਵੀ ਸਤਘਰੇ ਦੇ ਦਰਵਾਜ਼ੇ ਦੇ ਬਾਹਰ ਹੀ ਖੜ੍ਹਾ ਕਰਨਾ ਪੈਂਦਾ ਸੀ। ਯੱਕਾ ਅੰਦਰ ਲਿਜਾਣ ਦੀ ਇਜਾਜ਼ਤ ਨਹੀਂ ਸੀ। ਉਥੋਂ ਹੀ ਯੱਕੇਵਾਲਾ ਜਾਂ ਇਕ ਅੱਧਾ ਹੋਰ ਵਾਕਫ ਜੋ ਉਥੇ ਖੜ੍ਹਾ ਮਿਲਦਾ, ਸਾਡਾ ਸਮਾਨ ਘਰ ਪਹੁੰਚਾ ਦਿੰਦੇ। ਨਾਨਾ ਜੀ ਦਾ ਘਰ, ਦਰਵਾਜ਼ੇ ਨੇੜੇ ਪਹਿਲੀ ਗਲੀ ਵਿਚ ਹੀ ਸੀ। ਘਰ ਤੱਕ ਪਹੁੰਚਦੇ-ਪਹੁੰਚਦੇ ਪਿੰਡ ਦੀਆਂ ਬਜ਼ੁਰਗ ਔਰਤਾਂ ਸਾਡੀ ਮਾਂ ਨੂੰ ਅਸੀਸਾਂ ਦਿੰਦੀਆਂ ਨਾ ਥੱਕਦੀਆਂ। ਗਲੀ ਦੀਆਂ ਔਰਤਾਂ ਵੀ ਜਾਣ ਲੈਂਦੀਆਂ ਕਿ ਸਰਸਤੀ (ਸਰਸਵਤੀ) ਆਪਣੇ ਬੱਚਿਆਂ ਨੂੰ ਲੈ ਕੇ ਛੁੱਟੀਆਂ ਮਨਾਉਣ ਆਈ ਹੈ। ਉਹ ਸਾਰੀਆਂ ਆਪੋ-ਆਪਣੇ ਘਰਾਂ ਦੇ ਚਬੂਤਰਿਆਂ 'ਤੇ ਬੈਠ ਕੇ ਜਾਂ ਤਾਂ ਚਰਖਾ ਕੱਤ ਰਹੀਆਂ ਹੁੰਦੀਆਂ, ਤੇ ਜਾਂ ਕੁਝ ਹੋਰ ਕੰਮ। ਸਾਡੀ ਮਾਂ ਨੂੰ ਦੇਖਦਿਆਂ ਹੀ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਤੇ ਉਹ ਪਿਆਰ ਨਾਲ ਸਵਾਗਤ ਵਿਚ ਬਹੁਤ ਕੁਝ ਕਰਦੀਆਂ।

ਸਤਘਰਾ ਛੋਟਾ ਜਿਹਾ ਪਿੰਡ ਸੀ। ਹਰ ਕੋਈ ਇਕ ਦੂਜੇ ਨੂੰ ਜਾਣਦਾ ਸੀ। ਸ਼ਾਇਦ ਕੁੱਲ ਅਬਾਦੀ ਪੰਜ-ਸੱਤ ਸੌ ਦੀ ਹੋਵੇਗੀ। ਵਿਚਕਾਰ ਬਾਜ਼ਾਰ ਸੀ ਤੇ ਦੋਵੇਂ ਪਾਸੇ ਦੁਕਾਨਾਂ ਦੇ ਪਿਛੇ ਮਕਾਨ ਸਨ। ਬਾਜ਼ਾਰ ਇਕ ਦਰਵਾਜ਼ੇ ਤੋਂ ਸ਼ੁਰੂ ਹੋ ਕੇ ਦੂਜੇ ਦਰਵਾਜ਼ੇ ਤੱਕ ਚਲਾ ਜਾਂਦਾ ਸੀ। ਇਕ ਦਰਵਾਜ਼ੇ ਨੂੰ ਚੜ੍ਹਦਾ ਤੇ ਦੂਜੇ ਨੂੰ ਲਹਿੰਦਾ ਦਰਵਾਜ਼ਾ ਆਖਿਆ ਜਾਂਦਾ। ਪੂਰੇ ਬਾਜ਼ਾਰ ਵਿਚ ਲਗਭਗ ਹਰ ਉਹ ਚੀਜ਼ ਮਿਲਦੀ ਜੋ ਰੋਜ਼ਾਨਾ ਲੋੜੀਂਦੀ ਹੋਵੇ। ਕੱਪੜੇ, ਪਨਸਾਰੀ, ਦਰਜੀ ਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਤੇ ਦਾਲ-ਚੌਲ ਦੀਆਂ ਵੀ। ਸ਼ੁਰੂ ਵਿਚ ਹਕੀਮ ਦੀ ਦੁਕਾਨ ਵੀ ਸੀ ਜਿਥੇ ਅਕਸਰ ਭੀੜ ਲੱਗੀ ਰਹਿੰਦੀ ਸੀ। ਹਕੀਮ ਲੀਲਾ ਰਾਮ ਯੂਨਾਨੀ ਦਵਾਈਆਂ ਦੇ ਮਾਹਰ ਸਨ, ਪਰ ਨਾਲ ਅੰਗਰੇਜ਼ੀ ਦਵਾਈਆਂ ਵੀ ਦਿੰਦੇ ਸਨ, ਤੇ ਨਾਲ ਹੀ ਸੂਈ (ਇੰਜੈਕਸ਼ਨ) ਵੀ ਲਗਾਉਂਦੇ ਸਨ ਤੇ ਜ਼ਖ਼ਮਾਂ ਦੀ ਚੀਰ-ਫਾੜ ਵੀ ਕਰ ਲੈਂਦੇ ਸਨ। ਹਕੀਮ ਲੀਲਾ ਰਾਮ ਉਂਜ ਤਾਂ ਸਰੀਰੋਂ ਕਮਜ਼ੋਰ ਜਿਹੇ ਸਨ, ਪਰ ਉਨ੍ਹਾਂ ਬਾਰੇ ਮਸ਼ਹੂਰ ਸੀ ਕਿ ਉਨ੍ਹਾਂ ਦੇ ਹੱਥ ਵਿਚ ਸ਼ਫ਼ਾ ਹੈ। ਉਨ੍ਹਾਂ ਦੇ ਇਲਾਜ ਨਾਲ ਮਰੀਜ਼ ਠੀਕ ਹੋ ਜਾਂਦੇ ਸਨ। ਸਵੇਰ ਤੋਂ ਹੀ ਉਨ੍ਹਾਂ ਦੀ ਦੁਕਾਨ 'ਤੇ ਇਲਾਜ ਕਰਾਉਣ ਆਏ ਲੋਕਾਂ ਦੀ ਭੀੜ ਲੱਗ ਜਾਂਦੀ ਸੀ ਜੋ ਬਹੁਤ ਦੂਰ ਦੂਰ ਤੋਂ ਆਏ ਹੁੰਦੇ। ਰਿਸ਼ਤੇ ਵਿਚ ਉਹ ਸਾਡੇ ਨਾਨਾ ਜੀ ਦੇ ਸਭ ਤੋਂ ਛੋਟੇ ਭਰਾ ਲੱਗਦੇ ਸਨ।

ਦੂਸਰੇ ਦਰਵਾਜ਼ੇ ਅੰਦਰ ਦੋ-ਤਿੰਨ ਦੁਕਾਨਾਂ ਤੋਂ ਪਹਿਲਾਂ ਅੰਗਰੇਜ਼ੀ ਡਾਕਟਰ ਵੀ ਸੀ, ਪਰ ਉਥੇ ਲੋਕ ਘੱਟ ਜਾਂਦੇ, ਤੇ ਉਹ ਡਾਕਟਰ ਹਮੇਸ਼ਾ ਅਖਬਾਰ ਪੜ੍ਹਦਾ ਹੀ ਨਜ਼ਰ ਆਉਂਦਾ।

ਮੈਂ ਇਹ ਸ਼ੁਰੂ ਤੋਂ ਹੀ ਮਹਿਸੂਸ ਕੀਤਾ ਹੈ ਕਿ ਅੰਗਰੇਜ਼ੀ ਦਵਾਈਆਂ ਦੇਣ ਵਾਲੇ ਡਾਕਟਰ ਆਪਣੇ ਆਪ ਨੂੰ ਸਾਹਿਬ ਜਿਹਾ ਸਮਝਦੇ ਹਨ, ਜਾਂ ਸਮਝਣ ਲੱਗ ਪੈਂਦੇ ਹਨ। ਉਨ੍ਹਾਂ ਨੇ ਉਸ ਜ਼ਮਾਨੇ ਵਿਚ ਡਾਕਟਰੀ ਵਿਦਿਆ ਅੰਗਰੇਜ਼ੀ ਡਾਕਟਰਾਂ ਤੋਂ ਪ੍ਰਾਪਤ ਕੀਤੀ ਹੁੰਦੀ ਸੀ ਅਤੇ ਡਾਕਟਰੀ ਸਿੱਖਿਆ ਦੇ ਨਾਲ-ਨਾਲ ਉਹ ਅੰਗਰੇਜ਼ੀਅਤ ਦੀ ਬੂਅ ਵੀ ਆਪਣੇ ਅੰਦਰ ਭਰ ਲੈਂਦੇ ਸਨ, ਜਿਵੇਂ ਆਮ ਆਦਮੀ ਨਾਲੋਂ ਉਚੇ ਹੋਣ। ਅਜਿਹਾ ਹਾਅ-ਭਾਅ ਵੀ ਉਨ੍ਹਾਂ ਅੰਦਰ ਆ ਜਾਂਦਾ ਸੀ। ਅਜਿਹੇ ਕਈ ਅੰਗਰੇਜ਼ੀ ਡਾਕਟਰ ਆਪਣੇ ਦੇਸੀ ਮਰੀਜ਼ਾਂ ਨਾਲ ਪ੍ਰੇਮ, ਸ਼ਿਸ਼ਟਾਚਾਰ ਜਾਂ ਸਭਿਅਕ ਵਿਹਾਰ ਨਹੀਂ ਸਨ ਕਰਦੇ। ਵਿਦੇਸ਼ੀ ਰਾਜ ਦੇ ਨਾਲ-ਨਾਲ ਉਹ ਸਮਝਦੇ, ਉਨ੍ਹਾਂ ਦੀ ਹਰ ਚੀਜ਼ ਵਧੀਆ ਹੈ; ਉਨ੍ਹਾਂ ਦਾ ਰਹਿਣ ਸਹਿਣ, ਕੱਪੜੇ, ਭਾਸ਼ਾ ਤੇ ਉਨ੍ਹਾਂ ਦੀ ਇਲਾਜ ਪ੍ਰਣਾਲੀ ਵੀ; ਪਰ ਸਾਡੀ ਆਯੁਰਵੈਦਿਕ ਅਤੇ ਹਿਕਮਤ ਤਾਂ ਵਧੀਆ ਰਹੀ ਹੀ ਹੈ, ਜੋ ਸਾਰੀਆਂ ਅੰਗਰੇਜ਼ੀ ਦਵਾਈਆਂ ਦੇ ਉਲਟ ਕਿਸੇ ਤਰ੍ਹਾਂ ਦੇ ਉਲਟੇ ਪ੍ਰਭਾਵਾਂ ਤੋਂ ਤਾਂ ਦੂਰ ਹੈ ਹੀ, ਨਾਲ-ਨਾਲ ਕਾਰਗਰ ਵੀ ਹੈ। ਲੋਕਾਂ ਦਾ ਹੁਣ ਇਸ ਗੱਲ ਨੂੰ ਸਮਝ ਕੇ, ਤੇ ਅੰਗਰੇਜ਼ੀ ਦਵਾਈਆਂ ਦੇ ਸਿੱਟਿਆਂ ਕਾਰਨ ਦੇਸੀ ਦਵਾਈਆਂ ਵੱਲ ਰੁਝਾਨ ਮੁੜ ਪਰਤਿਆ ਹੈ। ਇਸ ਪਾਸੇ ਲਗਾਤਾਰ ਝੁਕਾਅ ਵਧ ਰਿਹਾ ਹੈ। ਇਸ ਦੇ ਇਲਾਵਾ ਘਰੇਲੂ ਤੇ ਪ੍ਰਕਿਰਤਕ ਇਲਾਜ ਵੀ ਵਰਤੋਂ ਵਿਚ ਆਉਣ ਲੱਗ ਪਿਆ ਹੈ।

ਸਤਘਰਾ ਵਿਚ ਦੋ ਪਰਿਵਾਰਾਂ ਦਾ ਆਦਰ-ਮਾਣ ਸਭ ਤੋਂ ਵਧੇਰੇ ਸੀ। ਇਕ ਸੀ ਖੰਨਾ ਪਰਿਵਾਰ, ਜਿਸ ਦੇ ਮੁਖੀਆ ਸਨ ਲਾਲਾ ਮਈਆ ਦਾਸ, ਜਿਨ੍ਹਾਂ ਦੀ ਬਹੁਤ ਵੱਡੀ ਜ਼ਿੰਮੀਦਾਰੀ ਸੀ, ਤੇ ਉਨ੍ਹਾਂ ਦੀ ਸ਼ਰਾਫ਼ਤ ਕਾਰਨ ਲੋਕ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਨ। ਦੁਬਲੇ-ਪਤਲੇ, ਸਫ਼ੇਦ ਪਹਿਨਾਵਾ, ਸਿਰ 'ਤੇ ਸਫ਼ੇਦ ਸਾਫਾ (ਪਗੜੀ) ਪਹਿਨਦੇ ਤੇ ਭਲੇਮਾਣਸ ਦੀ ਮੂਰਤ ਲੱਗਦੇ। ਉਨ੍ਹਾਂ ਦੇ ਗਲ ਵਿਚ ਅੰਗਰੱਖਾ ਵੀ ਲਟਕਾਇਆ ਹੁੰਦਾ। ਅਸੀਂ ਜਦ ਉਨ੍ਹਾਂ ਦੇ ਕਮਰੇ ਵਿਚ ਜਾਂਦੇ ਤਾਂ ਉਹ ਅਸੀਸਾਂ ਤੋਂ ਬਿਨਾਂ ਆਪਣੇ ਮੰਜੇ ਹੇਠ ਰੱਖੇ ਪੀਪੇ ਵਿਚੋਂ ਮਠਿਆਈ ਵੀ ਕੱਢ ਕੇ ਸਾਨੂੰ ਦਿੰਦੇ। ਉਹ ਬੋਲਦੇ ਬਹੁਤ ਘੱਟ ਸਨ, ਪਰ ਉਨ੍ਹਾਂ ਦੀ ਸ਼ਖਸੀਅਤ ਦਾ ਖਾਸਾ ਪ੍ਰਭਾਵ ਸੀ।

ਉਨ੍ਹਾਂ ਦੇ ਵੱਡੇ ਪੁੱਤਰ ਲਾਲਾ ਈਸ਼ਰਮੱਲ ਸਾਡੇ ਨਾਨਾ ਸਨ। ਉਚਾ ਕੱਦ। ਇਕਹਿਰਾ ਬਦਨ।

**ਸਤਘਰਾ ਛੋਟਾ ਜਿਹਾ ਪਿੰਡ ਸੀ। ਹਰ ਕੋਈ ਇਕ ਦੂਜੇ ਨੂੰ ਜਾਣਦਾ ਸੀ। ਸ਼ਾਇਦ ਕੁੱਲ ਅਬਾਦੀ ਪੰਜ-ਸੱਤ ਸੌ ਦੀ ਹੋਵੇਗੀ। ਵਿਚਕਾਰ ਬਾਜ਼ਾਰ ਸੀ ਤੇ ਦੋਵੇਂ ਪਾਸੇ ਦੁਕਾਨਾਂ ਦੇ ਪਿਛੇ ਮਕਾਨ ਸਨ। ਬਾਜ਼ਾਰ ਇਕ ਦਰਵਾਜ਼ੇ ਤੋਂ ਸ਼ੁਰੂ ਹੋ ਕੇ ਦੂਜੇ ਦਰਵਾਜ਼ੇ ਤੱਕ ਚਲਾ ਜਾਂਦਾ ਸੀ। ਇਕ ਦਰਵਾਜ਼ੇ ਨੂੰ ਚੜ੍ਹਦਾ ਤੇ ਦੂਜੇ ਨੂੰ ਲਹਿੰਦਾ ਦਰਵਾਜ਼ਾ ਆਖਿਆ ਜਾਂਦਾ। ਪੂਰੇ ਬਾਜ਼ਾਰ ਵਿਚ ਲਗਭਗ ਹਰ ਉਹ ਚੀਜ਼ ਮਿਲਦੀ ਜੋ ਰੋਜ਼ਾਨਾ ਲੋੜੀਂਦੀ ਹੋਵੇ। ਕੱਪੜੇ, ਪਨਸਾਰੀ, ਦਰਜੀ ਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਤੇ ਦਾਲ-ਚੌਲ ਦੀਆਂ ਵੀ। ਸ਼ੁਰੂ ਵਿਚ ਹਕੀਮ ਦੀ ਦੁਕਾਨ ਵੀ ਸੀ ਜਿਥੇ ਅਕਸਰ ਭੀੜ ਲੱਗੀ ਰਹਿੰਦੀ ਸੀ। ਹਕੀਮ ਲੀਲਾ ਰਾਮ ਯੂਨਾਨੀ ਦਵਾਈਆਂ ਦੇ ਮਾਹਰ ਸਨ, ਪਰ ਨਾਲ ਅੰਗਰੇਜ਼ੀ ਦਵਾਈਆਂ ਵੀ ਦਿੰਦੇ ਸਨ, ਤੇ ਨਾਲ ਹੀ ਸੂਈ (ਇੰਜੈਕਸ਼ਨ) ਵੀ ਲਗਾਉਂਦੇ ਸਨ ਤੇ ਜ਼ਖ਼ਮਾਂ ਦੀ ਚੀਰ-ਫਾੜ ਵੀ ਕਰ ਲੈਂਦੇ ਸਨ।**

ਸਿਰ 'ਤੇ ਪਗੜੀ (ਪਠਾਣੀ ਸਾਫਾ) ਪਹਿਨਦੇ ਤੇ ਬਹੁਤ ਹੀ ਰੋਹਬ ਵਾਲੀ ਸ਼ਖਸੀਅਤ ਦੇ ਮਾਲਕ ਸਨ। ਉਹ ਜਦ ਉਹ ਘੋੜੇ 'ਤੇ ਚੜ੍ਹ ਕੇ ਮੋਢੇ 'ਤੇ ਬੰਦੂਕ ਲਟਕਾ, ਫਸਲਾਂ ਦੀ ਦੇਖ-ਰੇਖ ਕਰਨ ਜਾਂਦੇ ਤਾਂ ਹਰ ਕੋਈ ਉਨ੍ਹਾਂ ਦੇ ਰੋਹਬ ਤੋਂ ਡਰਦਾ ਸੀ। ਆਪਣੇ ਪਰਿਵਾਰ ਵਿਚ ਚਾਰ ਭਰਾਵਾਂ ਵਿਚੋਂ ਉਹ ਸਭ ਤੋਂ ਵੱਡੇ ਸਨ ਤੇ ਹਰ ਕੋਈ ਉਹਨਾਂ ਦੀ ਗੱਲ ਮੰਨਦਾ ਸੀ। ਨਾਲ ਹੀ ਉਹ ਬਹੁਤ ਧਾਰਮਿਕ ਖਿਆਲਾਂ ਅਤੇ ਸੁਧਾਰਵਾਦੀ ਵਿਚਾਰਧਾਰਾ ਦੇ ਬੰਦੇ ਸਨ, ਤੇ ਉਨ੍ਹਾਂ ਆਪਣੇ ਛੋਟੇ ਭਰਾ ਪਰਮੇਸ਼ਵਰੀ ਦਾਸ ਨਾਲ ਮਿਲ ਕੇ ਸਤਘਰਾ ਵਿਚ ਆਰੀਆ ਸਮਾਜ ਦਾ ਮੰਦਰ ਵੀ ਬਣਵਾ ਲਿਆ ਸੀ ਜਿਥੇ ਲਗਾਤਾਰ ਤੇ ਨੇਮਬੱਧ ਸਤਿਸੰਗ ਹੁੰਦਾ ਸੀ।

ਨਾਨਾ ਜੀ ਨੂੰ ਆਪਣਾ ਰੋਹਬ ਰੱਖਣਾ ਹੀ ਪੈਂਦਾ ਸੀ, ਕਿਉਂਕਿ ਇੰਜ ਦੱਸਿਆ ਜਾਂਦਾ ਸੀ ਕਿ ਕੁਝ ਸਾਲ ਪਹਿਲਾਂ ਉਨ੍ਹਾਂ ਦੇ ਮੀਰਕ ਪਿੰਡ ਵਿਚ ਖੇਤਾਂ ਵਿਚ ਕੰਮ ਕਰਨ ਵਾਲਿਆਂ ਨੇ ਇਕ ਵਾਰ ਉਨ੍ਹਾਂ ਦੇ ਛੋਟੇ ਭਰਾ ਪਰਮੇਸ਼ਵਰੀ ਦਾਸ 'ਤੇ ਘਾਤਕ ਹਮਲਾ ਕਰ ਦਿੱਤਾ। ਉਨ੍ਹਾਂ ਉਪਰ ਇਹ ਹਮਲਾ ਇਸ ਲਈ ਕਰ ਦਿੱਤਾ ਗਿਆ, ਕਿਉਂਕਿ ਉਹ ਅਨੁਸ਼ਾਸਨ ਦੇ ਪ੍ਰਤੀਕ ਸਨ ਤੇ ਪੂਰੇ ਕੰਮ ਬਾਰੇ ਜ਼ਾਬਤਾ ਰੱਖਦੇ ਸਨ। ਉਨ੍ਹਾਂ ਨੂੰ ਘੋੜੇ ਤੋਂ ਹੇਠਾਂ ਸੁੱਟ ਲਾਠੀਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ ਗਿਆ, ਤੇ ਉਹ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਉਹ ਲੋਕ ਉਨ੍ਹਾਂ ਨੂੰ ਜਾਨ ਤੋਂ ਵੀ ਮਾਰਨਾ ਚਾਹੁੰਦੇ ਸਨ, ਪਰ ਕਿਸੇ ਰੱਬੀ ਚਮਤਕਾਰ ਨਾਲ ਉਨ੍ਹਾਂ ਦੀ ਜਾਨ ਬਚ ਗਈ। ਇਨ੍ਹਾਂ ਹਮਲਾਵਰਾਂ ਦੀ ਮਾਂ ਨੂੰ ਜਦ ਪਤਾ ਲੱਗਾ ਕਿ ਉਹਦੇ ਬੇਟੇ ਆਪਣੇ ਮਾਲਕ ਨੂੰ ਮਾਰਨ ਲੱਗੇ ਹਨ, ਤਾਂ ਉਸ ਨੇ ਅਗਾਂਹ ਹੋ ਕੇ ਉਨ੍ਹਾਂ ਨੂੰ ਬਹੁਤ ਰੋਕਿਆ, ਪਰ ਜਦ ਉਹ ਨਹੀਂ ਰੁਕੇ ਤਾਂ ਉਸ ਨੇ ਭੱਜ ਕੇ ਆਪਣੇ ਗਲ ਵਿਚ ਰੱਸਾ ਪਾ ਲਿਆ ਤੇ ਗਲਾ ਘੁੱਟ ਕੇ ਆਪਣੀ ਜਾਨ ਦੇਣ ਲੱਗੀ। ਮਾਂ ਨੇ ਇਹ ਕੰਮ ਇੰਨੀ ਸਖ਼ਤੀ ਨਾਲ ਕੀਤਾ ਕਿ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਹ ਸਚਮੁੱਚ ਜਾਨ ਦੇ ਦੇਵੇਗੀ; ਤਾਂ ਕਿਤੇ ਜਾ ਕੇ ਉਨ੍ਹਾਂ ਨੇ ਪਰਮੇਸ਼ਵਰੀ ਦਾਸ ਨੂੰ ਮਾਰਨਾ ਬੰਦ ਕੀਤਾ। ਉਹ ਤੜਫ ਰਹੇ ਸਨ ਕਿ ਉਸੇ ਮਾਂ ਨੇ ਆਪਣੇ ਦਿਉਰ ਦੇ ਵਿਰੋਧ ਦੇ ਬਾਵਜੂਦ ਭੱਜ ਕੇ ਆਪਣੇ ਘਰੋਂ ਗਰਮ ਦੁੱਧ ਦੇ ਗਲਾਸ ਵਿਚ ਹਲਦੀ ਪਾ, ਗਲਾਸ ਉਨ੍ਹਾਂ ਦੇ ਮੂੰਹ ਨੂੰ ਲਗਾ ਦਿੱਤਾ।

ਉਨ੍ਹਾਂ ਦਿਨਾਂ ਵਿਚ ਸੱਟ ਲੱਗਣ 'ਤੇ ਟਿੰਚਰ ਆਇਓਡੀਨ ਤੋਂ ਕਿਤੇ ਵੱਧ, ਗਰਮ ਦੁੱਧ ਤੇ ਗਰਮ ਸੇਕ ਕਰਨ ਵਿਚ ਵਧੇਰੇ ਵਿਸ਼ਵਾਸ ਹੁੰਦਾ ਸੀ। ਉਹ ਜਾਨ ਬਚਾ ਕੇ, ਤੜਫਦਿਆਂ, ਕਿਸੇ ਤਰ੍ਹਾਂ ਆਪਣੇ ਘਰ ਸਤਘਰਾ ਪਹੁੰਚੇ ਸਨ।

ਇਸ ਸਾਰੀ ਘਟਨਾ ਵਿਚ ਜੋ ਕੁਝ ਉਸ ਮਾਂ ਨੇ ਕੀਤਾ, ਉਹ ਮਿਸਾਲੀ ਸੀ। ਆਪਣੀ ਜਾਨ ਨੂੰ ਵੀ ਖਤਰੇ ਵਿਚ ਪਾ ਇਹ ਕੰਮ ਕੋਈ ਮਾਂ ਹੀ ਕਰ ਸਕਦੀ ਸੀ! ਭਿਅੰਕਰ ਮੁਸੀਬਤ ਦੇ ਹਾਲਾਤ ਵਿਚ ਜਦ ਨਾਰੀ ਦੁਰਗਾ ਦਾ ਰੂਪ ਧਾਰਨ ਕਰਦੀ ਹੈ ਤਾਂ ਉਹਦੇ ਸਾਹਮਣੇ ਕਿਸੇ ਦਾ ਵੀ ਟਿਕਣਾ ਮੁਹਾਲ ਹੁੰਦਾ ਏ। ਨਾਰੀ ਦੇ ਸਰੂਪ ਵਿਚ ਅਥਾਹ ਪ੍ਰੇਮ ਅਤੇ ਰਹਿਮ ਦੀ ਭਾਵਨਾ ਹੁੰਦੀ ਹੈ। ਉਹ ਨਿਰਦਈ ਜਾਂ ਨਿਰੰਕੁਸ਼ ਨਹੀਂ ਹੋ ਸਕਦੀ। ਜਿਸ ਨੇ ਆਪਣੇ ਹੱਡ-ਮਾਸ ਨਾਲ ਦੁੱਖ ਪਾ ਕੇ ਕਿਸੇ ਜੀਅ ਨੂੰ ਜਨਮ ਦਿੱਤਾ ਹੋਵੇ, ਉਹੀ ਉਸ ਜੀਅ ਦਾ ਮੁੱਲ ਸਮਝ ਸਕਦੀ ਹੈ! ਜਿਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੋਵੇ, ਉਹ ਉਸੇ ਸ੍ਰਿਸ਼ਟੀ ਦੇ ਕਿਸੇ ਜੀਅ ਦੀ ਜ਼ਬਰਦਸਤੀ ਹੱਤਿਆ ਕਿਵੇਂ ਸਹਿ ਸਕਦੀ ਹੈ? ਸਾਡੀ ਸੰਸਕ੍ਰਿਤੀ ਵਿਚ ਮਾਂ ਦੀ ਸਭ ਤੋਂ ਉਚੀ ਥਾਂ ਹੈ। ਅੱਜ ਕੁਝ ਦੇਸ਼ਾਂ ਵਿਚ ਔਰਤਾਂ ਸਿਖਰ 'ਤੇ ਪਹੁੰਚ ਗਈਆਂ ਹਨ। ਹੌਲੀ ਹੀ ਸਹੀ, ਪਰ ਜਦੋਂ ਸੰਸਾਰ ਭਰ ਵਿਚ ਔਰਤ ਦੀ ਤਾਕਤ ਹੋ ਗਈ, ਤਾਂ ਸ਼ਾਇਦ ਦੇਸ਼ਾਂ, ਜਾਤੀਆਂ, ਪਰਿਵਾਰਾਂ, ਬੰਦਿਆਂ ਵਿਚਕਾਰ ਕਲੇਸ਼ ਘਟ ਜਾਣ!

ਸਤਘਰਾ ਦਾ ਦੂਜਾ ਮਸ਼ਹੂਰ ਪਰਿਵਾਰ ਸੀ-ਚੋਪੜਾ ਪਰਿਵਾਰ। ਉਨ੍ਹਾਂ ਦੇ ਬਜ਼ੁਰਗ ਸਨ ਲਾਲਾ ਮੂਲਰਾਜ, ਜੋ ਸਤਘਰੇ ਦੇ ਨੰਬਰਦਾਰ ਵੀ ਸਨ ਤੇ ਉਸ ਜ਼ਮਾਨੇ ਦੇ ਰੀਤ-ਰਿਵਾਜ਼ ਤੇ ਕਾਨੂੰਨ ਅਨੁਸਾਰ ਪਿੰਡ ਦੇ ਛੋਟੇ-ਮੋਟੇ ਝਗੜੇ ਨਜਿੱਠਣ ਦੀ ਜ਼ਿੰਮੇਵਾਰੀ ਤੇ ਅਧਿਕਾਰ ਉਨ੍ਹਾਂ ਨੂੰ ਪ੍ਰਾਪਤ ਸਨ। ਉਹ ਬਹੁਤ ਸਮਝਦਾਰ ਤੇ ਦਿਆਲੂ ਇਨਸਾਨ ਸਨ ; ਹਾਲਾਂਕਿ ਖੰਨਾ ਪਰਿਵਾਰ ਵਰਗੀ ਧਾਰਮਿਕ ਜਾਂ ਸੁਧਾਰਵਾਦੀ ਪ੍ਰਵਿਰਤੀ ਉਨ੍ਹਾਂ ਵਿਚ ਨਹੀਂ ਸੀ, ਪਰ ਸਮਾਜ ਦੀਆਂ ਸਮੱਸਿਆਵਾਂ ਦਾ ਧਿਆਨ ਉਹ ਹਰ ਵੇਲੇ ਰੱਖਦੇ ਸਨ। ਇਨ੍ਹਾਂ ਦੋਹਾਂ ਪਰਿਵਾਰਾਂ ਵਿਚ ਆਪਸੀ ਵਿਰੋਧ ਵੀ ਸੀ, ਪਰ ਉਹ ਮੇਲ-ਮਿਲਾਪ ਨਾਲ ਰਹਿੰਦੇ ਸਨ ਅਤੇ ਇਕ ਦੂਜੇ ਦੀ ਇੱਜ਼ਤ ਕਰਦੇ ਸਨ; ਸਗੋਂ ਉਨ੍ਹਾਂ ਦੇ ਘਰ ਦੀ ਇਕ ਲੜਕੀ ਖੰਨਾ ਪਰਿਵਾਰ ਵਿਚ ਵਿਆਹੀ ਹੋਈ ਸੀ। ਛੋਟੇ ਭਰਾ ਲੇਖ ਰਾਜ ਤਗੜੇ, ਮੋਟੇ ਤਾਜ਼ੇ ਅਤੇ ਸਿਰ 'ਤੇ ਕ਼ਲਫ ਲੱਗੀ ਪੱਗ ਦਾ ਤੁੱਰਰਾ ਉਨ੍ਹਾਂ ਦੀ ਸ਼ਾਨ ਸੀ। ਨੰਬਰਦਾਰੀ ਨਿਭਾਉਣ ਲਈ ਜੇ ਕਿਤੇ ਜ਼ੋਰ-ਜ਼ਬਰਦਸਤੀ ਦੇ ਕੰਮ ਹੁੰਦੇ ਤਾਂ ਉਹ ਆਪਣੇ ਭਰਾ ਹੋਣ ਦਾ ਫਰਜ਼ ਨਿਭਾਉਂਦੇ।

ਪਿੰਡ ਵਿਚ ਹਾਸਾ-ਠੱਠਾ ਵੀ ਬਹੁਤ ਸਲੀਕੇ ਨਾਲ ਹੁੰਦਾ ਸੀ। ਹਾਸੇ ਠੱਠੇ ਦੀਆਂ ਘਟਨਾਵਾਂ ਇਨਸਾਨੀ ਜੀਵਨ ਦੇ ਅੰਗ ਹਨ ਅਤੇ ਉਥੇ ਇਹ ਬਹੁਤ ਤਹਿਜ਼ੀਬ ਨਾਲ ਵਾਪਰਦੇ ਦੇਖੇ ਜਾ ਸਕਦੇ ਸਨ। ਜਦ ਖੰਨਾ ਪਰਿਵਾਰ ਦੀ ਮੂਰਤ, ਸ੍ਰੀ ਮਈਆ ਦਾਸ ਦਾ ਸੌ ਸਾਲਾਂ ਦੀ ਉਮਰ ਮਗਰੋਂ ਸਵਰਗਵਾਸ ਹੋਇਆ ਤਾਂ ਉਨ੍ਹਾਂ ਦੀ ਅਰਥੀ ਨੂੰ ਫੁੱਲਾਂ ਤੇ ਰੰਗਦਾਰ ਝੰਡੀਆਂ ਨਾਲ ਸਜਾਇਆ ਗਿਆ ਤੇ ਖੁਸ਼ੀ ਨਾਲ ਗਾਣੇ ਗਾਉਂਦਿਆਂ ਸਾਰਾ ਪਿੰਡ ਅਰਥੀ ਚੁੱਕ ਲੈ ਜਾਣ ਲੱਗਾ ਤਾਂ ਚੋਪੜਾ ਪਰਿਵਾਰ ਨੇ ਪਿੰਡ ਦੇ ਦਰਵਾਜ਼ਿਆਂ ਨੂੰ ਵੱਡੇ-ਵੱਡੇ ਜਿੰਦੇ ਲਗਾ ਦਿੱਤੇ। ਅਜੀਬ ਹਾਲਤ ਬਣ ਗਈ, ਕਿਉਂਕਿ ਅਰਥੀ ਨੂੰ ਚੁੱਕ ਕੇ ਸਥਿਰ ਨਹੀਂ ਖੜ੍ਹੇ ਰਹਿੰਦੇ। ਉਸ ਨੂੰ ਹਿਲਾਉਂਦੇ-ਡੁਲਾਉਂਦੇ ਰਹਿੰਦੇ ਹਨ। ਲਗਭਗ ਅੱਧਾ ਘੰਟਾ ਲੰਘ ਗਿਆ, ਲੋਕਾਂ ਨੂੰ ਸਮਝ ਨਾ ਆਏ ਕਿ ਕੀ ਕਰੀਏ?

ਉਦੋਂ ਸਾਡੀ ਮਾਤਾ ਨੰਬਰਦਾਰ ਮੂਲਰਾਜ ਚੋਪੜਾ ਦੇ ਘਰ ਗਈ, ਜਿਥੇ ਉਹ ਲੋਕ ਹਾਸਾ-ਮਜ਼ਾਕ ਕਰ ਕੇ ਇਸ ਸਭ ਨਜ਼ਾਰੇ ਦਾ ਮਜ਼ਾ ਲੈ ਰਹੇ ਸਨ। ਮਾਤਾ ਜੀ ਦੇ ਉਥੇ ਪਹੁੰਚਣ 'ਤੇ ਸਭ ਉਠ ਖੜ੍ਹੇ ਹੋਏ ਅਤੇ ਬਹੁਤ ਹੀ ਪਿਆਰ ਤੇ ਆਦਰ ਨਾਲ ਲਾਲਾ ਮੂਲਰਾਜ ਨੇ ਕਿਹਾ, "ਤੁਸੀਂ ਤਾਂ ਸਾਡੀ ਬੇਟੀ ਹੋ। ਤੁਸੀਂ ਆਏ ਤਾਂ ਸਾਡਾ ਘਰ ਪਵਿਤਰ ਹੋ ਗਿਆ। ਛਲੋ, ਚੱਲ ਕੇ ਦਰਵਾਜ਼ਾ ਖੋਲ੍ਹਦੇ ਹਾਂ।" ਚਾਬੀਆਂ ਮਾਤਾ ਜੀ ਦੇ ਹੱਥ ਦੇ ਦਿੱਤੀਆਂ ਤੇ ਉਥੋਂ ਸਭ ਨਾਲ ਹੀ ਚੱਲ ਪਏ। ਮੈਂ ਅਤੇ ਮੇਰੇ ਵੱਡੇ ਭਰਾ ਵੀ ਇਸ ਸਾਰੀ ਸਥਿਤੀ ਨੂੰ ਹੈਰਾਨੀ ਨਾਲ ਦੇਖ ਰਹੇ ਸਾਂ ਤੇ ਉਨ੍ਹਾਂ ਦੀ ਇਸ ਸ਼ਰਾਰਤ ਭਰੇ ਅੜੰਗੇ ਨੂੰ, ਤੇ ਅਖੀਰ ਇਸ ਦੇ ਅੰਤ ਨੂੰ ਦੇਖ ਪ੍ਰਸੰਨ ਵੀ ਸਾਂ।

ਨਾਨਾ ਜੀ ਦੇ ਘਰ ਦੇ ਉਪਰ ਦੀ ਮੰਜ਼ਿਲ ਦੀ ਛੱਤ ਦੀਆਂ ਖਿੜਕੀਆਂ ਕਿਲ੍ਹੇ ਦੀ ਉਚਾਈ ਤੋਂ ਵੀ ਉਪਰ ਸਨ ਅਤੇ ਉਨ੍ਹਾਂ ਦੀ ਦਿਸ਼ਾ ਪੂਰਬ ਵਲ ਸੀ। ਇਸ ਲਈ ਉਨ੍ਹਾਂ ਖਿੜਕੀਆਂ ਵਿਚੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਤੇ ਲਾਲੀ ਬਹੁਤ ਸੁੰਦਰ ਦਿਸਦੇ ਅਤੇ ਬਹੁਤ ਆਨੰਦਦਾਇਕ ਹੁੰਦੇ। ਉਹ ਰਮਣੀਕ ਦ੍ਰਿਸ਼ ਕਦੇ ਭੁੱਲਦਾ ਨਹੀਂ! ਕਦੇ-ਕਦੇ ਸਾਡੇ ਮਾਮਾ ਮੋਹਨ ਲਾਲ ਸਾਨੂੰ ਖੇਤਾਂ ਦੀ ਸੈਰ ਕਰਵਾਉਣ ਲੈ ਜਾਂਦੇ। ਉਥੋਂ ਦੇ ਲਹਿਲਹਾਉਂਦੇ ਖੇਤਾਂ ਦੇ ਨਜ਼ਾਰੇ ਸਾਡੇ ਮਨਾਂ ਵਿਚ ਪਿੰਡਾਂ ਦੇ ਦ੍ਰਿਸ਼ਾਂ ਦੀ ਛਾਪ ਛੱਡਦੇ ਗਏ। ਉਨ੍ਹਾਂ ਦਾ ਮੁਨਸ਼ੀ ਗੁਲਾਮ ਨਬੀ ਜੋ ਉਨ੍ਹਾਂ ਦਾ ਬਹੁਤ ਹੀ ਵਿਸ਼ਵਾਸ ਪਾਤਰ ਸੀ, ਮੈਨੂੰ ਆਪਣੇ ਸਾਈਕਲ 'ਤੇ ਬਿਠਾ ਕਦੇ-ਕਦੇ ਸੈਰ ਕਰਾਉਣ ਲੈ ਜਾਂਦਾ।

ਕਿਲ੍ਹੇ ਵਿਚੋਂ ਬਾਹਰ ਨਿਕਲਦੇ ਹੀ ਸਾਹਮਣੇ ਆਟਾ ਪੀਹਣ ਦੀ ਵੱਡੀ ਸਾਰੀ ਚੱਕੀ ਸੀ ਜਿਸ ਦੀ ਹਮੇਸ਼ਾ ਜਾਣੀ-ਪਛਾਣੀ 'ਕੁਕ-ਕੁਕ' ਦੀ ਆਵਾਜ਼ ਸਤਘਰੇ ਦੀ ਨਿਸ਼ਾਨੀ ਸੀ।

ਇਉਂ ਗਰਮੀਆਂ ਦੀਆਂ ਛੁੱਟੀਆਂ ਸਮੇਂ ਲਗਾਤਾਰ ਨਾਨਕੇ ਪਿੰਡ ਜਾਣ ਕਰ ਕੇ ਅਸੀਂ ਪੰਜਾਬ ਦੇ ਪੇਂਡੂ ਜੀਵਨ ਤੇ ਹਾਲਾਤ ਤੋਂ ਕਾਫੀ ਜਾਣੂ ਹੋ ਗਏ ਸਾਂ। ਪੰਜਾਬ ਦੀਆਂ ਰੇਲਗੱਡੀਆਂ ਜਦ ਤੇਜ਼ ਚੱਲਦੀਆਂ ਤਾਂ ਨਾਲ ਨਾਲ ਤੇਜ਼ ਮਿੱਟੀ ਵੀ ਉਡਦੀ ਸੀ। ਰੇਗਿਸਤਾਨ ਵਰਗਾ ਮਹਿਸੂਸ ਹੁੰਦਾ ਸੀ। ਦੂਰ-ਦੂਰ ਤੱਕ ਕੋਈ ਹਰਿਆਲੀ ਨਹੀਂ ਹੁੰਦੀ ਸੀ, ਸਗੋਂ ਕਈ ਕਈ ਥਾਈਂ ਕੰਡਿਆਲੀਆਂ ਝਾੜੀਆਂ ਨਜ਼ਰੀ ਪੈਂਦੀਆਂ ਸਨ। ਲਾਹੌਰ ਤੋਂ ਔਕਾੜਾ ਤੱਕ ਦੇ ਸਟੇਸ਼ਨ ਵੀ ਜਾਣੇ-ਪਛਾਣੇ ਹੋ ਗਏ ਸਨ, ਜਿਵੇਂ ਪੱਤੋਕੀ, ਛਾਂਗਾਮਾਂਗਾ, ਤੇ ਰਾਧਾਰਾਮ ਆਦਿ।

ਕਹਾਣੀ

# ਅੰਨ ਬ੍ਰਹਮ ਹੈ

***ਜਤਿੰਦਰ ਸਿੰਘ ਹਾਂਸ ਦੀ ਕਹਾਣੀ 'ਅੰਨ ਬ੍ਰਹਮ ਹੈ' ਅੱਜ ਦੇ ਜੀਵਨ ਦੀਆਂ ਕਈ ਝਾਕੀਆਂ ਪੇਸ਼ ਕਰਦੀ ਹੈ। ਲਿਖਾਰੀ ਨੇ ਇਕ ਘਟਨਾ ਨੂੰ ਆਧਾਰ ਬਣਾ ਕੇ ਕੁਝ ਨੁਕਤੇ ਬੜੇ ਜ਼ੋਰ ਨਾਲ ਉਭਾਰੇ ਹਨ ਅਤੇ ਸਮਾਜ ਦੇ ਕੁਝ ਖਾਸ ਵਰਗਾਂ ਉਤੇ ਤਿੱਖੀ ਚੋਟ ਕੀਤੀ ਹੈ। ਕਹਾਣੀ ਵਿਚ ਕਾਮਰੇਡ ਪਾਤਰ ਜਿਸ ਢੰਗ ਨਾਲ ਆਇਆ ਹੈ, ਉਹ ਦਿਲਾਂ ਨੂੰ ਟੁੰਬਣ ਵਾਲਾ ਹੈ। -ਸੰਪਾਦਕ***

"ਧਰਮ ਨਾਲ ਲੋਹੜਾ ਈ ਹੋ ਗਿਆ।" ਬੁੜਬੜਾਉਂਦਾ ਚੌਕੀਦਾਰ, 'ਕਾਮਰੇਟ... ਕਾਮਰੇਟ' ਆਖ ਆਵਾਜ਼ਾਂ ਮਾਰ ਕਾਮਰੇਡ ਮੋਹਣ ਸਿੰਘ ਦਾ ਦਰਵਾਜ਼ਾ ਖੜਕਾਈ ਜਾ ਰਿਹਾ ਸੀ। ਚੌਕੀਦਾਰ ਪਿੰਡ ਵਿਚ 'ਜਾਗਦੇ ਰਹੋ' ਦਾ ਹੋਕਾ ਦਿੰਦਾ ਫਿਰ ਰਿਹਾ ਸੀ। ਸੜਕ ਕਿਨਾਰੇ ਪਈ ਬੱਚੇ ਦੀ ਲਾਸ਼ ਦੇਖ ਕੇ ਘਬਰਾ ਗਿਆ ਸੀ। ਉਹ ਬੁੜਬੜਾਈ ਜਾ ਰਿਹਾ ਸੀ, "ਇਨ੍ਹਾਂ ਲੋਕਾਂ ਨੂੰ ਜਿੰਨਾ ਮਰਜ਼ੀ 'ਜਾਗਦੇ ਰਹੋ' ਦਾ ਹੋਕਾ ਦਿੰਦੇ ਰਹੋ, ਇਨ੍ਹਾਂ ਨਹੀਂ ਜਾਗਣਾ। ਕਲਜੁਗ ਆ ਗਿਆ, ਇਸ ਭੋਰਾ ਭਰ ਮਾਸੂਮ ਨੇ ਕਿਸੇ ਦਾ ਕੀ ਵਿਗਾੜਿਆ ਹੋਣਾ। ਜਿਨ੍ਹਾਂ ਦਾ ਕੋਈ ਵਾਲੀ-ਵਾਰਸ ਨ੍ਹੀਂ, ਉਨ੍ਹਾਂ ਦਾ ਕਾਮਰੇਟ ਆ।"

ਉਹ ਕਈ 'ਸਮਾਜ ਸੇਵਕ' ਅਖਵਾਉਂਦਿਆਂ ਦਾ ਦਰਵਾਜ਼ਾ ਖੜਕਾ ਆਇਆ ਸੀ। ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ।

---

ਅੱਧੀ ਰਾਤ ਦਾ ਵਕਤ ਹੋਣਾ। ਚੌਕੀਦਾਰ ਦੀਆਂ ਆਵਾਜ਼ਾਂ ਸੁਣ ਕੇ ਮੋਹਣ ਸਿੰਘ ਅੱਖਾਂ ਮਲਦਾ ਉਠਿਆ। ਉਹ ਕਿਸਾਨ ਯੂਨੀਅਨ ਦੇ ਰੇਲ ਰੋਕੋ ਅੰਦੋਲਨ ਤੋਂ ਅਜੇ ਥੋੜ੍ਹੀ ਦੇਰ ਪਹਿਲਾਂ ਹੀ ਆ ਕੇ ਸੁੱਤਾ ਸੀ। ਉਹ ਸਿਰ 'ਤੇ ਪਰਨਾ ਲਪੇਟਦਾ, ਪੈਰੀਂ ਜੁੱਤੀ ਅੜਾਉਂਦਾ ਮੰਜੇ ਤੋਂ ਉਠ ਤੁਰ ਪਿਆ।



ਜਤਿੰਦਰ ਸਿੰਘ ਹਾਂਸ
ਫੋਨ: 91-98554-25700

"ਅੱਧੀ ਰਾਤ, ਚੌਕੀਦਾਰ ਨੂੰ ਕੀ ਮੁਸੀਬਤ ਆ ਪਈ?"

ਕਾਮਰੇਡ ਮੋਹਣ ਸਿੰਘ ਦੀ ਪਤਨੀ ਗੁਰਜੀਤ, ਜਿਸ ਨੂੰ ਉਹ 'ਮੁਸੀਬਤਾਂ ਮਾਰੀ' ਕਹਿ ਕੇ ਹੱਸਦਾ, ਉਸ ਨਾਲ ਲੜ ਕੇ ਪੇਕੀਂ ਗਈ ਹੋਈ ਸੀ। ਜਦੋਂ ਉਹ ਲੜਦੀ, 'ਮੈਂ ਤੇਰੇ ਸਿਰ ਚੜ੍ਹ ਕੇ ਮਰ ਜਾਣਾ' ਦੀ ਧਮਕੀ ਜ਼ਰੂਰ ਦਿੰਦੀ। ਜੇ ਉਹ ਪੇਕੀਂ ਨਾ ਗਈ ਹੁੰਦੀ ਤਾਂ ਉਹਨੇ ਅੱਧੀ ਰਾਤੀਂ ਦਰਵਾਜ਼ਾ ਖੜਕਾਉਣ ਵਾਲੇ ਨੂੰ ਗਾਲ੍ਹਾਂ ਜ਼ਰੂਰ ਕੱਢਣੀਆਂ ਸਨ, "ਇਨ੍ਹਾਂ ਲੋਕਾਂ ਨੂੰ ਭੋਰਾ ਸ਼ਰਮ ਨ੍ਹੀਂ, ਹੱਗਣ-ਮੂਤਣ ਜਾਣ ਲਈ ਵੀ ਕਾਮਰੇਟ ਨੂੰ ਸੱਦਣ ਆ ਜਾਣਗੇ।"

ਘਰ ਦੇ ਕਬੀਲਦਾਰੀ ਦੇ ਕੰਮਾਂ ਤੋਂ ਬਿਨਾ ਉਹ ਸਾਰੇ ਕੰਮ ਜੋ ਮੋਹਣ ਸਿੰਘ 'ਲੋਕ ਭਲਾਈ' ਦੇ ਸਮਝ ਕੇ ਕਰਦਾ, ਉਹਦੀ ਪਤਨੀ ਗੁਰਜੀਤ ਉਨ੍ਹਾਂ ਨੂੰ 'ਮੁਸੀਬਤ ਸਹੇੜਨਾ' ਕਹਿੰਦੀ।

"ਮੈਂ ਤੈਨੂੰ ਵੀ ਸਹੇੜਿਆ।" ਮੋਹਣ ਸਿੰਘ ਹਾਸੇ ਵਿਚ ਕਹਿੰਦਾ।

"ਤਾਹੀਓਂ ਤਾਂ ਮੈਂ ਮੁਸੀਬਤਾਂ 'ਚ ਪਈ ਆਂ।" ਉਹ ਬਿਨਾ ਗੱਲ ਸਮਝਦਿਆਂ ਮੱਥੇ 'ਤੇ ਹੱਥ ਮਾਰ ਕੇ ਕਹਿੰਦੀ।

ਕੱਲ੍ਹ ਲੜਾਈ ਇਸ ਗੱਲੋਂ ਸ਼ੁਰੂ ਹੋਈ ਸੀ। ਉਹ ਚਾਹੁੰਦੀ ਸੀ ਕਾਮਰੇਡ ਉਹਦੇ ਨਾਲ, ਉਹਦੇ ਬਾਪੂ ਦੀ ਖਬਰ ਲੈਣ ਉਹਦੇ ਪੇਕੀਂ ਚੱਲੇ। ਬਾਪੂ ਸਖਤ ਬਿਮਾਰ ਸੀ। ਡਾਕਟਰ ਨੇ ਕਹਿ ਦਿੱਤਾ ਸੀ, 'ਇਹਦੀ ਘਰ ਲਿਜਾ ਕੇ ਸੇਵਾ ਕਰ'ਲੋ।' ਕਾਮਰੇਡ ਦਾ ਪਹਿਲਾਂ ਹੀ ਕਿਸਾਨ ਯੂਨੀਅਨ ਦੇ ਰੇਲ ਰੋਕੋ ਅੰਦੋਲਨ 'ਚ ਜਾਣ ਦਾ ਪ੍ਰੋਗਰਾਮ ਸੀ।

ਕਾਮਰੇਡ ਦੀ ਨਾਂਹ ਸੁਣ ਕੇ ਗੁਰਜੀਤ ਕੌਰ ਦੀਆਂ ਅੱਖਾਂ ਭਰ ਆਈਆਂ, "ਮੈਨੂੰ ਪਤਾ ਥੋਨੂੰ ਮੇਰੀ ਭੋਰਾ ਕਦਰ ਨ੍ਹੀਂ, ਜਿਉਂਦੇ ਜੀਆਂ ਦੇ ਮੇਲੇ ਹੁੰਦੇ ਨੇ... ਜਿਵੇਂ ਡਾਕਟਰ ਨੇ ਜੁਆਬ ਦੇ ਦਿੱਤਾ, ਕੀ ਪਤਾ ਉਨ੍ਹਾਂ ਦਾ। ਪਿਛੋਂ ਪਛਤਾਵਾ ਹੀ ਰਹਿ ਜਾਂਦਾ। ਲੋਕ ਕਾਮਰੇਟ-ਕਾਮਰੇਟ ਕਹਿ ਕੇ ਥੋਤੋਂ ਕੰਮ ਕੱਢ ਲੈਂਦੇ ਨੇ, ਤੁਸੀਂ ਵੱਡੇ ਬਣੇ ਫਿਰਦੇ ਓ।" ਉਹ ਅੱਖਾਂ ਸਾਫ ਕਰਦੀ ਬੋਲੀ ਗਈ।

ਮੋਹਣ ਸਿੰਘ ਦਲੀਲਾਂ ਦੇਣ ਲੱਗਾ, "ਤੈਨੂੰ ਯਾਦ ਆ? ਜਦੋਂ ਬਾਪੂ ਮੰਡੀਓਂ ਕਣਕ ਵੇਚ ਕੇ ਆਇਆ, ਤਾਂ ਹਰ ਸਾਲ ਦੀ ਤਰ੍ਹਾਂ ਉਸ ਸਾਲ ਵੀ ਸਿਰ ਕਰਜਾ ਲੈ ਕੇ ਮੁੜਿਆ ਸੀ। ਉਹਨੇ ਆ ਕੇ ਰੋਟੀ ਨਹੀਂ ਖਾਧੀ ਸੀ, ਰਾਤ ਨੂੰ ਸਲਫਾਸ ਖਾ ਗਿਆ ਸੀ। ਮਿੱਟੀ ਭੋਰਾਂ ਦਾ ਬਲਦੇਵ ਆਪਣੀ ਵਿਕੀ ਹੋਈ ਜਮੀਨ 'ਚ ਟਾਹਲੀ ਨਾਲ ਲਟਕਦਾ, ਮੇਰੀਆਂ ਅੱਖਾਂ ਅੱਗਿਓਂ ਨਹੀਂ ਜਾਂਦਾ। ਇਕ ਪਾਸੇ ਕਿਸਾਨਾਂ ਦੀ ਫਸਲ ਰੁਲਦੀ ਆ, ਉਹੀ ਫਸਲ ਵਪਾਰੀ ਕੋਲ ਜਾ ਕੇ ਸਿਓਨੇ ਦੇ ਭਾਅ ਹੋ ਜਾਂਦੀ ਆ। ਦੂਜੇ ਪਾਸੇ ਗਰੀਬ-ਗੁਰਬਾ ਦਾਣੇ-ਦਾਣੇ ਨੂੰ ਮੁਹਤਾਜ ਆ। ਜੇ ਏਕਣੇ ਸਰਕਾਰਾਂ ਜੱਟਾਂ ਨਾਲ ਧੱਕਾ ਕਰਦੀਆਂ ਰਹੀਆਂ ਤਾਂ ਹੋਰ ਪਤਾ ਨਹੀਂ ਕਿੰਨੇ ਕੁ ਜਣੇ ਅਣਆਈ ਮਰਨਗੇ। ਅੱਜ ਮੇਰਾ ਇੱਧਰ ਜਾਣਾ ਈ ਬਣਦਾ, ਤੂੰ ਉਧਰ ਜਾ ਆ।"

ਗੁਰਜੀਤ ਨੂੰ ਇਹੋ ਜਿਹੇ ਭਾਸ਼ਣ ਸੁਣਨੇ ਹੋਰ ਵੱਡੀ ਮੁਸੀਬਤ ਲੱਗਦੇ। ਉਹਨੇ ਕੰਨਾਂ 'ਤੇ ਹੱਥ ਰੱਖ ਲਏ। ਉਹ ਬੁਸ-ਬੁਸ ਕਰਦੀ ਤਿਆਰ ਹੋਈ। ਜਾਣ ਲੱਗੀ ਨੇ ਆਖਰੀ ਗੱਲ ਵੀ ਕਹਿ ਦਿੱਤੀ, "ਹੁਣ ਮੇਰਾ ਇਸ ਘਰ 'ਚੋਂ ਦਾਣਾ ਪਾਣੀ ਮੁੱਕ ਗਿਆ।"

ਮੋਹਣ ਸਿੰਘ ਕਿਸਾਨ ਯੂਨੀਅਨ ਵਾਲੇ ਝੰਡਾ ਸਿੰਘ ਦੇ ਘਰ ਚਲਾ ਗਿਆ। ਉਥੇ ਉਚੇ ਚੌਤਰੇ ਵਾਲੇ ਦਲਵਾਰ ਸਿੰਘ ਦੀ ਟਰਾਲੀ ਖੜ੍ਹੀ ਸੀ ਜਿਸ 'ਚ ਪਿੰਡ ਦੇ ਹੋਰ ਲੋਕ ਵੀ ਬੈਠੇ ਸਨ। ਉਹ ਉਨ੍ਹਾਂ ਨਾਲ ਰੇਲ ਰੋਕੋ ਅੰਦੋਲਨ ਵਿਚ ਹਿੱਸਾ ਲੈਣ ਚਲਿਆ ਗਿਆ। ਰਾਮਪੁਰ ਵਾਲੇ ਰੇਲਵੇ ਸਟੇਸ਼ਨ ਦੇ ਨੇੜੇ ਸੈਂਕੜੇ ਲੋਕ ਇਕੱਠੇ ਹੋਏ ਸਨ। ਟਰਾਲੀ ਗੁਰਦੁਆਰੇ ਕੋਲ ਖੜ੍ਹਾ ਕੇ ਲੋਕਾਂ ਨੇ ਹਰੇ-ਪੀਲੇ ਰੰਗੇ ਝੰਡੇ ਚੱਕ ਲਏ। ਨਾਅਰੇ ਮਾਰਦੇ ਰੇਲਵੇ ਸਟੇਸ਼ਨ ਵੱਲ ਤੁਰ ਪਏ। ਕਿਸਾਨੀ ਦੀ ਮਾੜੀ ਹਾਲਤ, ਖੁਦਕੁਸ਼ੀਆਂ ਅਤੇ ਸਰਕਾਰਾਂ ਦੀਆਂ ਬਦਨੀਤੀਆਂ ਬਾਰੇ ਗਰਮ-ਗਰਮ ਭਾਸ਼ਣ ਹੋਏ, ਨਾਅਰੇ ਲੱਗੇ।

ਅਗਲਾ ਪ੍ਰੋਗਰਾਮ ਰੇਲ ਗੱਡੀ ਦਾ ਪਹੀਆ ਜਾਮ ਕਰਨ ਲਈ ਰੇਲਵੇ ਲਾਈਨ 'ਤੇ ਬੈਠਣਾ ਸੀ। ਉਥੇ ਦਰੀਆਂ ਵਿਛਾ ਲਈਆਂ।

ਪੁਲਿਸ ਦੇ ਸਿਪਾਹੀ ਕੋਈ ਮਾੜੀ ਘਟਨਾ ਵਾਪਰਨ ਤੋਂ ਹੁਸ਼ਿਆਰ ਹੋਏ ਖੜ੍ਹੇ ਸਨ। ਪੁਲਿਸ ਅਫਸਰ ਆਪਣੇ ਸੀਨੀਅਰ ਅਫਸਰਾਂ ਨੂੰ ਬਿੰਦੇ-ਪਲੇ ਹਾਲਾਤ ਬਾਰੇ ਵੈਰਲਸ (ਵਾਇਰਲੈਸ) ਰਾਹੀਂ ਜਾਣੂ ਕਰਵਾ ਰਹੇ ਸਨ। ਚਿੰਤਾ 'ਚ ਡੁੱਬਿਆ ਸਟੇਸ਼ਨ ਮਾਸਟਰ ਰੇਲ ਮਹਿਕਮੇ ਦੇ ਅਫਸਰਾਂ ਨੂੰ ਸਥਿਤੀ ਬਾਰੇ ਦੱਸ ਰਿਹਾ ਸੀ।

ਕਿਸਾਨ ਰੇਲ ਦੀ ਪਟੜੀ 'ਤੇ ਜਾ ਪਏ ਸਨ। ਸਭ ਤੋਂ ਅੱਗੇ ਮੋਹਣ ਸਿੰਘ ਪਿਆ ਸੀ। ਇਸ ਤੋਂ ਬਾਅਦ ਰਣਧੀਰ ਸਿੰਘ ਲੰਬੜਦਾਰ ਦਾ ਸਾਂਝੀ ਬੰਸਾ ਪਿਆ ਸੀ। ਰੇਲ ਗੱਡੀ ਨੇ ਦੂਰੋਂ 'ਕੂਕ' ਮਾਰੀ। ਲਾਈਨ 'ਤੇ ਧਰਨਾ ਲਾਈ ਬੈਠੇ ਬੰਦੇ ਉਧਰ ਨੂੰ ਦੇਖਣ ਲੱਗੇ। ਬੰਸਾ ਉਠ ਕੇ ਬੈਠ ਗਿਆ ਕਹਿੰਦਾ, "ਕਾਮਰੇਟਾ ਮੈਂ ਤਾਂ ਸਮਝਦਾ ਸੀ ਉਧਰੋਂ ਆਉਣੀ ਆ, ਇਹ ਐਧਰੋਂ ਆ'ਗੀ। ਕਾਮਰੇਟਾ, ਮੈਂ ਫਾਟਕਾਂ ਕੋਲੋਂ ਲੰਘਦੀ ਗੱਡੀ ਕਈ ਵਾਰ ਦੇਖੀ ਆ, ਮੂਹਰੇ ਇੰਜਣ ਹੁੰਦਾ। ਡਰਾਈਵਰ ਬਹੁਤ ਪਿੱਛੇ ਹੁੰਦਾ। ਜੇ ਡਰਾਈਵਰ ਨੂੰ ਲਾਈਨ 'ਤੇ ਪਏ ਬੰਦੇ ਨਾ ਦਿਖੇ, ਰੇਲ ਨੇ ਆਪਣੇ ਟੁਕੜੇ ਕਰ ਦੇਣੇ ਆ।"

ਬੰਸਾਂ ਪੈਰਾਂ ਭਾਰ ਬੈਠਾ ਸੀ, ਜਿਵੇਂ ਹੁਣੇ ਰੇਸ ਲਾਉਣ ਵਾਲਾ ਹੋਵੇ। ਉਹਨੇ ਆਲੇ-ਦੁਆਲੇ ਨਜ਼ਰ ਮਾਰਦਿਆਂ ਮੋਹਣ ਸਿੰਘ ਤੋਂ ਪੁੱਛਿਆ, "ਕਾਮਰੇਟਾ, ਆਪਣੇ ਪਿੰਡ ਆਲਾ ਜੈਲਦਾਰ ਦਾ ਜੰਗੀਰ ਸਿਓਂ ਕਿਥੇ ਆ?"

"ਉਹ ਨ੍ਹੀਂ ਆਇਆ।" ਮੋਹਣ ਸਿੰਘ ਨੇ ਕਿਹਾ।

"ਸਰਪੰਚ ਅਮਰ ਸਿੰਘ ਕਿਥੇ ਆ?" ਬੰਸੇ ਨੇ ਪੁੱਛਿਆ।

"ਅਹੁ ਖੜ੍ਹਾ ਸਟੇਸ਼ਨ ਦੇ ਕਮਰੇ ਕੋਲ, ਛੱਲੀ ਭੋਰ-ਭੋਰ ਚੱਬ ਰਿਹਾ।" ਮੋਹਣ ਸਿੰਘ ਨੇ ਗਰਦਨ ਉਚੀ ਕਰ ਕੇ ਦੇਖ ਕੇ ਦੱਸਿਆ। ਫਿਰ ਓਵੇਂ ਲਾਈਨ 'ਤੇ ਪੈ ਗਿਆ।

ਬੰਸਾ ਬੋਲਿਆ, "ਜਿਨ੍ਹਾਂ ਕੋਲ ਬਹੁਤੀਆਂ ਜਮੀਨਾਂ-ਜਾਇਦਾਦਾਂ ਨੇ, ਉਨ੍ਹਾਂ ਵਿਚੋਂ ਤਾਂ ਕੋਈ ਆਇਆ ਨ੍ਹੀਂ। ਜਿਹੜਾ ਆਇਆ, ਉਹ ਪਰੇ ਖੜ੍ਹਾ ਅਰਾਮ ਨਾਲ ਛੱਲੀ ਭੋਰ ਭੋਰ ਖਾਈ ਜਾਂਦਾ। ਤੇਰੇ ਖੇਤਾਂ 'ਚ ਤੇਰੇ ਖਾਣ ਜੋਗੀ ਕਣਕ ਹੁੰਦੀ ਆ, ਤੈਂ ਵੇਚਣੀ ਨ੍ਹੀਂ। ਮੈਂ ਕਣਕ ਮੁੱਲ ਲੈਣੀ ਆ। ਆਪਾਂ ਰੇਲ ਦੀ ਪਟੜੀ 'ਤੇ ਮਰਨ ਨੂੰ ਪਏ ਆਂ, ਬਈ ਕਣਕ ਦਾ ਭਾਅ ਵਧਾਵੋ। ਚੱਲ ਉਠ ਕਾਮਰੇਟਾ, ਆਪਾਂ ਨੂੰ ਕੀ ਫਾਇਦਾ ਭਾਅ ਵਧਾ ਕੇ?"


"ਬੰਸਾ ਸਿਆਂ, ਜੇ ਆਪਾਂ ਜਾਨ ਬਚਾ ਭੱਜ ਲੇ, ਹੱਕਾਂ ਲਈ ਨਾ ਲੜੇ, ਪਤਾ ਨ੍ਹੀਂ ਕਿੰਨੇ ਕੁ ਕਿਸਾਨ ਖੁਦਕੁਸ਼ੀਆਂ ਕਰਨਗੇ। ਹੁਣ ਜਾਂ ਤਾਂ ਸ਼ਹੀਦ ਹੋਵਾਂਗੇ ਜਾਂ ਗੱਡੀ ਰੋਕਾਂਗੇ।" ਕਾਮਰੇਡ ਬੋਲਿਆ।

ਗੱਡੀ ਦੀ ਪਟੜੀ ਧਮਕ ਰਹੀ ਸੀ। ਚੀਕਾਂ ਮਾਰਦੀ ਗੱਡੀ ਉਨ੍ਹਾਂ ਤੋਂ ਕਾਫੀ ਦੂਰ ਪਿਛਾਂਹ ਹੀ ਰੁਕ ਗਈ ਸੀ। ਹੋਰ ਲੋਕਾਂ ਨਾਲ ਬੰਸਾ ਵੀ ਘਬਰਾਇਆ ਬੈਠਾ ਸੀ। ਗੱਡੀ ਰੁਕ ਜਾਣ ਤੋਂ ਕਾਫੀ ਸਮੇਂ ਬਾਅਦ ਹੱਸਦਾ ਬੋਲਿਆ, "ਕੇਰਾਂ ਤਾਂ ਸਾਲੀ ਦੀਆਂ ਚੀਕਾਂ ਕਢਾ'ਤੀਆਂ।"

ਸਾਰੇ ਕਿਸਾਨ ਯੂਨੀਅਨ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰ ਰਹੇ ਸੀ।

ਕਾਮਰੇਡ ਨੇ ਵੀ ਭਾਸ਼ਣ ਦਿੱਤਾ ਸੀ, "ਆਪਣੇ ਸੰਘਰਸ਼ ਨੂੰ ਇਸ ਕਰ ਕੇ ਬੂਰ ਨਹੀਂ ਪੈ ਰਿਹਾ, ਆਪਣੀ ਯੂਨੀਅਨ ਦਾ ਪ੍ਰਧਾਨ ਆਪਾਂ ਨੂੰ ਲੁੱਟਣ ਵਾਲੀ ਆੜ੍ਹਤੀਆਂ ਦੀ ਯੂਨੀਅਨ ਦਾ ਪ੍ਰਧਾਨ ਵੀ ਹੈ। ਉਹ ਬੰਦਾ ਮੰਡੀਕਰਨ ਬੋਰਡ ਦਾ ਚੇਅਰਮੈਨ ਆ। ਉਹ ਲੁੱਟੇ ਜਾਣ ਵਾਲਿਆਂ ਨਾਲੋਂ ਲੁੱਟਣ ਵਾਲਿਆਂ ਵੱਲ ਵੱਧ ਹੋ ਗਿਆ।"

ਲੀਡਰਾਂ ਨੇ ਕਾਮਰੇਡ ਨੂੰ ਵਿਚਾਲੇ ਹੀ ਰੋਕ ਪਰ੍ਹੇ ਲਿਜਾ ਕੇ ਕੁਝ ਸਮਝਾਇਆ ਸੀ।



ਜੇ ਯੂਨੀਅਨ ਦੇ ਲੀਡਰਾਂ ਦੀ ਗੱਲ ਮੰਨੀਏ, ਉਥੇ ਤਾਂ ਮੋਹਣ ਸਿੰਘ ਜਿੱਤ ਆਇਆ ਸੀ। ਜਦੋਂ ਉਹ ਘਰੇ ਆਇਆ ਤਾਂ ਦੇਖਿਆ ਸੱਚੀਂ ਹੀ ਉਹਦੀ ਪਤਨੀ ਪੇਕਿਆਂ ਤੋਂ ਮੁੜੀ ਨਹੀਂ ਸੀ। ਉਹਨੇ ਕਈ ਵਾਰ ਫੋਨ ਕੀਤੇ, ਪਰ ਉਧਰੋਂ ਕਿਸੇ ਨੇ ਗੱਲ ਨਾ ਕੀਤੀ। 'ਮੁਸੀਬਤਾਂ ਮਾਰੀ' ਰੁੱਸ ਕੇ ਪੇਕੀਂ ਗਈ ਸੀ। ਉਹਨੂੰ ਮਨਾਉਣਾ ਦਿੱਲੀ ਸਰਕਾਰ ਨੂੰ ਮਨਾਉਣਾ ਸੀ।

---

ਕਹਾਣੀ ਕਿਧਰ ਨੂੰ ਲੈ ਤੁਰਿਆ। ਗੱਲ ਤਾਂ ਉਸ ਬੱਚੇ ਦੀ ਸੀ ਜਿਸ ਦੀ ਲਾਸ਼ ਜਿਉਣੇ ਚੌਕੀਦਾਰ ਨੇ ਦੇਖੀ ਸੀ; ਪਰ 'ਅੰਨ ਭਗਵਾਨ' ਬਾਰੇ ਦੱਸਣ ਤੋਂ ਪਹਿਲਾਂ 'ਅੰਨ ਦਾਤੇ' ਬਾਰੇ ਦੱਸਣਾ ਜ਼ਰੂਰੀ ਸੀ।

---

ਮੋਹਣ ਸਿੰਘ ਨੇ ਜਿਉਣੇ ਚੌਕੀਦਾਰ ਦੀ ਆਵਾਜ਼ ਪਛਾਣ ਲਈ ਸੀ। ਫਿਰ ਵੀ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਪੁੱਛਿਆ, "ਕੌਣ?"

"ਮੈਂ ਆ ਜੀ, ਜਿਉਣਾ ਚੌਕੀਦਾਰ।" ਹਮੇਸ਼ਾ ਗੜ੍ਹਕਵੀਂ ਆਵਾਜ਼ 'ਚ ਗੱਲ ਕਰਨ ਵਾਲਾ ਜਿਉਣਾ ਘਬਰਾਈ ਜਿਹੀ ਆਵਾਜ਼ 'ਚ ਬੋਲ ਰਿਹਾ ਸੀ। "ਕਾਮਰੇਟ ਜੀ, ਕੋਈ ਜੁਆਕ ਮਾਰ ਕੇ ਸਿੱਟ ਗਿਆ, ਆਪਣੇ ਘਰ ਕੋਲ, ਬਹੁਤ ਕਲਯੁਗ ਆ ਗਿਆ। ਧਰਮ ਨਾਲ ਮੇਰੇ ਤਾਂ ਪੈਰਾਂ ਹੇਠੋਂ ਜਮੀਨ ਨਿਕਲ'ਗੀ। ਪਹਿਲਾਂ ਮੈਂ ਸੋਚਿਆ, ਮਨਾਂ ਕਾਹਨੂੰ ਜਾਂਦੀਏ ਬਲਾਏ ਦੁਪਹਿਰਾ ਕੱਟ ਜਾ, ਆਲੀ ਗੱਲ ਕਰਨੀ ਆ। ਜਿਵੇਂ ਦੁਨੀਆਂ ਅੱਖਾਂ ਮੀਚ ਕੇ ਲੰਘ ਜਾਂਦੀ ਹੁੰਦੀ ਆ, ਆਪਾਂ ਲੰਘ ਜਾਨੇ ਆਂ। ਬੰਦੇ ਦੀ ਦੇਹ ਨੂੰ ਕਾਂ-ਕੁੱਤੇ ਖਾਣ ਧਰਮ ਨਾਲ ਐਨਾ ਕਲਯੁਗ ਤਾਂ ਨ੍ਹੀਂ ਆਇਆ ਅਜੇ। ਸਰਪੰਚ ਨੂੰ ਉਹਦੇ ਮੁਬਾਇਲ 'ਤੇ ਫੋਨ ਕੀਤਾ, ਉਹ ਸ਼ਰਾਬੀ ਹੋਇਆ ਪਿਆ ਸੀ। ਜੀਹਦਾ ਵੀ ਦਰ ਖੜਕਾਇਆ, ਕਹਿੰਦਾ, 'ਸਵੇਰੇ ਦੇਖਾਂਗੇ।' ਫਿਰ ਮੈਂ ਸੋਚਿਆ, ਜਿਨ੍ਹਾਂ ਦਾ ਕੋਈ ਨਹੀਂ, ਉਨ੍ਹਾਂ ਦਾ ਕਾਮਰੇਟ ਆ।" ਚੌਕੀਦਾਰ ਇਹ ਗੱਲਾਂ ਮੋਹਣ ਸਿੰਘ ਨੂੰ ਦੱਸਦਾ ਬੈਟਰੀ ਨਾਲ ਚਾਨਣ ਕਰਦਾ ਅੱਗੇ-ਅੱਗੇ ਤੁਰੀ ਜਾ ਰਿਹਾ ਸੀ।

ਮੋਹਣ ਸਿੰਘ ਦਾ ਘਰ ਪਿੰਡੋਂ ਬਾਹਰ ਖੇਤਾਂ ਵਿਚ ਸੀ। ਲਾਸ਼ ਉਹਦੇ ਘਰ ਦੇ ਨੇੜੇ ਸੜਕ ਦੇ ਕੰਢੇ ਪਈ ਸੀ।

ਲਾਸ਼ ਕੋਲ ਜਾ ਕੇ ਚੌਕੀਦਾਰ ਨੇ ਬੈਟਰੀ ਦਾ ਚਾਨਣ ਬੱਚੇ ਦੇ ਮੂੰਹ 'ਤੇ ਕੀਤਾ। ਲਾਸ਼ ਨੌਂ ਦਸ ਸਾਲ ਦੇ ਬੱਚੇ ਦੀ ਸੀ। ਸਿਰ ਦੇ ਵਾਲ ਕੱਟੇ ਹੋਏ ਸਨ। ਤੇੜ ਲਹੂ ਭਿੱਜੀ ਨਿੱਕਰ ਸੀ, ਤੋਂ ਬਿਨਾ ਸਾਰਾ ਸਰੀਰ ਨੰਗਾ ਸੀ। ਸਰੀਰ 'ਤੇ ਖਰੋਚਾਂ ਤੇ ਜਖ਼ਮ ਸਨ। ਆਲੇ-ਦੁਆਲੇ ਖ਼ੂਨ ਦੇ ਛਿੱਟੇ ਸਨ।

"ਏਨੇ ਕੁ ਬੱਚੇ ਨਾਲ ਕਿਸੇ ਦੀ ਕੀ ਦੁਸ਼ਮਣੀ ਹੋ ਸਕਦੀ ਆ ਭਲਾ?" ਮੋਹਣ ਸਿੰਘ ਦੇ ਅੰਦਰੋਂ ਜਿਵੇਂ ਰੁੱਗ ਭਰਿਆ ਗਿਆ ਹੋਵੇ।

"ਆਪਣੇ ਪਿੰਡ ਦਾ ਤਾਂ ਲੱਗਦਾ ਨ੍ਹੀਂ। ਮੈਂ ਆਪਣੇ ਪਿੰਡ ਦੇ ਸਾਰੇ ਜੁਆਕਾਂ ਨੂੰ ਜਾਣਦਾਂ।" ਚੌਕੀਦਾਰ ਨੇ ਫਿਰ ਬੱਚੇ ਦੇ ਮੂੰਹ 'ਤੇ ਬੈਟਰੀ ਦਾ ਚਾਨਣ ਕਰਦਿਆਂ ਕਿਹਾ, "ਦੁਰ ਫਿੱਟੇ ਮੂੰਹ ਜਾਲਮੋ, ਧਰਮ ਨਾਲ ਗਰਕ ਜੋਂ ਤੁਸੀਂ।"

ਲਾਸ਼ ਵੱਲ ਤੁਰੇ ਜਾਂਦੇ ਕਾਮਰੇਟ ਨੂੰ ਚੌਕੀਦਾਰ ਨੇ ਬਾਹੋਂ ਫੜ ਕੇ ਰੋਕ ਲਿਆ, "ਪੁਲਿਸ ਕੇਸ ਆ ਜੀ, ਪੁਲਿਸ ਨੂੰ ਫੋਨ ਕਰੋ। ਧਰਮ ਨਾਲ ਕਿਤੇ ਆਪਾਂ ਪੁਲਿਸ ਦੇ ਚੱਕਰ 'ਚ ਨਾ ਪੈ ਜਾਈਏ।"

ਮੋਹਣ ਸਿੰਘ ਪੁਲਿਸ ਦੇ ਚੱਕਰ ਤੋਂ ਕਦ ਡਰਦਾ ਸੀ, ਪਰ ਉਹ ਉਥੋਂ ਕੁਝ ਸੋਚ ਕੇ ਮੁਬਾਇਲ ਚੁੱਕਣ ਘਰ ਨੂੰ ਤੁਰ ਪਿਆ। ਘਰੋਂ ਮੁਬਾਇਲ ਚੁੱਕ ਕੇ ਠਾਣੇ ਨੂੰ ਫੋਨ ਕਰਨ ਲੱਗਾ। ਉਧਰੋਂ ਕੰਪਿਊਟਰ ਬੋਲੀ ਜਾ ਰਿਹਾ ਸੀ।

"ਕਾਮਰੇਟਾ ਊਂ ਤਾਂ ਤੂੰ ਕਹੇਂਗਾ, ਜੁਆਕ ਦੀ ਲਾਸ਼ ਕੋਲ ਪਈ ਆ, ਇਹਨੂੰ ਖਾਣ ਦਾ ਹਾਬੜਾ ਲੱਗਿਆ, ਪਰ ਸੱਚ ਦੱਸਾਂ ਜਦੋਂ ਦੀ ਲਾਸ਼ ਦੇਖੀ ਆ, ਮੇਰੇ ਦਿਲ ਨੂੰ ਕੁਝ ਹੋਈ ਜਾਂਦਾ ਧਰਮ ਨਾਲ। ਮੈਨੂੰ ਲੱਗਦਾ ਮੈਨੂੰ ਹੁਣੇ ਦੌਰਾ ਪੈ ਜਾਣਾ। ਭਾਬੀ ਨੂੰ ਕਹਿ ਕੇ ਚਾਹ ਬਣਵਾਓ, ਨਹੀਂ ਮੈਨੂੰ ਕੁਝ ਹੋ ਜਾਣਾ।" ਚੌਕੀਦਾਰ ਮੋਹਣ ਸਿੰਘ ਨੂੰ ਕਹਿਣ ਲੱਗਾ।

"ਤੂੰ ਹੀ ਬਣਾ ਲਾ ਰਸੋਈ 'ਚ ਜਾ ਕੇ।" ਮੋਹਣ ਸਿੰਘ ਬੋਲਿਆ।

"ਪਹਿਲੇ ਜਮਾਨੇ 'ਚ ਹੱਡ 'ਚ ਪ੍ਰਾਣ ਹੁੰਦੇ ਸੀ, ਹੁਣ ਤਾਂ ਧਰਮ ਨਾਲ ਅੰਨ 'ਚ ਪ੍ਰਾਣ ਨੇ।" ਕਹਿੰਦਾ ਚੌਕੀਦਾਰ ਰਸੋਈ ਵੱਲ ਤੁਰ ਪਿਆ।

ਮੋਹਣ ਸਿੰਘ ਕਦੇ ਐਂਬੂਲੈਂਸ ਨੂੰ, ਕਦੇ ਪੁਲਿਸ ਨੂੰ ਫੋਨ ਕਰਦਾ ਬੱਚੇ ਦੀ ਲਾਸ਼ ਵੱਲ ਤੁਰ ਪਿਆ। ਉਹਨੇ ਸਰਪੰਚ ਅਤੇ ਪਿੰਡ ਦੇ ਹੋਰ ਲੋਕਾਂ ਨੂੰ ਵੀ ਫੋਨ ਕੀਤੇ। ਉਹ ਕੰਮ ਵਿਚ ਜੀਅ ਜਾਨ ਨਾਲ ਜੁਟ ਗਿਆ। ਉਸ ਵਿਚ ਇਹੋ ਤਾਂ ਗੱਲ ਸੀ ਜਿਹੜੀ ਉਹਨੂੰ ਕਾਮਰੇਡ ਬਣਾਉਂਦੀ ਸੀ। ਉਹ ਕਿਸੇ ਕਮਿਊਨਿਸਟ ਪਾਰਟੀ ਦਾ ਤਾਂ ਕੀ, ਕਿਸੇ ਵੀ ਰਾਜਨੀਤਕ ਪਾਰਟੀ ਦਾ ਮੈਂਬਰ ਨਹੀਂ ਸੀ।

ਅਜਿਹੀ ਹੀ ਇੱਕ ਗੱਲ ਤੁਹਾਨੂੰ ਦੱਸਦਾਂ, ਜਿਨ੍ਹੇਂ ਉਹਨੂੰ ਕਾਮਰੇਡ ਬਣਾ ਦਿੱਤਾ ਸੀ। ਉਸ ਸਾਲ ਮੀਂਹ ਬਹੁਤ ਪਏ ਸਨ। ਪੰਦਰਾਂ ਦਿਨ ਝੜੀ ਨਾ ਹਟੀ। ਮੋਹਣ ਸਿੰਘ ਜਦੋਂ 'ਕੰਮੀਆਂ ਦੇ ਵਿਹੜੇ' ਗਿਆ, ਉਥੇ ਗਲੀਆਂ ਪਾਣੀ ਨਾਲ ਭਰੀਆਂ ਹੋਈਆਂ ਸਨ। ਸਾਰੇ ਪਿੰਡ ਦਾ ਪਾਣੀ ਚਮਾੜੀ ਵਾਲੇ ਟੋਬੇ ਵੱਲ ਹੀ ਤਾਂ ਜਾਂਦਾ ਸੀ। ਉਨ੍ਹਾਂ ਦੇ ਘਰਾਂ ਅੰਦਰ ਵੀ ਪਾਣੀ ਫਿਰ ਰਿਹਾ ਸੀ। ਕਈ ਪਰਿਵਾਰ, ਜੋ ਨਿੱਤ ਕਮਾਉਂਦੇ, ਉਹੀ ਖਾਂਦੇ, ਉਨ੍ਹਾਂ ਦੇ ਚੁੱਲ੍ਹੇ ਨਹੀਂ ਸਨ ਬਲੇ। ਉਨ੍ਹਾਂ ਦੀ ਹਾਲਤ ਦੇਖ ਕੇ ਮੋਹਣ ਸਿੰਘ ਦਾ ਮਨ ਪਸੀਜ ਗਿਆ। ਉਹਨੂੰ ਚੈਨ ਨਾ ਆਵੇ, ਉਹਦੇ ਘਰ ਪਏ ਦਾਣੇ ਏਨੇ ਢਿੱਡ ਭਰਨ ਜੋਗੇ ਨਹੀਂ ਸਨ। ਉਹਨੇ ਪਿੰਡ ਦੇ ਵੱਡੇ ਬੰਦਿਆਂ ਨਾਲ ਗੱਲ ਕੀਤੀ, ਉਹ ਕਹਿੰਦੇ, ਜਿਹਦਾ ਢਿੱਡ ਦੁਖੂ, ਆਪੇ ਦਵਾਈ ਲੈ ਲੂ।"

"ਉਹ ਆਪ ਤਾਂ ਮੰਗਦੇ ਨ੍ਹੀਂ, ਤੂੰ ਕੌਣ, ਅਖੇ ਖਾਹਮਖਾਹ।"

"ਜੇ ਉਨ੍ਹਾਂ ਆਪ ਨ੍ਹੀਂ ਆਉਣਾ, ਤਾਂ ਆਪਣੀਆਂ ਤੀਮੀਆਂ ਨੂੰ ਭੇਜਣ, ਜਿੰਨੇ ਮਰਜੀ ਲੈ ਜਾਣ ਦਾਣੇ।"

"ਉਹ ਕੰਮ ਕਰਨ ਤਾਂ ਸ਼ਹਿਰ ਜਾਂਦੇ ਨੇ, ਪਿੰਡ 'ਚ ਕਿਸੇ ਦੀ ਵੱਢੀ ਉਂਗਲ 'ਤੇ ਨ੍ਹੀਂ ਮੂਤਦੇ। ਉਥੋਂ ਲਿਆਉਣ ਦਾਣੇ।"

ਉਨ੍ਹਾਂ 'ਵੱਡੇ ਬੰਦਿਆਂ' ਨੇ ਛੋਟੀਆਂ ਗੱਲਾਂ ਕਰ ਕੇ ਉਨ੍ਹਾਂ ਨੂੰ ਮੋੜ ਦਿੱਤਾ ਸੀ, ਪਰ ਮੋਹਣ ਸਿੰਘ ਦੀ ਪਤਨੀ ਦੇ ਕਹਿਣ ਵਾਂਗ ਉਹਨੇ 'ਮੁਸੀਬਤ ਸਹੇੜ' ਲਈ। ਇਹ ਨਾ ਸਮਝਣਾ ਕਿ ਲੋਕਾਂ ਲਈ ਮੁਸੀਬਤ ਮੁੱਲ ਲੈ ਕੇ ਉਹ ਕਿਸੇ 'ਤੇ ਅਹਿਸਾਨ ਕਰ ਰਿਹਾ ਹੁੰਦਾ, ਸਗੋਂ ਅਹਿਸਾਨ ਤਾਂ ਉਲਟਾ ਉਸ 'ਤੇ ਹੋ ਰਿਹਾ ਹੁੰਦਾ।

ਉਹਨੇ ਪਤਨੀ ਨਾਲ ਲੜਦਿਆਂ-ਭਿੜਦਿਆਂ ਗਰੀਬਾਂ ਨੂੰ ਆਪਣੇ ਘਰੋਂ ਜਿੰਨੀ ਕਣਕ ਦੇ ਸਕਦਾ ਸੀ, ਦੇ ਦਿੱਤੀ। ਹੁਣ ਉਹਨੂੰ ਸਮਝ ਨਾ ਲੱਗੇ, ਉਹ ਹੋਰ ਮਦਦ ਕਿਵੇਂ ਕਰੇ।

ਉਹ ਮਸਲੇ ਦਾ ਹੱਲ ਲੱਭਣ ਲਈ, ਗੋਡੇ-ਗੋਡੇ ਪਾਣੀ ਵਿਚ ਸ਼ਹਿਰ ਵੱਲ ਸਾਇਕਲ 'ਤੇ ਜਾ ਰਿਹਾ ਸੀ। ਦੇਖਿਆ, ਸ਼ਹਿਰ ਦੀਆਂ ਜੜ੍ਹਾਂ ਵਿਚ ਵੱਡੇ ਵੱਡੇ ਸਰਕਾਰੀ ਗੁਦਾਮ ਸਨ, ਲੱਖਾਂ ਕੁਇੰਟਲ ਕਣਕ ਨਾਲ ਭਰੇ ਹੋਏ। ਕਣਕ ਦੀਆਂ ਬੋਰੀਆਂ ਦੇ ਅੰਬਾਰ ਗੁਦਾਮਾਂ ਤੋਂ ਬਾਹਰ ਵੀ ਲੱਗੇ ਹੋਏ ਸਨ। ਸ਼ਾਇਦ ਗੁਦਾਮਾਂ ਅੰਦਰ ਥਾਂ ਨਹੀਂ ਬਚੀ ਹੋਣੀ। ਇਸੇ ਕਰ ਕੇ ਬਾਹਰ ਕਣਕ ਦੀਆਂ ਬੋਰੀਆਂ ਦੇ ਢੇਰ ਲਾ ਕੇ ਤਰਪਾਲਾਂ ਨਾਲ ਢਕ ਦਿੱਤੇ ਸਨ।

'ਇਹ ਕਣਕ ਤਾਂ ਸਾਰੇ ਪੰਜਾਬ ਦੇ ਗਰੀਬਾਂ ਦੀ ਭੁੱਖ ਦੂਰ ਕਰ ਸਕਦੀ ਆ। ਇਹ ਗੁਦਾਮ ਤਾਂ ਹੀ ਭਰੇ ਨੇ, ਤਾਂ ਜੋ ਔਖੇ ਵੇਲੇ ਦੇਸ਼ ਦੇ ਲੋਕਾਂ ਦੇ ਕੰਮ ਆ ਸਕਣ,' ਮੋਹਣ ਸਿੰਘ ਨੇ ਸੋਚਿਆ। ਉਹਨੇ ਗੁਦਾਮਾਂ ਦੇ ਮੁਲਾਜ਼ਮਾਂ ਨਾਲ ਗੱਲ ਕੀਤੀ। ਉਹ ਉਸ ਦੀਆਂ ਗੱਲਾਂ ਸੁਣ ਕੇ ਮੁਸਕਰਾਏ। ਉਹ ਉਨ੍ਹਾਂ ਨੂੰ ਝੱਲਾ ਜਿਹਾ ਬੰਦਾ ਲੱਗਿਆ। ਆਖਿਰ ਖਹਿੜਾ ਛੁਡਾਉਣ ਲਈ ਉਨ੍ਹਾਂ ਸੌ ਦੀ ਇੱਕ ਸੁਣਾ ਦਿੱਤੀ, "ਜਨਾਬ ਸਰਕਾਰੀ ਹੁਕਮਾਂ ਬਿਨਾ ਇਕ ਦਾਣਾ ਵੀ ਨੀ ਦੇ ਸਕਦੇ।"

"ਸਰਕਾਰਾਂ ਵੀ ਅਸੀਂ ਓ ਬਣਾਉਨੇ ਆਂ ਤਾਂ ਜੋ ਔਖੇ ਵੇਲੇ ਲੋਕਾਂ ਦੇ ਕੰਮ ਆ ਸਕਣ।" ਮੋਹਣ ਸਿੰਘ ਨੇ ਕਿਹਾ, ਪਰ ਮੁਲਾਜ਼ਮਾਂ ਨੇ ਉਸ ਦੀ ਗੱਲ ਸੁਣੀ ਹੀ ਨਾ। ਉਹ ਕਿਤੇ ਹਟਣ ਵਾਲਾ ਸੀ! ਉਹਨੇ ਸੰਘਰਸ਼ ਦਾ ਐਲਾਨ ਕਰ ਦਿੱਤਾ। ਉਹਨੇ ਦਰੱਖਤ ਦਾ ਟਾਹਣਾ ਤੋੜ ਕੇ ਉਹਦਾ ਡੰਡਾ ਬਣਾ ਲਿਆ। ਆਪਣੀ ਕੇਸਰੀ ਪੱਗ ਪਾੜ ਉਹਨੂੰ ਝੰਡੇ ਵਾਂਗ ਬਣਾ ਕੇ ਡੰਡੇ 'ਤੇ ਟੰਗ ਲਿਆ। ਗੁਦਾਮਾਂ ਦੇ ਬਾਹਰ ਪਈਆਂ ਕਣਕ ਦੀਆਂ ਬੋਰੀਆਂ ਦੇ ਢੇਰ 'ਤੇ ਚੜ੍ਹ ਕੇ ਉਨ੍ਹਾਂ 'ਤੇ ਕਬਜ਼ਾ ਕਰਦਿਆਂ ਉਨ੍ਹਾਂ ਉਪਰ ਝੰਡਾ ਗੱਡ ਦਿੱਤਾ।

ਤਮਾਸ਼ਬੀਨਾਂ ਦਾ ਇਕੱਠ ਹੋ ਗਿਆ। ਉਹ ਦੋ ਕੁ ਨਾਅਰੇ ਮਾਰ ਕੇ ਭਾਸ਼ਣ ਦੇਣ ਲੱਗਾ, "ਸਾਥੀਓ, ਸਾਡੇ ਦੇਸ਼ ਦੇ ਗਰੀਬ ਲੋਕ ਭੁੱਖੇ ਮਰਦੇ ਨੇ, ਇਹ ਅਨਾਜ ਗਰੀਬਾਂ 'ਚ ਵੰਡਿਆ ਜਾਊ।"

"ਇਨਕਲਾਬ।" "ਜਿੰਦਾਬਾਦ।"

"ਇਨਕਲਾਬ।" "ਜਿੰਦਾਬਾਦ।"

ਲੋਕ ਵੀ ਮੋਹਣ ਸਿੰਘ ਦੇ ਨਾਹਰਿਆਂ ਦਾ ਜੁਆਬ ਜ਼ਿੰਦਾਬਾਦ, ਮੁਰਦਾਬਾਦ 'ਚ ਦੇਣ ਲੱਗੇ।

ਗੁਦਾਮ ਦੇ ਮੁਲਾਜ਼ਮਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਇਹ 'ਪਾਗਲ ਬੰਦਾ' ਕੀ ਕਰ ਰਿਹਾ। ਉਨ੍ਹਾਂ ਨੂੰ ਸਮਝ ਨਾ ਆਵੇ। ਉਨ੍ਹਾਂ ਪੁਲਿਸ ਬੁਲਾ ਲਈ। ਠਾਣੇਦਾਰ ਨੇ ਮੋਹਣ ਸਿੰਘ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਅੜਿਆ ਰਿਹਾ, "ਜਿੰਨਾ ਚਿਰ ਕਣਕ ਗਰੀਬਾਂ 'ਚ ਵੰਡੀ ਨਹੀਂ ਜਾਂਦੀ, ਸੰਘਰਸ਼ ਜਾਰੀ ਰਹੂ।"

ਠਾਣੇਦਾਰ ਨੇ ਉਹਨੂੰ ਗੱਲਬਾਤ 'ਚ ਉਲਝਾ ਕੇ ਬਹੁਤ ਹੁਸ਼ਿਆਰੀ ਨਾਲ ਗ੍ਰਿਫਤਾਰ ਕਰ ਲਿਆ। ਜਦੋਂ ਉਹ ਠਾਣਿਓਂ ਛੁੱਟ ਕੇ ਆਇਆ, ਜਿਹੜੇ ਲੋਕਾਂ ਲਈ ਉਹ ਇਹ ਸਭ ਕੁਝ ਕਰ ਰਿਹਾ ਸੀ, ਉਹੀ ਉਹਦਾ ਮਜ਼ਾਕ ਉਡਾਉਣ ਲੱਗੇ।

"ਮੋਹਣੇ ਨੇ ਕੀ ਖੱਟਿਆ ਪਾਇਆ?"

"ਕੁਝ ਨੀ, ਐਵੇਂ ਉਹਦਾ ਕਾਮਰੇਟਾਂ ਵਾਂਗੂੰ ਸੰਘਰਸ਼ ਕਰਨ ਨੂੰ ਜੀਅ ਕਰ ਆਇਆ।"

ਇੰਜ ਉਹਦੀ ਅੱਲ 'ਕਾਮਰੇਟ' ਪੈ ਗਈ।

ਜਦੋਂ ਲੋਕ ਭਲਾਈ ਦੇ ਕੰਮ ਕਰਦਿਆਂ ਉਹ ਆਪਣੀ ਥੋੜ੍ਹੀ ਜਿਹੀ ਜਮੀਨ ਵੀ ਵੇਚ ਬੈਠਾ ਤਾਂ ਲੋਕ ਹੱਸਦੇ, "ਲਓ ਬਈ ਕਾਮਰੇਟ ਦਾ ਸੰਘਰਸ਼ ਕੰਮ ਆ ਗਿਆ, ਆਪਣੀ 'ਢਾਲ' ਮਾਫ ਕਰਾ'ਲੀ।"

---

ਗੱਲ ਤਾਂ ਉਸ ਬੱਚੇ ਦੀ ਚੱਲ ਰਹੀ ਸੀ ਜਿਸ ਦੀ ਲਾਸ਼ ਮਿਲੀ ਸੀ। ਕਹਾਣੀ ਹੋਰ ਪਾਸੇ ਤੁਰ ਪਈ। ਪਰ ਤੁਹਾਨੂੰ ਇਹ ਤਾਂ ਪਤਾ ਲੱਗ ਗਿਆ ਕਿ ਇਸ ਦੇਸ਼ ਵਿਚ ਅੰਨ ਦੇ ਵੱਡੇ-ਵੱਡੇ ਭੰਡਾਰ ਹਨ, ਜਿਹੜੇ ਮੀਂਹਾਂ 'ਚ ਗਲ ਰਹੇ ਨੇ।


---

ਹੁਣ ਮਾਮਲਾ ਵੱਖਰਾ ਸੀ। ਮੋਹਣ ਸਿੰਘ ਦੇ ਸਾਹਮਣੇ ਮਾਸੂਮ ਦੀ ਲਾਸ਼ ਪਈ ਸੀ। ਉਹਨੇ ਜਿਨ੍ਹਾਂ ਬੰਦਿਆਂ ਨੂੰ ਫੋਨ ਕੀਤੇ, ਸਭ ਨੇ ਉਹਨੂੰ

***(ਅਗਲੇ ਸਫੇ 'ਤੇ ਜਾਰੀ)***

# ਸਿਖਰ ਵਾਰਤਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸਰਕਾਰਾਂ ਦੇ ਮੁਖੀਆਂ ਦੀ ਹੋਣ ਵਾਲੀ ਮੀਟਿੰਗ ਵਿਚ ਕੀਤੇ ਜਾਂਦੇ ਵਿਚਾਰਾਂ ਨੂੰ 'ਸਿਖਰ ਵਾਰਤਾ' ਆਖਦੇ ਹਨ ਜਿਵੇਂ ਜੀ-20 ਸਿਖਰ ਵਾਰਤਾ। ਇਹ ਅੰਗਰੇਜ਼ੀ ਦੇ ਪਦ Summit Meeting ਦਾ ਸਿੱਧਾ ਅਨੁਵਾਦ ਹੈ। ਅੰਗਰੇਜ਼ੀ ਵਾਲੇ ਤਾਂ ਨਿਰਾ Summit ਕਹਿ ਕੇ ਵੀ ਗੁਜ਼ਾਰਾ ਕਰ ਲੈਂਦੇ ਹਨ ਪਰ ਅਸੀਂ ਪੰਜਾਬੀ ਅਜੇ ਇਸ ਜੋਗੇ ਕਿਥੇ ਹੋਏ ਹਾਂ। ਅਜੋਕਾ ਗਿਆਨ ਪ੍ਰਗਟ ਕਰਨ ਲਈ ਅੰਗਰੇਜ਼ੀ ਸ਼ਬਦਾਂ, ਵਾਕੰਸ਼ਾਂ, ਉਕਤੀਆਂ ਦਾ ਅਨੁਵਾਦ ਕਰਨ ਦੀ ਮਜਬੂਰੀ ਵਧਦੀ ਹੀ ਜਾਂਦੀ ਹੈ। ਵੱਡੇ ਲੋਕ ਵੱਡੇ ਵਿਸ਼ਿਆਂ ਬਾਰੇ ਵਾਰਤਾਲਾਪ ਕਰਦੇ ਹਨ, ਆਪਾਂ ਉਨ੍ਹਾਂ ਦੇ ਸਾਹਮਣੇ ਤਿਲ ਕਾ ਮਾਣੁ ਵੀ ਨਹੀਂ। ਫਿਰ ਵੀ ਅੱਜ ਪਾਠਕਾਂ ਨਾਲ ਸਿਖਰ ਵਾਰਤਾ ਕਰਨ ਦਾ ਮਨ ਬਣਿਆ ਹੈ। 'ਸਿਖਰ ਵਾਰਤਾ' ਯਾਨਿ ਸਿਖਰ ਸ਼ਬਦ ਬਾਰੇ ਚਰਚਾ।

ਸਿਖਰ ਲਈ ਸਾਡੇ ਕੋਲ ਹੋਰ ਸ਼ਬਦ ਹਨ-ਟੀਸੀ, ਚੋਟੀ, ਸਿਰਾ। ਭਗਤ ਕਬੀਰ ਵਲੋਂ ਇਸ ਸ਼ਬਦ ਦੀ ਵਰਤੋਂ ਦੇਖੋ, 'ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ॥ ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ॥' ਅਰਥਾਤ ਉਚੇ ਮਹਲ-ਮਾੜੀਆਂ, ਬਹੁਤਾ ਧਨ-ਪਦਾਰਥ ਹੋਵੇ ਤੇ ਸੁੰਦਰ ਨਾਰਾਂ ਹੋਵਨ, ਚੋਟੀ ਉਤੇ ਝੰਡਾ ਝੂਲਦਾ ਹੋਵੇ, ਇਸ ਸਾਰੇ ਰਾਜ-ਭਾਗ ਨਾਲੋਂ ਮੰਗ ਕੇ ਲਿਆਂਦੀ ਭਿੱਛਿਆ ਚੰਗੀ ਹੈ ਜੇ ਮਨੁੱਖ ਸੰਤਾਂ ਦੀ ਸੰਗਤ ਵਿਚ ਰਹਿ ਕੇ ਰੱਬ ਦੀ ਸਿਫਤ-ਸਾਲਾਹ ਕਰਦਾ ਹੋਵੇ। ਗੁਰੂ ਅਰਜਨ ਦੇਵ ਦਾ ਫੁਰਮਾਨ ਹੈ, 'ਤੇਰਸਿ, ਤਰਵਰ ਸਮੁਦ ਕਨਾਰੈ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ॥' ਅਰਥਾਤ ਮਨੁਖ ਦਾ ਸਰੀਰ ਸਮੁੰਦਰ ਕੰਢੇ ਉਗੇ ਰੁੱਖ ਵਾਂਗ ਹੈ। ਪਰ ਜੋ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨੂੰ ਜੀਵਨ ਦਾ ਮੂਲ ਬਣਾਉਂਦਾ ਹੈ, ਉਹ ਸੁਰਤਿ ਦੀ ਡੋਰ ਦੀ ਬਰਕਤ ਨਾਲ ਸਿਖਰ ਤੇ ਪ੍ਰਭੂ-ਚਰਨਾਂ ਵਿਚ ਜਾ ਪਹੁੰਚਦਾ ਹੈ।

ਸਿਖਰ ਸ਼ਬਦ ਸਿਰਫ ਭੌਤਿਕ ਚੋਟੀ ਲਈ ਹੀ ਨਹੀਂ ਸਗੋਂ ਕਿਸੇ ਭਾਵ ਦੀ ਅਤਿਤਾਈ ਲਈ ਵੀ ਵਰਤਿਆ ਜਾਂਦਾ ਹੈ ਜਿਵੇਂ ਭਰ ਜਵਾਨੀ ਵਿਚ ਮਰੀ ਧੀ ਲਈ ਕੀਰਨਾ ਹੈ, "ਹਾਏ ਹਾਏ ਧੀਏ ਮੋਰਨੀਏ, ਸਿਖਰ ਦੁਪਹਿਰੇ ਤੋਰਨੀਏ।" ਬੁੱਲੇ ਸ਼ਾਹ ਦੀ ਸੁਣੋ,

ਸਤਿਗੁਰ ਬੇੜੀ ਫੜੀ ਖਲੋਤੀ,
ਤੈਂ ਕਿਉਂ ਲਾਈ ਆ ਦੇਰੀ।
ਪ੍ਰੀਤਮ ਪਾਸ ਤੇ ਟੋਲਨਾ ਕਿਸ ਨੂੰ,
ਭੁੱਲ ਗਿਓਂ ਸਿਖਰ ਦੁਪਹਿਰੀ।

ਸ਼ਿਵ ਕੁਮਾਰ ਬਟਾਲਵੀ ਆਪਣੀ ਕਵਿਤਾ ਵਿਚ ਅਜਿਹਾ ਸ਼ਬਦ ਜੜੇ ਬਿਨਾ ਕਿਵੇਂ ਰਹਿ ਸਕਦਾ ਹੈ, 'ਸਿਖਰ ਦੁਪਹਿਰ ਸਿਰ 'ਤੇ ਮੇਰਾ ਢਲ ਚਲਿਆ ਪਰਛਾਵਾਂ।' ਸਿਖਰ ਦੁਪਹਿਰ ਯਾਨਿ ਜਦ ਸੂਰਜ ਸਿਖਰ 'ਤੇ ਹੁੰਦਾ ਹੈ, ਅਸੀਂ 'ਸਿਖਰ ਰਾਤ' ਨਹੀਂ ਕਹਿੰਦੇ। ਪੰਜਾਬੀ ਵਿਚ ਆਮ ਵਰਤੀ ਜਾਂਦੀ ਇਹ ਉਕਤੀ ਭਰ ਜਵਾਨੀ ਦੀ ਪ੍ਰਤੀਕ ਹੈ।

ਕਿਸੇ ਦੀ ਕਲਾ ਸਿਖਰ ਦੀ ਹੁੰਦੀ ਹੈ, ਕਿਸੇ



ਦੀ ਸੁੰਦਰਤਾ ਸਿਖਰ ਨੂੰ ਛੂਹੰਦੀ ਹੈ। ਕੋਈ ਚੀਜ਼ ਜਿਉਂ ਜਿਉਂ ਉਪਰ ਨੂੰ ਉਠਦੀ ਜਾਂਦੀ ਹੈ ਅਰਥਾਤ ਸਿਖਰ ਨੂੰ ਪੁੱਜਦੀ ਹੈ, ਤਿਉਂ ਤਿਉਂ ਬਾਰੀਕ, ਪਤਲੀ ਅਤੇ ਤਿੱਖੀ ਹੁੰਦੀ ਜਾਂਦੀ ਹੈ। ਇਸ ਲਈ ਸਿਖਰ ਸ਼ਬਦ ਦਾ ਇਕ ਅਰਥ ਤਲਵਾਰ ਦੀ ਧਾਰ ਵੀ ਹੈ ਅਤੇ ਥਣਾਂ ਦੀ ਚੂਚੀ ਵੀ। ਸਿਖਰ ਤੋਂ ਬਣਿਆ ਵਿਸ਼ੇਸ਼ਣ ਹੈ, ਸਿਖਰਲਾ/ਸਿਖਰਲੀ। ਸਿਖਰ ਸ਼ਬਦ ਵਿਚ ਲੂੰ-ਕੰਡੇ ਖੜ੍ਹੇ ਹੋਣ ਦਾ ਭਾਵ ਵੀ ਹੈ। ਡਰ ਦੇ ਮਾਰੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ, ਇਸ ਲਈ ਇਸ ਸ਼ਬਦ ਵਿਚ ਡਰਨ ਜਾਂ ਡਰ ਨਾਲ ਕੰਬਣ ਦੇ ਭਾਵ ਵੀ ਹਨ। ਪੰਜਾਬੀ ਸਾਹਿਤਕਾਰ ਸਿਖਰ ਤੋਂ ਵਿਕਸਿਆ ਸਿਹਰ ਕਦੇ ਕਦੇ ਵਰਤਦੇ ਹਨ, ਜਿਸ ਵਿਚ ਇਹ ਭਾਵ ਹਨ,

ਇਕ ਵਾਕ ਸੁਣ ਕੇ ਸਿਹਰ ਗਏ
ਚੰਨ ਗੁੰਮਿਆਂ ਤਾਰੇ ਬਿਖਰ ਗਏ
ਮੇਰੇ ਮਨ ਦੇ ਨੀਰ ਗੰਧਲ ਗਏ
ਬੜੀ ਦੇਰ ਤੀਕ ਨ ਨਿੱਤਰੇ
ਚੱਲ ਸੂਰਜਾ, ਚੱਲ ਧਰਤੀਏ
ਮੁੜ ਸੁੰਨ ਸਮਾਧੀ 'ਚ ਪਰਤੀਏ
ਕੱਲ ਰਾਤ ਹੋਏ ਨੇ ਰਾਤ ਭਰ
ਏਹੀ ਤਾਰਿਆਂ ਵਿਚ ਤਜ਼ਕਰੇ…। -ਸੁਰਜੀਤ ਪਾਤਰ

ਸਿਹਰਾਉਣਾ ਵਿਚ ਸਹਿਲਾਉਣਾ ਅਰਥਾਤ ਹੌਲੀ ਹੌਲੀ ਹੱਥ ਫੇਰਨ ਦਾ ਭਾਵ ਹੈ। ਧਿਆਨ ਰਹੇ, ਸਿਹਰ ਦਾ ਅਰਥ ਜਾਦੂ ਵੀ ਹੁੰਦਾ ਹੈ ਜੋ ਅਰਬੀ-ਫਾਰਸੀ ਵਲੋਂ ਆਇਆ ਹੈ। ਮੰਜੇ ਦੇ ਸਿਰ ਵਾਲੇ ਹਿੱਸੇ ਨੂੰ ਸਰ੍ਹਾਂਦੀ ਕਹਿੰਦੇ ਹਨ ਅਤੇ ਸਿਰ ਵਾਲੀ ਬਾਹੀ ਨੂੰ ਸੇਰੂ। ਇੱਟ ਦੇ ਘਟ ਚੌੜੇ ਪਾਸੇ ਨੂੰ ਵੀ ਸੇਰੂ ਆਖਦੇ ਹਨ।

ਪੰਜਾਬੀ ਸਭਿਆਚਾਰ ਵਿਚ ਸਿਹਰੇ ਦੀ ਬਹੁਤ ਮਹੱਤਤਾ ਹੈ, 'ਜਿਹੜਾ ਆਸ਼ਕਾਂ ਵਿਚ ਮਸ਼ਹੂਰ ਰਾਂਝਾ, ਸਿਰ ਓਸ ਦੇ ਇਸ਼ਕ ਦਾ ਸਿਹਰਾ ਨੀ।' (ਹੀਰ ਵਾਰਿਸ)। ਲਾੜੇ ਦੇ ਮੱਥੇ 'ਤੇ ਬੰਨ੍ਹੇ ਜਾਣ ਵਾਲੇ ਤਿੱਲੇ ਦੀਆਂ ਤਾਰਾਂ ਜਾਂ ਫੁੱਲਾਂ ਨਾਲ ਬਣਾਈਆਂ ਲੜੀਆਂ ਦੇ ਮੁਕਟ ਨੂੰ ਸਿਹਰਾ ਆਖਦੇ ਹਨ। ਲਾੜੇ ਦੀ ਉਸਤਤ ਵਿਚ ਗਾਏ ਜਾਂਦੇ ਗੀਤ ਨੂੰ ਵੀ ਸਿਹਰਾ ਕਿਹਾ ਜਾਂਦਾ ਹੈ। ਦਰਅਸਲ ਯੁਧ ਵਿਚ ਜਾਣ ਤੋਂ ਪਹਿਲਾਂ ਸਿਹਰਾ ਜਾਂ ਸੇਹਰ ਪੱਗ ਵਾਂਗ ਬੰਨ੍ਹਿਆ ਜਾਂਦਾ ਸੀ। 'ਮਹਾਨ ਕੋਸ਼' ਅਨੁਸਾਰ ਇਹ ਫਾਰਸੀ ਸਿਰਹਾਰ ਤੋਂ ਬਣਿਆ। ਅਮਰਵੰਤ ਸਿੰਘ ਦੇ 'ਅਰਬੀ-ਫਾਰਸੀ ਤੋਂ ਉਤਪੰਨ ਪੰਜਾਬੀ ਸ਼ਬਦਾਵਲੀ' ਨੇ ਫਰਹੰਗ-ਏ-ਆਸਿਫੀਆ ਦੇ ਹਵਾਲੇ ਨਾਲ ਇਸ ਨੂੰ ਸਿਰ+ਹਾਰ ਅਰਥਾਤ ਸਿਰ 'ਤੇ ਬੰਨ੍ਹਿਆ ਹਾਰ ਦੱਸਿਆ ਹੈ। ਇਸ ਨੂੰ ਫਾਰਸੀ ਸਿਹ+ਹਾਰ ਤੋਂ ਬਣਿਆ ਵੀ ਕਿਹਾ ਜਾਂਦਾ ਹੈ। ਫਾਰਸੀ ਵਿਚ ਸਿਹ ਦਾ ਅਰਥ ਤਿੰਨ ਹੁੰਦਾ ਹੈ ਭਾਵ ਤਿੰਨ ਲੜੀਆਂ ਵਾਲਾ ਹਾਰ। ਇਸ ਨੂੰ ਸ਼ੋਹਰ ਤੋਂ ਵਿਗੜਿਆ ਵੀ ਕਿਹਾ ਗਿਆ ਹੈ। ਪਰ ਟਰਨਰ ਅਨੁਸਾਰ ਇਹ ਸਿਖਰ ਦਾ ਵਿਕਸਿਤ ਰੂਪ ਹੈ। ਪਲੈਟਸ ਅਨੁਸਾਰ ਇਹ ਸੰਸਕ੍ਰਿਤ ਸ਼ੇਖਰਕ ਤੋਂ ਵਿਗਸੇ ਪ੍ਰਾਕ੍ਰਿਤ ਰੂਪ ਸੇਹਰਓ ਤੋਂ ਵਿਉਤਪਤ ਹੋਇਆ। ਇਸ ਵਿਉਤਪਤੀ ਵਿਚ ਵਧੇਰੇ ਦਮ ਹੈ ਕਿਉਂਕਿ ਸੰਸਕ੍ਰਿਤ ਸ਼ੇਖਰ ਦਾ ਅਰਥ ਕਲਗੀ, ਮੁਕਟ, ਦਾਉਣੀ ਆਦਿ ਹੈ। (ਸਫਲਤਾ ਦਾ) ਸਿਹਰਾ ਬੰਨ੍ਹਣਾ, ਸਿਹਰਾ ਆਪਣੇ ਸਿਰ ਲੈਣਾ ਆਦਿ ਮੁਹਾਵਰੇ ਵੀ ਹਨ। ਸ਼ੇਖਰ (ਜਿਵੇਂ ਚੰਦਰ ਸ਼ੇਖਰ) ਗੋਤ ਵਿਚ ਵੀ ਸਿਖਰ ਦਾ ਭਾਵ ਹੈ।

ਸਿਖਰ ਸ਼ਬਦ ਸੰਸਕ੍ਰਿਤ ਸ਼ਿਖਰ ਦਾ ਹੀ ਬਦਲਿਆ ਰੂਪ ਹੈ। ਸ਼ਿਖਰ ਸ਼ਿਖਾ ਨਾਲ ਸਬੰਧਤ ਸ਼ਬਦ ਹੈ ਜੋ ਸੰਸਕ੍ਰਿਤ ਵਿਚ ਇਕ ਸੁਤੰਤਰ ਸ਼ਬਦ ਹੈ। ਸ਼ਿਖਾ ਦੇ ਅਰਥ ਹਨ-ਸਿਰ ਦੀ ਬੋਦੀ, ਕਲਗੀ; ਲਾਟ; ਕਿਰਨ; ਚੋਟੀ, ਟੀਸੀ, ਸਿਰਾ; ਨੋਕ; ਫੁੰਗਲੀ; ਚੂਚੀ ਆਦਿ। ਗੁਰੂ ਨਾਨਕ ਨੇ ਇਹ ਸ਼ਬਦ ਵਰਤਿਆ ਹੈ, 'ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ॥' ਅਰਥਾਤ ਕਿਸੇ ਨੇ ਚੰਮ ਦੀ ਝੋਲੀ ਲੈ ਲਈ, ਕਿਸੇ ਨੇ ਮੰਗਣ ਵਾਸਤੇ ਖੱਪਰ ਫੜ ਲਿਆ, ਕੋਈ ਡੰਡਾਧਾਰੀ ਸੰਨਿਆਸੀ ਬਣ ਗਿਆ, ਕਿਸੇ ਨੇ ਮ੍ਰਿਗ-ਛਾਲਾ ਲੈ ਲਈ, ਕੋਈ ਬੋਦੀ, ਜਨੇਊ ਤੇ ਧੋਤੀ ਦਾ ਧਾਰਨੀ ਹੋਇਆ। ਮੋਨੀਅਰ-ਵਿਲੀਅਮਜ਼ ਨੇ ਸ਼ਿਖਾ ਸ਼ਬਦ ਵਿਚ 'ਸ਼ਿ' ਧਾਤੂ ਵੱਲ ਸੰਕੇਤ ਕੀਤਾ ਹੈ ਜਿਸ ਵਿਚ ਕੱਟਣ, ਤਿੱਖਾ ਕਰਨ, ਪਤਲਾਉਣ ਦੇ ਭਾਵ ਹਨ। ਪਹਾੜ ਆਦਿ ਜਿਉਂ ਜਿਉਂ ਉਪਰ ਨੂੰ ਉਠਦੇ ਹਨ, ਤਿੱਖੇ ਹੁੰਦੇ ਜਾਂਦੇ ਹਨ।

ਸ਼ਿਖ ਤੋਂ ਬਣੇ ਸ਼ਿਖੰਡੀ ਸ਼ਬਦ ਦਾ ਅਰਥ ਹੈ-ਮੋਰ; ਕੁੱਕੜ; ਪੀਲੀ ਜੂਹੀ, ਬੋਦੀ। ਗੁਰੂ ਅਰਜਨ ਦੇਵ ਨੇ ਪਹਾੜ ਦੇ ਅਰਥਾਂ ਵਿਚ ਸਿਖੰਡ ਅਤੇ ਸਿਖੰਡਣਹ ਸ਼ਬਦ ਵਰਤੇ ਹਨ, 'ਘਟੰਤ ਬਸੁਧਾ ਗਿਰਿ ਤਰ ਸਿਖੰਡੰ॥' ਅਰਥਾਤ ਧਰਤੀ ਉਚੇ ਉਚੇ ਪਹਾੜ ਤੇ ਰੁੱਖ ਨਾਸਵੰਤ ਹਨ; 'ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥ ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ॥' ਸਾਹਿਬ ਸਿੰਘ ਅਨੁਸਾਰ ਅਰਥ ਹੈ, "ਮਨੁੱਖ ਅੱਤ ਛੋਟਾ ਅਣੂ ਬਣ ਕੇ ਅਕਾਸ਼ਾਂ ਤਕ ਸਾਰੇ ਦੀਪਾਂ ਲੋਕਾਂ ਅਤੇ ਪਹਾੜਾਂ ਉਪਰ ਅੱਖ ਦੇ ਇਕ ਫੋਰ ਵਿਚ ਹੀ ਹੋ ਆਵੇ, (ਇਤਨੀ ਸਿੱਧੀ ਹੁੰਦਿਆਂ ਭੀ) ਗੁਰੂ ਤੋਂ ਬਿਨਾ ਉਸ ਦਾ ਜੀਵਨ ਸਫਲ ਨਹੀਂ ਹੁੰਦਾ।"

ਮਜੇ ਦੀ ਗੱਲ ਹੈ ਕਿ ਸਿਰ ਧੋਣ ਲਈ ਵਰਤੀ ਜਾਂਦੀ ਸ਼ਿਕਾਕਾਈ ਵਿਚ ਇਹ ਸ਼ਬਦ ਬੋਲਦਾ ਹੈ। ਇਹ ਸ਼ਬਦ ਤੈਲਗੂ ਭਾਸ਼ਾ ਵਿਚ ਨਿਰਮਿਤ ਹੋਇਆ ਲਗਦਾ ਹੈ। ਸੰਸਕ੍ਰਿਤ ਸ਼ਿਖ ਸ਼ਬਦ ਤੈਲਗੂ ਵਿਚ (ਵਾਲਾਂ ਦੀ) ਬੋਦੀ, ਜੂੜਾ, ਗੁੱਟਾ ਆਦਿ ਦੇ ਅਰਥਾਂ ਵਿਚ 'ਸਿਗ' ਜਾਂ 'ਸਿਕਾ' ਦੇ ਰੂਪ ਵਿਚ ਪ੍ਰਚਲਿਤ ਹੋਇਆ। ਦਰਾਵੜ ਭਾਸ਼ਾਵਾਂ ਵਿਚ 'ਕਾਈ' ਸ਼ਬਦ ਦਾ ਅਰਥ 'ਫਲ' ਹੁੰਦਾ ਹੈ। ਸੋ ਸ਼ਿਕਾ+ਕਾਈ ਦਾ ਸ਼ਾਬਦਿਕ ਅਰਥ ਹੋਇਆ, ਸ਼ਿਖਾਫਲ ਅਰਥਾਤ ਸਿਰ ਦੇ ਵਾਲਾਂ ਲਈ ਵਰਤਿਆ ਜਾਣ ਵਾਲਾ ਫਲ। ਇਸ ਫਲ ਤੋਂ ਤੇਲ ਤੇ ਹੋਰ ਦੇਸੀ ਔਸ਼ਧੀਆਂ ਵੀ ਬਣਾਈਆਂ ਜਾਂਦੀਆਂ ਹਨ। ਪ੍ਰਸੰਗਵਸ ਦੱਸ ਦੇਈਏ ਕਿ ਅੰਬ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ ਮੈਂਗੋ ਵਿਚ ਕਾਈ ਦਾ ਰੁਪਾਂਤਰ ਬੋਲਦਾ ਹੈ। ਤਾਮਿਲ ਮਾਨ (ਅੰਬ)+ ਕਾਇ (ਫਲ, ਕੱਚਾ ਫਲ) = ਮਾਨਕਾਇ। ਇਹ ਸ਼ਬਦ ਪੁਰਤਗੀਜ਼ ਵਿਚ ਮੰਗਾ ਦੇ ਰੂਪ ਵਿਚ ਗਿਆ ਤੇ ਉਥੋਂ ਅੰਗਰੇਜ਼ੀ ਵਿਚ ਮੈਂਗੋ ਵਜੋਂ ਪ੍ਰਚਲਿਤ ਹੋਇਆ। ਤਾਮਿਲ ਵਿਚ ਮਾਨਕਾਇ ਵਿਚਲੇ ਅੰਬਸ਼ਕਲ ਦੇ ਨਗ ਨੂੰ ਵੀ ਆਖਦੇ ਹਨ। ਦੁਨੀਆਂ ਭਰ ਦੀਆਂ ਭਾਸ਼ਾਵਾਂ ਵਿਚ ਅੰਬ ਲਈ ਭਾਰਤੀ ਮੰਕਾਇ ਜਾਂ ਅੰਬ ਤੋਂ ਬਣੇ ਸ਼ਬਦ ਹੀ ਚਲਦੇ ਹਨ।

#

# ਅੰਨ ਬ੍ਰਹਮ ਹੈ

(ਪਿਛਲੇ ਸਫੇ ਦੀ ਬਾਕੀ)

ਇਸ ਮਾਮਲੇ 'ਚ ਨਾ ਪੈਣ ਦੀ ਸਲਾਹ ਦਿੱਤੀ।

ਉਹ ਬੱਚੇ ਦੀ ਲਾਸ਼ ਕੋਲ ਪਹੁੰਚਿਆ। ਬੈਟਰੀ ਨਾਲ ਚਾਨਣ ਕਰ ਕੇ ਬੱਚੇ ਦੇ ਨੱਕ ਕੋਲ ਹੱਥ ਕਰ ਕੇ ਦੇਖਿਆ। ਉਹਦਾ ਸਾਹ ਚਲਦਾ ਸੀ। ਮੋਹਣ ਸਿੰਘ ਦੀ ਖੁਸ਼ੀ ਦੀ ਹੱਦ ਨਾ ਰਹੀ। ਉਹਨੇ ਬੱਚੇ ਦੀ ਬਾਂਹ ਫੜ ਕੇ ਨਬਜ਼ ਦੇਖੀ। "ਜਿਉਂਦਾ", ਉਹ ਖੁਸ਼ੀ ਵਿਚ ਚੀਕਿਆ।

ਉਹ ਬੱਚੇ ਨੂੰ ਚੁੱਕ ਕੇ ਘਰ ਲੈ ਆਇਆ। ਬੱਚਾ ਬੇਹੋਸ਼ ਸੀ। ਉਹਨੇ ਬੱਚੇ ਨੂੰ ਸਾਫ ਜਿਹੇ ਕੱਪੜੇ ਨਾਲ ਸਾਫ ਕਰ ਕੇ ਪਾਇਆ। ਬੱਚੇ ਨੇ ਘੁੱਟ ਕੇ ਮੁੱਠੀ ਮੀਚੀ ਹੋਈ ਸੀ। ਪਤਾ ਨਹੀਂ, ਉਸ ਵਿਚ ਕੀ ਸੀ। ਕਾਮਰੇਡ ਐਂਬੂਲੈਂਸ ਨੂੰ ਫੋਨ ਕਰਨ ਲੱਗਾ।

ਚੌਕੀਦਾਰ ਰਸੋਈ ਵਿਚੋਂ ਦੋ ਗਿਲਾਸ ਚਾਹ ਬਣਾ ਲਿਆਇਆ। ਬੱਚੇ ਨੂੰ ਅੰਦਰ ਮੰਜੇ 'ਤੇ ਪਿਆ ਦੇਖ ਕੇ ਘਬਰਾ ਗਿਆ, "ਕਾਮਰੇਟ ਜੀ, ਪਾ ਲਿਆ ਗਲ ਖੂਨ। ਧਰਮ ਨਾਲ। ਘਰ ਕਾਹਨੂੰ ਲਿਆਉਣਾ ਤੀ…।"

"ਜਿਉਂਦਾ, ਚਾਹ ਸਿੱਟ ਪਰ੍ਹੇ। ਆ ਕੇ ਪੀਵਾਂਗੇ। ਚੱਲ ਇਹਨੂੰ ਹਸਪਤਾਲ ਲੈ ਚੱਲ। ਐਂਬੂਲੈਂਸ ਵਾਲੇ ਫੋਨ ਨੀਂ ਚੱਕਦੇ।"

ਉਦੋਂ ਤਕ ਪਿੰਡ ਦੇ ਕਈ ਬੰਦੇ, ਜਿਨ੍ਹਾਂ ਨੂੰ ਉਹਨੇ ਫੋਨ ਕੀਤੇ ਸਨ, ਮੋਹਣ ਸਿੰਘ ਦੇ ਘਰ ਆ ਗਏ। ਨੇਕ ਦੇ ਮੁੰਡੇ ਸ਼ਿਵਜੀ ਨੇ ਬੱਚੇ ਨੂੰ ਪਛਾਣ ਲਿਆ ਸੀ। ਉਹ ਉਹਦੇ ਬਾਰੇ ਦੱਸਣ ਲੱਗਾ, "ਇਹ ਤਾਂ ਜੀ ਆਹ ਆਪਣੇ ਲਾਗਲੇ ਪਿੰਡ ਬੀਜਾਪੁਰ ਕੋਠੇ ਦੀਆਂ ਮੜ੍ਹੀਆਂ ਕੋਲ ਜਿਹੜਾ ਟੋਭਾ, ਉਹਦੇ ਕੰਢੇ ਇਕ ਤੀਮੀ ਰਹਿੰਦੀ ਆ, ਇਹ ਉਸੇ ਦੀ ਵੱਡੀ ਕੁੜੀ ਆ। ਉਹ ਤਾਂ ਜੀ ਯੂ.ਪੀ. ਤੋਂ ਆ, ਭਈਆ ਰਾਣੀ। ਮੁਜ਼ੱਫਰ ਨਗਰ ਉਹਦਾ ਪਿੰਡ ਆ। ਪਿੰਡ ਦੇ ਬੰਦੇ ਨਾਲ ਨਿਕਲ ਆਈ। ਚੌਦਾਂ-ਪੰਦਰਾਂ ਸਾਲ ਹੋ'ਗੇ ਉਹਨੂੰ ਆਈ ਨੂੰ। ਹੁਣ ਪਤਾ ਨੀਂ ਲੱਗਦਾ, ਉਹ ਯੂ.ਪੀ. ਦੀ ਆ ਜਾਂ ਇਧਰਲੀ ਆ। ਪੂਰੀ ਪੰਜਾਬੀ ਬੋਲਦੀ ਆ। ਉਹ ਬੰਦਾ ਜਿਹੜਾ ਉਹਨੂੰ ਕੱਢ ਕੇ ਲਿਆਇਆ ਤੀ, ਪਹਿਲਾਂ ਤਾਂ ਉਹਨੇ ਆਪਣੇ ਕੋਲ ਰੱਖੀ, ਫਿਰ ਕਿਸੇ ਨੂੰ ਵੇਚ ਕੇ ਭੱਜ ਗਿਆ। ਉਹਨੇ ਕੁਛ ਸਮਾਂ ਰੱਖੀ, ਫਿਰ ਅੱਗੇ ਵੇਚ ਕੇ ਵੱਧ ਪੈਸੇ ਵੱਟ'ਲੇ। ਓਵੇਂ ਵਿਕਦੀ-ਵਿਕਦੀ ਇਕ ਬੁੜ੍ਹੇ ਬੰਦੇ ਨੂੰ ਵੇਚ'ਤੀ। ਉਹਦੇ ਮਰੇ 'ਤੇ ਇਕੱਲੀ ਰਹਿਣ ਲੱਗ'ਪੀ। ਹੁਣ ਬੀਜਾਪੁਰ ਕੋਠੇ ਦੀਆਂ ਮੜ੍ਹੀਆਂ 'ਚ ਟੋਭੇ ਦੇ ਕੰਢੇ ਝੁੱਗੀ ਪਾ ਕੇ ਰਹਿੰਦੀ ਆ। ਉਹਦੇ ਵੱਖ-ਵੱਖ ਬੰਦਿਆਂ ਤੋਂ ਤਿੰਨ ਜੁਆਕ ਨੇ, ਚੌਥਾ ਹੋਣ ਆਲਾ। ਜਦੋਂ ਪੁੱਛੋ, ਘਰੋਂ ਕਿਉਂ ਭੱਜ ਆਈ ਤਾਂ ਢਿੱਡ 'ਤੇ ਹੱਥ ਮਾਰ ਕੇ ਕਹੂ, "ਆਹ ਢਿੱਡ ਲੈ ਆਇਆ ਜੀ।"

ਸ਼ਿਵਜੀ ਉਹਦੇ ਬਾਰੇ ਸਭ ਕੁਝ ਜਾਣਦਾ ਸੀ। ਉਹ ਵੀ ਉਸ ਕੋਲ ਰਾਤ ਬਰਾਤੇ ਜਾਣ ਵਾਲਿਆਂ ਬੰਦਿਆਂ ਵਿਚੋਂ ਹੀ ਸੀ। ਉਹ ਉਹਦੇ ਬਾਰੇ ਦੱਸਣੋਂ ਨਹੀਂ ਹਟ ਰਿਹਾ ਸੀ।

ਜਿਸ ਨੂੰ ਸਿਰ ਦੇ ਵਾਲ ਕੱਟਿਆਂ ਕਰ ਕੇ ਮੁੰਡਾ ਸਮਝ ਰਹੇ ਸੀ, ਉਹ ਕੁੜੀ ਸੀ। ਮਾਮਲਾ ਹੋਰ ਪੇਚੀਦਾ ਹੋ ਗਿਆ। ਜੁਰਮ ਵੀ ਵੱਡਾ ਹੀ ਹੋਇਆ ਹੋਵੇਗਾ। ਸ਼ਾਇਦ ਉਸ ਮਾਸੂਮ ਨਾਲ ਬਲਾਤਕਾਰ…।

ਜ਼ੈਲਦਾਰਾਂ ਦੇ ਜੰਗੀਰ ਸਿੰਘ ਦੇ ਘਰ ਕਾਰ ਸੀ। ਉਹਨੇ ਕਾਰ ਲਿਆਉਣ ਤੋਂ ਨਾਂਹ ਕਰ ਦਿੱਤੀ, "ਭਾਈ ਮੈਥੋਂ ਪੁਲਿਸ ਦੇ ਚੱਕਰਾਂ 'ਚ ਨੀਂ ਪਿਆ ਜਾਣਾ। ਮੈਂ ਦਿਲ ਦਾ ਮਰੀਜ਼ ਆਂ।" ਉਹ ਗੱਡੀ ਦੇ ਖੂਨ ਨਾਲ ਲਿਬੜਨ ਤੋਂ ਡਰ ਗਿਆ ਸੀ।

ਸਾਰੇ ਪੁਲਿਸ ਤੇ ਐਂਬੂਲੈਂਸ ਨੂੰ ਉਡੀਕਣ ਦੀ ਸਲਾਹ ਦੇਣ ਲੱਗੇ।

ਕੋਈ ਕਹਿ ਰਿਹਾ ਸੀ, "ਬੱਚੀ ਦੇ ਮਾਂ-ਬਾਪ ਬਿਨਾ ਕਦਮ ਨਾ ਪੁੱਟਿਓ ਭਾਈ… ਜ਼ਮਾਨਾ ਖਰਾਬ ਆ।"

ਬੱਚੀ ਦੀ ਹਾਲਤ ਵਿਗੜਦੀ ਜਾ ਰਹੀ ਸੀ। ਖੂਨ ਵਗੀ ਜਾ ਰਿਹਾ ਸੀ। ਸ਼ਿਵਜੀ ਨੂੰ ਬੱਚੀ ਦੇ ਮਾਂ-ਬਾਪ ਲਿਆਉਣ ਲਈ ਕਹਿ ਕੇ ਕਾਮਰੇਟ ਨੇ ਮੋਟਰ ਸਾਈਕਲ ਨੂੰ ਕਿੱਕ ਮਾਰੀ। ਲੋਕਾਂ ਨੇ ਰੋਕਦਿਆਂ ਚੌਕੀਦਾਰ ਨੂੰ ਕਿਹਾ, "ਇਹਨੂੰ ਲੈ ਕੇ ਪਿੱਛੇ ਬੈਠ।"

ਉਹਦਾ ਮੋਟਰ ਸਾਈਕਲ ਸਰਕਾਰੀ ਹਸਪਤਾਲ ਵੱਲ ਭੱਜਿਆ ਜਾ ਰਿਹਾ ਸੀ।

---

ਹਸਪਤਾਲ ਦੇ ਬਾਹਰ ਬੈਠਾ ਮੋਹਣ ਸਿੰਘ ਸੋਚ ਰਿਹਾ ਸੀ, "ਕੌਣ ਹਰਾਮਖੋਰ ਸੀ, ਜਿਹਨੇ ਬੱਚੀ ਦੀ ਇਹ ਹਾਲਤ ਕਰ ਦਿੱਤੀ। ਇਹਦੀ ਮਾਂ ਨੂੰ ਆਪਣੀ ਬੱਚੀ ਦਾ ਭੋਰਾ ਵੀ ਫਿਕਰ ਨਹੀਂ? ਇਕ ਅਸੀਂ ਹਾਂ ਜਿਹੜੇ ਬੱਚੇ ਲਈ ਤਰਸ ਰਹੇ ਹਾਂ। 'ਮੁਸੀਬਤਾਂ ਮਾਰੀ' ਇਸੇ ਕਰ ਕੇ ਬਹੁਤੀ ਦੁਖੀ ਰਹਿੰਦੀ ਹੈ। ਮੈਂ ਇਸ ਮਾਸੂਮ ਕੁੜੀ ਨੂੰ ਗੋਦ ਲੈ ਲੈਣਾ।"

"ਕਿਥੇ ਆ, ਕਿਥੇ ਆ? ਮੇਰੀ ਬੱਚੀ।" ਸ਼ਿਵਜੀ ਦੇ ਮੋਟਰ ਸਾਈਕਲ 'ਤੋਂ ਉਤਰ ਕੇ ਔਰਤ ਕਮਲਿਆਂ ਵਾਂਗ ਹਸਪਤਾਲ ਦੇ ਐਮਰਜੈਂਸੀ ਵਾਰਡ ਵੱਲ ਭੱਜੀ। ਉਹਨੇ ਪੁਰਾਣੇ ਜਿਹੇ ਮੈਲੇ ਕੱਪੜੇ ਪਾਏ ਹੋਏ ਸਨ। ਵਾਲ ਖਿੱਲਰੇ ਹੋਏ ਸਨ, ਗੋਦੀ ਛੋਟਾ ਜਿਹਾ ਬੱਚਾ ਸੀ।

ਚੌਕੀਦਾਰ ਉਹਨੂੰ ਆਈ.ਸੀ.ਯੂ. ਵਿਚ ਪਈ ਕੁੜੀ ਦਿਖਾ ਲਿਆਇਆ। ਉਹ ਬਾਹਰ ਆ ਕੇ ਬੌਂਦਲਿਆਂ ਵਾਂਗ ਬੈਂਚ 'ਤੇ ਬੈਠਣ ਦੀ ਥਾਂ ਧਰਤੀ 'ਤੇ ਬੈਠ ਗਈ। ਰੋਈ ਜਾ ਰਹੀ ਸੀ। ਉਹਦੀ ਗੋਦੀ ਵਿਚ ਚੂਹੀ ਦੇ ਮੂੰਹ ਵਾਲਾ, ਕਮਜ਼ੋਰ ਜਿਹਾ ਬੱਚਾ ਟਿਆਂਹ-ਟਿਆਂਹ ਕਰੀ ਜਾ ਰਿਹਾ ਸੀ। ਉਹ ਰੋਂਦੀ ਸਭ ਦੇ ਸਾਹਮਣੇ ਆਪਣੇ ਖਾਲੀ ਮੋਮਜਾਮੇ ਦੇ, ਜਿਨ੍ਹਾਂ ਵਿਚੋਂ ਹਵਾ ਵੀ ਨਿਕਲ ਚੁੱਕੀ ਹੁੰਦੀ ਹੈ, ਭੁਕਾਨੇ ਵਾਂਗ ਲਮਕਦੇ ਦੁੱਧ ਉਹਦੇ ਮੂੰਹ 'ਚ ਪਾਉਂਦੀ। ਬੱਚਾ ਫਿਰ ਵੀ ਟਿਆਂਹ-ਟਿਆਂਹ ਕਰੀ ਜਾ ਰਿਹਾ ਸੀ। ਉਹਨੇ ਬੱਚੇ ਨੂੰ ਧਰਤੀ 'ਤੇ ਪਾ ਦਿੱਤਾ ਤੇ ਬੋਲੀ, "ਮੈਨੂੰ ਖਾ ਲੈ…।" ਫਿਰ ਬਿੱਲੀ ਦੇ ਰੋਣ ਵਰਗੀ ਆਵਾਜ਼ ਵਿਚ ਰੋਣ ਲੱਗੀ।

ਸ਼ਿਵਜੀ ਨੇ ਧਰਤੀ 'ਤੇ ਪਏ ਬੱਚੇ ਨੂੰ ਚੁੱਕ ਲਿਆ।

"ਮੈਂ ਤਾਂ ਕੱਲ੍ਹ ਦੀ ਨੇ ਅੰਨ ਦਾ ਦਾਣਾ ਨੀਂ ਮੂੰਹ 'ਤੇ ਧਰਿਆ। ਦੁੱਧ ਕਿਥੋਂ ਉਤਰਨਾ! ਉਤੋਂ ਮੈਂ ਸ਼ਿਲੇ 'ਚ ਆਂ।"

ਕਾਮਰੇਡ ਨੇ ਉਸ ਔਰਤ, ਜਿਸ ਦਾ ਨਾਂ ਪੂਜਾ ਸੀ, ਨੂੰ ਦਿਲਾਸਾ ਦਿੱਤਾ। ਉਸ ਲਈ ਬਰੈਡ ਦਾ ਪੈਕਟ ਤੇ ਚਾਹ ਲੈ ਆਇਆ। ਉਹ ਰੋਂਦੀ ਰੋਂਦੀ ਬਰੈਡ ਦਾ ਸਾਰਾ ਪੈਕਟ ਹੀ ਖਾ ਗਈ। ਫਿਰ ਹੱਥ ਜੋੜ ਕੇ ਕਹਿੰਦੀ, "ਸਰਦਾਰ ਜੀ, ਮੇਰੀ ਬੱਚੀ ਨੂੰ ਬਚਾ ਲੋ, ਮੇਰੀ ਸਲੋਨੀ ਨੂੰ…।"

"ਇਹਦਾ ਬਾਪ ਕਿਥੇ ਆ?" ਚੌਕੀਦਾਰ ਨੇ ਪੁੱਛਿਆ।

"ਸਰਦਾਰ ਜੀ, ਰੱਬ ਜਾਣੇ ਇਨ੍ਹਾਂ ਦਾ ਬਾਪ ਕਿਥੇ ਆ? ਸਰਦਾਰ ਜੀ, ਮੈਂ ਤਾਂ ਢਿੱਡ ਖਾਤਰ ਪਰਦੇਸ ਫਿਰਦੀ ਆਂ। ਮੇਰੀ ਸਲੋਨੀ ਨੂੰ ਬਚਾ ਲੋ।" ਉਹਨੇ ਫਿਰ ਹੱਥ ਜੋੜੇ।

"ਸਰਦਾਰ ਜੀ, ਦੁਨੀਆਂ ਬੀ ਮਤਲਬੀ ਆ। ਜਿਹਨੂੰ ਮੈਂ ਪਿਆਰ ਕੀਤਾ ਸੀ, ਉਹ ਮੈਨੂੰ ਵੇਚ ਕੇ ਭੱਜ ਗਿਆ। ਫਿਰ ਹੋਰ ਬਥੇਰੇ ਲੋਕ ਆ'ਗੇ ਜਿਹੜੇ ਕਹਿੰਦੇ ਤੈਨੂੰ ਪਿਆਰ ਕਰਦੇ ਆਂ, ਪਰ ਪਿਛਲੇ ਕਈ ਦਿਨਾਂ ਤੋਂ ਕੋਈ ਨੀਂ ਆਇਆ। ਸਭ ਨੂੰ ਪਤਾ ਸੀ, ਮੇਰੇ ਬੱਚਾ ਹੋਣ ਵਾਲਾ। ਮੈਂ ਉਨ੍ਹਾਂ ਦੇ ਕੰਮ ਨੀਂ ਆ ਸਕਦੀ। ਕਈ ਦਿਨਾਂ ਤੋਂ ਮੈਨੂੰ ਬੁਖਾਰ ਨੇ ਸੁੱਟਿਆ ਹੋਇਆ ਸੀ, ਕੱਲ੍ਹ ਸਵੇਰ ਦੀ ਹਾਲਤ ਬਹੁਤ ਮਾੜੀ ਸੀ। ਮੈਂ ਪਿੰਡ 'ਚ ਜਿਨ੍ਹਾਂ ਘਰਾਂ 'ਚ ਕੰਮ ਕਰਨ ਜਾਂਦੀ ਸਾਂ, ਰੋਟੀ-ਟੁੱਕ ਲੈ ਆਉਂਦੀ ਸਾਂ, ਉਥੇ ਨਾ ਜਾ ਸਕੀ। ਮੈਂ ਸਵੇਰ ਦੀ ਤੜਫਦੀ ਸੀ। ਸਲੋਨੀ ਬਹੁਤ ਸਿਆਣੀ ਆ, ਉਹ ਮੈਨੂੰ ਸਾਂਭਦੀ ਰਹੀ। ਬੱਚਾ ਹਨੇਰੇ ਹੋਏ ਹੋਇਆ, ਘਰੇ ਖਾਣ ਨੂੰ ਦਾਣਾ ਵੀ ਨਹੀਂ ਸੀ। ਜਦੋਂ ਮੈਨੂੰ ਜਨਮ ਪੀੜਾ ਤੋਂ ਸੁਰਤ ਆਈ ਤਾਂ ਭੁੱਖ ਨਾਲ ਤੜਫਦੇ ਦੂਜੇ ਬੱਚਿਆਂ ਦਾ ਖਿਆਲ ਆਇਆ।…

ਮੇਰੀ ਸਾਂਭ-ਸੰਭਾਲ ਕਰਦੀ ਸਲੋਨੀ ਮੈਨੂੰ ਕਹਿਣ ਲੱਗੀ, ਮੰਮਾ, ਆਪਣੇ ਘਰੇ ਖਾਣ ਨੂੰ ਕੁਝ ਵੀ ਨੀਂ। ਮੈਂ ਪਿੰਡੋਂ ਲੈ ਕੇ ਆਉਨੀ ਆਂ।

ਉਹ ਸੋਟੀ ਚੁੱਕ ਕੇ ਥੋੜ੍ਹੀ ਕੁ ਦੂਰ ਜਾ ਕੇ ਹਨੇਰੇ ਤੋਂ ਡਰਦੀ ਮੁੜ ਆਈ।

'ਪਾਣੀ ਪੀ ਕੇ ਸੌਂ ਜਾਓ।' ਮੈਂ ਕਿਹਾ।

ਕੁਝ ਦਿਨ ਪਹਿਲਾਂ ਮੇਰੀ ਚੁੰਨੀ ਦੇ ਲੜ ਬੰਨ੍ਹੇ ਕਣਕ ਦੇ ਦਾਣਿਆਂ ਨੂੰ ਦੇਖ ਉਹਨੇ ਮੈਨੂੰ ਪੁੱਛਿਆ ਸੀ, 'ਮੰਮੀ ਇਹ ਦਾਣੇ ਕਿਉਂ ਬੰਨ੍ਹੇ ਨੇ?'

ਮੈਂ ਉਹਨੂੰ ਦੱਸਿਆ, 'ਆਪਾਂ ਮੜ੍ਹੀਆਂ ਕੋਲ ਰਹਿੰਦੇ ਆਂ। ਪਿੰਡ ਦੀਆਂ ਸਿਆਣੀਆਂ ਬੁੜ੍ਹੀਆਂ ਦੱਸਦੀਆਂ, ਬਈ ਭੂਤ-ਪ੍ਰੇਤ, ਇੱਲ-ਬਲਾ ਕੱਚਾ ਮਾਸ ਖਾਣ ਲਈ ਭੌਂਦੇ ਫਿਰਦੇ ਰਹਿੰਦੇ ਨੇ। ਚੁੰਨੀ ਦੇ ਲੜ ਬੰਨ੍ਹਿਆ ਅੰਨ-ਭਗਵਾਨ ਦੇਖ ਕੇ ਮੁੜ ਜਾਂਦੇ ਨੇ।'

ਇਹ ਗੱਲ ਉਹਦੇ ਯਾਦ ਆ'ਗੀ ਹੋਣੀ ਆ। ਸਲੋਨੀ ਨੇ ਆ ਕੇ ਮੇਰੀ ਚੁੰਨੀ ਦੇ ਲੜੋਂ ਕਣਕ ਦੇ ਦਾਣੇ ਖੋਲ੍ਹ ਕੇ ਅੱਧੇ ਉਥੇ ਹੀ ਬੰਨ੍ਹ ਦਿੱਤੇ, ਅੱਧੇ ਆਪਣੀ ਮੁੱਠੀ 'ਚ ਲੈ ਕੇ ਕਹਿੰਦੀ, 'ਹੁਣ ਨੀਂ ਮੈਂ ਡਰਦੀ, ਮੇਰੇ ਨਾਲ ਅੰਨ ਭਗਵਾਨ ਆ।'

ਸਰਦਾਰ ਜੀ ਉਹਤੋਂ ਆਪਣੇ ਛੋਟੇ ਭੈਣ-ਭਰਾ ਭੁੱਖੇ ਨਾ ਦੇਖ ਹੋਏ। ਉਹ ਜੁਆਕੜੀ ਆਪ ਵੀ ਤਾਂ ਭੁੱਖੀ-ਭਾਣੀ ਸੀ। ਉਹ ਤਾਂ ਪਿੰਡੋਂ ਰੋਟੀ ਲੈਣ ਗਈ ਸੀ।"

ਪੂਜਾ ਫੁੱਟ-ਫੁੱਟ ਕੇ ਰੋ ਪਈ ਸੀ, "ਮੇਰੀ ਬੱਚੀ ਨੂੰ ਬਚਾ ਲੋ, ਸਰਦਾਰ ਜੀ ਮੇਰੀ ਬੱਚੀ ਨੂੰ…।"

ਕਾਮਰੇਡ ਪੂਜਾ ਦੇ ਮੋਢੇ 'ਤੇ ਹੱਥ ਰੱਖ ਕੇ ਉਹਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਨ ਲੱਗਾ।

ਟੀ.ਵੀ. ਵਾਲਿਆਂ 'ਬੱਚੀ ਨਾਲ ਬਲਾਤਕਾਰ' ਦੀ ਖਬਰ ਚੁੱਕ ਲਈ ਸੀ।

ਸਲੋਨੀ ਦੇ ਬਿਆਨ ਲੈਣ ਪੁਲਿਸ ਮੁਲਾਜ਼ਮ ਆਏ। ਉਹ ਅਜੇ ਬਿਆਨ ਦੇਣ ਦੇ ਯੋਗ ਨਹੀਂ ਸੀ। ਉਹ ਮੋਹਣ ਸਿੰਘ, ਪੂਜਾ ਅਤੇ ਚੌਕੀਦਾਰ ਨੂੰ ਠਾਣੇ ਆਉਣ ਲਈ ਕਹਿ ਗਏ ਸੀ। ਤਿੰਨਾਂ ਨੇ ਠਾਣੇ ਜਾ ਕੇ ਮੁਨਸ਼ੀ ਕੋਲ ਬਿਆਨ ਦਰਜ ਕਰਵਾਏ। ਉਸ ਠਾਣੇ ਦਾ ਠਾਣੇਦਾਰ ਉਹੀ ਸੀ ਜਿਸ ਨੇ ਗੁਦਾਮਾਂ ਤੋਂ ਮੋਹਣ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਉਹਨੇ ਮੋਹਣ ਸਿੰਘ ਨੂੰ ਠਾਣੇ ਹੀ ਰੁਕਣ ਲਈ ਕਹਿ ਦਿੱਤਾ। ਪੂਜਾ ਅਤੇ ਚੌਕੀਦਾਰ ਹਸਪਤਾਲ ਚਲੇ ਗਏ। ਉਥੇ ਸਰਪੰਚ ਅਤੇ ਪਿੰਡ ਦੇ ਉਹ 'ਸਮਾਜ ਸੇਵੀ' ਵੀ ਬੈਠੇ ਸਨ, ਜਿਹੜੇ ਰਾਤ ਬੱਚੀ ਨੂੰ ਹਸਪਤਾਲ ਨਹੀਂ ਲਿਆਏ ਸਨ। ਉਹ ਮੀਡੀਆ ਵਾਲਿਆਂ ਨਾਲ ਬਲਾਤਕਾਰੀਆਂ ਨੂੰ ਛੇਤੀ ਫੜ ਕੇ ਸਖਤ ਸਜ਼ਾਵਾਂ ਦੇਣ ਦੇ ਬਿਆਨ ਦੇ ਰਹੇ ਸਨ।

ਚੌਕੀਦਾਰ ਨੇ ਮੋਹਣ ਸਿੰਘ ਨੂੰ ਠਾਣੇ ਬਿਠਾਉਣ ਵਾਲੀ ਗੱਲ ਜਦੋਂ ਸਰਪੰਚ ਹੋਰਾਂ ਨੂੰ ਦੱਸੀ, ਤਾਂ ਘੁਸਰ-ਮੁਸਰ ਹੋਈ, "ਹੁਣ ਕਾਮਰੇਟ ਨੂੰ ਬੰਦਾ ਬਣਾ ਕੇ ਠਾਣਿਓਂ ਕੱਢਣਗੇ।"

ਸਲੋਨੀ ਆਈ.ਸੀ.ਯੂ ਵਿਚ ਬੇਹੋਸ਼ ਪਈ ਸੀ। ਉਹਦੀ ਮੁੱਠੀ ਅਜੇ ਵੀ ਘੁੱਟ ਕੇ ਮੀਚੀ ਹੋਈ ਸੀ।

# ਆਮਿਰ ਖਾਨ ਦੀ ਅਮੀਰੀ



ਅਦਾਕਾਰ ਆਮਿਰ ਖਾਨ ਦੀ ਨਵੀਂ ਫਿਲਮ 'ਸੀਕਰੇਟ ਸੁਪਰਸਟਾਰ' ਬਣ ਕੇ ਤਿਆਰ ਹੈ ਅਤੇ ਹੁਣ 19 ਅਕਤੂਬਰ ਨੂੰ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਉਸ ਨੇ ਆਪਣੇ ਨੇੜਲਿਆਂ ਨੂੰ ਉਚੇਚੇ ਸ਼ੋਅ ਵਿਚ ਦਿਖਾਈ ਅਤੇ ਫਿਲਮ ਦੇਖਣ ਤੋਂ ਬਾਅਦ ਸਭ ਨੇ ਖੜ੍ਹੇ ਹੋ ਕੇ ਤਾੜੀਆਂ ਨਾਲ ਆਮਿਰ ਦੀ

**ਗੁਰਜੰਟ ਸਿੰਘ**

ਤਾਰੀਫ ਕੀਤੀ। ਦਰਅਸਲ, ਆਮਿਰ ਆਪਣੀ ਹਰ ਫਿਲਮ ਵੱਲ ਖੁਦ ਧਿਆਨ ਦਿੰਦਾ ਹੈ ਅਤੇ ਆਪਣੇ ਹੋਰ ਸਮਕਾਲੀ ਅਦਾਕਾਰਾਂ ਵਾਂਗ ਫਿਲਮਾਂ ਦੀ ਗਿਣਤੀ ਨਹੀਂ ਵਧਾਉਂਦਾ। ਉਸ ਦੀਆਂ ਪਿਛਲੀਆਂ ਤਿੰਨ ਫਿਲਮਾਂ 'ਧੂਮ-3', 'ਪੀ.ਕੇ.' ਅਤੇ 'ਦੰਗਲ' ਇਕ ਤੋਂ ਵਧ ਕੇ ਇਕ, ਫਿਲਮਾਂ ਸਾਬਤ ਹੋਈਆਂ ਹਨ। ਇਨ੍ਹਾਂ ਫਿਲਮਾਂ ਨੇ ਰਿਕਾਰਡ ਕਮਾਈ ਤਾਂ ਕੀਤੀ ਹੀ, ਇਨ੍ਹਾਂ ਫਿਲਮਾਂ ਵਿਚ ਦਿੱਤੇ ਸਮਾਜਿਕ ਸੁਨੇਹੇ ਨੇ ਵੀ ਲੋਕਾਂ ਦਾ ਧਿਆਨ ਖਿਚਿਆ। ਇਹ ਕਹਿਣਾ ਤਾਂ ਮੁਸ਼ਕਿਲ ਹੈ ਕਿ 'ਸੀਕਰੇਟ ਸੁਪਰਸਟਾਰ' ਬਾਕਸ ਆਫਿਸ 'ਤੇ ਕਮਾਈ ਪੱਖੋਂ ਕਿਸ ਤਰ੍ਹਾਂ ਦੀ ਕਾਰਗੁਜ਼ਾਰੀ ਕਰੇਗੀ, ਪਰ ਇਸ ਫਿਲਮ ਦਾ ਸੁਨੇਹਾ ਉਸ ਦੀਆਂ ਪਹਿਲੀਆਂ ਫਿਲਮਾਂ ਵਾਂਗ ਹੀ ਬੜਾ ਜ਼ੋਰਦਾਰ ਹੈ। ਇਸ ਫਿਲਮ ਨੂੰ ਨਿਰਦੇਸ਼ਨ ਅਦਵੈਤ ਚੰਦਨ ਨੇ ਦਿੱਤਾ ਹੈ ਅਤੇ ਇਸ ਫਿਲਮ ਵਿਚ ਆਮਿਰ ਖਾਨ ਤੋਂ ਇਲਾਵਾ ਜ਼ਾਇਰਾ ਵਸੀਮ ਅਤੇ ਮਿਹਰ ਵਿਜ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੀ ਕਹਾਣੀ ਖੁਦ ਅਦਵੈਤ ਚੰਦਨ ਨੇ ਲਿਖੀ ਹੈ ਅਤੇ ਇਸ ਫਿਲਮ ਦਾ ਨਿਰਮਾਣ ਆਮਿਰ ਖਾਨ ਅਤੇ ਉਸ ਦੀ ਪਤਨੀ ਕਿਰਨ ਰਾਓ ਨੇ ਕੁਝ ਹੋਰ ਸਾਥੀਆਂ ਨਾਲ ਰਲ ਕੇ ਕੀਤਾ ਹੈ। ਯਾਦ ਰਹੇ ਕਿ ਅਦਵੈਤ ਚੰਦਨ ਪਹਿਲਾਂ ਆਮਿਰ ਖਾਨ ਦਾ ਮੈਨੇਜਰ ਹੁੰਦਾ ਸੀ, ਪਰ ਉਸ ਦੀ ਫਿਲਮ ਨਿਰਦੇਸ਼ਨ ਵਿਚ ਰੁਚੀ ਵੇਖ ਕੇ ਆਮਿਰ ਖਾਨ ਨੇ ਉਸ ਨੂੰ ਇਹ ਫਿਲਮ ਨਿਰਦੇਸ਼ਤ ਦਾ ਮੌਕਾ ਦਿੱਤਾ। ਫਿਲਮ ਦਾ ਸੰਗੀਤ ਸੰਗੀਤਕਾਰ ਅਮਿਤ ਤ੍ਰਿਵੇਦੀ ਦਾ ਹੈ। ਪਹਿਲਾਂ ਇਸ ਫਿਲਮ ਦਾ ਨਾਂ 'ਆਜ ਫਿਰ ਜੀਨੇ ਕੀ ਤਮੰਨਾ ਹੈ' ਰੱਖਿਆ ਗਿਆ ਸੀ, ਪਰ ਬਾਅਦ ਵਿਚ ਇਸ ਫਿਲਮ ਦਾ ਨਾਂ ਬਦਲ ਦਿੱਤਾ ਗਿਆ।




ਆਮਿਰ ਦੀ ਫਿਲਮ 'ਸੀਕਰੇਟ ਸੁਪਰਸਟਾਰ' ਦਾ ਪੋਸਟਰ।

# ਮੋਮ ਦੀ ਮਧੂ







ਅਜਾਇਬਘਰ ਵਿਚ ਮਧੂਬਾਲਾ ਦਾ ਮੋਮ ਦਾ ਬੁੱਤ (ਐਨ ਉਪਰ) ਅਤੇ (ਖੱਬੇ) ਮੁਕੰਮਲ ਬੁੱਤ ਦੀ ਤਸਵੀਰ ਅਤੇ (ਸੱਜੇ) ਅਦਾਕਾਰਾ ਦਾ ਇਕ ਅੰਦਾਜ਼।

ਨਵੀਂ ਦਿੱਲੀ ਵਿਚ ਪਹਿਲੀ ਦਸੰਬਰ ਨੂੰ ਖੁੱਲ੍ਹ ਰਹੇ ਮਾਦਾਮ ਤੁਸਾਦ ਮੋਮ ਅਜਾਇਬਘਰ ਵਿਚ ਆਪਣੇ ਸਮੇਂ ਦੀ ਮਸ਼ਹੂਰ ਅਦਾਕਾਰਾ ਮਧੂਬਾਲਾ ਦਾ ਬੁੱਤ ਲਗਾਇਆ ਗਿਆ ਹੈ। ਇਹ ਅਜਾਇਬਘਰ ਕਨਾਟ ਪੈਲੇਸ ਵਿਚ ਖੋਲ੍ਹਿਆ ਗਿਆ ਹੈ। ਦਰਸ਼ਕਾਂ ਨੂੰ ਖਿੱਚਣ ਲਈ ਫਿਲਹਾਲ ਰਿਆਇਤੀ ਦਰਾਂ 'ਤੇ ਟਿਕਟਾਂ ਵੇਚੀਆਂ ਜਾ ਰਹੀਆਂ ਹਨ। ਵੱਡਿਆਂ ਲਈ ਇਹ ਟਿਕਟ 860 ਰੁਪਏ ਅਤੇ ਬੱਚਿਆਂ ਲਈ 660 ਰੁਪਏ ਰੱਖੀ ਗਈ ਹੈ। ਬਾਅਦ ਵਿਚ ਇਹੀ ਟਿਕਟਾਂ 100-100 ਰੁਪਏ ਵਧਾ ਕੇ ਕ੍ਰਮਵਾਰ 960 ਰੁਪਏ ਅਤੇ 760 ਰੁਪਏ ਕਰ ਦਿੱਤੀਆਂ ਜਾਣਗੀਆਂ।

ਅਜਾਇਬਘਰ ਦੀ ਮਾਰਕੀਟਿੰਗ ਦੀ ਮੁਖੀ ਸਾਬੀਆ ਗੁਲਾਟੀ ਨੇ ਕਿਹਾ ਹੈ ਕਿ ਮਾਦਾਮ ਤੁਸਾਦ ਅਜਾਇਬਘਰ ਨੂੰ ਇਤਿਹਾਸਕ ਬਣਾਉਣ ਲਈ ਹਰ ਸੰਭਵ ਹੀਲਾ

**ਆਮਨਾ ਕੌਰ**

ਕੀਤਾ ਜਾ ਰਿਹਾ ਹੈ। ਇਸ ਵਿਚ ਚਰਚਿਤ ਸ਼ਖਸੀਅਤਾਂ ਨੂੰ ਥਾਂ ਦਿੱਤੀ ਜਾ ਰਹੀ ਹੈ। ਜਿਨ੍ਹਾਂ ਸ਼ਖਸੀਅਤਾਂ ਦੇ ਬੁਤ ਇਸ ਅਜਾਇਬਘਰ ਵਿਚ ਰੱਖੇ ਜਾਣਗੇ, ਉਨ੍ਹਾਂ ਵਿਚ ਮਧੂਬਾਲਾ ਤੋਂ ਇਲਾਵਾ ਸ਼ਾਹਰੁਖ ਖਾਨ, ਅਮਿਤਾਭ ਬਚਨ, ਸ਼੍ਰੇਆ ਘੋਸ਼ਾਲ, ਆਸ਼ਾ ਭੌਂਸਲੇ, ਕਪਿਲ ਦੇਵ, ਮਿਲਖਾ ਸਿੰਘ, ਮਾਈਕਲ ਜੈਕਸਨ, ਮਾਰਲਿਨ ਮੁਨਰੋ ਅਤੇ ਐਂਜਲੀਨਾ ਜੋਲੀ ਆਦਿ ਦੇ ਨਾਂ ਸ਼ਾਮਲ ਹਨ।

ਮਧੂਬਾਲਾ ਦਾ ਜਿਹੜਾ ਬੁੱਤ ਇਸ ਅਜਾਇਬਘਰ ਵਿਚ ਲਗਾਇਆ ਗਿਆ ਹੈ, ਉਸ ਦਾ ਆਧਾਰ ਫਿਲਮ 'ਮੁਗਲ-ਏ-ਆਜ਼ਮ' ਦੇ ਪ੍ਰਸਿਧ ਗੀਤ 'ਪਿਆਰ ਕੀਆ ਤੋ ਡਰਨਾ ਕਿਆ' ਨੂੰ ਬਣਾਇਆ ਗਿਆ ਹੈ। ਉਂਜ ਵੀ ਇਹ ਫਿਲਮ ਮਧੂਬਾਲਾ ਦੇ ਜੀਵਨ ਦੀ ਸਭ ਤੋਂ ਅਹਿਮ ਫਿਲਮ ਮੰਨੀ ਜਾਂਦੀ ਹੈ। ਇਸ ਫਿਲਮ ਤੋਂ ਬਾਅਦ ਹੀ ਸੰਸਾਰ ਪ੍ਰਸਿਧ ਰਸਾਲੇ 'ਲਾਈਫ' ਦੇ ਫੋਟੋਗ੍ਰਾਫਰ ਜੇਮਸ ਵਰਕੇ ਨੇ ਮਧੂਬਾਲਾ ਦੀਆਂ ਫੋਟੋਆਂ ਪਰਚੇ ਵਿਚ ਛਪਵਾਈਆਂ ਸਨ।

ਮਧੂਬਾਲਾ ਦੀ 36 ਵਰ੍ਹਿਆਂ ਦੀ ਉਮਰ ਦੌਰਾਨ ਬੜੇ ਤਿੱਖੇ ਉਤਰਾਅ ਚੜ੍ਹਾਅ ਆਏ ਅਤੇ ਉਸ ਨਾਲ ਕਈ ਵਿਵਾਦ ਵੀ ਜੁੜੇ ਰਹੇ। ਮਧੂਬਾਲਾ ਦਾ ਅਸਲ ਮੁਮਤਾਜ਼ ਜਹਾਂ ਬੇਗਮ ਦੇਹਲਵੀ ਸੀ। ਮਧੂਬਾਲਾ ਦੀਆਂ ਤਿੰਨ ਭੈਣਾਂ ਅਤੇ ਦੋ ਭਰਾ ਸਨ, ਪਰ ਇਹ ਸਾਰੇ ਪੰਜ-ਛੇ ਵਰ੍ਹਿਆਂ ਦੀ ਉਮਰ ਵਿਚ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਉਸ ਦਾ ਅੱਬਾ ਅਤਾ-ਉਲਾ ਖਾਨ ਕੰਮ ਖਾਤਰ ਦਿੱਲੀ ਤੋਂ ਮੁੰਬਈ ਗੇੜੇ ਮਾਰਦਾ। ਉਸ ਨੂੰ ਤਾਂ ਉਥੇ ਢੰਗ ਦਾ ਕੰਮ ਨਾ ਮਿਲਿਆ, ਪਰ ਮਧੂਬਾਲਾ ਨੂੰ 9 ਵਰ੍ਹਿਆਂ ਦੀ ਉਮਰ ਵਿਚ ਬਾਲ ਕਲਾਕਾਰ ਵਜੋਂ ਕੰਮ ਮਿਲਣਾ ਸ਼ੁਰੂ ਹੋ ਗਿਆ। 1942 ਤੋਂ ਲੈ ਕੇ 1946 ਤੱਕ ਉਸ ਨੇ 'ਬਸੰਤ', 'ਮੁਮਤਾਜ ਮਹਿਲ', 'ਧੰਨਾ ਭਗਤ', 'ਪੁਜਾਰੀ', 'ਫੂਲਬਾੜੀ', 'ਰਾਜਪੂਤਾਨੀ' ਆਦਿ ਫਿਲਮਾਂ ਵਿਚ ਬਾਲ ਕਲਾਕਾਰ ਵਜੋਂ ਕੰਮ ਕੀਤਾ। ਇਸ ਤੋਂ ਬਾਅਦ 1947 ਵਿਚ ਉਸ ਨੂੰ ਪਹਿਲੀ ਵਾਰ ਫਿਲਮ 'ਨੀਲ ਕਮਲ' ਵਿਚ ਬਤੌਰ ਨਾਇਕਾ ਕੰਮ ਮਿਲਿਆ। ਉਸ ਵੇਲੇ ਉਸ ਦੀ ਉਮਰ ਮਹਿਜ਼ 14 ਵਰ੍ਹਿਆਂ ਦੀ ਸੀ। ਇਸ ਫਿਲਮ ਵਿਚ ਉਸ ਦਾ ਨਾਇਕ ਰਾਜ ਕਪੂਰ ਸੀ ਅਤੇ ਇਸ ਫਿਲਮ ਵਿਚ ਬੇਗਮ ਪਾਰਾ ਨੇ ਵੀ ਅਹਿਮ ਭੂਮਿਕਾ ਨਿਭਾਈ ਸੀ। ਉਸ ਵੇਲੇ ਭਾਵੇਂ ਇਹ ਫਿਲਮ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਸੀ, ਪਰ ਅੱਜ ਇਸ ਫਿਲਮ ਨੂੰ ਮਧੂਬਾਲਾ ਅਤੇ ਰਾਜ ਕੁਮਾਰ ਦੀਆਂ ਬਿਹਤਰੀਨ ਫਿਲਮਾਂ ਵਿਚ ਗਿਣਿਆ ਜਾਂਦਾ ਹੈ। ਫਿਰ ਮੋਹਨ ਸਿਨਹਾ ਦੇ ਨਿਰਦੇਸ਼ਨ ਹੇਠ ਉਸ ਦੀਆਂ ਚਾਰ ਫਿਲਮਾਂ 'ਚਿਤਰ ਵਿਜੇ', 'ਮੇਰੇ ਭਗਵਾਨ', 'ਖੂਬਸੂਰਤ ਦੁਨੀਆਂ' ਅਤੇ 'ਦਿਲ ਕੀ ਰਾਨੀ' ਰਿਲੀਜ਼ ਹੋਈਆਂ ਅਤੇ ਚਾਰੇ ਪਾਸੇ ਮਧੂਬਾਲਾ ਦੀਆਂ ਧੁੰਮਾਂ ਪੈ ਗਈਆਂ। ਮਧੂਬਾਲਾ ਦੀ ਆਖਰੀ ਫਿਲਮ 'ਜਵਾਲਾ' ਸੀ ਜੋ ਰਿਲੀਜ਼ ਨਹੀਂ ਹੋ ਸਕੀ। ਇਸ ਤੋਂ ਪਹਿਲਾਂ ਉਸ ਦੀ ਫਿਲਮ 'ਸ਼ਰਾਬੀ' 1964 ਵਿਚ ਰਿਲੀਜ਼ ਹੋਈ ਸੀ। ਉਹ ਆਪਣੇ ਕਰੀਅਰ ਦੀ ਸਿਖਰ ਉਤੇ ਸੀ ਜਦੋਂ 1954 ਵਿਚ ਫਿਲਮ 'ਬਹੁਤ ਦਿਨ ਹੂਏ' ਦੀ ਸ਼ੂਟਿੰਗ ਦੌਰਾਨ ਉਹ ਅਚਾਨਕ ਬਿਮਾਰ ਹੋ ਗਈ। ਬਾਅਦ ਵਿਚ ਪਤਾ ਲੱਗਿਆ ਕਿ ਉਸ ਦੇ ਦਿਲ ਵਿਚ ਸੁਰਾਖ ਹੈ ਜਿਸ ਕਾਰਨ ਪੰਜਾਂ-ਛੇ ਸਾਲਾਂ ਵਿਚ ਉਸ ਦੀ ਸਿਹਤ ਬਹੁਤ ਵਿਗੜ ਗਈ। ਆਖਰਕਾਰ 23 ਫਰਵਰੀ 1969 ਨੂੰ ਉਸ ਦੀ ਮੌਤ ਹੋ ਗਈ।

# ਹੀਰੋਇਨਾਂ ਲਈ ਹੱਕ ਮੰਗਦੀ ਰਿਚਾ ਚੱਢਾ

ਪਿਛਲੇ ਇਕ ਦਹਾਕੇ ਤੋਂ ਫਿਲਮ ਜਗਤ ਵਿਚ ਸਰਗਰਮ ਅਦਾਕਾਰਾ ਰਿਚਾ ਚੱਢਾ ਦਾ ਕਹਿਣਾ ਹੈ ਕਿ ਉਹ ਫਿਲਮ ਇੰਡਸਟਰੀ ਦੇ ਕੰਮ ਕਰਨ ਦੇ ਢੰਗ ਤਰੀਕੇ ਤੋਂ ਅਜੇ ਵੀ ਕਦੇ ਕਦਾਈਂ ਪ੍ਰੇਸ਼ਾਨ ਹੋ ਜਾਂਦੀ ਹੈ। ਉਸ ਮੁਤਾਬਕ, ਖਾਸ ਕਰ ਕੇ ਮਹਿਲਾਵਾਂ ਜਦੋਂ ਕੰਮ ਹਾਦਲ ਕਰਨ ਲਈ ਸਮਝੌਤਾ ਕਰਦੀਆਂ ਹਨ ਤਾਂ ਉਸ ਨੂੰ ਭਾਰੀ ਪ੍ਰੇਸ਼ਾਨੀ ਹੁੰਦੀ ਹੈ। ਦਿਬਾਕਰ ਬੈਨਰਜੀ

**ਜਗਜੀਤ ਸਿੰਘ ਸੇਖੋਂ**

ਦੀ 2008 ਵਿਚ ਆਈ ਫਿਲਮ 'ਓਏ ਲੱਕੀ, ਲੱਕੀ ਓਏ' ਵਿਚ ਨਿੱਕੇ ਜਿਹੇ ਰੋਲ ਨਾਲ ਆਪਣੀ ਹਾਜ਼ਰੀ ਲਵਾਉਣ ਵਾਲੀ ਰਿਚਾ ਚੱਢਾ ਦਾ ਅਸਲ ਫਿਲਮੀ ਸਫਰ 2012 ਵਿਚ ਆਈ ਅਨੁਰਾਗ ਕਸ਼ਯਪ ਦੀ ਫਿਲਮ 'ਗੈਂਗਜ਼ ਆਫ਼ ਵਾਸੇਪੁਰ' ਨਾਲ ਸ਼ੁਰੂ ਹੋਇਆ ਸੀ।

ਮਹਿਲਾਵਾਂ ਦੇ ਮੁੱਦੇ ਉਤੇ ਗੱਲਬਾਤ ਦੌਰਾਨ ਰਿਚਾ ਨੇ ਕਿਹਾ, "ਮੈਨੂੰ ਉਨ੍ਹਾਂ ਮਹਿਲਾਵਾਂ 'ਤੇ ਗੁੱਸਾ ਆਉਂਦਾ ਹੈ ਜੋ ਪ੍ਰੋਡਿਊਸਰਾਂ ਨਾਲ ਸੌਣ ਲਈ ਤਿਆਰ ਹਨ। ਮੈਂ ਮੰਨਦੀ ਹਾਂ ਕਿ ਇਹ ਉਨ੍ਹਾਂ ਦੀ ਨਿੱਜੀ ਚੋਣ ਹੋ ਸਕਦੀ ਹੈ ਤੇ ਉਹ ਤੇਜ਼ੀ ਨਾਲ ਅੱਗੇ ਵਧਣਾ ਚਾਹੁੰਦੀਆਂ ਹਨ, ਪਰ ਤੁਸੀਂ ਅਜਿਹਾ ਕੁਝ ਨਹੀਂ ਕਰ ਸਕਦੇ, ਕਿਉਂਕਿ ਲੋਕ ਤੁਹਾਡੇ ਕੋਲੋਂ ਬਹੁਤ ਵੱਧ ਦੀ ਤਵੱਕੋ ਰੱਖਦੇ ਹਨ।" ਅਦਾਕਾਰਾ ਨੇ ਕਿਹਾ ਕਿ ਉਸ ਨੂੰ ਫਿਲਮੀ ਸਿਤਾਰਿਆਂ ਦੇ ਮਗਰ ਲੱਗ ਕੇ ਉਨ੍ਹਾਂ ਦੀਆਂ ਤਸਵੀਰਾਂ ਲੈਣ ਦੇ ਪਾਪਾਰਾਜ਼ੀ ਕਲਚਰ ਤੋਂ ਵੀ ਖਾਸੀ ਨਫ਼ਰਤ ਹੈ। 32 ਸਾਲਾ ਅਦਾਕਾਰਾ



ਨੇ ਕਿਹਾ ਕਿ ਉਸ ਨੂੰ ਫਿਲਮ ਇੰਡਸਟਰੀ ਵਿਚ ਕਈ ਅਜਿਹੇ ਤਜਰਬੇ ਹੋਏ ਹਨ, ਜਦੋਂ ਸਿਆਸਤ ਅਤੇ ਫਰਜ਼ੀ ਦੋਸਤੀ ਕਰ ਕੇ ਉਸ ਨੂੰ ਫਿਲਮਾਂ ਤੋਂ ਹੱਥ ਧੋਣਾ ਪਿਆ। ਯਾਦ ਰਹੇ ਕਿ ਰਿਚਾ ਚੱਢਾ ਅਤੇ ਕਾਲਕੀ ਕੋਇਚਲਿਨ ਦੀ ਫਿਲਮ 'ਜੀਆ ਔਰ ਜੀਆ' 27 ਅਕਤੂਬਰ ਨੂੰ ਰਿਲੀਜ਼ ਹੋ ਰਹੀ ਹੈ ਅਤੇ ਇਸ ਵਿਚ ਕੁੜੀਆਂ ਦੀਆਂ ਉਮੰਗਾਂ ਬਾਰੇ ਹੀ ਗੱਲ ਕੀਤੀ ਗਈ ਹੈ।

ਰਿਚਾ ਚੱਢਾ ਨੇ ਆਪਣੀ ਪਹਿਲੀ ਹੀ ਫਿਲਮ 'ਓਏ ਲੱਕੀ! ਲੱਕੀ ਓਏ!' ਨਾਲ ਫਿਲਮ ਸਨਅਤ ਵਿਚ ਜਗ੍ਹਾ ਬਣਾ ਲਈ। ਇਸ ਤੋਂ ਬਾਅਦ 'ਗੈਂਗ ਆਫ ਵਾਸੇਪੁਰ-1', ਫਿਰ 'ਗੈਂਗ ਆਫ ਵਾਸੇਪੁਰ-2' ਅਤੇ 'ਫੁਕਰੇ' ਨਾਲ ਆਪਣੀ ਅਦਾਕਾਰੀ ਦੀ ਛਾਪ ਛੱਡੀ। 2015 ਵਿਚ ਆਈ ਫਿਲਮ 'ਮਸਾਨ' ਨਾਲ ਉਹ ਕੌਮਾਂਤਰੀ ਮੰਚ ਉਤੇ ਜਾ ਪੁੱਜੀ। ਇਹ ਫਿਲਮ 2015 ਦੇ ਫਰਾਂਸ ਦੇ ਵੱਕਾਰੀ ਕਾਨ ਫਿਲਮ ਮੇਲੇ ਵਿਚ ਦਿਖਾਈ ਗਈ ਸੀ ਅਤੇ ਉਸ ਦੀ ਅਦਾਕਾਰੀ ਦੀ ਖੂਬ ਤਾਰੀਫ ਹੋਈ ਸੀ। ਇਸ ਸਾਲ ਉਸ ਦੀਆਂ ਤਿੰਨ ਫਿਲਮਾਂ 'ਕੈਬਰੇ' 'ਲਵ ਸੋਨੀਆ' ਅਤੇ 'ਫੁਕਰੇ ਰਿਟਰਨਜ਼' ਆ ਰਹੀਆਂ ਹਨ। ਅਗਲੇ ਸਾਲ ਉਸ ਦੀ ਫਿਲਮ 'ਘੁਮਕੇਤੂ' ਰਿਲੀਜ਼ ਹੋਵੇਗੀ। ਇਸ ਫਿਲਮ ਦਾ ਨਾਇਕ ਨਵਾਜ਼ੂਦੀਨ ਸਿਦੀਕੀ ਹੈ। ਇਹ ਫਿਲਮ ਅਜਿਹੇ ਕਿਰਦਾਰ ਦੇ ਆਲੇ-ਦੁਆਲੇ ਘੁੰਮਦੀ ਹੈ ਜੋ ਫਿਲਮਾਂ ਵਿਚ ਕੰਮ ਹਾਸਲ ਕਰਨ ਲਈ ਲਖਨਊ ਤੋਂ ਮੁੰਬਈ ਗਿਆ ਹੈ।

## ਭਾਈ ਤਰਸੇਮ ਸਿੰਘ ਦੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੈਲੀਫੋਰਨੀਆ ਸਟੇਟ ਦੇ ਮੁੱਖ ਸੇਵਾਦਾਰ ਨਿਯੁਕਤ ਕੀਤੇ ਜਾਣ ਤੇ ਕੈਲੀਫੋਰਨੀਆ ਦੀ ਸੰਗਤ ਵਲੋਂ ਲੱਖ ਲੱਖ ਵਧਾਈ।

# ਵਧਾਈਆਂ



Bhai Tarsem Singh
President Shiromani Akali Dal (A) USA, State of California

ਭਾਈ ਤਰਸੇਮ ਸਿੰਘ ਜੀ ਜਿੱਥੇ ਇਕ ਚੜਦੀ ਕਲਾ ਵਾਲੇ ਇਨਸਾਨ ਹਨ ਓਥੇ ਹੀ ਪਾਰਟੀ ਦੇ ਪਿਛਲੇ ਤਿੰਨ ਦਹਾਕਿਆਂ ਤੋਂ ਵਫਾਦਾਰ ਸਿਪਾਹੀ ਹਨ ਜਿਹੜੇ ਹਮੇਸਾ ਪਾਰਟੀ ਲਈ ਤਨ ਮਨ ਧਨ ਨਾਲ ਸੇਵਾ ਕਰ ਰਹੇ ਹਨ ਪਾਰਟੀ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਅਤੇ ਅਮਰੀਕਾ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਅਤੇ ਪਾਰਟੀ ਹਾਈ ਕਮਾਂਡ ਵਲੋਂ ਲਿਆ ਇਹ ਫੈਸਲਾ ਬਹੁਤ ਹੀ ਵਧੀਆ ਫੈਸਲਾ ਹੈ ਜਿਸ ਨਾਲ ਪਾਰਟੀ ਚੜ੍ਹਦੀ ਕਲਾ ਵੱਲ ਨੂੰ ਜਾਵੇਗੀ।

ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਜਥੇਦਾਰ ਸਾਹਿਬ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਤਾਂ ਕਿ ਓਹ ਕੌਮੀ ਕਾਰਜਾਂ ਦੀ ਨੁਮਾਇੰਦਗੀ ਕਰਨ ਵਾਲੀ ਪਾਰਟੀ ਦੀ ਅਗਵਾਈ ਕਰਦੇ ਹੋਏ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕਰ ਸਕਣ।



Bhai Daya Singh Lahoria | Jaswinder Singh Jandi | Sukhdev Singh Bainiwal | Gurcharan Singh Mann | Bhupinder Singh Parmar | Pritam Singh Joganangal | Sukhminder Singh Mangat | Raminderjit Singh Sandhu (Mintoo)



Gulzar Singh | Jagroop Singh | Hardeep Singh Hayer | Ishar Singh | Daljeet Singh | Ravinder Singh Kahlon | Lakhvir Singh Patwari | Balwinder Singh

ਨਾ ਹਿੰਦੋਸਤਾਨ, ਨਾ ਪਾਕਿਸਤਾਨ, ਸਾਡਾ ਦੇਸ਼ ਖਾਲਿਸਤਾਨ

## Shiromani Akali Dal (A) USA
## State of California


sling
TELEVISION
AS DESI AS YOU
7 DAY
FREE TRIAL
PUNJABI
SUPER PACK
$25
A MONTH
PTC PUNJABI
jus punjabi
etc PUNJABI
WILLOW HD
+More
Sling.com/Punjabi | 1-855-321-3952
Promotional Offers: Available to new customers upon account activation. Must provide email address and credit card. Billing and Cancellation: After 7 days your credit card will be charged monthly for applicable subscription until you cancel your service. Cancel on sling.com or by calling 1(877) 811-4788. Programming fees are charged monthly in advance and no credits or refunds will be issued for partial months after cancellation.
Equipment Requirements: Requires Internet-connected compatible device. Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick, Google Nexus and Xbox One.
Miscellaneous: Access on one device is included in the monthly programming package price except HBO (3 devices at a time). A $5/mo. fee will apply for additional International streams. Limit three International streams per account. Certain programs may be unavailable due to programmer restrictions or blackouts. Only available within the United States. State and local taxes apply. All prices, packages, programming and offers subject to change without notice. Other restrictions may apply. See sling.com website for details. Offer ends 12/31/17. ©2017 Sling TV L.L.C. All rights reserved